ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 28 | 20 July 2022 to 26 July 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਬਾਦਲ ਪਰਿਵਾਰ ਵਿਰੁੱਧ ਬਗਾਵਤ ਹੋਈ ਤੇਜ਼

## ਵਡਾਲਾ ਵਲੋਂ ਵੀ ਕੀਤਾ ਗਿਆ ਇਆਲੀ ਦੇ ਫੈਸਲੇ ਦਾ ਸਮਰਥਨ

**ਜਲੰਧਰ/ਏ.ਟੀ.ਨਿਊਜ਼ :-** ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਦੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਵੱਲੋਂ ਐਨਡੀਏ ਨੂੰ ਸਮਰਥਨ ਦੇਣ ਦੇ ਪਾਰਟੀ ਦੇ ਫੈਸਲੇ ਦੇ ਬਾਵਜੂਦ ਰਾਸ਼ਟਰਪਤੀ ਚੋਣਾਂ ਦੌਰਾਨ ਵੋਟ ਪਾਉਣ ਤੋਂ ਇਨਕਾਰ ਕਰਨ ਨਾਲ ਮੌਜੂਦਾ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਲਈ ਪਹਿਲਾਂ ਹੀ ਬਗਾਵਤ ਵਾਲੀ ਸਥਿਤੀ ਪੈਦਾ ਕਰ ਦਿੱਤੀ ਹੈ। ਸੀਨੀਅਰ ਅਕਾਲੀ ਗੁਰਪ੍ਰਤਾਪ ਸਿੰਘ ਵਡਾਲਾ ਨੇ ਵੀ ਇਆਲੀ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟਾਉਂਦਿਆਂ ਕਿਹਾ ਕਿ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਇਕਬਾਲ ਸਿੰਘ ਝੂੰਦਾ ਦੀ ਅਗਵਾਈ ਵਾਲੀ ਕਮੇਟੀ ਦੀਆਂ ਸਿਫ਼ਾਰਸ਼ਾਂ ’ਤੇ ਅਮਲ ਕਰਨਾ ਚਾਹੀਦਾ ਹੈ। ਤੇ ਲੀਡਰਸ਼ਿਪ ਵਿਚ ਬਦਲਾਅ ਕਰਨਾ ਚਾਹੀਦਾ। ਪਾਰਟੀ ਲੀਡਰਸ਼ਿਪ ਨੂੰ ਸਿੱਖ ਕੌਮ ਅਤੇ ਪੰਜਾਬ ਦੇ ਮੁੱਦੇ ਉਠਾਉਣੇ ਚਾਹੀਦੇ ਹਨ ਜਦੋਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਪੰਜਾਬ ਦੇ ਹਿੱਤਾਂ ’ਤੇ ਸੱਟ ਮਾਰ ਰਹੀ ਹੈ। ਪਾਰਟੀ ਲੀਡਰਸ਼ਿਪ ਨੂੰ ਝੂੰਦਾ ਕਮੇਟੀ ਦੀ ਇਸ ਰਿਪੋਰਟ ’ਤੇ ਬਿਨਾਂ ਕਿਸੇ ਦੇਰੀ ਦੇ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਪਾਰਟੀ ਨੂੰ ਹੋਰ ਬਰਬਾਦ ਹੋਣ ਤੋਂ ਬਚਾਇਆ ਜਾ ਸਕੇ। ਪਾਰਟੀ ਨੂੰ ਬਚਾਉਣਾ ਸਿੱਖ ਕੌਮ ਅਤੇ ਪੰਜਾਬ ਦੇ ਹਿੱਤਾਂ ਲਈ ਬਹੁਤ ਜ਼ਰੂਰੀ ਹੈ ਅਤੇ ਇਸ ਲਈ ਸਖ਼ਤ ਸੁਧਾਰਾਤਮਕ ਕਦਮ ਚੁੱਕਣ ਦੀ ਗੰਭੀਰ ਲੋੜ ਹੈ ਤਾਂ ਜੋ ਪਾਰਟੀ ਵਿੱਚ ਭਾਈਚਾਰੇ ਦਾ ਵਿਸ਼ਵਾਸ ਬਹਾਲ ਹੋ ਸਕੇ। ਸ. ਵਡਾਲਾ ਉਹ



ਟਕਸਾਲੀ ਅਕਾਲੀ ਪਰਿਵਾਰ ਹੈ ਜਿਨਾਂ ਦੇ ਪਿਤਾ ਜੀ ਸ. ਕੁਲਦੀਪ ਸਿੰਘ ਵਡਾਲਾ ਵੀ ਇੱਕ ਕੱਟੜ ਅਕਾਲੀ ਲੀਡਰ ਸਨ ਤੇ ਉਹ ਵੀ ਆਪਣੇ ਸਮੇਂ ’ਚ ਸਮੇਂ ਸਮੇਂ ਤੇ ਵੱਖਰਾ ਰਾਹ ਅਪਣਾਉਂਦੇ ਰਹੇ ਹਨ ਜੋ ਅਕਾਲੀ ਦਲ ਦੇ ਹਿੱਤ ਵਿਚ ਹੋਵੇ, ਉਨਾਂ ਦੀ ਸਭ ਤੋਂ ਵੱਡੀ ਪੰਥ ਨੂੰ ਦੇਣ ਉਨਾਂ ਦੀ ਸਾਥੋਂ ਵਿਛੜੇ ਗੁਰਧਾਮ ਸ੍ਰੀ ਕਰਤਾਰਪੁਰ ਕੋਰੀਡੋਰ ਨੂੰ ਖੁਲਵਾਉਣ ਲਈ ਅਰਦਾਸ ਦੀ ਲਹਿਰ ਚਲਾਈ ਸੀ।

ਦਾਖਾ ਦੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਇਕ ਨਿੱਜੀ ਚੈਨਲ ਨਾਲ ਗੱਲਬਾਤ ਕਰਦਿਆਂ ਵੀ ਕਿਹਾ ਸੀ ਕਿ ਸਿੱਖ ਭਾਈਚਾਰਾ ਤੇ ਸਮੁੱਚਾ ਅਕਾਲੀ ਵਰਕਰ, ਅਕਾਲੀ ਦਲ ਦੇ ਖਿਲਾਫ ਨਹੀਂ ਸਗੋਂ ਉਸ ਲੀਡਰ ਦੇ ਖਿਲਾਫ ਹੈ ਜਿਸ ਦੇ ਗਲਤ ਫੈਸਲਿਆਂ ਕਾਰਨ ਪੰਥ ਨੂੰ ਨੁਕਸਾਨ ਪੁੱਜਿਆ। ਸੋ ਝੂੰਦਾ ਕਮੇਟੀ ਵਿਚ 100 ਹਲਕਿਆਂ ਵਿਚ ਜਾ ਕੇ ਹਰ ਵਰਕਰ ਤੋਂ ਪੁੱਛਿਆ ਗਿਆ ਤੇ ਬਾਕੀ ਸੁਝਾਵਾਂ ਦੇ ਨਾਲ ਇਕ ਗੱਲ ਸਭ ਨੇ ਕਹੀ ਕਿ ਲੀਡਰ ਬਦਲਣ ਦੀ ਲੋੜ ਹੈ।

## ਅੰਦਰ ਪੜ੍ਹੋ

6 ਵਿਸ਼ੇਸ਼ ਰਪੋਰਟ
‘ਕੀ ਭਗਤ ਸਿੰਘ ਅੱਤਵਾਦੀ ਏ’, ਬੜੀ ਗੰਭੀਰਤਾ ਨਾਲ ਸਮਝੋ ਮਾਨ ਦੇ ਬਿਆਨ



09 ਵਿਸ਼ੇਸ਼ ਰਪੋਰਟ
ਕੈਨੇਡੀਅਨ ਰਿਪੁਦਮਨ ਸਿੰਘ ਮਲਿਕ ਦਾ ਜੀਵਨ ਇਕ ਬੁਝਾਰਤ ਤੇ ਉਸਦੀ ਹੱਤਿਆ



# ਸਿੱਧੂ ਮੂਸੇਵਾਲਾ ਕਤਲਕਾਂਡ ਵਿੱਚ ਸ਼ਾਮਲ ਸ਼ੂਟਰਾਂ ਦਾ ਅਨਕਾਊਂਟਰ



**ਚੰਡੀਗੜ੍ਹ:** ਪੰਜਾਬੀ ਸਿੰਗਰ ਸਿੱਧੂ ਮੂਸੇਵਾਲਾ ਕਤਲਕਾਂਡ ਨਾਲ ਸਬੰਧਤ ਦੋ ਸ਼ੂਟਰ ਮਨਪ੍ਰੀਤ ਸਿੰਘ ਮਨੂ ਅਤੇ ਜਗਰੂਪ ਸਿੰਘ ਰੂਪਾ ਦਾ ਪੰਜਾਬ ਪੁਲਿਸ ਨੇ 5 ਘੰਟੇ ਹੋਈ ਫਾਇਰਿੰਗ ਦੇ ਬਾਅਦ ਐਨਕਾਂਊਂਟਰ ਕਰ ਕੇ ਅੰਤ ਕਰ ਦਿੱਤਾ ਹੈ । ਇਹ ਦੋਵੇਂ ਅਟਾਰੀ ਦੇ ਪਾਸ ਭਕਨਾ ਪਿੰਡ ਵਿੱਚ ਇੱਕ ਸੁਨਸਾਨ ਕੋਠੀ ਵਿੱਚ ਛਿੱਪੇ ਸਨ। ਸਵੇਰੇ 11 ਵਜੇ ਮੁਠਭੇੜ ਵਿੱਚ ਦੋਨੋਂ ਤਰਫ ਤੋਂ ਤਾਬੜਤੋੜ ਗੋਲੀਆਂ ਚਲੀਆਂ। ਸਾਮ ਕਰੀਬ 4 ਵਜੇ ਐਨਕਾਉਂਟਰ ਸਮਾਪਤ ਹੋਇਆ। ਇਸ ਸਾਰੇ ਮਾਮਲੇ ਵਿੱਚ ਇੱਕ ਪੱਤਰਕਾਰ ਨੂੰ ਵੀ ਗੋਲੀ ਲੱਗੀ ਹੈ।

ਜਾਣਕਾਰੀ ਅਨੁਸਾਰ ਮੁਠਭੇੜ ਦੇ ਬਾਅਦ ਲੋਕ ਘਰਾਂ ਤੋਂ ਨਿਕਲ ਕੇ ਪਿੰਡ ਇਕੱਠੇ ਹੋਣੇ ਸੁਰੂ ਹੋ ਗਏ। ਉਧਰ, ਗੌਰਵ ਯਾਦਵ ਵੀ ਮੌਕੇ ‘ਤੇ ਪਹੁੰਚ ਗਏ ਸਨ। ਗੌਰਵ ਯਾਦਵ ਨੇ ਹੀ ਮਨਪ੍ਰੀਤ ਮਨੂ ਅਤੇ ਜਗਰੂਪ ਸਿੰਘ ਰੂਪਾ ਦੇ ਐਨਕਾਉਂਟਰ ਵਿੱਚ ਮਾਰੇ ਜਾਣ ਦੀ ਪੁਸਟੀ ਕੀਤੀ। ਪੁਲਿਸ ਨੇ ਮੌਕੇ ਤੋਂ ਏਕੇ-47 ਅਤੇ ਪਿਸਤੌਲ ਬਰਮਦ ਕੀਤੀ ਹੈ।

ਦਸੱਣਯੋਗ ਹੈ ਕਿ ਪੰਜਾਬ ਦੇ ਅੰਮ੍ਰਿਤਸਰ ਵਿਚ ਸਵੇਰ ਤੋਂ ਪੰਜਾਬੀ ਸਿੰਗਰ ਸਿੱਧੂ ਮੂਸੇਵਲਾ ਦੀ ਹੱਤਿਆ ਕਰਨ ਵਾਲੇ ਗੈਂਗਸਟਰਾਂ ਅਤੇ ਪੁਲਿਸ ਦੇ ਵਿਚਕਾਰ ਗੋਲਾਬਾਰੀ ਚੱਲ ਰਹੀ ਸੀ ਤੇ ਦੋਵੇਂ ਤਰਫਾਂ ਤੋਂ ਕਈ ਰਾਉਂਡ ਗੋਲੀਆਂ ਚਲੀਆਂ ਸਨ ।

# ਭੁੱਲਰ ਦੀ ਰਿਹਾਈ ਰੋਕਣ ਲਈ ਸਰਕਾਰ ਵਲੋਂ ਖੜੇ ਕੀਤੇ ਅੜਿੱਕੇ

- ਦਵਿੰਦਰਪਾਲ ਸਿੰਘ ਭੁੱਲਰ ਨੇ ਕੀਤੀ ਪ੍ਰੀ ਮੈਚਿਊਰ ਰਿਹਾਈ ਦੀ ਮੰਗ
- ਜੇਲ ਸੁਪਰਡੈਂਟ ਨੇ ਕੀਤੀ ਖਾਰਜ ਕਰਨ ਦੀ ਅਪੀਲ

ਚੰਡੀਗੜ/ਏ.ਟੀ.ਨਿਊਜ਼ :- 1993 ਦੇ ਦਿੱਲੀ ਬੰਬ ਧਮਾਕੇ ਦੇ ਦੋਸ਼ੀ ਦਵਿੰਦਰਪਾਲ ਸਿੰਘ ਭੁੱਲਰ ਨੇ ਪ੍ਰੀ-ਮੈਚਿਊਰ ਰਿਹਾਈ ਦੀ ਮੰਗ ਕੀਤੀ ਹੈ। ਇਸ ’ਤੇ ਅੰਮ੍ਰਿਤਸਰ ਜੇਲ ਦੇ ਸੁਪਰਡੈਂਟ ਨੇ ਹਲਫ਼ਨਾਮਾ ਦਾਖ਼ਲ ਕਰ ਕੇ ਕਿਹਾ ਹੈ ਕਿ ਦਿੱਲੀ ’ਚ ਸਜ਼ਾ ਰੀਵਿਊ ਬੋਰਡ ਨੇ ਭੁੱਲਰ ਦੀ ਮੰਗ ’ਤੇ ਸੁਣਵਾਈ ਟਾਲ ਦਿੱਤੀ ਹੈ। ਜੇਲ ਸੁਪਰਡੈਂਟ ਨੇ ਭੁੱਲਰ ਦੀ ਪਟੀਸ਼ਨ ਨੂੰ ਬੇਬੁਨਿਆਦ ਦੱਸ ਕੇ ਇਸ ਨੂੰ ਖਾਰਜ ਕਰਨ ਦੀ ਅਪੀਲ ਕੀਤੀ ਹੈ।ੁੱਲਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਖ਼ਲ ਕਰਦੇ ਹੋਏ ਕਿਹਾ ਕਿ ਉਸਨੂੰ ਦਿੱਲੀ ਬੰਬ ਧਮਾਕੇ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੰਦੇ ਹੋਏ ਟਰਾਇਲ ਕੋਰਟ ਨੇ ਫਾਂਸੀ ਦੀ ਸਜ਼ਾ ਸੁਣਾਈ ਸੀ। ਫਾਂਸੀ ਦੀ ਸਜ਼ਾ ਨੂੰ ਚੁਣੌਤੀ ਦਿੰਦੇ ਹੋਏ ਭੁੱਲਰ ਨੇ ਦਿੱਲੀ ਹਾਈ ਕੋਰਟ ਵਿਚ ਅਪੀਲ ਕੀਤੀ ਸੀ। ਹਾਈ ਕੋਰਟ ਨੇ ਪਟੀਸ਼ਨਰ ਨੂੰ ਰਾਹਤ ਦਿੰਦੇ ਹੋਏ ਉਸਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਸੀ। ਇਸ ਤੋਂ ਬਾਅਦ ਪਟੀਸ਼ਨਰ ਨੇ ਸੁਪਰੀਮ ਕੋਰਟ ’ਚ ਪਟੀਸ਼ਨ ਦਾਖ਼ਲ ਕੀਤੀ ਸੀ ਪਰ ਉੱਥੇ ਵੀ ਉਸਨੂੰ ਕੋਈ ਰਾਹਤ ਨਹੀਂ ਮਿਲੀ। ਇਸ ਦੇ ਨਾਲ ਹੀ ਉਸਨੇ ਰਹਿਮ ਦੀ ਅਪੀਲ ਦਾਖ਼ਲ ਕੀਤੀ ਸੀ ਪਰ ਇਸ ਪਟੀਸ਼ਨ ’ਤੇ ਵੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਭੁੱਲਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਅਪੀਲ ਕੀਤੀ ਕਿ ਉਸਨੂੰ ਹਿਰਾਸਤ ਤੋਂ ਛੁਡਾਉਣ ਲਈ ਆਦੇਸ਼ ਜਾਰੀ ਕੀਤੇ ਜਾਣ ਕਿਉਂਕਿ ਉਹ ਨਿਯਮਾਂ ਦੇ ਤਹਿਤ ਪ੍ਰੀ ਮੈਚਿਊਰ ਰਿਲੀਜ਼ ਦਾ ਹੱਕਦਾਰ ਹੈ।

# ਫਿਰਕੂ ਜ਼ਹਿਰ ਵੰਡਣ ਵਾਲੀ ਨੂਪੁਰ ਸ਼ਰਮਾ ਨੂੰ ਸੁਪਰੀਮ ਕੋਰਟ ਤੋਂ ਰਾਹਤ, ਗ੍ਰਿਫ਼ਤਾਰੀ ’ਤੇ ਲੱਗੀ ਰੋਕ

- ਨੂਪੁਰ ਨੂੰ ਮਾਰਨ ਦੇ ਇਰਾਦੇ ਨਾਲ ਸਰਹੱਦ ਪਾਰ ਕਰਨ ਵਾਲਾ ਪਾਕਿਸਤਾਨੀ ਗ੍ਰਿਫ਼ਤਾਰ
- ਮੁਲਕ ਜਾਂ ਧਰਮ ਖ਼ਿਲਾਫ਼ ਬੋਲਣ ਵਾਲਿਆਂ ਨੂੰ ਸੁਰੱਖਿਆ ਨਹੀਂ ਮਿਲਣੀ ਚਾਹੀਦੀ : ਭਾਜਪਾ ਸੰਸਦ ਮੈਂਬਰ



**ਨਵੀਂ ਦਿੱਲੀ/ਏ.ਟੀ.ਨਿਊਜ਼ :-** ਸੁਪਰੀਮ ਕੋਰਟ ਨੇ ਭਾਜਪਾ ਵਿਚੋਂ ਮੁਅੱਤਲ ਪਾਰਟੀ ਤਰਜ਼ਮਾਨ ਨੂਪੁਰ ਸ਼ਰਮਾ ਨੂੰ ਪੈਗ਼ੰਬਰ ਮੁਹੰਮਦ ਉਤੇ ਕੀਤੀ ਗਈ ਟਿੱਪਣੀ ਦੇ ਮਾਮਲੇ ਵਿਚ ਅੰਤਰਿਮ ਰਾਹਤ ਦੇ ਦਿੱਤੀ ਹੈ। ਸਿਖ਼ਰਲੀ ਅਦਾਲਤ ਨੇ ਕਈ ਰਾਜਾਂ ਵਿਚ ਨੂਪੁਰ ਖ਼ਿਲਾਫ਼ ਦਰਜ ਐਫਆਈਆਰ/ਸ਼ਿਕਾਇਤਾਂ ਦੇ ਮਾਮਲਿਆਂ ਵਿਚ ਸਥਾਨਕ ਪ੍ਰਸ਼ਾਸਨ ਨੂੰ ਸਖ਼ਤ ਕਾਰਵਾਈ (ਗ੍ਰਿਫ਼ਤਾਰੀ) ਕਰਨ ਤੋਂ ਰੋਕ ਦਿੱਤਾ ਹੈ। ਇਸ ਤਰਾਂ ਨੂਪੁਰ ਦਾ ਫ਼ਿਲਹਾਲ ਗ੍ਰਿਫ਼ਤਾਰੀ ਤੋਂ ਬਚਾਅ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਉਸ ਨੇ ਹਜਰਤ ਮੁਹੰਮਦ ਵਿਰੁਧ ਟਿੱਪਣੀਆਂ ਇਕ ਟੀਵੀ ਪ੍ਰਸਾਰਨ ਦੌਰਾਨ 26 ਮਈ ਨੂੰ ਕੀਤੀਆਂ ਸਨ। ਜਸਟਿਸ ਸੂਰਿਆਕਾਂਤ ਤੇ ਜਸਟਿਸ ਜੇਬੀ ਪਾਰਦੀਵਾਲਾ ਦੇ ਬੈਂਚ ਨੇ ਆਪਣੇ ਪਹਿਲੀ ਜੁਲਾਈ ਦੇ ਹੁਕਮ ਤੋਂ ਬਾਅਦ ਸ਼ਰਮਾ ਨੂੰ ਕਥਿਤ ਰੂਪ ਵਿਚ ਜਾਨ ਤੋਂ ਮਾਰਨ ਦੀ ਮਿਲੀ ਧਮਕੀ ਦਾ ਨੋਟਿਸ ਲੈਂਦਿਆਂ ਉਸ ਨੂੰ ਭਵਿੱਖੀ ਸ਼ਿਕਾਇਤਾਂ ਸਬੰਧੀ ਰਾਹਤ ਦਿੱਤੀ ਹੈ। ਇਹ ਜ਼ਿਕਰ ਕਰਦਿਆਂ ਕਿ ਸਿਖ਼ਰਲੀ ਅਦਾਲਤ ਇਹ ਕਦੇ ਨਹੀਂ ਚਾਹੁੰਦੀ ਸੀ ਕਿ ਸ਼ਰਮਾ ਨੂੰ ਰਾਹਤ ਲਈ ਹਰ ਅਦਾਲਤ ਦਾ ਰੁਖ਼ ਕਰਨਾ ਪਏ, ਬੈਂਚ ਨੇ ਉਸ ਦੀ ਗ੍ਰਿਫ਼ਤਾਰੀ ਤੋਂ ਰਾਹਤ ਬਾਰੇ ਦਾਇਰ ਪਟੀਸ਼ਨ ਉਤੇ ਕੇਂਦਰ ਤੇ ਦਿੱਲੀ ਸਰਕਾਰ, ਪੱਛਮੀ ਬੰਗਾਲ ਤੇ ਮਹਾਰਾਸ਼ਟਰ ਸਣੇ ਕਈ ਰਾਜਾਂ ਨੂੰ ਨੋਟਿਸ ਜਾਰੀ ਕੀਤਾ ਹੈ। ਇਨਾਂ ਤੋਂ 10 ਅਗਸਤ ਤੱਕ ਜਵਾਬ ਮੰਗਿਆ ਹੈ। ਨੂਪੁਰ ਨੇ ਐਫਆਈਆਰਜ਼ ਨੂੰ ਇਕ ਥਾਂ ਜੋੜਨ ਬਾਰੇ ਵਾਪਸ ਲਈ ਪਟੀਸ਼ਨ ਨੂੰ ਵੀ ਬਹਾਲ ਕਰਨ ਦੀ ਮੰਗ ਕੀਤੀ ਹੈ। ਬੈਂਚ ਮਾਮਲੇ ਵਿਚ ਅਗਲੀ ਸੁਣਵਾਈ ਹੁਣ 10 ਅਗਸਤ ਨੂੰ ਕਰੇਗਾ। ਸਿਖ਼ਰਲੀ ਅਦਾਲਤ ਦੇ ਇਸੇ ਬੈਂਚ ਨੇ ਪੈਗੰਬਰ ਉਤੇ ਟਿੱਪਣੀ ਲਈ ਪਹਿਲੀ ਜੁਲਾਈ ਨੂੰ ਸ਼ਰਮਾ ਦੀ ਕਰੜੀ ਆਲਚੋਨਾ ਕਰਦਿਆਂ ਕਿਹਾ ਸੀ ਕਿ ਨੂਪੁਰ ਨੇ ਆਪਣੀ ਜ਼ੁਬਾਨ ਨਾਲ ‘ਪੂਰੇ ਦੇਸ਼ ਵਿਚ ਅੱਗ ਲਾ ਦਿੱਤੀ ਹੈ ਤੇ ਦੇਸ਼ ਵਿਚ ਜੋ ਵੀ ਹੋ ਰਿਹਾ ਹੈ, ਉਹ ਉਸ ਲਈ ਇਕੱਲੀ ਜ਼ਿੰਮੇਵਾਰ ਹੈ।’

ਨੂਪੁਰ ਸ਼ਰਮਾ ਨੂੰ ਮਾਰਨ ਦੇ ਇਰਾਦੇ ਨਾਲ ਸਰਹੱਦ ਪਾਰ ਕਰਨ ਵਾਲਾ ਪਾਕਿਸਤਾਨੀ ਨਾਗਰਿਕ ਬੀਐੱਸਐੱਫ ਨੇ ਪਿਛਲੇ ਹਫ਼ਤੇ ਰਾਜਸਥਾਨ ਵਿਚ ਗ੍ਰਿਫ਼ਤਾਰ ਕੀਤਾ ਹੈ। ਅਧਿਕਾਰੀਆਂ ਨੇ ਅੱਜ ਦੱਸਿਆ ਕਿ ਰਿਜ਼ਵਾਨ ਅਸ਼ਰਫ਼ (22) ਪਾਕਿਸਤਾਨ ਦੇ ਪੰਜਾਬ ਸੂਬੇ ਦੇ ਮੰਡੀ ਬਹਾਊਦੀਨ ਜ਼ਿਲੇ ਦਾ ਰਹਿਣ ਵਾਲਾ ਹੈ। ਉਸ ਨੂੰ ਭਾਰਤ-ਪਾਕਿਸਤਾਨ ਕੌਮਾਂਤਰੀ ਸਰਹੱਦ ਨੇੜੇ ਸ੍ਰੀ ਗੰਗਾਨਗਰ ਸੈਕਟਰ ਵਿਚ ਕਾਬੂ ਕੀਤਾ ਗਿਆ ਹੈ। ਉਸ ਕੋਲੋਂ ਦੋ ਚਾਕੂ, ਨਕਸ਼ਾ, ਪਾਕਿਸਤਾਨ ਦਾ ਸ਼ਨਾਖ਼ਤੀ ਕਾਰਡ ਤੇ ਹੋਰ ਸਾਮਾਨ ਬਰਾਮਦ ਕੀਤਾ ਗਿਆ ਹੈ।

ਭਾਜਪਾ ਦੇ ਸੰਸਦ ਮੈਂਬਰ ਬ੍ਰਿਜਭੂਸ਼ਣ ਸ਼ਰਨ ਸਿੰਘ ਨੇ ਕਿਹਾ ਕਿ ਕੁਝ ਲੋਕ ਦੇਸ਼ ਜਾਂ ਕਿਸੇ ਧਰਮ ਖ਼ਿਲਾਫ਼ ਗਲਤ ਬਿਆਨ ਦੇ ਰਹੇ ਹਨ ਤਾਂ ਕਿ ਉਨਾਂ ਨੂੰ ਸੁਰੱਖਿਆ ਮਿਲ ਸਕੇ। ਉਨਾਂ ਕਿਹਾ ਕਿ ਅਜਿਹਾ ਕਰਨ ਵਾਲਿਆਂ ਨੂੰ ਕਿਸੇ ਵੀ ਸੂਬਾ ਸਰਕਾਰ ਜਾਂ ਕੇਂਦਰ ਵੱਲੋਂ ਸੁਰੱਖਿਆ ਨਹੀਂ ਮਿਲਣੀ ਚਾਹੀਦੀ। ਸ਼ਰਨ ਸਿੰਘ ਯੂ.ਪੀ. ਤੋਂ ਪੰਜ ਵਾਰ ਸੰਸਦ ਮੈਂਬਰ ਬਣ ਚੁੱਕੇ ਹਨ। ਵਰਤਮਾਨ ਵਿਚ ਉਹ ਕੈਸਰਗੰਜ ਤੋਂ ਮੈਂਬਰ ਹਨ। ਉਨਾਂ ਦਾ ਇਹ ਬਿਆਨ ਨੂਪੁਰ ਸ਼ਰਮਾ ਵੱਲੋਂ ਕੀਤੀ ਵਿਵਾਦਤ ਟਿੱਪਣੀ ਦੇ ਸੰਦਰਭ ਵਿਚ ਆਇਆ ਹੈ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





**PROPERTY ADDRESS: 27022 RIVER ROADM, NEWMAN CA 95360.**

RANJIT SINGH
(Lic: 01922089)

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਮੋਦੀ ਸਰਕਾਰ ਦਾ ਵੱਡਾ ਧੱਕਾ, ਐੱਮਐੱਸਪੀ ਬਾਰੇ ਬਣੀ ਕਮੇਟੀ ਵਿਚੋਂ ਪੰਜਾਬ ਬਾਹਰ

## ✪ ਪੰਜਾਬ ਦੇ ਸਿਆਸੀ ਮਾਹੌਲ ਵਿਚ ਆਇਆ ਉਬਾਲ ✪ ਪੰਜਾਬ ਦੀਆਂ ਸਿਆਸੀ ਧਿਰਾਂ ਦੇ ਨਿਸ਼ਾਨੇ 'ਤੇ ਆਈ ਕੇਂਦਰ ਦੀ ਭਾਜਪਾ ਸਰਕਾਰ ✪ ਕਿਸਾਨ ਯੂਨੀਅਨਾਂ ਵੱਲੋਂ ਐੱਮਐੱਸਪੀ ਸਬੰਧੀ ਕਮੇਟੀ ਦੀ ਬਣਤਰ 'ਤੇ ਇਤਰਾਜ਼

**ਇਨਸਾਫ਼ ਦਾ ਤਕਾਜ਼ਾ ਸੀ ਕਿ ਫੈਡਰਲ ਢਾਂਚੇ ਅਨੁਸਾਰ ਰਾਜ ਸਰਕਾਰਾਂ 'ਵਿਚੋਂ ਲਏ ਜਾਣ ਵਾਲੇ ਨੁਮਾਇੰਦੇ ਪੰਜਾਬ ਤੇ ਹਰਿਆਣਾ ਤੋਂ ਵੀ ਲਏ ਜਾਂਦੇ। ਉੱਤਰੀ ਭਾਰਤ ਦੇ ਸਾਰੇ ਸੂਬੇ ਨਜ਼ਰਅੰਦਾਜ਼ ਕਰ ਦਿੱਤੇ ਗਏ। ਖੇਤੀ ਗ਼ੈਰ-ਲਾਹੇਵੰਦ ਹੋਣ ਕਰਕੇ ਕਿਸਾਨ ਅਤੇ ਮਜ਼ਦੂਰ ਕਰਜ਼ੇ ਦੇ ਬੋਝ ਹੇਠ ਖ਼ੁਦਕੁਸ਼ੀਆਂ ਕਰ ਰਹੇ ਹਨ। ਇਨਾਂ ਲਈ ਤੁਰੰਤ ਰਾਹਤ ਦੀ ਕੋਈ ਤਜਵੀਜ਼ ਦਿਖਾਈ ਨਹੀਂ ਦੇ ਰਹੀ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੂੰ ਵੀ ਅੰਤਰ-ਝਾਤ ਦੀ ਲੋੜ ਹੈ ਕਿ ਉਹ ਦਸ ਮਹੀਨਿਆਂ ਦੀ ਕਵਾਇਦ ਦੇ ਬਾਵਜੂਦ ਕਮੇਟੀ 'ਵਿਚ ਨੁਮਾਇੰਦੇ ਦੇਣ ਬਾਰੇ ਸਹਿਮਤੀ ਕਿਉਂ ਨਹੀਂ ਬਣਾ ਸਕੇ। ਕਿਸਾਨ ਜਥੇਬੰਦੀਆਂ ਇਕ ਦੂਸਰੇ ਦਾ ਵਿਰੋਧ ਕਰਨ 'ਤੇ ਜ਼ਿਆਦਾ ਜ਼ੋਰ ਲਾਉਂਦੀਆਂ ਹਨ ਅਤੇ ਮੁੱਦਿਆਂ 'ਤੇ ਸਹਿਮਤੀ ਬਣਾਉਣ 'ਤੇ ਘੱਟ। ਕੇਂਦਰ ਸਰਕਾਰ ਨੂੰ ਆਪਣੇ ਫ਼ੈਸਲੇ ਉੱਤੇ ਮੁੜ ਵਿਚਾਰ ਕਰਕੇ ਆ ਰਹੇ ਇਤਰਾਜ਼ ਦੂਰ ਕਰਨੇ ਚਾਹੀਦੇ ਹਨ।**

**ਚੰਡੀਗੜ/ਏ.ਟੀ.ਨਿਊਜ਼ :-** ਕੇਂਦਰ ਸਰਕਾਰ ਨੇ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਅਤੇ ਖੇਤੀ ਮੁੱਦਿਆਂ ਨੂੰ ਲੈ ਕੇ ਬਣਾਈ ਕਮੇਟੀ ਵਿੱਚੋਂ ਪੰਜਾਬ ਨੂੰ ਪੂਰੀ ਤਰਾਂ ਆਊਟ ਕਰ ਦਿੱਤਾ ਹੈ। ਹਾਲਾਂਕਿ ਦੇਸ਼ ਦੇ ਅਨਾਜ ਭੰਡਾਰ ਵਿੱਚ ਪੰਜਾਬ ਦੀ ਪੈਦਾਵਾਰ ਦਾ ਯੋਗਦਾਨ ਹਮੇਸ਼ਾ ਸਿਖਰਾਂ 'ਤੇ ਰਿਹਾ ਹੈ। ਖੇਤੀ ਪ੍ਰਧਾਨ ਸੂਬੇ ਵਜੋਂ ਜਾਣੇ ਜਾਂਦੇ ਪੰਜਾਬ ਦੀ ਕੇਂਦਰੀ ਕਮੇਟੀ 'ਚ ਅਣਦੇਖੀ ਨੇ ਕਿਸਾਨਾਂ ਦੇ ਜ਼ਖ਼ਮ ਮੁੜ ਹਰੇ ਕਰ ਦਿੱਤੇ ਹਨ। ਕੇਂਦਰ ਸਰਕਾਰ ਨੇ ਕਰੀਬ ਅੱਠ ਮਹੀਨੇ ਪਹਿਲਾਂ ਵਿਵਾਦਿਤ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਮੌਕੇ ਐੱਮਐੱਸਪੀ ਦੇ ਮੁੱਦੇ 'ਤੇ ਕਮੇਟੀ ਕਾਇਮ ਕਰਨ ਦਾ ਵਾਅਦਾ ਕੀਤਾ ਸੀ।

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਵੱਲੋਂ ਜਾਰੀ ਨੋਟੀਫ਼ਿਕੇਸ਼ਨ ਅਨੁਸਾਰ ਕਰੀਬ 29 ਮੈਂਬਰੀ ਕਮੇਟੀ (ਸਮੇਤ ਚੇਅਰਮੈਨ) ਵਿਚ ਪੰਜਾਬ ਨੂੰ ਪੂਰੀ ਤਰਾਂ ਨਜ਼ਰਅੰਦਾਜ਼ ਕੀਤਾ ਗਿਆ ਹੈ। ਪੰਜਾਬ ਨੂੰ ਹਰੀ ਕ੍ਰਾਂਤੀ ਦੀ ਜਨਮ ਭੂਮੀ ਹੋਣ ਦਾ ਮਾਣ ਹੈ ਅਤੇ ਪੰਜਾਬ ਦੀ ਵਡਿਆਈ ਦੇਸ਼ ਦੇ 'ਅੰਨ ਭੰਡਾਰ' ਵਜੋਂ ਵੀ ਹੁੰਦੀ ਹੈ। ਖੇਤੀ ਕਾਨੂੰਨਾਂ ਦੀ ਵਾਪਸੀ ਲਈ ਚੱਲੇ ਕਿਸਾਨ ਘੋਲ ਵਿਚ ਪੰਜਾਬ ਮੋਹਰੀ ਰਿਹਾ ਹੈ ਅਤੇ ਘੱਟੋ-ਘੱਟ ਸਮਰਥਨ ਮੁੱਲ ਦਾ ਮੁੱਖ ਸਬੰਧ ਵੀ ਪੰਜਾਬ ਨਾਲ ਜੁੜਿਆ ਹੋਇਆ ਹੈ।

ਕੇਂਦਰੀ ਕਮੇਟੀ ਵਿਚ ਖੇਤੀ 'ਵਰਸਿਟੀਆਂ ਅਤੇ ਅਦਾਰਿਆਂ ਦੇ ਤਿੰਨ ਸੀਨੀਅਰ ਮੈਂਬਰ ਸ਼ਾਮਲ ਕੀਤੇ ਗਏ ਹਨ, ਜਦੋਂ ਕਿ ਪੰਜਾਬ ਖੇਤੀ ਯੂਨੀਵਰਸਿਟੀ(ਪੀਏਯੂ) ਲੁਧਿਆਣਾ ਨੂੰ ਲਾਂਭੇ ਰੱਖਿਆ ਗਿਆ ਹੈ। ਦੇਸ਼ ਦੀ ਇਹ ਪੁਰਾਣੀ ਖੇਤੀ 'ਵਰਸਿਟੀ ਹੈ। ਕਮੇਟੀ ਵਿਚ ਜੰਮੂ ਅਤੇ ਜਬਲਪੁਰ ਦੀ ਖੇਤੀ 'ਵਰਸਿਟੀ ਦੇ ਸੀਨੀਅਰ ਮੈਂਬਰਾਂ ਨੂੰ ਜਗਾ ਦਿੱਤੀ ਗਈ ਹੈ। ਕਮੇਟੀ ਵਿਚ ਦੋ ਖੇਤੀ ਮਾਹਿਰ ਸ਼ਾਮਲ ਕੀਤੇ ਗਏ ਹਨ, ਜਿਨਾਂ ਵਿਚ ਪੰਜਾਬ ਦੇ ਕਿਸੇ ਵੀ ਖੇਤੀ ਮਾਹਿਰ ਨੂੰ ਥਾਂ ਨਹੀਂ ਦਿੱਤੀ ਗਈ ਹੈ। ਕਮੇਟੀ ਵਿਚ ਪੰਜਾਬ ਸਰਕਾਰ ਦੇ ਕਿਸੇ ਅਧਿਕਾਰੀ (ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਪ੍ਰਮੁੱਖ ਸਕੱਤਰ) ਨੂੰ ਵੀ ਸ਼ਾਮਲ ਨਹੀਂ ਕੀਤਾ ਗਿਆ ਹੈ ਜਦੋਂ ਕਿ ਕਰਨਾਟਕਾ, ਆਂਧਰਾ ਪ੍ਰਦੇਸ਼, ਸਿੱਕਮ ਅਤੇ ਉੜੀਸਾ ਸਰਕਾਰ ਦੇ ਨੁਮਾਇੰਦੇ ਸ਼ਾਮਲ ਕੀਤੇ ਗਏ ਹਨ। ਖੇਤੀ ਕਾਨੂੰਨਾਂ ਖ਼ਿਲਾਫ਼ ਚੱਲੇ ਕਿਸਾਨ ਘੋਲ ਵਿਚ ਸਭ ਤੋਂ ਵੱਧ ਕਿਸਾਨ ਪੰਜਾਬ ਦੇ ਸ਼ਹੀਦ ਹੋਏ ਸਨ। ਕਿਸਾਨੀ ਕਰਜ਼ੇ ਦੀ ਜਕੜ ਵੀ ਪੰਜਾਬ 'ਤੇ ਜ਼ਿਆਦਾ ਹੈ। ਖੁਦਕੁਸ਼ੀਆਂ ਦਾ ਰੁਝਾਨ ਅਜੇ ਤੱਕ ਨਹੀਂ ਰੁਕ ਸਕਿਆ ਹੈ। ਕੇਂਦਰੀ ਕਮੇਟੀ ਵਿਚ ਜੋ ਕਿਸਾਨ ਪ੍ਰਤੀਨਿਧ ਸ਼ਾਮਲ ਕੀਤੇ ਗਏ ਹਨ, ਉਨਾਂ ਵਿਚ ਦੂਸਰੇ ਸੂਬਿਆਂ ਦੇ ਕਿਸਾਨਾਂ ਦੀ ਸ਼ਮੂਲੀਅਤ ਕੀਤੀ ਗਈ ਹੈ ਜਦੋਂ ਕਿ ਸੰਯੁਕਤ ਕਿਸਾਨ ਮੋਰਚੇ ਦੇ ਤਿੰਨ ਮੈਂਬਰਾਂ ਲਈ ਥਾਂ ਖ਼ਾਲੀ ਛੱਡੀ ਗਈ ਹੈ। ਪੰਜਾਬ ਖੇਤੀ 'ਵਰਸਿਟੀ ਦੇ ਡਾ. ਸੁਖਪਾਲ ਸਿੰਘ ਨੇ ਕਿਹਾ ਕਿ ਨਵੀਂ ਬਣਾਈ ਕੇਂਦਰੀ ਕਮੇਟੀ ਤਾਂ ਆਪਣੇ ਮੂਲ ਮਕਸਦ ਤੋਂ ਹੀ ਭਟਕ ਗਈ ਹੈ। ਉਨਾਂ ਕਿਹਾ ਕਿ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਮਾਨਤਾ ਦੇਣ ਦੇ ਮਕਸਦ ਨਾਲ ਕਮੇਟੀ ਬਣਾਈ ਜਾਣੀ ਚਾਹੀਦੀ ਸੀ, ਪਰ ਕਾਨੂੰਨੀ ਰੂਪ ਬਾਰੇ ਕਿਧਰੇ ਕੋਈ ਜ਼ਿਕਰ ਹੀ ਨਹੀਂ ਹੈ। ਵੇਰਵਿਆਂ ਅਨੁਸਾਰ ਕੇਂਦਰ ਸਰਕਾਰ ਨੇ ਕੁਦਰਤੀ ਖੇਤੀ ਅਤੇ ਖੇਤੀ ਵਿਭਿੰਨਤਾ ਨੂੰ ਵੀ ਕਮੇਟੀ ਦਾ ਵਿਸ਼ਾ ਵਸਤੂ ਦੱਸਿਆ ਹੈ। ਪੰਜਾਬ ਕਣਕ-ਝੋਨੇ ਦੇ ਫ਼ਸਲੀ ਗੇੜ ਵਿਚ ਪੂਰੀ ਤਰਾਂ ਝੰਬਿਆ ਗਿਆ ਹੈ। ਖੇਤੀ ਅਤੇ ਇਨਸਾਨੀ ਜ਼ਿੰਦਗੀ ਨੂੰ ਦਾਅ 'ਤੇ ਲਾ ਕੇ ਪੰਜਾਬ ਨੇ ਦੇਸ਼ ਦੇ ਅਨਾਜ ਭੰਡਾਰ ਭਰੇ ਹਨ। ਕੇਂਦਰੀ ਕਮੇਟੀ ਵਿਚ ਹੁਣ ਇਨਾਂ ਪੱਖਾਂ ਦੀ ਚਰਚਾ ਸਮੇਂ ਪੰਜਾਬ ਦਾ ਢੁਕਵਾਂ ਪੱਖ ਕੌਣ ਰਹੇਗਾ, ਇਹ ਨਵੇਂ ਸਵਾਲ ਉੱਠਣ ਲੱਗੇ ਹਨ।ਪੰਜਾਬ ਦੀਆਂ ਸਿਆਸੀ ਧਿਰਾਂ ਨੇ ਕੇਂਦਰ ਦੀ ਮੋਦੀ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਹੈ। 'ਆਪ' ਸਰਕਾਰ ਨੇ ਪੂਰੀ ਤਰਾਂ ਭਾਜਪਾ ਸਰਕਾਰ ਨੂੰ ਕਟਹਿਰੇ ਵਿੱਚ ਖੜਾ ਕੀਤਾ ਹੈ, ਜਦੋਂ ਕਿ ਕਾਂਗਰਸ ਨੇ ਕੇਂਦਰ ਸਰਕਾਰ ਤੋਂ ਇਲਾਵਾ ਪੰਜਾਬ ਦੀ 'ਆਪ' ਸਰਕਾਰ ਨੂੰ ਵੀ ਭੰਡਿਆ ਹੈ। ਪੰਜਾਬ ਦੇ ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਮੇਟੀ 'ਵਿਚੋਂ ਖੇਤੀ ਪ੍ਰਧਾਨ ਸੂਬੇ ਦੀ ਅਣਦੇਖੀ ਕਰਨੀ ਪੰਜਾਬ ਨਾਲ ਵੱਡਾ ਧੋਖਾ ਹੈ ਅਤੇ ਇਹ ਕਮੇਟੀ ਅਸਲ ਵਿੱਚ ਕਿਸਾਨ ਵਿਰੋਧੀ ਕਮੇਟੀ ਹੈ, ਜਿਸ ਵਿੱਚ ਪੰਜਾਬ ਨੂੰ ਕੋਈ ਨੁਮਾਇੰਦਗੀ ਨਾ ਦਿੱਤੇ ਜਾਣ ਤੋਂ ਸਾਫ਼ ਹੈ ਕਿ ਕੇਂਦਰ ਸਰਕਾਰ ਦੀ ਨੀਅਤ ਵਿੱਚ ਖੋਟ ਹੈ। ਉਨਾਂ ਕਿਹਾ ਕਿ ਕੇਂਦਰ ਦੇ ਇਸ ਪੈਂਤੜੇ ਨੇ ਕਿਸਾਨਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਹੈ। ਇਸੇ ਤਰਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਗਠਿਤ ਕਮੇਟੀ ਦੇ ਨੋਟੀਫ਼ਿਕੇਸ਼ਨ ਵਿੱਚ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦਾ ਜ਼ਿਕਰ ਨਹੀਂ ਹੈ, ਜੋ ਪੰਜਾਬ ਦੇ ਕਿਸਾਨਾਂ ਨਾਲ ਕੋਝਾ ਮਜ਼ਾਕ ਹੈ। ਉਨਾਂ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਦੀ ਨਾਕਾਮੀ ਦਾ ਨਤੀਜਾ ਹੈ ਕਿ ਕੇਂਦਰ ਨੇ ਕਮੇਟੀ ਵਿੱਚ ਪੰਜਾਬ ਨੂੰ ਨਜ਼ਰਅੰਦਾਜ਼ ਕੀਤਾ ਹੈ। ਉਨਾਂ ਖ਼ਦਸ਼ਾ ਜ਼ਾਹਿਰ ਕੀਤਾ ਹੈ ਕਿ ਕੇਂਦਰ ਸਰਕਾਰ ਐੱਮਐੱਸਪੀ ਪ੍ਰਣਾਲੀ ਨੂੰ ਹੀ ਖ਼ਤਮ ਕਰ ਸਕਦੀ ਹੈ। ਉਨਾਂ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਨੇ ਇਸ ਮੁੱਦੇ 'ਤੇ ਕਦੇ ਪ੍ਰਧਾਨ ਮੰਤਰੀ ਜਾਂ ਕੇਂਦਰੀ ਖੇਤੀ ਮੰਤਰੀ ਨੂੰ ਮਿਲਣਾ ਤਾਂ ਕੀ ਸੀ, ਕਦੇ ਚਿੱਠੀ ਲਿਖਣ ਦੀ ਲੋੜ ਨਹੀਂ ਸਮਝੀ ਗਈ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕੇਂਦਰ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ ਬਾਰੇ ਬਣਾਈ ਗਈ ਕਮੇਟੀ ਦੇ ਪੁਨਰਗਠਨ ਦੀ ਮੰਗ ਕੀਤੀ ਹੈ, ਜਿਸ ਵਿਚ ਪੰਜਾਬ ਦੇ ਪ੍ਰਤੀਨਿਧਾਂ ਦੇ ਨਾਲ-ਨਾਲ ਖੇਤੀਬਾੜੀ ਮਾਹਿਰਾਂ ਸਮੇਤ ਉਨਾਂ ਸਾਰਿਆਂ ਨੂੰ ਸ਼ਾਮਲ ਕੀਤਾ ਜਾਵੇ, ਜਿਨਾਂ ਦੇ ਹਿਤ ਜੁੜੇ ਹੋਏ ਹਨ। ਉਨਾਂ ਕਿਹਾ ਕਿ ਸਰਕਾਰ ਨੂੰ ਚੇਅਰਮੈਨ ਸੰਜੇ ਅਗਰਵਾਲ ਸਮੇਤ ਉਹ ਮੈਂਬਰ ਕਮੇਟੀ ਵਿੱਚ ਸ਼ਾਮਲ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਸੀ, ਜਿਨਾਂ



ਨੇ ਖੇਤੀ ਕਾਨੂੰਨ ਤਿਆਰ ਕੀਤੇ ਸਨ। ਡਾ. ਚੀਮਾ ਨੇ ਇਹ ਵੀ ਦੱਸਿਆ ਕਿ ਕਿਵੇਂ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਦੇ ਨਾਲ-ਨਾਲ ਐੱਮਐੱਸਪੀ 'ਤੇ ਖ਼ਰੀਦ ਦੀ ਵੀ ਗਾਰੰਟੀ ਹੋਣੀ ਚਾਹੀਦੀ ਹੈ। ਉਨਾਂ ਕਿਹਾ ਕਿ ਕੇਂਦਰ ਸਰਕਾਰ ਨੇ ਸਾਰੀਆਂ ਜਿਨਸਾਂ ਲਈ ਐੱਮਐੱਸਪੀ ਤਾਂ ਤੈਅ ਕਰ ਦਿੱਤੀ ਹੈ ਪਰ ਸਿਰਫ਼ ਕਣਕ ਤੇ ਝੋਨਾ ਹੀ ਐੱਮਐੱਸਪੀ 'ਤੇ ਖ਼ਰੀਦੇ ਜਾ ਰਹੇ ਹਨ।

ਇਸੇ ਦੌਰਾਨ 'ਆਪ' ਦੇ ਰਾਜ ਸਭਾ ਮੈਂਬਰ ਰਾਘਵ ਚੱਡਾ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਦਾ ਪੰਜਾਬ ਵਿਰੋਧੀ ਚਿਹਰਾ ਨਸ਼ਰ ਹੋ ਗਿਆ ਹੈ ਅਤੇ ਇਸ ਕਮੇਟੀ ਤੋਂ ਪੰਜਾਬ ਦੇ ਭਲੇ ਦੀ ਕੋਈ ਉਮੀਦ ਨਹੀਂ ਕੀਤੀ ਜਾ ਸਕਦੀ ਹੈ। ਉਨਾਂ ਕਿਹਾ ਕਿ ਕਮੇਟੀ ਵਿੱਚ ਭਾਜਪਾ ਦੇ ਮੈਂਬਰ ਜਾਂ ਫਿਰ ਕਾਲੇ ਖੇਤੀ ਕਾਨੂੰਨਾਂ ਦੇ ਹਮਾਇਤੀਆਂ ਨੂੰ ਸ਼ਾਮਲ ਕੀਤਾ ਗਿਆ ਹੈ।

### ਸੰਯੁਕਤ ਕਿਸਾਨ ਮੋਰਚੇ ਵੱਲੋਂ ਕੇਂਦਰੀ ਕਮੇਟੀ ਰੱਦ

ਸੰਯੁਕਤ ਕਿਸਾਨ ਮੋਰਚੇ ਨੇ ਕੇਂਦਰ ਸਰਕਾਰ ਵੱਲੋਂ ਐੱਮਐੱਸਪੀ ਬਾਰੇ ਐਲਾਨੀ ਕੇਂਦਰੀ ਕਮੇਟੀ ਨੂੰ ਰੱਦ ਕਰ ਦਿੱਤਾ ਹੈ। ਮੋਰਚੇ ਨੇ ਦੋਸ਼ ਲਾਇਆ ਕਿ ਇਸ ਕਮੇਟੀ ਉਹ ਅਖੌਤੀ ਕਿਸਾਨ ਸ਼ਾਮਲ ਕੀਤੇ ਗਏ ਹਨ, ਜਿਨਾਂ ਰੱਦ ਖੇਤੀ ਕਾਨੂੰਨਾਂ ਦੀ ਹਮਾਇਤ ਕੀਤੀ ਸੀ। ਕੇਂਦਰ ਵੱਲੋਂ ਬੀਤੇ ਦਿਨ ਜਾਰੀ ਨੋਟੀਫਿਕੇਸ਼ਨ 'ਚ ਸੰਯੁਕਤ ਕਿਸਾਨ ਮੋਰਚੇ ਦੇ ਤਿੰਨ ਮੈਂਬਰਾਂ ਲਈ ਕੇਂਦਰੀ ਕਮੇਟੀ ਵਿੱਚ ਥਾਂ ਖਾਲੀ ਛੱਡੀ ਗਈ ਹੈ। ਕਿਸਾਨ ਆਗੂ ਡਾ. ਦਰਸ਼ਨ ਪਾਲ ਮੁਤਾਬਕ ਕੇਂਦਰੀ ਕਮੇਟੀ ਬੋਗਸ ਹੈ ਕਿਉਂਕਿ ਇਸ ਵਿੱਚ ਕਿਸਾਨਾਂ ਦੇ ਕਾਨੂੰਨੀ ਹੱਕਾਂ ਦੀ ਗੱਲ ਨਹੀਂ ਕੀਤੀ ਗਈ। ਉਨਾਂ ਕਿਹਾ ਕਿ ਕੇਂਦਰੀ ਕਮੇਟੀ ਵਿੱਚ ਪੰਜਾਬ ਦੀ ਨੁਮਾਇੰਦਗੀ ਨਹੀਂ ਹੈ ਤੇ ਇਸ ਉਪਰ ਭਰੋਸਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਦੀਆਂ ਸ਼ਰਤਾਂ ਤੇ ਹਵਾਲੇ ਅਸਪਸ਼ਟ ਹਨ। ਉਨਾਂ ਕਿਹਾ ਕਿ ਜਦੋਂ ਤੱਕ ਕੇਂਦਰੀ ਕਮੇਟੀ ਦੀਆਂ ਸ਼ਰਤਾਂ ਤੇ ਨਿਯਮ ਸਪਸ਼ਟ ਨਹੀਂ ਹੁੰਦੇ, ਉਹ ਆਪਣੇ ਆਗੂਆਂ ਦੇ ਨਾਂ ਨਹੀਂ ਦੇਣਗੇ। ਬੀਕੇਯੂ ਡਕੌਂਦਾ ਦੇ ਜੋਗਿੰਦਰ ਸਿੰਘ ਪਟਿਆਲਾ ਤੇ ਜਗਤਾਰ ਸਿੰਘ ਬਾਜਵਾ ਨੇ ਕਿਹਾ ਕਿ ਕੇਂਦਰ ਵੱਲੋਂ ਨੋਟੀਫਾਈ ਕੀਤੀ ਕਮੇਟੀ ਕਿਸਾਨਾਂ ਦੇ ਅੱਖੀਂ ਘੱਟਾ ਪਾਉਣ ਦੀ ਨਾਕਾਮ ਕੋਸ਼ਿਸ਼ ਹੈ। ਕਿਸਾਨ ਆਗੂ ਅਭਿਮੰਨਿਊ ਕੋਹਾੜ ਨੇ ਕਿਹਾ ਕਿ ਕੇਂਦਰੀ ਕਮੇਟੀ ਵਿੱਚ ਸ਼ਾਮਲ ਕਿਸਾਨ ਆਗੂਆਂ ਦਾ ਕਿਸਾਨ ਅੰਦੋਲਨ ਨਾਲ ਕੋਈ ਵਾਸਤਾ ਨਹੀਂ ਤੇ ਕਾਰਪੋਰੇਟਾਂ ਦੇ ਨੇੜਿਆਂ ਨੂੰ ਕਮੇਟੀ 'ਚ ਸ਼ਾਮਲ ਕੀਤਾ ਗਿਆ ਹੈ। ਉਧਰ ਯੋਗੇਂਦਰ ਯਾਦਵ ਨੇ ਲੰਘੇ ਦਿਨ ਕਿਹਾ ਸੀ ਕਿ ਆਰਐੱਸਐੱਸ ਨਾਲ ਜੁੜੇ ਲੋਕ ਕਮੇਟੀ ਵਿੱਚ ਸ਼ਾਮਲ ਕੀਤੇ ਗਏ ਹਨ ਅਤੇ ਸਰਕਾਰ ਪਿਛਲੇ ਦਰਵਾਜ਼ੇ ਰਾਹੀਂ ਤਿੰਨ ਕਾਲੇ ਕਾਨੂੰਨ ਲਿਆਉਣ ਦੀ ਕੋਸ਼ਿਸ਼ ਕਰ ਸਕਦੀ ਹੈ।ਕਿਰਤੀ ਕਿਸਾਨ ਯੂਨੀਅਨ ਦੀ ਸੂਬਾ ਕਮੇਟੀ ਦੀ ਮੀਟਿੰਗ ਵਿੱਚ ਕੇਂਦਰ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ ਸਬੰਧੀ ਬਣਾਈ ਕਮੇਟੀ ਦੀ ਬਣਤਰ ਅਤੇ ਜਾਰੀ ਕੀਤੇ ਨੋਟੀਫਿਕੇਸ਼ਨ ਵਿੱਚ ਐੱਮਐੱਸਪੀ ਸਬੰਧੀ ਏਜੰਡੇ ਨੂੰ ਮਨਫੀ ਕੀਤੇ ਜਾਣ 'ਤੇ ਇਤਰਾਜ਼ ਜਤਾਇਆ ਗਿਆ। ਉਨਾਂ ਇਸ ਸਬੰਧੀ ਚੱਲ ਰਹੇ ਸੰਘਰਸ਼ ਨੂੰ ਤੇਜ਼ ਕਰਨ ਦਾ ਫ਼ੈਸਲਾ ਵੀ ਕੀਤਾ। ਜਥੇਬੰਦੀ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁਡੀਕੇ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਜੁਲਾਈ ਤੇ ਅਗਸਤ ਮਹੀਨਿਆਂ ਵਿੱਚ ਦਿੱਤੇ ਸੱਦਿਆਂ ਨੂੰ ਲਾਗੂ ਕਰਨ ਸਬੰਧੀ ਵੀ ਚਰਚਾ ਕੀਤੀ ਗਈ। ਸੂਬਾਈ ਆਗੂ ਜਤਿੰਦਰ ਸਿੰਘ ਛੀਨਾ ਨੇ ਦੱਸਿਆ ਕਿ ਐੱਮਐੱਸਪੀ ਸਬੰਧੀ ਬਣਾਈ ਕਮੇਟੀ ਦੀ ਬਣਤਰ ਤੇ ਜਾਰੀ ਨੋਟੀਫਿਕੇਸ਼ਨ ਵਿੱਚੋਂ ਐੱਮਐੱਸਪੀ ਦੇ ਏਜੰਡੇ ਨੂੰ ਬਾਹਰ ਰੱਖਣ 'ਤੇ ਕੇਂਦਰ ਸਰਕਾਰ ਦੀ ਸਖ਼ਤ ਨਿਖੇਧੀ ਕੀਤੀ ਗਈ।

### ਕਿਸਾਨ ਧਿਰਾਂ ਵਿਚ ਮੁੜ ਏਕੇ ਦੀ ਸੰਭਾਵਨਾ

ਪੰਜਾਬ ਵਿਚ ਸੰਯੁਕਤ ਕਿਸਾਨ ਮੋਰਚੇ ਦਾ ਮੁੜ ਏਕਾ ਹੋਣ ਲੱਗਾ ਹੈ। ਕਿਸਾਨ ਘੋਲ ਮਗਰੋਂ ਪੰਜਾਬ ਦੀਆਂ ਕਿਸਾਨ ਧਿਰਾਂ ਪਾਟੋਧਾੜ ਹੋ ਗਈਆਂ ਸਨ। ਕਿਸਾਨ ਆਗੂ ਡਾ. ਦਰਸ਼ਨਪਾਲ ਨੇ ਕਿਹਾ ਕਿ ਪੰਜਾਬ ਦੀਆਂ ਕਿਸਾਨ ਧਿਰਾਂ ਹੁਣ ਨਵੇਂ ਕੇਂਦਰੀ ਹੱਲੇ ਮਗਰੋਂ ਮੁੜ ਏਕਤਾ ਦੀ ਲੜੀ ਵਿਚ ਬੱਝਣ ਲੱਗੀਆਂ ਹਨ। ਉਨਾਂ ਕਿਹਾ ਕਿ ਬੀਕੇਯੂ ਸਿੱਧੂਪੁਰ ਨੂੰ ਰਜ਼ਾਮੰਦ ਕਰਨ ਲਈ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ ਤਾਂ ਜੋ ਕੇਂਦਰ ਖ਼ਿਲਾਫ਼ ਇਕਮੁੱਠ ਹੋ ਕੇ ਲੜਾਈ ਲੜੀ ਜਾ ਸਕੇ। ਪੰਜਾਬ ਦੀਆਂ 32 ਕਿਸਾਨ ਧਿਰਾਂ ਨੇ ਇਕੱਠੇ ਹੋ ਕੇ ਖੇਤੀ ਕਾਨੂੰਨਾਂ ਖ਼ਿਲਾਫ਼ ਲੜਾਈ ਲੜੀ ਸੀ।

## ਐੱਮਐੱਸਪੀ ਦੀ ਗਾਰੰਟੀ ਬਾਰੇ ਕਿਸਾਨ ਆਗੂਆਂ ਨੂੰ ਭਰੋਸਾ ਨਹੀਂ ਦਿੱਤਾ : ਤੋਮਰ

**ਨਵੀਂ ਦਿੱਲੀ :** ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਤੋਮਰ ਨੇ ਸੰਸਦ ਵਿੱਚ ਦਾਅਵਾ ਕੀਤਾ ਕਿ ਕੇਂਦਰ ਸਰਕਾਰ ਨੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਮੁਹੱਈਆ ਕਰਵਾਉਣ ਲਈ ਕਮੇਟੀ ਦੇ ਗਠਨ ਸਬੰਧੀ ਸੰਯੁਕਤ ਕਿਸਾਨ ਮੋਰਚੇ ਨੂੰ ਕੋਈ ਭਰੋਸਾ ਨਹੀਂ ਦਿੱਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਸਾਲ ਨਵੰਬਰ ਵਿੱਚ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ ਕਰਦਿਆਂ ਐੱਮਐੱਸਪੀ ਸਣੇ ਵੱਖ ਵੱਖ ਕਿਸਾਨ ਮੁੱਦਿਆਂ 'ਤੇ ਵਿਚਾਰ ਚਰਚਾ ਲਈ ਕਮੇਟੀ ਗਠਿਤ ਕੀਤੇ ਜਾਣ ਦਾ ਵਾਅਦਾ ਕੀਤਾ ਸੀ। ਕਿਸਾਨਾਂ ਨੂੰ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਦੇਣ ਲਈ ਸੰਯੁਕਤ ਕਿਸਾਨ ਮੋਰਚੇ ਨੂੰ ਕਮੇਟੀ ਦੇ ਗਠਨ ਸਬੰਧੀ ਕੋਈ ਭਰੋਸਾ ਦੇਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਤੋਮਰ ਨੇ ਕਿਹਾ, 'ਨਹੀਂ ਜਨਾਬ'। ਉਨਾਂ ਲੋਕ ਸਭਾ ਨੂੰ ਦੱਸਿਆ, 'ਸਰਕਾਰ ਨੇ ਐੱਮਐੱਸਪੀ ਨੂੰ ਵਧੇਰੇ ਅਸਰਦਾਰ ਤੇ ਪਾਰਦਰਸ਼ੀ ਬਣਾਉਣ ਲਈ ਕਮੇਟੀ ਦੇ ਗਠਨ ਦਾ ਭਰੋਸਾ ਦਿੱਤਾ ਸੀ ਤਾਂ ਕਿ ਕੁਦਰਤੀ ਖੇਤੀ ਦਾ ਪ੍ਰਚਾਰ ਪਾਸਾਰ ਕੀਤਾ ਜਾ ਸਕੇ ਅਤੇ ਦੇਸ਼ ਦੀਆਂ ਬਦਲਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਫ਼ਸਲੀ ਚੱਕਰ ਨੂੰ ਤਬਦੀਲ ਕੀਤਾ ਜਾ ਸਕੇ।' ਤੋਮਰ ਨੇ ਕਿਹਾ ਕਿ ਇਨਾਂ ਸਾਰੀਆਂ ਚੀਜ਼ਾਂ ਨੂੰ ਧਿਆਨ 'ਚ ਰੱਖਦਿਆਂ ਕੇਂਦਰੀ ਕਮੇਟੀ ਗਠਿਤ ਕੀਤੀ ਹੈ।

# ਅਮਰੀਕਾ ’ਚ ਹੋਈ $4.7 ਮਿਲੀਅਨ ਤੋਂ ਵੱਧ ਦੀ ਧੋਖਾਧੜੀ ਦਾ ਪਰਦਾਫਾਸ਼

## ਸਿੱਖੀ ਭੇਸ ਵਿੱਚ ਹੀ ਸਿੱਖਾਂ ਦੀ ਬਦਨਾਮੀ ਕਰ ਰਹੇ ਨੇ ਕੁੱਝ ਬੰਦੇ

**ਨਿਊਯਾਰਕ/ਏ.ਟੀ.ਨਿਊਜ਼ :-** ਬਰੁਕਲਿਨ ਦੀ ਸੰਘੀ ਅਦਾਲਤ ਵਿੱਚ, ਇੱਕ ਸੰਘੀ ਜਿਊਰੀ ਨੇ ਜਸਮਿੰਦਰ ਸਿੰਘ ਨੂੰ $4.7 ਮਿਲੀਅਨ ਤੋਂ ਵੱਧ ਦੀ ਅਮੈਰੀਕਨ ਐਕਸਪ੍ਰੈਸ ਦੀ ਧੋਖਾਧੜੀ ਦੇ ਅਧਾਰ ’ਤੇ ਬੈਂਕ ਧੋਖਾਧੜੀ ਅਤੇ ਮਨੀ ਲਾਂਡਰਿੰਗ ਦਾ ਦੋਸ਼ੀ ਠਹਿਰਾਇਆ ਹੈ। ਜਿਸ ਵਿਚ ਆਈਫੋਨ ਖਰੀਦਣ ਅਤੇ ਧੋਖਾਧੜੀ ਦੀ ਕਮਾਈ $ 1.3 ਮਿਲੀਅਨ ਦੇ ਘਰ ਅਤੇ ਹੋਰ ਲਗਜ਼ਰੀ ਚੀਜ਼ਾਂ ’ਤੇ ਖਰਚ ਕਰਨ ਦਾ ਦੋਸ਼ ਹੈ। ਜਸਮਿੰਦਰ ਸਿੰਘ ਨੂੰ ਬੈਂਕ ਧੋਖਾਧੜੀ ਅਤੇ ਗੈਰ-ਕਾਨੂੰਨੀ ਮੁਦਰਾ ਲੈਣ-ਦੇਣ ਦਾ ਦੋਸ਼ੀ ਠਹਿਰਾਇਆ ਗਿਆ ਸੀ। ਇਹ ਫੈਸਲਾ ਸੰਯੁਕਤ ਰਾਜ ਦੇ ਜ਼ਿਲਾ ਜੱਜ ਕੈਰੋਲ ਬੈਗਲੇ ਅਮੋਨ ਦੇ ਸਾਹਮਣੇ ਇੱਕ ਹਫ਼ਤੇ ਦੇ ਮੁਕੱਦਮੇ ਤੋਂ ਬਾਅਦ ਆਇਆ ਸੀ।

ਨਿਊਯਾਰਕ ਦੇ ਪੂਰਬੀ ਜ਼ਿਲੇ ਲਈ ਬ੍ਰਿਓਨ ਪੀਸ ਸੰਯੁਕਤ ਰਾਜ ਅਟਾਰਨੀ, ਸਹਾਇਕ ਅਟਾਰਨੀ ਜਨਰਲ ਕੇਨੇਥ ਏ. ਪੋਲੀਟ, ਜਸਟਿਸ ਵਿਭਾਗ ਦੇ ਅਪਰਾਧਿਕ ਡਿਵੀਜ਼ਨ ਦੇ ਜੂਨੀਅਰ, ਮਾਈਕਲ ਜੇ. ਡਰਿਸਕੋਲ, ਸਹਾਇਕ ਡਾਇਰੈਕਟਰ-ਇਨ-ਚਾਰਜ, ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ, ਨਿਊਯਾਰਕ ਅਤੇ ਫੀਲਡ ਆਫਿਸ (ਐਫਬੀਆਈ) ਨੇ ਫੈਸਲੇ ਦਾ ਐਲਾਨ ਕੀਤਾ ਸੀ।

ਸੰਯੁਕਤ ਰਾਜ ਦੇ ਅਟਾਰਨੀ ਪੀਸ ਨੇ ਕਿਹਾ ‘ਜਿਊਰੀ ਨੇ ਫੈਸਲਾ ਕੀਤਾ ਕਿ ਜਸਮਿੰਦਰ ਸਿੰਘ ਇੱਕ ਧੋਖੇਬਾਜ਼ ਸੀ ਜਿਸ ਨੇ ਹਜ਼ਾਰਾਂ ਆਈਫੋਨ ਖਰੀਦਣ ਲਈ ਅਮਰੀਕਨ ਐਕਸਪ੍ਰੈਸ ਕਾਰਡਾਂ ਦੀ ਵਰਤੋਂ ਕੀਤੀ, ਲੱਖਾਂ ਡਾਲਰਾਂ ਦੇ ਖਰਚੇ ਇਕੱਠੇ ਕੀਤੇ ਅਤੇ ਫਿਰ ਬਿੱਲ ਦਾ ਭੁਗਤਾਨ ਕਰਨ ਤੋਂ ਬਚਣ ਲਈ ਝੂਠ ਦਾ ਜਾਲ ਵਿਛਾਇਆ ਅਤੇ ਆਪਣੀ ਗ਼ਲਤ ਢੰਗ ਨਾਲ ਪ੍ਰਾਪਤ ਕੀਤੀ ਜਾਇਦਾਦ ਨੂੰ ਛੁਪਾਇਆ।’ ‘ਅਮਰੀਕਨ ਐਕਸਪ੍ਰੈਸ ਨੂੰ ਸਖਤ ਕਰਨ ਤੋਂ ਬਾਅਦ, ਬਚਾਓ ਪੱਖ ਅੱਜ ਤੱਕ, ਵੱਡੇ ਪੱਧਰ ’ਤੇ ਰਹਿ ਰਿਹਾ ਸੀ, ਜਦੋਂ ਫੈਸਲੇ ਨਾਲ ਉਸਦੇ ਅਪਰਾਧਾਂ ਦਾ ਬਿੱਲ ਆਇਆ ਸੀ।’

ਜਿਵੇਂ ਕਿ ਮੁਕੱਦਮੇ ਵਿੱਚ ਸਾਬਤ ਹੋਇਆ, ਜਸਮਿੰਦਰ ਸਿੰਘ ਨੇ ਹਜ਼ਾਰਾਂ ਐਪਲ ਆਈਫੋਨ ਖਰੀਦਣ ਲਈ ਚਾਰ ਕਾਰੋਬਾਰੀ ਸੰਸਥਾਵਾਂ ਜੋ ਉਸਨੇ ਬਣਾਈਆਂ ਅਤੇ ਨਿਯੰਤਰਿਤ ਕੀਤੀਆਂ ਅਤੇ 10 ਅਮਰੀਕਨ ਐਕਸਪ੍ਰੈਸ ਕ੍ਰੈਡਿਟ ਕਾਰਡਾਂ ਦੀ ਵਰਤੋਂ ਕੀਤੀ, ਜੋ ਉਸਨੇ ਲੱਖਾਂ ਡਾਲਰ ਵਿੱਚ ਵਿਦੇਸ਼ਾਂ ਵਿੱਚ ਵੇਚੇ ਸਨ। ਨਵੰਬਰ 2017 ਅਤੇ ਦਸੰਬਰ 2019 ਦੇ ਵਿਚਕਾਰ, ਪ੍ਰਤੀਵਾਦੀ ਨੇ ਅਮਰੀਕਨ ਐਕਸਪ੍ਰੈਸ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ, ਜੋ ਕਿ ਵਾਧੂ ਕ੍ਰੈਡਿਟ ਸੁਰੱਖਿਅਤ ਕਰਨ ਲਈ ਆਈਫੋਨਾਂ ਦੀ ਖਰੀਦ ਤੋਂ ਲਏ ਗਏ $4.7 ਮਿਲੀਅਨ ਤੋਂ ਵੱਧ ਖਰਚਿਆਂ ਨੂੰ ਵਾਪਸ ਕਰਨ ਵਿੱਚ ਅਸਮਰੱਥਾ ਹੈ ਅਤੇ ਉਸਨੇ ਪ੍ਰਾਪਤ ਕੀਤੇ ਪੈਸੇ ਨੂੰ ਛੁਪਾਉਣ ਲਈ ਵਿੱਤੀ ਲੈਣ-ਦੇਣ ਦੀ ਇੱਕ ਲੜੀ ਦੀ ਵਰਤੋਂ ਕੀਤੀ। ਬਚਾਓ ਪੱਖ ਨੇ ਆਪਣੀ ਧੋਖਾਧੜੀ ਵਾਲੀ ਸਕੀਮ ਤੋਂ ਪ੍ਰਾਪਤ ਕਮਾਈ ਨੂੰ ਨਿੱਜੀ ਖਰਚਿਆਂ ਦਾ ਭੁਗਤਾਨ ਕਰਨ ਅਤੇ ਲਗਜ਼ਰੀ ਵਸਤੂਆਂ ਖਰੀਦਣ ਲਈ ਵਰਤਿਆ, ਜਿਸ ਵਿੱਚ ਫਰੀਮਾਂਟ, ਕੈਲੀਫੋਰਨੀਆ



ਵਿੱਚ $1.3 ਮਿਲੀਅਨ ਦਾ ਨਕਦ ਘਰ ਵੀ ਸ਼ਾਮਲ ਹੈ। ਬਚਾਅ ਪੱਖ ਨੇ ਜ਼ਿਆਦਾਤਰ ਖਰੀਦਦਾਰੀ ਓਰੇਗਨ ਅਤੇ ਵਾਸ਼ਿੰਗਟਨ ਵਿੱਚ ਐਪਲ ਸਟੋਰਾਂ ਤੋਂ ਕੀਤੀ।

ਮੁਕੱਦਮੇ ਦੇ ਸਬੂਤਾਂ ਵਿੱਚ ਵਿੱਤੀ ਅਤੇ ਫ਼ੋਨ ਰਿਕਾਰਡ, ਆਡੀਓ ਰਿਕਾਰਡਿੰਗ, ਬਚਾਓ ਪੱਖ ਦੇ ਸਹਿ-ਸਾਜ਼ਿਸ਼ਕਰਤਾ ਮਨਦੀਪ ਸਿੰਘ ਤੋਂ ਗਵਾਹੀ, ਅਤੇ ਇੱਕ ਐਫਬੀਆਈ ਫੋਰੈਂਸਿਕ ਲੇਖਾਕਾਰ ਸ਼ਾਮਲ ਸਨ। ਮਨਦੀਪ ਸਿੰਘ ਨੂੰ ਮਾਰਚ 2022 ਵਿੱਚ ਮਨੀ ਲਾਂਡਰਿੰਗ ਦੀ ਸਾਜ਼ਿਸ਼ ਲਈ ਦੋਸ਼ੀ ਮੰਨਿਆ ਗਿਆ ਸੀ।

ਨਿਊਯਾਰਕ ਦੇ ਪੂਰਬੀ ਜ਼ਿਲੇ ਦੇ ਸਹਾਇਕ ਸੰਯੁਕਤ ਰਾਜ ਅਟਾਰਨੀ ਮਾਈਕਲ ਗਿਬਾਲਡੀ ਅਤੇ ਕ੍ਰਿਮੀਨਲ ਡਿਵੀਜ਼ਨ ਦੇ ਫਰਾਡ ਸੈਕਸ਼ਨ ਦੇ ਟ੍ਰਾਇਲ ਅਟਾਰਨੀ ਪੈਟਰਿਕ ਜੇ. ਕੈਂਪਬੈਲ ਪੈਰਾਲੀਗਲ ਐਲੀਨੋਰ ਫਿਟਜ਼ਗੇਰਾਲਡ ਦੀ ਸਹਾਇਤਾ ਨਾਲ ਕੇਸ ਦੀ ਪੈਰਵੀ ਕਰ ਰਹੇ ਹਨ।

ਜਸਮਿੰਦਰ ਸਿੰਘ ਵਲੋਂ ਕੀਤੀ ਇਹ ਠੱਗੀ ਸਿਰਫ ਅਮਰੀਕਾ ਵਿੱਚ ਹੀ ਨਹੀਂ ਸੀ ਸਗੋਂ ਅਮਰੀਕਾ ਤੋਂ ਬਾਹਰ ਵੀ ਇਹ ਧੋਖਾਧੜੀ ਚੱਲ ਰਹੀ ਸੀ। ਅੰਮ੍ਰਿਤਸਰ ਟਾਈਮਜ਼ ਵੱਲੋਂ ਕੀਤੀ ਜਾਂਚ ਤੋਂ ਪਤਾ ਲੱਗਿਆ ਕਿ ਜਦੋਂ ਵੀ ਆਈ ਫ਼ੋਨ ਦਾ ਨਵਾਂ ਮਾਡਲ ਆਉਂਦਾ ਸੀ ਤਾਂ ਇਹ ਗਰੀਬ ਕਾਮਿਆਂ ਨੂੰ ਲਾਈਨਾਂ ਵਿੱਚ ਖੜਾ ਕਰਕੇ ਖਰੀਦ ਲੈਂਦਾ ਸੀ ਅਤੇ ਫੇਰ ਬਾਹਰਲੇ ਮੁਲਕਾਂ ਵਿੱਚ ਵੇਚਦਾ ਸੀ। ਇੱਕ ਅੰਦਾਜ਼ੇ ਮੁਤਾਬਕ ਇਸਨੇ 6 ਮਿਲੀਅਨ ਡਾਲਰ ਤੋਂ ਵੱਧ ਪੈਸਾ ਬਾਹਰਲੇ ਮੁਲਕਾਂ ਤੋਂ ਕਮਾਇਆ ਹੈ। ਇਹ ਸਾਰੀ ਸਕੀਮ ਸਿਆਟਲ ਤੋਂ ਚੱਲਦੀ ਸੀ।

# ਕੇਂਦਰ ਸਰਹੱਦਾਂ ਦੀ ਰਾਖੀ ਕਰਨ ’ਵਿਚ ਫੇਲ: ਮਾਨ

## ਭਾਰਤੀ ਖੁਫੀਆ ਏਜੰਸੀਆਂ ਨਹੀਂ ਦਿੰਦੀਆਂ ਸਹੀ ਜਾਣਕਾਰੀ



ਨਵੀਂ ਦਿੱਲੀ: ਸੰਗਰੂਰ ਤੋਂ ਲੋਕ ਸਭਾ ਮੈਂਬਰ ਅਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਖਿਆ ਕਿ ਚੀਨੀ ਸੈਨਿਕ ਭਾਰਤੀ ਸਰਹੱਦ ’ਵਿਚ ਕਈ ਕਿਲੋਮੀਟਰ ਅੰਦਰ ਤੱਕ ਦਾਖਲ ਹੋ ਗਏ ਹਨ ਪਰ ਦੇਸ਼ ਦੀ ਫ਼ੌਜ ਉਨ੍ਹਾਂ ਨੂੰ ਰੋਕਣ ਵਿੱਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਖ਼ੁਫੀਆ ਏਜੰਸੀਆਂ ਵੀ ਸਹੀ ਜਾਣਕਾਰੀ ਨਹੀਂ ਦੇ ਰਹੀਆਂ। ਮਾਨ ਨੇ ਕਿਹਾ ਕਿ ਸੰਸਦ ਮੈਂਬਰ ਦੇਸ਼ ਪ੍ਰਤੀ ਵਫ਼ਾਦਾਰੀ ਤੇ ਦੇਸ਼ ਦੀ ਅਖੰਡਤਾ ਦੀ ਸਹੁੰ ਚੁੱਕਦੇ ਹਨ ਅਤੇ ਕੇਂਦਰ ਸਰਕਾਰ ਦੇਸ਼ ਦੀ ਰਖਵਾਲੀ ਕਰਦੀ ਹੈ। ਉਨ੍ਹਾਂ ਕਿਹਾ ਕਿ ਚੀਨੀ ਸੈਨਿਕਾਂ ਦੇ ਸਾਲ 2020 ਵਿੱਚ ਭਾਰਤੀ ਸਰਹੱਦ ਦੇ 900 ਕਿਲੋਮੀਟਰ ਅੰਦਰ ਆਉਣ ਦਾ ਅਰਥ ਹੈ ਕਿ ਕੇਂਦਰ ਸਰਕਾਰ ਲਾਚਾਰ ਹੋ ਗਈ ਹੈ, ਜੋ ਕੁਝ ਕਰਨਾ ਨਹੀਂ ਚਾਹੁੰਦੀ।

ਉਨ੍ਹਾਂ ਕਿਹਾ ਕਿ ਭਾਰਤੀ ਫ਼ੌਜ ਵੀ ਚੀਨੀ ਸੈਨਿਕਾਂ ਨੂੰ ਰੋਕਣ ਵਿੱਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਖੁਫੀਆ ਤੇ ਸੁਰੱਖਿਆ ਏਜੰਸੀਆਂ ਵੀ ਚੀਨੀ ਫ਼ੌਜ ਦੀ ਮੌਜੂਦਾ ਸਥਿਤੀ ਬਾਰੇ ਸਹੀ ਜਾਣਕਾਰੀ ਨਹੀਂ ਦੇ ਰਹੀਆਂ। ਉਨ੍ਹਾਂ ਕਿਹਾ, “ਮੇਰੇ ਬਾਰੇ ਕਿਹਾ ਜਾਂਦਾ ਹੈ ਕਿ ਮੈਂ ਖਾਲਿਸਤਾਨ ਬਣਾਊਂਗਾ, ਪਰ ਮੈਂ ਅਜੇ ਤੱਕ ਅਜਿਹਾ ਨਹੀਂ ਕੀਤਾ।” ਉਨ੍ਹਾਂ ਕਿਹਾ, “ਮੈਂ ਖਾਲਿਸਤਾਨ ਦੀ ਗੱਲ ਕਰਦਾ ਹਾਂ ਤਾਂ ਹੰਗਾਮਾ ਸ਼ੁਰੂ ਹੋ ਜਾਂਦਾ ਹੈ, ਪਰ ਕੇਂਦਰ ਸਰਕਾਰ ਦੇਸ਼ ਦੀ ਸੁਰੱਖਿਆ ਨਹੀਂ ਕਰ ਪਾ ਰਹੀ।

# ‘ਆਪ’ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਨਾਂ ’ਤੇ ਮੰਗੀ ਫਿਰੌਤੀ, ਵਟਸਐਪ ’ਤੇ ਫੋਟੋ ਲਾ ਕੇ ਕੀਤਾ ਫੋਨ

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਅੰਮ੍ਰਿਤਸਰ ਉੱਤਰੀ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਸਾਬਕਾ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਦਾ ਡਰਾ ਦਿਖਾ ਕੇ ਫਿਰੌਤੀ ਮੰਗੀ ਗਈ ਹੈ। ਇਸ ਸਬੰਧੀ ਸ਼ਿਕਾਇਤ ਕਰਨ ’ਤੇ ਥਾਣਾ ਸਿਵਲ ਲਾਈਨ ਦੀ ਪੁਲਿਸ ਨੇ ਅਣਪਛਾਤੇ ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮੁਲਜ਼ਮ ਨੇ ਵਟਸਐਪ ਮੋਬਾਈਲ ਰਾਹੀਂ ਕਈ ਲੋਕਾਂ ਨੂੰ ਫ਼ੋਨ ਕੀਤੇ। ਫੋਨ ਕਰਨ ਵਾਲੇ ਨੇ ਨੰਬਰ ਦੇ ਅਕਾਉਂਟ ’ਤੇ ਸਾਬਕਾ ਆਈਜੀ ਦੀ ਤਸਵੀਰ ਵੀ ਲਗਾਈ ਹੋਈ ਹੈ। ਫਿਲਹਾਲ ਮਾਮਲਾ ਸਾਈਬਰ ਬ੍ਰਾਂਚ ਕੋਲ ਹੈ। ਡੀਸੀਪੀ ਮੁਖਵਿੰਦਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਜਲਦੀ ਹੀ ਮੁਲਜ਼ਮਾਂ ਦਾ ਪਤਾ ਲਗਾ ਕੇ ਕਾਬੂ ਕਰ ਲਿਆ ਜਾਵੇਗਾ।

ਮਜੀਠਾ ਰੋਡ ਦੇ ਵਸਨੀਕ ਅੰਸ਼ੂਮਨ ਖੰਨਾ ਨੇ ਥਾਣਾ ਸਿਵਲ ਲਾਈਨ ਦੀ ਪੁਲਿਸ ਨੂੰ




ਦੱਸਿਆ ਕਿ ਉਹ ਗ੍ਰੀਨ ਐਵੀਨਿਊ ਸਥਿਤ ਆਮ ਆਦਮੀ ਪਾਰਟੀ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਕੰਮ ਦੀ ਦੇਖ-ਰੇਖ ਕਰਦਾ ਹੈ। ਕੁਝ ਦਿਨ ਪਹਿਲਾਂ ਸਿਮਰਪ੍ਰੀਤ ਸਿੰਘ ਨਾਂ ਦੇ ਨੌਜਵਾਨ ਨੇ ਉਸ ਨੂੰ ਫੋਨ ਕਰਕੇ ਦੱਸਿਆ ਕਿ ਇਕ ਵਟਸਐਪ ਨੰਬਰ ’ਤੇ ਸਾਬਕਾ ਆਈਜੀ ਅਤੇ ‘ਆਪ’ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਫੋਟੋ ਪਾ ਕੇ ਉਸ ਤੋਂ 20 ਹਜ਼ਾਰ ਰੁਪਏ ਦੀ ਮੰਗ ਕੀਤੀ ਹੈ। ਫੋਨ ਕਰਨ ਵਾਲੇ ਅਤੇ ਸੰਦੇਸ਼ ਭੇਜਣ ਵਾਲੇ ਨੇ ਉਸ ਨੂੰ ਦੱਸਿਆ ਸੀ ਕਿ ਉਹ ਪਹਿਲਾਂ ਹੀ ਕਈ ਲੋਕਾਂ ਤੋਂ ਪੈਸੇ ਵਸੂਲ ਕਰ ਚੁੱਕਾ ਹੈ। ਇਸ ਬਾਰੇ ਜਦੋਂ ਵਿਧਾਇਕ ਨੂੰ ਪਤਾ ਲੱਗਾ ਤਾਂ ਉਨਾਂ ਤੁਰੰਤ ਕਾਰਵਾਈ ਕਰਦਿਆਂ ਸੀਐਮ ਭਗਵੰਤ ਮਾਨ, ਡੀਜੀਪੀ ਗੌਰਵ ਯਾਦਵ ਨੂੰ ਪੱਤਰ ਲਿਖ ਕੇ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਜਿਸ ਮੋਬਾਈਲ ਨੰਬਰ ਤੋਂ ਲੋਕ ਫ਼ੋਨ ਕਰਕੇ ਪੈਸੇ ਮੰਗ ਰਹੇ ਹਨ, ਉਹ ਸੇਵਾ ਵਿੱਚ ਨਹੀਂ ਹੈ। ਜਦਕਿ ਟਰੂਕਾਲਰ ’ਤੇ ਇਹ ਸੁਰੇਸ਼ ਪੰਸਾਰੀ ਨਾਂ ਦੇ ਵਿਅਕਤੀ ਦੇ ਨਾਂ ’ਤੇ ਰਜਿਸਟਰਡ ਹੈ।

## ਮਾਮਲਾ ਸ਼ਹੀਦ ਭਗਤ ਖ਼ਿਲਾਫ਼ ਟਿੱਪਣੀ ਕਰਨ ਦਾ

# ਸਾਬਕਾ ਕਮਾਂਡਰ ਦੀ ਪਤਨੀ ਨੇ ਮਾਨ ਖ਼ਿਲਾਫ਼ ਕੀਤੀ ਸ਼ਿਕਾਇਤ

ਨਵੀਂ ਦਿੱਲੀ/ਏ.ਟੀ.ਨਿਊਜ਼ :- ਇੱਕ ਸਾਬਕਾ ਕਮਾਂਡਰ ਦੀ ਪਤਨੀ ਡਾ. ਟੀਨਾ ਕਪੂਰ ਸ਼ਰਮਾ ਨੇ ਸੰਸਦ ਮਾਰਗ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾ ਕੇ ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਸੰਸਦ ਮੈਂਬਰ ਨੇ ਸ਼ਹੀਦ ਭਗਤ ਸਿੰਘ ਦਾ ਅਤਿਵਾਦੀ ਕਹਿ ਕੇ ਅਪਮਾਨ ਕੀਤਾ ਹੈ। ਇੱਥੋਂ ਦੇ ਚਾਣਕਿਆਪੁਰੀ ਵਾਸੀ ਡਾ. ਟੀਨਾ ਨੇ ਕਿਹਾ ਕਿ ਜੇਕਰ ਦਿੱਲੀ ਪੁਲਿਸ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਉਹ ਸੰਗਰੂਰ ਤੱਕ ਸਿਮਰਨਜੀਤ ਸਿੰਘ ਮਾਨ ਦਾ ਪਿੱਛਾ ਕਰੇਗੀ ਤੇ ਉੱਥੇ ਉਦੋਂ ਤੱਕ ਡੇਰੇ ਲਾਵੇਗੀ ਜਦੋਂ ਤੱਕ ਸੰਸਦ ਮੈਂਬਰ ਖ਼ਿਲਾਫ਼ ਕਾਨੂੰਨੀ ਕਾਰਵਾਈ ਨਹੀਂ ਹੋ ਜਾਂਦੀ। ਸ਼ਿਕਾਇਤ ਕਰਤਾ ਨੇ ਮੰਗ ਕੀਤੀ ਕਿ ਮਾਨ ਖ਼ਿਲਾਫ਼ ਢੁੱਕਵੀਂ ਕਾਰਵਾਈ ਕੀਤੀ ਜਾਵੇ ਕਿਉਂਕਿ ਉਨਾਂ ਦੀਆਂ ਭਗਤ ਸਿੰਘ ਬਾਰੇ ਟਿੱਪਣੀਆਂ ਦੇਸ਼ਧ੍ਰੋਹੀ ਹਨ ਤੇ ਉਨਾਂ ਇਸ ਇਨਕਲਾਬੀ ਯੋਧੇ ਦਾ ਅਪਮਾਨ ਕੀਤਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau.
They do not purport to reflect the opinions or views of the Owner or its members.
All legal disputes must be handled in the courts of State of Punjab in India.

# ਭਾਈ ਤਾਰੂ ਸਿੰਘ ਵਰਗੇ ਸ਼ਹੀਦ ਹੀ ਨੌਜਵਾਨਾਂ ਦੇ ਰੋਲ ਮਾਡਲ ਹੋਣ : ਜਥੇਦਾਰ

## ✪ ਕਿਹਾ, ਅੱਜ ਧਰਮ ਪਰਿਵਰਤਨ ਦਾ ਮੁੱਦਾ ਹਰ ਸਿੱਖ ਦੇ ਕੰਨਾਂ ਵਿਚ ਗੂੰਜ ਰਿਹੈ ✪ ਅਜੋਕੇ ਯੁੱਗ ਵਿਚ ਸੰਤ ਬਾਬਾ ਜਰਨੈਲ ਸਿੰਘ ਤੇ ਭਾਈ ਅਮਰੀਕ ਸਿੰਘ ਸਾਡੀ ਕੌਮ ਦੇ ਅਸਲ ਹੀਰੋ

**ਅੰਮ੍ਰਿਤਸਰ/ਏ.ਟੀ.ਨਿਊਜ਼** :- ਆਖਰੀ ਦਮ ਤੱਕ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣ ਵਾਲੇ ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਸਿੱਖ ਨੌਜਵਾਨਾਂ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਸਿੱਖ ਇਤਿਹਾਸ ਸ਼ਹਾਦਤਾਂ ਤੇ ਕੁਰਬਾਨੀਆਂ ਭਰਿਆ ਇਤਿਹਾਸ ਹੈ ਤੇ ਇਹ ਸ਼ਹਾਦਤਾਂ ਤੇ ਕੁਰਬਾਨੀਆਂ ਸਿੱਖ ਇਤਿਹਾਸ ਨੂੰ ਗੌਰਵਮਈ ਬਣਾਉਂਦੀਆਂ ਹਨ । ਉਨਾਂ ਕਿਹਾ ਕਿ ਅੱਜ ਜਦੋਂ ਆਲੇ-ਦੁਆਲੇ ਖਾਸ ਕਰ ਪੰਜਾਬ ਦੀ ਧਰਤੀ ਵੱਲ ਝਾਤ ਮਾਰਦੇ ਹਾਂ ਧਰਮ ਪਰਿਵਰਤਨ ਦਾ ਮੁੱਦਾ ਹਰ ਗਲੀ ਮੁਹੱਲੇ ਹਰ ਸਿੱਖ ਦੇ ਕੰਨਾਂ 'ਚ ਗੂੰਜ ਰਿਹਾ ਹੈ। ਥੋੜੇ-ਥੋੜੇ ਲਾਲਚਾਂ ਦੇ ਪਿੱਛੇ ਆਪਣਾ ਧਰਮ ਤਬਦੀਲ ਕਰਨ ਵਾਲੇ ਲੋਕ ਹਰ ਵੇਲੇ ਤਿਆਰ ਦਿਸਦੇ ਹਨ ਪਰ ਭਾਈ ਤਾਰੂ ਸਿੰਘ ਕੌਮ ਦੇ ਐਸੇ ਮਹਾਨ ਸੂਰਬੀਰ ਯੋਧੇ ਸਨ ਜਿਨਾਂ ਨੂੰ ਜਦੋਂ ਉਸ ਵਕਤ ਦੀ ਹਕੂਮਤ ਨੇ ਕਿਹਾ ਕਿ ਤੁਸੀਂ ਆਪਣਾ ਧਰਮ ਤਿਆਗ ਦਿਓ ਤਾਂ ਤੁਹਾਡੀ ਜਾਨ ਬਖ਼ਸ਼ੀ ਹੋ ਸਕਦੀ ਹੈ, ਪਰ ਭਾਈ ਤਾਰੂ ਸਿੰਘ ਨੇ ਵੱਡੇ-ਵੱਡੇ ਲਾਲਚਾਂ ਨੂੰ ਠੁਕਰਾ ਕੇ ਆਪਣੀ ਅਣਖ, ਗ਼ੈਰਤ, ਸਵੈਮਾਨ ਅਤੇ ਸਿੱਖ ਧਰਮ ਪ੍ਰਤੀ ਦ੍ਰਿੜਤਾ ਨੂੰ ਕਾਇਮ ਰੱਖਿਆ ਅਤੇ 1716 ਵਿਚ ਲਾਹੌਰ ਦੀ ਧਰਤੀ 'ਤੇ ਆਪਣੀ ਸ਼ਹਾਦਤ ਦਿੱਤੀ ।ਉਨਾਂ ਕਿਹਾ ਕਿ ਜੇਕਰ ਖ਼ਾਲਸਾ ਪੰਥ ਦੇ ਨੌਜਵਾਨਾਂ ਨੇ ਆਪਣੇ ਆਪ ਨੂੰ ਧਾਰਮਿਕ, ਸਮਾਜਿਕ ਤੇ ਰਾਜਨੀਤਕ ਉੱਨਤੀ ਵੱਲ ਤੋਰਨਾ ਹੈ ਤਾਂ ਭਾਈ ਤਾਰੂ ਸਿੰਘ ਵਰਗੇ ਕੌਮ ਦੇ ਸ਼ਹੀਦ ਹੀ ਸਿੱਖ ਨੌਜਵਾਨਾਂ ਦੇ ਰੋਲ ਮਾਡਲ ਹੋਣੇ ਚਾਹੀਦੇ ਹਨ, ਪਰ ਬਦਕਿਸਮਤੀ ਹੈ ਕਿ ਸਾਡੇ ਨੌਜਵਾਨ ਆਪਣਾ ਰੋਲ ਮਾਡਲ ਫ਼ਿਲਮੀ ਐਕਟਰਾਂ ਨੂੰ ਮੰਨਦੇ ਹਨ, ਜਦੋਂਕਿ ਸਾਡੇ ਅਸਲ ਹੀਰੋ ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ, ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ ਹਨ ਅਤੇ ਜੇ ਅੱਜ ਦੇ ਯੁੱਗ ਦੀ ਗੱਲ ਕਰੀਏ ਤਾਂ ਸੰਤ ਬਾਬਾ ਜਰਨੈਲ ਸਿੰਘ ਤੇ ਭਾਈ ਅਮਰੀਕ ਸਿੰਘ ਸਾਡੀ ਕੌਮ ਦੇ ਅਸਲ ਹੀਰੋ ਹਨ। ਉਨਾਂ ਕਿਹਾ ਕਿ ਭਾਈ ਤਾਰੂ ਸਿੰਘ ਦੀ ਸ਼ਹਾਦਤ 'ਤੇ ਸਿੱਖ ਕੌਮ ਨੂੰ ਮਾਣ ਹੈ ।

### ਕੌਣ ਸੀ ਭਾਈ ਤਾਰੂ ਸਿੰਘ





ਸ਼ਹੀਦ ਭਾਈ ਤਾਰੂ ਸਿੰਘ ਜੀ ਦਾ ਜਨਮ 1716 ਈਸਵੀ ਵਿਚ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਪੂਹਲਾ ਵਿਖੇ ਹੋਇਆ। ਸ਼ਹੀਦ ਭਾਈ ਤਾਰੂ ਸਿੰਘ ਜੀ ਇਕ ਮਿਹਨਤਕਸ਼ ਕਿਸਾਨ ਪਰਿਵਾਰ ਨਾਲ ਸਬੰਧ ਰੱਖਦੇ ਸਨ। ਭਾਈ ਤਾਰੂ ਸਿੰਘ ਜੀ ਨੇ ਜੰਗਲਾਂ ਵਿਚ ਲੁਕ ਕੇ ਰਹਿੰਦੇ ਸਿੰਘਾਂ ਵਾਸਤੇ ਲੰਗਰਾਂ ਦੀ ਸੇਵਾ ਸ਼ੁਰੂ ਕਰ ਦਿੱਤੀ। ਇਕ ਮੁਖ਼ਬਰ ਹਰਿ ਭਗਤ ਨਿਰੰਜਨੀਏ ਨੇ ਸਮੇਂ ਦੀ ਹਕੂਮਤ ਕੋਲ ਇਸ ਬਾਰੇ ਚੁਗਲੀ ਲਈ ਤਾਂ ਇਹ ਗੱਲ ਜ਼ਕਰੀਆ ਖ਼ਾਨ ਕਿਵੇਂ ਬਰਦਾਸ਼ਤ ਕਰ ਸਕਦਾ ਸੀ। ਉਸ ਨੇ ਹੁਕਮ ਭੇਜ ਕੇ ਭਾਈ ਤਾਰੂ ਸਿੰਘ ਜੀ ਨੂੰ ਲਾਹੌਰ ਵਿਖੇ ਤਲਬ ਕਰ ਲਿਆ।

ਭਾਈ ਤਾਰੂ ਸਿੰਘ ਜੀ ਨੂੰ ਧਰਮ ਦੀ ਇਸ ਸੇਵਾ ਬਦਲੇ ਅਸਹਿ ਤੇ ਅਕਹਿ ਤਸੀਹੇ ਸਹਿਣੇ ਪਏ। ਜ਼ਕਰੀਆ ਖ਼ਾਨ ਨੇ ਭਾਈ ਤਾਰੂ ਸਿੰਘ ਜੀ ਨੂੰ ਧਰਮ ਪਰਿਵਰਤਨ ਕਰ ਕੇ ਮੁਸਲਮਾਨ ਬਣ ਜਾਣ ਵਾਸਤੇ ਕਈ ਲਾਲਚ ਦਿੱਤੇ। ਭਾਈ ਤਾਰੂ ਸਿੰਘ ਜੀ ਨੂੰ ਕਿਹਾ ਗਿਆ ਕਿ ਉਹ ਸਿੱਖੀ ਨੂੰ ਛੱਡ ਕੇ ਦੀਨ ਕਬੂਲ ਕਰ ਲਵੇ ਤੇ ਇਸ ਦੇ ਬਦਲੇ ਉਸ ਨੂੰ ਦੁਨੀਆ ਭਰ ਦੀਆਂ ਖ਼ੁਸ਼ੀਆਂ ਤੇ ਸੁੱਖ-ਸਹੂਲਕਾਂ ਮਿਲਣਗੀਆਂ ਪਰ ਭਾਈ ਤਾਰੂ ਸਿੰਘ ਜੀ ਸਿੱਖੀ ਸਿਦਕ ਤੋਂ ਨਾ ਡੋਲੇ। ਉਨਾਂ ਆਪਣੇ ਗੁਰੂ ਗੋਬਿੰਦ ਸਿੰਘ ਜੀ ਤੋਂ ਬੇਮੁੱਖ ਹੋਣਾ ਕਬੂਲ ਨਹੀਂ ਕੀਤਾ। ਭਾਈ ਤਾਰੂ ਸਿੰਘ ਵੱਲੋਂ ਇਸ ਗੱਲ ਤੋਂ ਇਨਕਾਰ ਕਰਨ 'ਤੇ ਜ਼ਕਰੀਆ ਖ਼ਾਨ ਨੇ ਜੱਲਾਦ ਨੂੰ ਹੁਕਮ ਦਿੱਤਾ ਕਿ ਇਸ ਦੇ ਕੇਸ ਕਤਲ ਕਰ ਦਿੱਤੇ ਜਾਣ। ਭਾਈ ਤਾਰੂ ਸਿੰਘ ਨੇ ਕਿਹਾ ਇਹ ਕੇਸ ਮੇਰੇ ਗੁਰੂ ਦੀ ਮੋਹਰ ਹਨ, ਇਨਾਂ ਨੂੰ ਕਤਲ ਨਾ ਕੀਤਾ ਜਾਵੇ। ਜ਼ਕਰੀਆ ਖ਼ਾਨ ਨੇ ਜੱਲਾਦ ਨੂੰ ਭਾਈ ਤਾਰੂ ਸਿੰਘ ਦੀ ਖੋਪਰੀ ਉਤਾਰਨ ਦਾ ਹੁਕਮ ਦੇ ਦਿੱਤਾ। ਜਿਸ ਸਮੇਂ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰੀ ਜਾ ਰਹੀ ਸੀ, ਉਹ ਜਪੁਜੀ ਸਾਹਿਬ ਦਾ ਪਾਠ ਪੜ ਰਹੇ ਸਨ। ਰੱਬੀ ਭਾਣੇ ਵਿਚ ਰਹਿੰਦਿਆਂ ਉਨਾਂ ਮੂੰਹੋਂ 'ਸੀ' ਤਕ ਨਾ ਉਚਾਰੀ।

ਜਦੋਂ ਜੱਲਾਦ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਰੰਬੀ ਨਾਲ ਲਾਹ ਰਿਹਾ ਸੀ ਤਾਂ ਜ਼ਕਰੀਆ ਖ਼ਾਨ ਨੇ ਕਿਹਾ, 'ਹੁਣ ਤੇਰਾ ਗੁਰੂ ਕਿੱਥੇ ਹੈ ?' ਭਾਈ ਤਾਰੂ ਸਿੰਘ ਨੇ ਕਿਹਾ, 'ਜ਼ਕਰੀਆ ! ਹੰਕਾਰ ਨਾ ਕਰ, ਤੈਨੂੰ ਦੁਨੀਆ ਤੋਂ ਮੇਰੀ ਜੁੱਤੀ ਅੱਗੇ ਲਾ ਕੇ ਲੈ ਕੇ ਜਾਵੇਗੀ।' ਖੋਪਰੀ ਉਤਾਰਨ ਤੋਂ ਬਾਅਦ ਭਾਈ ਤਾਰੂ ਜੀ ਨੂੰ ਸ਼ਹਿਰ ਤੋਂ ਬਾਹਰ ਇਕ ਰਸਤੇ ਵਿਚ ਕਾਵਾਂ ਤੇ ਗਿਰਝਾਂ ਦੇ ਖਾਣ ਲਈ ਸੁੱਟ ਦਿੱਤਾ ਗਿਆ। ਦੂਜੇ ਪਾਸੇ ਜ਼ਕਰੀਆ ਖ਼ਾਨ ਦਾ ਪਿਸ਼ਾਬ ਬੰਦ ਹੋ ਗਿਆ। ਇਕ ਰਾਹਗੀਰ ਨੇ ਜਦੋਂ ਭਾਈ ਤਾਰੂ ਸਿੰਘ ਜੀ ਨੂੰ ਡਿੱਗੇ ਪਏ ਵੇਖਿਆ ਤਾਂ ਉਸ ਨੇ ਕਿਹਾ ਕਿ ਜ਼ਕਰੀਆ ਖ਼ਾਨ ਬੇਗੁਨਾਹਾਂ 'ਤੇ ਬੇਇੰਤਹਾ ਜ਼ੁਲਮ ਕਰਦਾ ਸੀ, ਉਸ ਨੂੰ ਰੱਬ ਨੇ ਇਹ ਸਜ਼ਾ ਦਿੱਤੀ ਹੈ ਕਿ ਉਸ ਦਾ ਪਿਸ਼ਾਬ ਬੰਦ ਹੋ ਗਿਆ ਹੈ। ਰਾਹਗੀਰ ਦੀ ਗੱਲ ਸੁਣ ਕੇ ਭਾਈ ਤਾਰੂ ਸਿੰਘ ਨੇ ਕਿਹਾ ਕਿ 'ਮੇਰੀ ਜੁੱਤੀ ਲੈ ਜਾਓ, ਉਸ ਦੇ ਸਿਰ ਵਿਚ ਮਾਰੋ, ਪਿਸ਼ਾਬ ਖੁੱਲ ਜਾਵੇਗਾ।' ਰਾਹਗੀਰ ਨੇ ਇਹ ਗੱਲ ਹੋਰਨਾਂ ਲੋਕਾਂ ਨੂੰ ਦੱਸੀ ਤੇ ਇਹ ਗੱਲ ਜ਼ਕਰੀਆ ਖ਼ਾਨ ਕੋਲ ਵੀ ਪਹੁੰਚ ਗਈ। ਬਿਮਾਰੀ ਨਾਲ ਤੜਪ ਰਹੇ ਜ਼ਕਰੀਆ ਖ਼ਾਨ ਨੇ ਇਸ ਤਰਾਂ ਕਰਨਾ ਵੀ ਕਬੂਲ ਲਿਆ। ਜਦੋਂ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਲਿਆ ਕੇ ਜ਼ਕਰੀਆ ਖ਼ਾਨ ਦੇ ਸਿਰ ਵਿਚ ਮਾਰੀ ਗਈ ਤਾਂ ਉਸ ਦਾ ਪਿਸ਼ਾਬ ਚਾਲੂ ਹੋ ਗਿਆ ਅਤੇ ਇਸ ਤਰਾਂ ਜੁੱਤੀਆਂ ਮਾਰ-ਮਾਰ ਕੇ ਜ਼ਕਰੀਆ ਖ਼ਾਨ ਨੂੰ ਪਿਸ਼ਾਬ ਆਉਂਦਾ ਰਿਹਾ। ਬਿਮਾਰੀ ਨਾਲ 22 ਦਿਨ ਤੜਪਣ ਤੋਂ ਬਾਅਦ 1 ਜੁਲਾਈ 1745 ਨੂੰ ਜ਼ਕਰੀਆ ਖ਼ਾਨ ਦੀ ਮੌਤ ਹੋ ਗਈ। ਭਾਈ ਤਾਰੂ ਸਿੰਘ ਜੀ ਵੀ ਖੋਪਰੀ ਲਾਹੇ ਜਾਣ ਤੋਂ ਬਾਅਦ 22 ਦਿਨ ਬਾਅਦ 1 ਜੁਲਾਈ 1745 ਈਸਵੀ ਨੂੰ ਸ਼ਹਾਦਤ ਪ੍ਰਾਪਤ ਕਰ ਗਏ।

# ਪਾਕਿਸਤਾਨ ਵਿਸ਼ਵ ਦੇ ਸਿੱਖਾਂ ਨੂੰ ਵੱਡੇ ਤੋਹ.ਫੇ ਦੇਵੇਗਾ

## ਪਾਕਿਸਤਾਨੀ ਸਿੱਖ ਮੰਤਰੀ ਨੇ ਪ੍ਰਧਾਨ ਮੰਤਰੀ ਸ਼ਾਹਬਾਜ਼ ਨਾਲ ਕੀਤੀ ਮੁਲਾਕਾਤ

**ਅੰਮ੍ਰਿਤਸਰ/ਏ.ਟੀ.ਨਿਊਜ਼** :- ਪਾਕਿਸਤਾਨ ਅੰਦਰ ਘੱਟਗਿਣਤੀ ਵਜੋਂ ਜਾਣੇ ਜਾਂਦੇ ਸਿੱਖਾਂ ਨੂੰ ਮਾਣ ਸਨਮਾਨ ਦਿੰਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਮੀਆਂ ਸ਼ਾਹਬਾਜ਼ ਸ਼ਰੀਫ਼ ਨੇ ਆਉਣ ਵਾਲੇ ਦਿਨਾਂ ਵਿਚ ਦੁਨੀਆ ਭਰ ਦੇ ਸਿੱਖਾਂ ਨੂੰ ਵੱਡੇ ਤੋਹਫ਼ੇ ਦੇਣ ਦਾ ਭਰੋਸਾ ਦਿੱਤਾ ਗਿਆ ਹੈ।ਪ੍ਰਧਾਨ ਮੰਤਰੀ ਹਾਊਸ ਇਸਲਾਮਾਬਾਦ ਪਾਕਿਸਤਾਨ ਵਿਖੇ ਲਹਿੰਦੇ ਪੰਜਾਬ ਪਾਕਿਸਤਾਨ ਤੋਂ ਮੁਸਲਿਮ ਲੀਗ ਪਾਰਟੀ ਦੇ ਸਭ ਤੋਂ ਪਹਿਲਾਂ ਪਿਛਲੇ ਸਮੇਂ ਚੁਣੇ ਗਏ ਇਕਲੌਤੇ ਸਿੱਖ ਵਿਧਾਇਕ ਤੇ ਮੰਤਰੀ ਸਰਦਾਰ ਰਮੇਸ਼ ਸਿੰਘ ਅਰੋੜਾ ਨੇ ਪ੍ਰਧਾਨ ਮੰਤਰੀ ਮੀਆਂ ਸ਼ਹਿਬਾਜ਼ ਸ਼ਰੀਫ਼ ਨਾਲ ਮੁਲਾਕਾਤ ਕਰਕੇ ਦੁਨੀਆ ਭਰ ਤੋਂ ਪਾਕਿਸਤਾਨ ਆਉਣ ਵਾਲੇ ਸਿੱਖ ਸੰਗਤਾਂ ਲਈ ਵਿਸ਼ੇਸ਼ ਸਹੂਲਤਾਂ ਦਿਵਾਉਣ ਲਈ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਲਹਿੰਦੇ ਪੰਜਾਬ ਪਾਕਿਸਤਾਨ ਤੋਂ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਨਾਂ ਵੱਲੋਂ ਇਸਲਾਮਾਬਾਦ ਵਿਖੇ ਪ੍ਰਧਾਨ ਮੰਤਰੀ ਪਾਕਿਸਤਾਨ ਮੀਆਂ ਸ਼ਹਿਬਾਜ਼ ਸ਼ਰੀਫ਼ ਨਾਲ ਕਰੀਬ ਇਕ ਘੰਟਾ ਮੁਲਾਕਾਤ ਕੀਤੀ ਗਈ ਜਿਸ ਵਿਚ ਉਨਾਂ ਵੱਲੋਂ ਪ੍ਰਧਾਨ ਮੰਤਰੀ ਪਾਕਿਸਤਾਨ ਨੂੰ ਬੇਨਤੀ ਕੀਤੀ ਗਈ ਕਿ ਦੁਨੀਆ ਭਰ ਵਿੱਚ ਵੱਸਦੇ ਸਿੱਖਾਂ ਦੀ ਮੰਗ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਛੋਹ ਪ੍ਰਾਪਤ ਧਰਤੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਨਾਰੋਵਾਲ ਪਾਕਿਸਤਾਨ ਵਿਖੇ ਭਾਰਤ ਵਾਲੇ ਪਾਸਿਓਂ ਆਉਣ ਵਾਲੇ ਸ਼ਰਧਾਲੂਆਂ ਨੂੰ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਦੇ ਦਰਸ਼ਨਾਂ ਵਾਸਤੇ ਪਾਕਿਸਤਾਨ ਸਰਕਾਰ ਵੱਲੋਂ ਲਗਾਈ ਗਈ ਵੀਹ ਡਾਲਰ ਫ਼ੀਸ ਬਿਲਕੁਲ ਮਾਫ਼ ਕਰਨ ਲਈ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਗਈ।



ਉਨਾਂ ਦੱਸਿਆ ਕਿ ਪ੍ਰਧਾਨ ਮੰਤਰੀ ਮੀਆਂ ਸ਼ਾਹਬਾਜ਼ ਸ਼ਰੀਫ ਨੇ ਉਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਆਉਣ ਵਾਲੇ ਦਿਨਾਂ ਵਿੱਚ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਕੰਮ ਕਰ ਰਹੇ ਵੱਖ-ਵੱਖ ਵਿਭਾਗਾਂ ਨਾਲ ਮੀਟਿੰਗ ਕਰਕੇ ਇਸ ਦੇ ਸੁਖਾਵੇਂ ਹੱਲ ਕੱਢ ਕੇ ਭਾਰਤ ਤੋਂ ਪਾਕਿਸਤਾਨ ਆਉਣ ਵਾਲੀਆਂ ਸੰਗਤਾਂ ਨੂੰ ਸਹੂਲਤ ਮੁਹੱਈਆ ਕਰਵਾਈ ਜਾਵੇਗੀ। ਰਮੇਸ਼ ਸਿੰਘ ਅਰੋੜਾ ਨੇ ਇਹ ਵੀ ਦੱਸਿਆ ਕਿ ਉਨਾਂ ਵੱਲੋਂ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਦੌਰਾਨ ਉਨਾਂ ਇਹ ਵੀ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਭਾਰਤ ਤੋਂ ਦਰਸ਼ਨਾਂ ਲਈ ਕਰਤਾਰਪੁਰ ਆਉਣ ਵਾਲੀਆਂ ਸੰਗਤਾਂ ਜਿਨਾਂ ਨੂੰ ਦਰਸ਼ਨ ਦੀਦਾਰਿਆਂ ਲਈ ਕੁਝ ਘੰਟੇ ਹੀ ਮਿਲਦੇ ਹਨ ਤੇ ਵਾਪਸ ਭਾਰਤ ਪਰਤਣਾ ਪੈਂਦਾ ਹੈ। ਉਨਾਂ ਸੰਗਤਾਂ ਲਈ ਘੱਟ ਤੋਂ ਘੱਟ ਚੌਵੀ ਘੰਟੇ ਦਾ ਸਮਾਂ ਨਿਸ਼ਚਿਤ ਕੀਤਾ ਜਾਵੇ ਤਾਂ ਜੋ ਭਾਰਤ ਤੋਂ ਆਉਣ ਵਾਲੀਆਂ ਸੰਗਤਾਂ ਚੌਵੀ ਘੰਟੇ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਨਾਰੋਵਾਲ ਪਾਕਿਸਤਾਨ ਵਿਖੇ ਰੁਕ ਕੇ ਸਵੇਰੇ ਆਸਾ ਦੀ ਵਾਰ ਤੇ ਸ਼ਾਮ ਨੂੰ ਰਹਿਰਾਸ ਸਾਹਿਬ ਜੀ ਦਾ ਪਾਠ ਸਰਵਣ ਕਰ ਕੇ ਰਾਤ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਵਿਖੇ ਬਿਤਾ ਸਕਣ। ਉਨਾਂ ਦੱਸਿਆ ਕਿ ਪ੍ਰਧਾਨ ਮੰਤਰੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਅੱਠ ਨਵੰਬਰ ਨੂੰ ਗੁਰਦੁਆਰਾ ਸ੍ਰੀ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਆਉਣ ਦਾ ਵੀ ਪਾਕਿਸਤਾਨ ਸਿੱਖ ਸੰਗਤਾਂ ਵੱਲੋਂ ਸੱਦਾ ਦਿੱਤਾ ਗਿਆ ਹੈ। ਉਨਾਂ ਕਿਹਾ ਕਿ ਪਾਕਿਸਤਾਨੀ ਸਿੱਖ ਸੰਗਤਾਂ ਦਾ ਸੱਦਾ ਪ੍ਰਵਾਨ ਕਰਦਿਆਂ ਪ੍ਰਧਾਨ ਮੰਤਰੀ ਮੀਆਂ ਸ਼ਹਿਬਾਜ਼ ਸ਼ਰੀਫ਼ ਨੇ ਵਿਸ਼ਵਾਸ ਦਿਵਾਇਆ ਕਿ ਉਹ ਸ੍ਰੀ ਨਨਕਾਣਾ ਸਾਹਿਬ ਤੇ ਇਸ ਤੋਂ ਪਹਿਲਾਂ ਉਹ ਆਪਣੇ ਪਰਿਵਾਰ ਨਾਲ ਨਤਮਸਤਕ ਹੋਣ ਲਈ ਜਲਦ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਜਾਣਗੇ। ਸਰਦਾਰ ਅਰੋੜਾ ਨੇ ਦੱਸਿਆ ਕਿ ਉਨਾਂ ਵੱਲੋਂ ਪਾਕਿਸਤਾਨੀ ਸਿੱਖ ਸੰਗਤਾਂ ਨੂੰ ਸਹੂਲਤਾਂ ਦਿਵਾਉਣ ਲਈ ਵੀ ਗੱਲਬਾਤ ਕੀਤੀ ਗਈ।

# ਹਰਿਮੰਦਰ ਸਾਹਿਬ ਦੇ ਸਾਬਕਾ ਗ੍ਰੰਥੀ ਵੱਲੋਂ ਈਸਾਈ ਭਾਈਚਾਰੇ 'ਤੇ ਟਿੱਪਣੀ ਦਾ ਮਾਮਲਾ

## ਮੈਂ ਜ਼ਮਾਨਤ ਨਹੀਂ ਕਰਵਾਊਂਗਾ, ਬੇਸ਼ੱਕ ਗ੍ਰਿ.ਫਤਾਰੀ ਹੀ ਕਿਉਂ ਨਾ ਦੇਣੀ ਪਵੇ : ਗਿਆਨੀ ਜਸਵੰਤ ਸਿੰਘ

**ਅੰਮ੍ਰਿਤਸਰ/ਏ.ਟੀ.ਨਿਊਜ਼** :- ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਗ੍ਰੰਥੀ ਤੇ ਕਥਾਵਾਚਕ ਗਿਆਨੀ ਜਸਵੰਤ ਸਿੰਘ ਵੱਲੋਂ ਢਾਈ ਸਾਲ ਪਹਿਲਾਂ ਈਸਾਈ ਭਾਈਚਾਰੇ ਵਿਰੁੱਧ ਕੀਤੀ ਗਈ ਟਿੱਪਣੀ ਸਬੰਧੀ ਥਾਣਾ ਭਿੱਖੀਵਿੰਡ ਵਿਖੇ ਦਰਜ ਮਾਮਲੇ ਨੂੰ ਮੁੜ ਖੋਲ ਕੇ ਪੁਲਿਸ ਨੇ ਕਾਰਵਾਈ ਆਰੰਭ ਕਰ ਦਿੱਤੀ ਹੈ। ਪੁਲਿਸ ਨੇ ਇਹ ਮਾਮਲਾ 15 ਜਨਵਰੀ 2020 ਨੂੰ ਰੋਹਿਤ ਖੋਖਰ, ਪਾਦਰੀ ਨਿਰਮਲ ਸਿੰਘ ਬੁੱਟਰ ਅਤੇ ਲਿਸਪਤ ਗਿੱਲ ਦੇ ਬਿਆਨਾਂ 'ਤੇ ਧਾਰਾ 295 ਏ (ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ) ਤਹਿਤ ਥਾਣਾ ਭਿੱਖੀਵਿੰਡ ਵਿਖੇ ਦਰਜ ਕੀਤਾ ਸੀ। ਇਸ ਵਿਵਾਦ ਤੋਂ ਬਾਅਦ ਗਿਆਨੀ ਜਸਵੰਤ ਸਿੰਘ ਖ਼ਿਲਾਫ਼ ਈਸਾਈ ਭਾਈਚਾਰੇ ਵੱਲੋਂ ਪ੍ਰਦਰਸ਼ਨ ਵੀ ਕੀਤੇ ਗਏ ਸਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਿਕਾਇਤ ਵੀ ਕੀਤੀ ਗਈ ਸੀ। ਇਸ ਪਿੱਛੋਂ ਇਕ ਵੀਡੀਓ ਜਾਰੀ ਕਰਦਿਆਂ ਗਿਆਨੀ ਜਸਵੰਤ ਸਿੰਘ ਨੇ ਕਿਹਾ ਸੀ ਕਿ ਉਨਾਂ ਦਾ ਮਕਸਦ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਨਹੀਂ ਸੀ।

ਇਸੇ ਦੌਰਾਨ ਵੱਖ-ਵੱਖ ਸਿੱਖ ਜਥੇਬੰਦੀਆਂ ਗਿਆਨੀ ਜਸਵੰਤ ਸਿੰਘ ਦੀ ਹਮਾਇਤ ਵਿਚ ਆ ਗਈਆਂ ਹਨ ਤੇ ਸੋਸ਼ਲ ਮੀਡੀਆ 'ਤੇ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਜਿੱਥੇ ਗਿਆਨੀ ਜੀ ਦੇ ਸਮੱਰਥਨ ਦੀ ਗੱਲ ਕੀਤੀ ਜਾ ਰਹੀ ਹੈ, ਉੱਥੇ ਹੀ ਈਸਾਈ ਭਾਈਚਾਰੇ ਨੂੰ ਅਪੀਲ ਵੀ ਕੀਤੀ ਜਾ ਰਹੀ ਹੈ ਕਿ ਇਸ ਮਾਮਲੇ ਨੂੰ ਤੁਰੰਤ ਖ਼ਤਮ ਕੀਤਾ ਜਾਵੇ, ਨਹੀਂ ਤਾਂ ਭਾਈਚਾਰਕ ਸਾਂਝ ਵਿਚ ਫ਼ਰਕ ਪੈ ਸਕਦਾ ਹੈ।

ਥਾਣਾ ਭਿੱਖੀਵਿਡ ਵਿਖੇ ਗਿਆਨੀ ਜਸਵੰਤ ਸਿੰਘ ਵਿਰੁੱਧ ਪਰਚਾ ਦਰਜ ਕਰਵਾਉਣ ਵਾਲੇ ਰੋਹਿਤ ਖੋਖਰ ਪੁੱਤਰ ਬਾਊ ਮਸੀਹ ਵਾਸੀ ਨਿਊ ਅੰਮ੍ਰਿਤਸਰ ਨੇ ਬਿਆਨ ਦਿੱਤਾ ਸੀ ਕਿ ਗਿਆਨੀ ਜਸਵੰਤ ਸਿੰਘ ਨੇ ਪਿੰਡ ਬਲੇਰ ਵਿਚ ਇਕ ਧਾਰਮਿਕ ਸਮਾਗਮ ਦੌਰਾਨ ਯਿਸੂ ਮਸੀਹ ਖ਼ਿਲਾਫ਼ ਭੱਦੇ ਸ਼ਬਦ ਬੋਲੇ ਸਨ ਜਿਸ ਕਾਰਨ ਈਸਾਈ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਭਾਰੀ ਠੇਸ ਪੁੱਜੀ। ਰੋਹਿਤ ਦੇ ਨਾਲ-ਨਾਲ ਪਾਦਰੀ ਨਿਰਮਲ ਸਿੰਘ ਬੁੱਟਰ ਵਾਸੀ ਪਿੰਡ ਚਿੰਤ ਕੋਟ ਥਾਣਾ ਘਰਿੰਡਾ ਅਤੇ ਲਿਸਪਤ ਗਿੱਲ ਪਤਨੀ ਲਖਵਿੰਦਰ ਗਿੱਲ ਵਾਸੀ ਅਮਨ ਐਵੀਨਿਊ, ਮਜੀਠਾ ਰੋਡ ਅੰਮ੍ਰਿਤਸਰ ਨੇ ਵੀ ਰੋਹਿਤ ਦੇ ਬਿਆਨ ਨੂੰ ਠੀਕ ਮੰਨ ਕੇ ਆਪਣੀ ਸਹਿਮਤੀ ਦਿੱਤੀ ਸੀ। ਨਿਰਮਲ ਸਿੰਘ ਬੁੱਟਰ ਨੇ ਗਿਆਨੀ ਜਸਵੰਤ ਸਿੰਘ ਦੇ ਬਿਆਨ ਵਾਲੀ ਇਕ ਪੈੱਨ ਡਰਾਈਵ ਪੁਲਿਸ ਕੋਲ ਵੀ ਪੇਸ਼ ਕੀਤੀ ਸੀ।

**ਸਿੱਖੀ 'ਤੇ ਪਹਿਰਾ ਦਿੰਦਾ ਹਾਂ : ਗਿਆਨੀ ਜਸਵੰਤ ਸਿੰਘ**

ਉਧਰ ਗਿਆਨੀ ਜਸਵੰਤ ਸਿੰਘ ਨੇ ਕਿਹਾ ਕਿ ਉਹ ਸਿੱਖੀ ਅਤੇ ਗੁਰਮਤਿ ਦੇ ਪ੍ਰਚਾਰ ਲਈ ਸੱਚਾਈ 'ਤੇ ਪਹਿਰਾ ਦਿੰਦੇ ਹਨ। ਉਨਾਂ ਕਿਹਾ ਕਿ ਕਥਾ ਕਰਨ ਸਮੇਂ ਉਹ ਧਿਆਨ ਰੱਖਦੇ ਹਨ ਕਿ ਕਿਸੇ ਹੋਰ ਧਰਮ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਨਾ ਪੁੱਜੇ। ਬਾਕੀ ਸਫ਼ਾ 31 'ਤੇ

# ‘ਕੀ ਭਗਤ ਸਿੰਘ ਅੱਤਵਾਦੀ ਏ’, ਬੜੀ ਗੰਭੀਰਤਾ ਨਾਲ ਸਮਝੋ ਮਾਨ ਦੇ ਬਿਆਨ ਨੂੰ

## ✪ ਕੱਚੇ ਪਿੱਲੇ ਬਿਆਨ ਹਨ ‘ਆਪ’ ਦੇ ✪ ਸ਼ਹੀਦ ਭਗਤ ਸਿੰਘ ਸ਼ਹੀਦ ਹਨ ਪਰ ਸਿੱਖ ਕੌਮ ਦੇ ਨਹੀਂ ✪ ਮਾਨ ਸਾਹਿਬ ਦਾ ਬਿਆਨ ਵੱਡੀ ਅਤੇ ਬੌਧਿਕ ਬਹਿਸ ਦਾ ਸੱਦਾ ✪ ਸਰਦਾਰ ਭਗਤ ਸਿੰਘ ਬਾਰੇ ਸਿਰਜੇ ਬਿਰਤਾਂਤ ਵਿੱਚ ਵੱਡੀਆਂ ਤਰੇੜਾਂ।



**ਕਰਮਜੀਤ ਸਿੰਘ ਚੰਡੀਗੜ੍ਹ**

ਸਿਮਰਨਜੀਤ ਸਿੰਘ ਮਾਨ ਵੱਲੋਂ ਸ਼ਹੀਦ ਭਗਤ ਸਿੰਘ ਬਾਰੇ ਦਿੱਤੇ ਬਿਆਨ ਨੂੰ ਬੜੀ ਗੰਭੀਰਤਾ ਅਤੇ ਧੀਰਜ ਨਾਲ ਲੈਣਾ ਚਾਹੀਦਾ ਹੈ। ਪਰ ਅਜੇ ਅਸੀਂ ਇਸ ਪਾਸੇ ਵੱਲ ਵਿਹਲ ਨਹੀਂ ਕੱਢੀ।

ਇਹ ਬਿਆਨ ਹੁਣ ਅਕਾਦਮਿਕ ਖੇਤਰ ਦੇ ਵਿਦਵਾਨਾਂ ਦੀਆਂ ਮਹਿਫ਼ਲਾਂ ਵਿੱਚ ਵਿਚਾਰਿਆ ਜਾਣਾ ਬਣਦਾ ਹੈ; ਹਾਲਾਂਕਿ ਚਲੰਤ ਮਾਹੌਲ ਮੁਤਾਬਕ ਉਨਾਂ ਮਹਿਫ਼ਲਾਂ ਵਿੱਚ ਵੀ ਅਜੇ ਇਕ ਪਾਸੜ ਵਿਦਵਤਾ ਦੇ ਦ੍ਰਿਸ਼ ਹੀ ਵੇਖਣ ਨੂੰ ਮਿਲਣਗੇ। ਆਮ ਆਦਮੀ ਪਾਰਟੀ ਦੇ ਆਗੂ ਸਿਮਰਨਜੀਤ ਸਿੰਘ ਮਾਨ ਦੀ ਟਿੱਪਣੀ ਬਾਰੇ ਜੁਆਕਾਂ ਵਾਂਗ ਅਨਾੜੀ ਕਿਸਮ ਦੇ ਕੱਚੇ ਪਿੱਲੇ ਬਿਆਨ ਜਾਰੀ ਕਰ ਰਹੇ ਹਨ। ਇਹੋ ਹਾਲ ਕਾਂਗਰਸੀ ਆਗੂਆਂ ਦਾ ਹੈ ਅਤੇ ਦਿਲਚਸਪ ਹਕੀਕਤ ਇਹ ਹੈ ਕਿ ਕਿਤਾਬਾਂ ਦੀ ਦੁਨੀਆਂ ਤੋਂ ਦੂਰ ਰਹਿਣ ਵਾਲਾ ਬਾਦਲ-ਕਲਚਰ ਅਤੇ ਅਕਾਲੀ-ਕਲਚਰ ਵੀ ਹੁਣ ਇਨਾਂ ਤੋਂ ਵੱਖਰਾ ਨਹੀਂ।

ਜਦੋਂ ਇਨਾਂ ਆਗੂਆਂ ਦੇ ਬਿਆਨ ਪੜਦੇ ਹਾਂ ਤਾਂ ਹਾਸਾ ਅਤੇ ਰੋਣ ਇੱਕੋ ਸਮੇਂ ਆਉਂਦੇ ਹਨ। ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਪਵਿੱਤਰ ਨਸੀਹਤ ਇਹ ਕਹਿੰਦੀ ਹੈ ਕਿ ‘ਰਖਿ ਰਖਿ ਚਰਨਿ ਧਰੇ ਵਿਚਾਰੀ-ਅੰਗ 685’ ਅਰਥਾਤ ਵਿਦਵਾਨ ਮਨੁੱਖ ਬੜੀ ਸੋਚ ਸਮਝ ਕੇ ਆਪਣੇ ਕਦਮ ਪੁੱਟਦਾ ਹੈ।ਪਰ ਸੋਚ ਵਿਚਾਰ ਦਾ ਅੰਮ੍ਰਿਤ ਵੇਲਾ ਅਜੇ ਸਾਡੀ ਕੌਮ ਉੱਤੇ ਚੜਨਾ ਹੈ।

ਪੰਜਾਬੀ ਦੇ ਚੈਨਲਾਂ ਵਿੱਚ ਚਲਦੀ ਬਹਿਸ ਅਤੇ ਐਂਕਰ ਵੀ ਗਿੱਟੇ ਗਿੱਟੇ ਪਾਣੀਆਂ ਵਿੱਚ ਤਰਨ ਦੀ ਜਾਚ ਸਿਖ ਰਹੇ ਹਨ। ਨੈਸ਼ਨਲ ਆਖੇ ਜਾਂਦੇ ਚੈਨਲਾਂ ਅਤੇ ਗੋਦੀ ਮੀਡੀਆ ਵੀ ਹਲਕੀ ਕਿਸਮ ਦੇ ਮਨੋਰੰਜਨ ਕਰਨ ਦੀਆਂ ਤਿਆਰੀਆਂ ਕਸ ਰਹੇ ਜਾਪਦੇ ਹਨ ਅਤੇ ਬਹਿਸ ਦੌਰਾਨ ਮਾਨ ਸਾਹਿਬ ਨੂੰ ਮਜ਼ਾਕ ਦਾ ਕੇਂਦਰ ਬਣਾ ਸਕਦੇ ਹਨ,ਪਰ ਅਸੀਂ ਢੁੱਕਵਾਂ ਜਵਾਬ ਦੇਣ ਲਈ ਗੰਭੀਰ ਨਹੀਂ।

ਦੋਸਤੋ, ਸਿਮਰਨਜੀਤ ਸਿੰਘ ਮਾਨ ਦੇ ਬਿਆਨ ਮਗਰੋਂ ਇਹ ਸਵਾਲ ਖੜਾ ਹੋ ਗਿਆ ਹੈ ਕਿ ਇਤਿਹਾਸ ਨੂੰ ਅਸੀਂ ਵੇਖਣਾ ਕਿਵੇਂ ਹੈ? ਖ਼ਾਸ ਕਰਕੇ ਸਿੱਖ ਵਿਦਵਾਨਾਂ ਅਤੇ ਸਿੱਖ ਇਤਿਹਾਸਕਾਰਾਂ ਨੇ ਇਸ ਸਵਾਲ ਦੇ ਜਵਾਬ ਤਲਾਸ਼ ਕਰਨੇ ਹਨ। ਸਾਨੂੰ ਇਹ ਵੀ ਵੇਖਣਾ ਪੈਣਾ ਹੈ ਕਿ ਇਤਿਹਾਸ ਬਾਰੇ ਸਾਡੀ ਆਪਣੀ,ਹਾਂ ਆਪਣੀ ਮੌਲਿਕ ਸਮਝ ਨੇ ਕਿੰਨੀ ਕੁ ਤਰੱਕੀ ਕੀਤੀ ਹੈ।ਉਸ ਸਮਝ ਦਾ ਪੱਧਰ ਕੀ ਹੈ।ਇਹ ਵੀ ਵੇਖਣਾ ਪੈਣਾ ਹੈ ਕਿ ਸਾਡੀ ਸਮਝ ‘ਕਿਸੇ ਹੋਰ’ ਦੀ ਸਮਝ ਦੇ ਅਧੀਨ ਤਾਂ ਨਹੀਂ ਚੱਲ ਰਹੀ?

ਸਾਨੂੰ ਉਸ ਦੌਰ ਵਿੱਚ ਜਾਣਾ ਪੈਣਾ ਹੈ ਜਦੋਂ ਸ਼ਹੀਦ ਭਗਤ ਸਿੰਘ ਤੇ ਉਨਾਂ ਦੇ ਸਾਥੀ ਕਥਿਤ ਆਜ਼ਾਦੀ ਦੀ ਜੰਗ ਲੜ ਰਹੇ ਸਨ- ਇਕ ਅਜਿਹੀ ਲੜਾਈ ਜਿਸ ਬਾਰੇ ਤੀਜੇ ਘੱਲੂਘਾਰੇ ਤੋਂ ਪਿੱਛੋਂ ਹੁਣ ਸੋਝੀ ਆ ਰਹੀ ਹੈ, ਅੱਖਾਂ ਖੁੱਲ ਰਹੀਆਂ ਹਨ ਕਿ ਉਹ ਲੜਾਈ ਸਾਡੀ ਆਪਣੀ ਨਹੀਂ ਸੀ। ਉਹ ਅਸਲ ਵਿੱਚ ਹਿੰਦੂ ਰਾਸ਼ਟਰਵਾਦ ਦੀ ਅਜ਼ਾਦੀ ਦੀ ਜੰਗ ਸੀ ਜਿਸ ਵਿੱਚ ਅਸੀਂ ਚਾਹੇ-ਅਣਚਾਹੇ ਝੋਕ ਦਿੱਤੇ ਗਏ ਸੀ।ਸੱਚ ਤਾਂ ਇਹ ਹੈ ਕਿ ਸ਼ਹੀਦ ਭਗਤ ਸਿੰਘ ਵੀ ਉਸੇ ਲੜਾਈ ਵਿੱਚ ਸਰਗਰਮ ਰੋਲ ਨਿਭਾ ਰਹੇ ਸਨ।

ਸਾਨੂੰ ਉਸ ਦੌਰ ਦਾ ਵੀ ਗੰਭੀਰ ਮੁਤਾਲਿਆ ਕਰਨਾ ਚਾਹੀਦਾ ਹੈ, ਜਦੋਂ ਗ਼ਦਰ ਪਾਰਟੀ ਦੇ ਸੂਰਬੀਰ ਸਿੱਖ ਯੋਧੇ ਫਾਂਸੀਆਂ ਦੇ ਰੱਸੇ ਚੁੰਮ ਰਹੇ ਸਨ, ਜਦੋਂ ਅਕਾਲੀ ਲਹਿਰ ਭਰ ਜੋਬਨ ਤੇ ਸਮੁੱਚੇ ਖਾਲਸਾ ਪੰਥ ਦੇ ਜਜ਼ਬਿਆਂ ਦੀ ਹਾਣੀ ਬਣ ਰਹੀ ਸੀ, ਜਦੋਂ ਬੱਬਰ ਅਕਾਲੀ ਦਲ ਦੇ ਯੋਧਿਆਂ ਨੂੰ ਹਥਿਆਰਬੰਦ ਜੰਗ ਦਾ ਰਾਹ ਚੁਣਨਾ ਪੈ ਗਿਆ ਸੀ।

ਸਾਨੂੰ ਉਸ ਤੋਂ ਵੀ ਪਿਛਾਂਹ ਵੱਲ ਪਰਤਣਾ ਪਵੇਗਾ ਜਦੋਂ ਭਾਈ ਮਹਾਰਾਜ ਸਿੰਘ ਅੰਗਰੇਜ਼ਾਂ ਨੂੰ ਕੱਢਣ ਲਈ ਗੁਪਤ ਸਰਗਰਮੀਆਂ ਰਾਹੀਂ ਖਾਲਸਾ ਪੰਥ ਦੇ ਖੁੱਸ ਚੁੱਕੇ ਰਾਜ ਨੂੰ ਫਿਰ ਬਹਾਲ ਕਰਨਾ ਚਾਹੁੰਦੇ ਸਨ। ਇੱਕ ਤਰਾਂ ਨਾਲ ਨਾਮਧਾਰੀ ਲਹਿਰ ਵੀ ਇਹੋ ਕੰਮ ਕਰ ਰਹੀ ਸੀ, ਹਾਲਾਂਕਿ ਇਹ ਗੱਲ ਵੱਖਰੀ ਹੈ ਕਿ ਉਹ ਲਹਿਰ ਵੀ ਓੜਕ ਨੂੰ ਹਿੰਦੂ ਰਾਸ਼ਟਰਵਾਦ ਨੇ ਆਪਣੇ ਅੰਦਰ ਜਜ਼ਬ ਕਰ ਲਈ।

ਜਦੋਂ ਜਦੋਂ ਵੀ ਸ਼ਹੀਦ ਭਗਤ ਸਿੰਘ ਵਰਤਾਰੇ ਬਾਰੇ ਗੱਲ ਤੁਰਦੀ ਹੈ ਜਾਂ ਸਾਡੇ ਕੁਝ ਵਿਦਵਾਨ ਸ਼ਹੀਦ ਭਗਤ ਸਿੰਘ ਬਾਰੇ ਆਪਣੀ ਆਜ਼ਾਦ ਟਿੱਪਣੀ ਕਰਦੇ ਹਨ ਜੋ ਖੱਬੇ ਅਤੇ ਸੱਜੇ-ਪੱਖੀ ਭਰਾਵਾਂ ਵਲੋਂ ਸਿਰਜੇ ਬਿਰਤਾਂਤ ਨਾਲ ਮੇਲ ਨਹੀਂ ਖਾਂਦੀ ਤਾਂ ਬੇਸਮਝ ਰੌਲਾ ਮਹਿਫਲ ਤੇ ਕਬਜ਼ਾ ਕਰ ਲੈਂਦਾ ਹੈ, ਜਿਵੇਂ ਸਿਮਰਨਜੀਤ ਸਿੰਘ ਮਾਨ ਦੇ ਬਿਆਨ ਤੇ ਸਭ ਅੱਡੀਆਂ ਚੁੱਕ ਕੇ ਰੌਲਾ ਪਾ ਰਹੇ ਹਨ।



ਵੈਸੇ ਇਹ ਬੁੱਝਣਾ ਵੀ ਔਖਾ ਨਹੀਂ ਹੈ ਕਿ ਸਾਡੀ ਆਪਣੀ ਸਮਝ ਵਿਚ ਵੀ ਬਿਗਾਨੀ ਸਮਝ ਦਾ ਵੱਡਾ ਰਲ਼ਾ ਪੈ ਚੁੱਕਾ ਹੈ।

ਸਾਨੂੰ ਇਹ ਵੇਖਣਾ ਪੈਣਾ ਹੈ ਕਿ ਸ਼ਹੀਦ ਭਗਤ ਸਿੰਘ ਅਤੇ ਸਾਥੀ ਉਸ ਇਤਿਹਾਸਕ ਦੌਰ ਵਿੱਚ ਕੀ ਕਰ ਰਹੇ ਸਨ।ਅਕਾਲੀ ਲਹਿਰ ਬਾਰੇ ਉਨਾਂ ਦੀ ਸਮਝ ਵਿੱਚ ਕਿੰਨੀ ਕੁ ਸੰਜੀਦਗੀ ਅਤੇ ਇਮਾਨਦਾਰੀ ਸੀ? ਮਾਂ ਬੋਲੀ ਦੀ ਮਹਾਨਤਾ ਅਤੇ ਮਹੱਤਤਾ ਉਨਾਂ ਦੇ ਜਜ਼ਬਿਆਂ ਵਿੱਚੋਂ ਗੁੰਮ ਕਿਉਂ ਸੀ? ਕਿਉਂ ਉਹ ਸਾਰੇ ਭਾਰਤ ਵਿੱਚ ਹਿੰਦੀ ਲਾਗੂ ਕਰਨ ਦੀ ਵਕਾਲਤ ਕਰ ਰਹੇ ਸਨ ਜਦਕਿ ਦਰਾਵੜ-ਕਲਚਰ ਵਾਲੇ ਆਪਣੀ ਬੋਲੀ ਦੀ ਰਾਖੀ ਲਈ ਜਾਨਾਂ ਵਾਰ ਦਿੰਦੇ ਹਨ। ਆਰੀਆ ਸਮਾਜ ਨਾਲ ਉਨਾਂ ਦੀ ਨੇੜਤਾ ਕਿਸ ਤਰਾਂ ਦੀ ਸੀ? ਖ਼ਾਲਸਾ ਪੰਥ ਦਾ ਖੁੱਸ ਚੁੱਕਾ ਰਾਜ ਉਨਾਂ ਅੰਦਰ ਕੋਈ ਵੱਡੀ ਹਿਲਜੁਲ ਅਤੇ ਹਲਚਲ ਕਿਉਂ ਨਹੀਂ ਸੀ ਮਚਾਉਂਦਾ? ਜਦੋਂ ਫਾਂਸੀ ਦੇ ਰੱਸੇ ਚੁੰਮਣ ਵਾਲੇ ਗ਼ਦਰ ਪਾਰਟੀ ਦੇ ਯੋਧੇ ਥੋਕ ਵਿੱਚ ਸਿੰਘ ਹੀ ਸਨ ਤਾਂ ਇਹ ਸਿੰਘ-ਆਦਰਸ਼ ਅਤੇ ਇਸ ਆਦਰਸ਼ ਦੇ ਪਵਿੱਤਰ ਸੋਮੇ ਉਨਾਂ ਦੀਆਂ ਲਿਖਤਾਂ ਵਿਚ ਵੱਡੀ ਥਾਂ ਕਿਉਂ ਨਹੀਂ ਸੀ ਬਣਾ ਸਕੇ? ਫਾਂਸੀ ਚੜਨ ਤੋਂ ਪਹਿਲਾਂ ਉਨਾਂ ਦੀ ਆਖ਼ਰੀ ਚਿੱਠੀ (ਜੇ ਇਹ ਉਨਾਂ ਦੀ ਹੀ ਸੀ) ਵਿੱਚ ਸਿੱਖ-ਯਾਦ ਗੁਰੂ-ਪਿਆਰ ਦੀਆਂ ਧੁੰਦਲੀਆਂ ਜਿਹੀਆਂ ਝਲਕਾਂ ਵੀ ਸ਼ਾਮਲ ਕਿਉਂ ਨਾ ਹੋ ਸਕੀਆਂ, ਹਾਲਾਂਕਿ ‘ਬੰਦੀ ਜੀਵਨ’ ਦੇ ਮਹਾਨ ਲੇਖਕ ਸਚਿੰਦਰ ਨਾਥ ਸਨਿਆਲ ਜੀ ਸਿੱਖਾਂ ਦੀਆਂ ਕੁਰਬਾਨੀਆਂ ਦੀ ਕਿੰਨੀ ਵਾਹ ਵਾਹ ਕਰਦੇ ਹਨ। ਕੀ ਕਾਰਨ ਹੈ ਕਿ ਸ਼ਹੀਦ ਭਗਤ ਸਿੰਘ ਦੀ ਜਥੇਬੰਦੀ ਉਸ ਦੌਰ ਵਿੱਚ ਕਿਸੇ ਵੱਡੇ ਸਿੱਖ ਸੁਲਝੇ ਨੌਜਵਾਨ ਨੂੰ ਆਪਣੇ ਅੰਦਰ ਵੱਲ ਨਹੀਂ ਖਿੱਚ ਸਕੀ?

ਦੋਸਤੋ, ਉਸ ਦੌਰ ਦੀ ਸੋਝੀ ਅਤੇ ਵਿਸ਼ੇਸ਼ ਕਰਕੇ ਪੰਥਕ ਸੋਝੀ ਹੋਣੀ ਬਹੁਤ ਜ਼ਰੂਰੀ ਹੈ। ਸਿਮਰਨਜੀਤ ਸਿੰਘ ਮਾਨ ਇਸੇ ਇਤਿਹਾਸ ਵਿੱਚੋਂ ਬੋਲ ਰਹੇ ਹਨ। ਉਹ ਪੰਥਕ ਸੋਝੀ ਨੂੰ ਸੰਨ ਲਾਉਣ ਦੀ ਇਜਾਜ਼ਤ ਨਹੀਂ ਦੇ ਸਕਦੇ। ਵਰਤਮਾਨ ਨੂੰ ਇਤਿਹਾਸ ਦੀ ਰੌਸ਼ਨੀ ਵਿੱਚ ਉਹ ਵੇਖ ਰਹੇ ਹਨ। ਅਤੀਤ ਨਾਲ ਜੋੜ ਕੇ ਸ਼ਹੀਦ ਭਗਤ ਸਿੰਘ ਬਾਰੇ ਜ਼ਿੰਮੇਵਾਰਾਨਾ ਬਿਆਨ ਦਿੰਦੇ ਹਨ। ਇਹ ਹੀ ਇਤਿਹਾਸਕ ਯਥਾਰਥ ਹੈ। ਉਨਾਂ ਦੇ ਬਿਆਨ ਉੱਤੇ ਪਹਿਰਾ ਦੇਣ ਲਈ ਚਿੰਤਨਸ਼ੀਲ ਨੌਜਵਾਨਾਂ ਦਾ ਸੋਸ਼ਲ ਮੀਡੀਆ ਉੱਤੇ ਹੜ ਆ ਗਿਆ ਹੈ ਜਦਕਿ ਸਾਡੀਆਂ ਯੂਨੀਵਰਸਿਟੀਆਂ ਦੇ ਇਤਿਹਾਸਕਾਰ ਖਾਮੋਸ਼ ਹਨ। ਕੀ ਇਉਂ ਨਹੀਂ ਲੱਗਦਾ ਕਿ ਸਾਡੀ ਸਮਝ ਇੱਕ ਤਰਾਂ ਨਾਲ ਹਿੰਦੋਸਤਾਨ ਦੀ ਬਹੁਗਿਣਤੀ ਦੀ ਸਮਝ ਦੀ ਵਿਰਾਸਤ ਹੀ ਬਣ ਗਈ ਹੈ। ਫਿਰ ਇਸ ਹਾਲਤ ਵਿੱਚ ਸਿਮਰਨਜੀਤ ਸਿੰਘ ਮਾਨ ਦੀ ਸ਼ਹੀਦ ਭਗਤ ਸਿੰਘ ਬਾਰੇ ਸਮਝ ਨਾਲ ਸਾਡੀ ਸਾਂਝ ਬਣ ਹੀ ਨਹੀਂ ਸਕਦੀ। ਇਹ ਸਾਡਾ ਦੁਖਾਂਤ ਹੈ।

ਜਦੋਂ ਮੈਂ ਚਿੰਤਨਸ਼ੀਲ ਨੌਜਵਾਨਾਂ ਬਾਰੇ ਗੱਲ ਕਰਦਾ ਹਾਂ ਤਾਂ ਇਹ ਪਤਾ ਲੱਗਦਾ ਹੈ ਕਿ ਇਨਾਂ ਨੌਜਵਾਨਾਂ ਨੇ ਉਸ ਇਤਿਹਾਸਕ ਦੌਰ ਬਾਰੇ ਕਾਫ਼ੀ ਕੁਝ ਪੜਿਆ ਹੈ ਅਤੇ ਆਪਣੀ ਇੱਕ ਸੁਤੰਤਰ ਰਾਏ ਬਣਾਈ ਹੈ। ਉਹ ਸੁਲਝੀਆਂ ਹੋਈਆਂ ਪੋਸਟਾਂ ਪਾ ਰਹੇ ਹਨ, ਜਦਕਿ ਇਨਾਂ ਪੋਸਟਾਂ ਦੇ ਹੇਠਾਂ ਕਈ ਨੌਜਵਾਨ ਇਹੋ ਜਿਹੀਆਂ ਟਿੱਪਣੀਆਂ ਕਰ ਰਹੇ ਹਨ ਜਿਸ ਤੋਂ ਨਵੇਂ ਚਿੰਤਨ ਦੀ ਇੱਕ ਨਿੱਕੀ ਜਿਹੀ ਸਿਧਾਂਤਕ ਲਹਿਰ ਤਾਂ ਸ਼ੁਰੂ ਹੋ ਹੀ ਗਈ ਹੈ।ਇਹ ਟਿੱਪਣੀਆਂ ਪੜ ਕੇ ਹੈਰਾਨੀ ਵੀ ਹੁੰਦੀ ਅਤੇ ਖ਼ੁਸ਼ੀ ਵੀ ਕਿਉਂਕਿ ਆਜ਼ਾਦ ਸੋਝੀ ਸਥਾਪਤ ਕਰਨ ਦੀ ਇਕ ਨਵੀਂ ਪ੍ਰਭਾਤ, ਇੱਕ ਨਵੀਂ ਸਮਝ ਸਿੱਖ ਪੰਥ ਦੇ ਆਕਾਸ਼ ਉੱਤੇ ਚੜੀ ।ਹੈ ਇਹ ਆਜ਼ਾਦ ਰਾਇ ਚਲੰਤ ਮਾਹੌਲ ਵਿਚ ਚੱਲ ਰਹੇ ਬੇਬੁਨਿਆਦ ਰੌਲੇ ਦਾ ਹਿੱਸਾ ਨਹੀਂ ਬਣ ਰਹੀ

**ਬਾਕੀ ਸਫ਼ਾ 31’ਤੇ**

## ਮਾਨ ਦਾ ਨਾਨਾ ਤੇ ਭਗਤ ਸਿੰਘ ਦਾ ਦਾਦਾ....

ਜਿਹੜੇ ਸਿਮਰਨਜੀਤ ਮਾਨ ਦੀ ਅਲੋਚਨਾ ਇਸ ਕਰਕੇ ਕਰਦੇ ਹਨ ਕਿ ਉਹਦੇ ਨਾਨੇ ਨੇ ਡਾਇਰ ਨੂੰ ਸਰੋਪਾ ਪਾਇਆ ਸੀ। ਉਨਾਂ ਨੇ ਇਤਿਹਾਸ ਦਾ ਕੇਵਲ ਇਹੋ ਇਕ ਵਰਕਾ ਪੜਿਆ ਉਸਤੋਂ ਬਾਅਦ ਉਹਦੇ ਨਾਨੇ ਨਾਲ ਕੀ ਵਾਪਰਿਆ ਤੇ ਅਕਾਲੀ ਕਾਨਫਰੰਸਾਂ ਵਿਚ ਲਗਾਤਾਰ ਉਹਦੇ ਖਿਲਾਫ਼ ਸਿੱਖਾਂ ਨੇ ਮਤੇ ਪਾਏ, ਉਹਦੀ ਉਹ ਦੁਰਗਤੀ ਕੀਤੀ ਕਿ ਉਹਨੂੰ ਸਰਬਰਾਹ ਵਜੋਂ ਅਸਤੀਫਾ ਦੇਣਾ ਪਿਆ ਤੇ ਪੰਥ ਦੀਆਂ ਸਫ਼ਾ ਵਿਚੋਂ ਖੂੰਜੇ ਲਾ ਦਿੱਤਾ ਸੀ ਤੇ ਉਸ ਨੂੰ ਮੁਆਫੀ ਮੰਗਣੀ ਪਈ ਸੀ। ਕੀ ਉਸਦੇ ਖਿਲਾਫ਼ ਪੰਥ ਤੇ ਅਕਾਲੀਆਂ ਤੋਂ ਬਿਨਾਂ ਕਿਸੇ ਹੋਰ ਨੇ ਲਗਾਤਾਰ ਸੰਘਰਸ਼ ਵਿੱਢਿਆ? ਜਿਹੜੇ ਅੱਜ ਖੱਬੇਪੱਖੀ ਧਾਰਾ ਵਾਲੇ ਅਖਵਾਉਂਦੇ ਹਨ ਉਹ ਦੱਸਣ ਕਿ ਉਨਾਂ ਸਮਿਆਂ ਵਿਚ ਉਨਾਂ ਦੀਆਂ ਧਾਰਾਵਾਂ ਨੇ ਅਰੂੜ ਸਿੰਘ ਖਿਲਾਫ਼ ਕਿਹੜੀ ਸਰਗਰਮੀ ਕੀਤੀ ਸੀ?

ਦੂਜੀ ਗੱਲ ਜਿਹੜੇ ਮਾਨ ਨੂੰ ਇਸ ਕਰਕੇ ਟਰੋਲ ਕਰਦੇ ਆ ਕਿ ਉਹਦਾ ਨਾਨਾ ਇਹੋ ਜਿਹਾ ਸੀ ਤੇ ਉਸਦਾ ਕਿਰਦਾਰ ਕਿਹੋ ਜਿਹਾ ਹੋਵੇਗਾ, ਉਹ ਦੱਸਣਾ ਕਿ ਜਿਸਦਾ ਦਾਦਾ ਗੁਰਬਾਣੀ ਖਿਲਾਫ਼ ਲਿਖ ਸਕਦਾ ਤੇ ਅੰਮ੍ਰਿਤ ਛਕ ਕੇ ਬਾਅਦ ਵਿਚ ਜਨੇਊ ਧਾਰਨ ਕਰ ਸਕਦਾ, ਜਿਨਾਂ ਆਰੀਆ ਸਮਾਜੀਆਂ ਨੇ ਪਟਿਆਲੇ ਬੇਅਦਬੀ ਕੀਤੀ ਉਨਾਂ ਦਾ ਕੇਸ ਲੜ ਸਕਦਾ, ਉਸਦੇ ਪੋਤੇ ਦਾ ਕਿਰਦਾਰ ਕੀ ਹੋ ਸਕਦਾ?

ਅਰੂੜ ਸਿੰਘ ਨੇ ਤਾਂ ਅਸਤੀਫਾ ਦੇ ਦਿੱਤਾ ਸੀ, ਮੁਆਫੀ ਮੰਗ ਲਈ ਸੀ, ਕੀ ਭਗਤ ਸਿੰਘ ਦੇ ਦਾਦੇ ਨੇ ਸਿੱਖਾਂ ਤੋਂ ਆਪਣੀਆਂ ਕਰਤੂਤਾਂ ਬਦਲੇ ਕੋਈ ਮੁਆਫੀ ਮੰਗੀ?

ਅਰੂੜ ਸਿੰਘ ਤਾਂ ਸੀ ਅੰਗਰੇਜ਼ਾਂ ਦਾ ਨਿਯੁਕਤ ਕੀਤਾ, ਅੰਗਰੇਜ਼ੀ ਤਾਕਤ ਉਹਦੇ ਮਗਰ ਸੀ ਪਰ ਭਗਤ ਸਿੰਘ ਦੇ ਦਾਦੇ ਮਗਰ ਕਿਹੜੀ ਤਾਕਤ ਸੀ ਜਿਸਨੇ ਉਸਦੀ ਧੌਣ ਦਾ ਕਿੱਲਾ ਨਹੀਂ ਨਿਕਲਣ ਦਿੱਤਾ?

**ਮਨਜੀਤ ਸਿੰਘ**

## ਮਾਨ ਦੇ ਭਗਤ ਸਿੰਘ ਬਾਰੇ ਦਿੱਤੇ ਬਿਆਨ ਤੋਂ ਅਕਾਲੀ, ਭਾਜਪਾ ਤੇ ਆਪ ਔਖੇ

**ਨਵੀਂ ਦਿੱਲੀ :** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਸੰਗਰੂਰ ਤੋਂ ਲੋਕ ਸਭਾ ਲਈ ਚੁਣੇ ਗਏ ਸਿਮਰਨਜੀਤ ਸਿੰਘ ਮਾਨ ਨੇ ਬੀਤੇ ਦਿਨੀਂ ਸਪੀਕਰ ਓਮ ਬਿਰਲਾ ਦੇ ਚੈਂਬਰ ਵਿਚ ਸੰਸਦ ਮੈਂਬਰ ਵਜੋਂ ਹਲਫ਼ ਲਿਆ। ਇਸ ਤੋਂ ਪਹਿਲਾਂ ਮਾਨ ਨੇ ਸ਼ਹੀਦ ਭਗਤ ਸਿੰਘ ਨੂੰ ‘ਅਤਿਵਾਦੀ’ ਕਰਾਰ ਦਿੱਤਾ ਸੀ। ਮਾਨ ਨੇ ਕਿਹਾ, ‘ਭਗਤ ਸਿੰਘ ਨੇ ਇਕ ਨੌਜਵਾਨ, ਅੰਗਰੇਜ਼ ਅਧਿਕਾਰੀ ਦੀ ਹੱਤਿਆ ਕਰ ਦਿੱਤੀ ਸੀ। ਉਸ ਨੇ ਇਕ ਅੰਮ੍ਰਿਤਧਾਰੀ ਸਿੱਖ ਕਾਂਸਟੇਬਲ ਨੂੰ ਵੀ ਮਾਰ ਦਿੱਤਾ। ਅਸੈਂਬਲੀ ਵਿਚ ਬੰਬ ਸੁੱਟਣ ਵਾਲੇ ਨੂੰ ਤੁਸੀਂ ਕੀ ਕਹੋਗੇ?’ ਉਨਾਂ ਨਾਲ ਹੀ ਕਿਹਾ ਕਿ ਉਹ ‘ਖਾਲਿਸਤਾਨ ਦੇ ਮੁੱਦੇ ਦਾ ਸਮਰਥਨ ਜਾਰੀ ਰੱਖਣਗੇ, ਸਿੱਖਾਂ ਲਈ ਵੱਖਰਾ ਮੁਲਕ ਹੋਣਾ ਚਾਹੀਦਾ ਹੈ। ਤੇ ਖਾਲਿਸਤਾਨ ਭਾਰਤ ਅਤੇ ਪਾਕਿਸਤਾਨ ਜਿਹੇ ਦੋ ਪਰਮਾਣੂ ਤਾਕਤ ਨਾਲ ਲੈਸ ਮੁਲਕਾਂ ਦਰਮਿਆਨ ‘ਬਫ਼ਰ ਸਟੇਟ’ ਦਾ ਕੰਮ ਕਰੇਗਾ ਜੋ ਕਿ ਖੇਤਰੀ ਟਕਰਾਅ ਨੂੰ ਰੋਕਣ ਵਿਚ ਸਹਾਈ ਹੋਵੇਗਾ। ਸਿਮਰਨਜੀਤ ਸਿੰਘ ਮਾਨ ਵਲੋਂ ਸ਼ਹੀਦ ਭਗਤ ਸਿੰਘ ਬਾਰੇ ਦਿੱਤੇ ਬਿਆਨ ਤੋਂ ਬਾਅਦ ਇਹ ਮਸਲਾ ਸੋਸ਼ਲ ਮੀਡੀਆ ਉੱਪਰ ਭਖਿਆ ਹੋਇਆ ਹੈ।

ਭਾਜਪਾ ਯੁਵਾ ਮੋਰਚਾ ਦੇ ਜ਼ਿਲਾ ਪ੍ਰਧਾਨ ਗੌਤਮ ਅਰੋੜਾ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਸ਼ਹੀਦ ਭਗਤ ਸਿੰਘ ਨੂੰ ਅਤਿਵਾਦੀ ਕਹਿਣ ਵਾਲੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇ। ਅਜਿਹਾ ਨਾ ਹੋਇਆ ਤਾਂ ਭਾਜਪਾ ਯੁਵਾ ਮੋਰਚਾ ਪੰਜਾਬ ਸਰਕਾਰ ਤੇ ਸਿਮਰਨਜੀਤ ਸਿੰਘ ਮਾਨ ਖ਼ਿਲਾਫ਼ ਸੜਕਾਂ ’ਤੇ ਆਵੇਗਾ।

ਐਂਟੀ ਟੈਰੋਰਿਸਟ ਫਰੰਟ ਇੰਡੀਆ ਦੇ ਪ੍ਰਧਾਨ ਵੀਰੇਸ਼ ਸ਼ਾਂਡਿਲਿਆ ਨੇ ਇਸ ਮਾਮਲੇ ਵਿਚ ਸੰਸਦ ਮੈਂਬਰ ਦੇ ਪੁਤਲੇ ਸਾੜਨ ਦਾ ਐਲਾਨ ਕੀਤਾ ਹੈ। ਉਨਾਂ ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ ਤੇ ਲੋਕ ਸਭਾ ਦੇ ਸਪੀਕਰ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਦੀ ਲੋਕ ਸਭਾ ਮੈਂਬਰਸ਼ਿਪ ਰੱਦ ਕੀਤੀ ਜਾਣੀ ਚਾਹੀਦੀ ਹੈ। ਉਨਾਂ ਇਸ ਮਾਮਲੇ ਵਿੱਚ ਮਾਨ ਖ਼ਿਲਾਫ਼ ਦੇਸ਼ਧ੍ਰੋਹ ਦਾ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

‘ਆਪ’ ਨੇ ਸੰਗਰੂਰ ਤੋਂ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ’ਤੇ ਦੋਸ਼ ਲਾਇਆ ਹੈ ਕਿ ਉਨਾਂ ਸ਼ਹੀਦ ਭਗਤ ਸਿੰਘ ਨੂੰ ਅਤਿਵਾਦੀ ਕਹਿਣ ਤੋਂ ਬਾਅਦ ਹੁਣ ਜਲਿਆਂਵਾਲਾ ਬਾਗ ਵਿੱਚ ਆਪਣੀਆਂ ਜਾਨਾਂ ਗਵਾਉਣ ਵਾਲੇ ਸੈਂਕੜੇ ਸ਼ਹੀਦਾਂ ਦਾ ਅਪਮਾਨ ਕੀਤਾ ਹੈ। ‘ਆਪ’ ਦੇ ਮੁੱਖ ਤਰਜਮਾਨ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਸਿਮਰਨਜੀਤ ਸਿੰਘ ਮਾਨ ਨੇ ਸ਼ਹੀਦ ਭਗਤ ਸਿੰਘ ਨੂੰ ਅਤਿਵਾਦੀ ਕਹਿਣ ਲਈ ਮੁਆਫ਼ੀ ਮੰਗਣ ਦੀ ਬਜਾਏ ਆਪਣੇ ਨਾਨਾ ਅਰੂੜ ਸਿੰਘ, ਜੋ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਸਰਬਰਾਹ ਸਨ, ਨੂੰ ਸਾਫ-ਸੁਥਰਾ ਦੱਸ ਕੇ ਜਲਿਆਂਵਾਲਾ ਬਾਗ ਦੇ ਸ਼ਹੀਦਾਂ ਦਾ ਅਪਮਾਨ ਕੀਤਾ ਹੈ। ਸ੍ਰੀ ਕੰਗ ਨੇ ਕਿਹਾ ਕਿ ਸੰਸਦ ਮੈਂਬਰ ਮਾਨ ਜਲਿਆਂਵਾਲਾ ਬਾਗ ਦੇ ਸਾਕੇ ਮਗਰੋਂ ਜਨਰਲ ਡਾਇਰ ਨੂੰ ਸਿਰੋਪਾ ਪਾ ਕੇ ਸਨਮਾਨਿਤ ਕਰਨ ਵਾਲੇ ਆਪਣੇ ਨਾਨਾ ਅਰੂੜ ਸਿੰਘ ਨੂੰ ਸਹੀ ਸਾਬਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ‘ਉਹ 100 ਸਾਲਾਂ ਬਾਅਦ ਆਪਣੇ ਨਾਨਾ ਨੂੰ ਆਜ਼ਾਦੀ ਘੁਲਾਟੀਆ ਦਰਸਾਉਣ ਦੀ ਕੋਸ਼ਿਸ਼ ਕਰ ਰਹੇ ਹਨ।’ ਉਨਾਂ ਕਿਹਾ ਕਿ ਪੰਜਾਬ ਦੇ ਲੋਕ ਇਤਿਹਾਸ ਤੋਂ ਜਾਣੂ ਹਨ, ਜਿਨਾਂ ਨੂੰ ਗੁੰਮਰਾਹ ਨਹੀਂ ਕੀਤਾ ਜਾ ਸਕਦਾ।

ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਸ਼ਹੀਦ ਭਗਤ ਸਿੰਘ ਨੂੰ ਅਤਿਵਾਦੀ ਕਹਿਣ ’ਤੇ ਲੋਕ ਸਭਾ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਬਿਨਾਂ ਸ਼ਰਤ ਤੁਰੰਤ ਮੁਆਫ਼ੀ ਮੰਗਣ ਲਈ ਕਿਹਾ ਹੈ। ਉਨਾਂ ਕਿਹਾ ਕਿ ‘ਆਪ’ ਸਰਕਾਰ ਭਗਤ ਸਿੰਘ ਨੂੰ ਸ਼ਹੀਦ ਦਾ ਦਰਜਾ ਦੇਵੇਗੀ। ਉਨਾਂ ਕਿਹਾ ਕਿ ਭਗਤ ਸਿੰਘ ਸਾਡੇ ਆਦਰਸ਼ ਹਨ, ਜਿਨਾਂ ’ਤੇ ਇਕੱਲੇ ਪੰਜਾਬ ਨੂੰ ਨਹੀਂ ਬਲਕਿ ਪੂਰੇ ਦੇਸ਼ ਨੂੰ ਮਾਣ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਵੱਲੋਂ ਭਗਤ ਸਿੰਘ ਨੂੰ ਅੱਤਵਾਦੀ ਕਹਿਣ ਬਾਰੇ ਦਿੱਤੇ ਬਿਆਨ ਨੂੰ ਕਿਹਾ ਕਿ ਸਰਦਾਰ ਸਿਮਰਨਜੀਤ ਸਿੰਘ ਮਾਨ ਦਾ ਕੋਈ ਵੀ ਭਰੋਸਾ ਨਹੀਂ ਕਿ ਉਹ ਕਿਸੇ ਵੇਲੇ ਕੀ ਕਹਿ ਦੇਣ ਅਤੇ ਅਸੀਂ ਉਨਾਂ ਨਾਲ ਕਦੇ ਵੀ ਨਹੀਂ ਰਹਿ ਸਕਦੇ। ਉਨਾਂ ਇਹ ਵੀ ਕਿਹਾ ਕਿ ਸਿਮਰਨਜੀਤ ਸਿੰਘ ਮਾਨ ਸੀਨੀਅਰ ਆਗੂ ਹਨ। ਉਹ ਇੰਨੇ ਪੁਰਾਣੇ ਆਈਪੀਐੱਸ ਅਤੇ ਹੁਣ ਉਹ ਸੰਸਦ ਮੈਂਬਰ ਬਣ ਗਏ ਹਨ। ਉਨਾਂ ਕੋਲ ਵੱਡੀ ਜ਼ਿੰਮੇਵਾਰੀ ਹੈ। ਇਸ ਲਈ ਉਨਾਂ ਨੂੰ ਸੋਚ ਸਮਝ ਕੇ ਬਿਆਨ ਦੇਣਾ ਚਾਹੀਦਾ ਹੈ।

# ਸਿੰਘ ਸਭਾ ਲਹਿਰ, ਆਰੀਆ ਸਮਾਜ, ਦੇਵਨਾਗਰੀ ਲਿਪੀ ਅਤੇ ਸ਼ਹੀਦ ਭਗਤ ਸਿੰਘ

**ਡਾ. ਗੁਰਵਿੰਦਰ ਸਿੰਘ**

ਆਰੀਆ ਸਮਾਜ ਦੇ ਬਾਨੀ ਦਯਾਨੰਦ ਨੇ ਪੰਜਾਬ ਦੀ ਧਰਤੀ 'ਤੇ ਸਿੱਖੀ ਦੇ ਜੜ੍ਹੀਂ ਤੇਲ ਦੇਣ ਲਈ ਅਤੇ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਕਰਨ ਲਈ ਗਹਿਰੀਆਂ ਸਾਜ਼ਿਸ਼ਾਂ ਕੀਤੀਆਂ। ਸਿੰਘ ਸਭਾ ਲਹਿਰ ਨੇ ਉਸ ਦੇ ਖ਼ਿਲਾਫ਼ ਡਟ ਕੇ ਆਵਾਜ਼ ਬੁਲੰਦ ਕੀਤੀ। ਦਿਆ ਨੰਦ ਨੂੰ ਮੂੰਹ ਦੀ ਖਾਣੀ ਪਈ ਤੇ ਪੰਜਾਬ ਚੋਂ ਭੱਜਣਾ ਪਿਆ। ਇਤਿਹਾਸਕ ਸੱਚ ਹੈ ਕਿ ਸ਼ਹੀਦ ਭਗਤ ਸਿੰਘ ਦੇ ਦਾਦੇ ਤੋਂ ਇਹ ਪਰਿਵਾਰ ਸਿੱਖੀ ਛੱਡ ਕੇ, ਆਰੀਆ ਸਮਾਜੀ ਬਣ ਗਿਆ ਸੀ। ਆਰੀਆ ਸਮਾਜ ਦੇ ਹੱਕ ਵਿਚ ਅਤੇ ਗੁਰੂ ਗ੍ਰੰਥ ਸਾਹਿਬ ਦੇ ਖਿਲਾਫ ਟਿੱਪਣੀਆਂ ਰਾਹੀਂ ਕਿਤਾਬ ਲਿਖਣ ਵਾਲਾ ਮਹਾਸ਼ਾ ਅਰਜਨ ਸਿੰਘ, ਜੋ ਸ਼ਹੀਦ ਭਗਤ ਸਿੰਘ ਦਾ ਦਾਦਾ ਸੀ, ਉਸ ਨੇ ਸਿੱਖਾਂ ਖ਼ਿਲਾਫ਼ ਗੁਰੂ ਗ੍ਰੰਥ ਸਾਹਿਬ ਦੇ ਮਾਮਲੇ 'ਚ ਆਰੀਆ ਸਮਾਜ ਦੇ ਕੇਸ ਦੀ ਪੈਰਵਾਈ ਵਕੀਲ ਵਜੋਂ ਵੀ ਕੀਤੀ, ਜੋ ਕਿ ਸ਼ਰਮਨਾਕ ਸੀ। ਉਸ ਸਮੇਂ ਦੇ ਸਿੱਖ ਲਿਖਾਰੀ ਭਾਈ ਸ਼ੇਰ ਸਿੰਘ ਨੇ ਮਹਾਸ਼ਾ ਅਰਜੁਨ ਸਿੰਘ ਦੀ ਕਿਤਾਬ ਖ਼ਿਲਾਫ਼ ਲਿਖਤ ਛਾਪੀ ਸੀ, ਜੋ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਵੀ ਪ੍ਰਕਾਸ਼ਤ ਕੀਤੀ ਗਈ। ਆਰੀਆ ਸਮਾਜੀ ਲਾਜਪਤ ਰਾਏ ਨੇ, ਉਸ ਵੇਲੇ ਮਾੜੀ ਹਰਕਤ ਕੀਤੀ, ਜਦੋਂ ਉਸ ਨੇ ਨਨਕਾਣਾ ਸਾਹਿਬ ਵਿਖੇ ਸੈਂਕੜੇ ਸਿੱਖਾਂ ਨੂੰ ਸ਼ਹੀਦ ਕਰਨ ਵਾਲੇ ਦੁਸ਼ਟ ਨਰੈਣੂ ਮਹੰਤ ਦਾ ਕੇਸ ਲੜਿਆ, ਇਸ ਤੋਂ ਘਟੀਆ ਕੀ ਹੋ ਸਕਦਾ ਹੈ।

ਅਜਿਹਾ ਸਖਸ਼ ਨਾ ਪੰਜਾਬ ਕੇਸਰੀ ਹੋ ਸਕਦਾ ਹੈ, ਨਾ ਪੰਜਾਬ ਦਾ ਸ਼ਹੀਦ, ਪਰ ਇੰਡੀਅਨ ਸਟੇਟ ਨੇ ਵੱਖਰਾ ਨੈਰੇਟਿਵ ਸਿਰਜ ਕੇ ਉਸ ਨੂੰ ਮਹਾਨ ਸ਼ਹੀਦ ਕਿਹਾ ਹੈ। ਆਰੀਆ ਸਮਾਜ ਤੇ ਲਾਜਪਤ ਰਾਏ ਦੇ ਵਿਚਾਰਾਂ ਤੋਂ ਪ੍ਰਭਾਵਤ ਸ਼ਹੀਦ ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਅੰਗਰੇਜ਼ਾਂ ਸਮੇਂ ਮਹਾਰਾਣੀ ਦੇ ਰਾਜ ਦੀ ਸਹੁੰ ਖਾ ਕੇ, ਕਾਂਗਰਸ ਵੱਲੋਂ ਪੰਜਾਬ ਅਸੰਬਲੀ ਲਈ ਵੀ ਚੁਣੇ ਗਏ। ਸ਼ਹੀਦ ਭਗਤ ਸਿੰਘ ਨੂੰ ਫਾਂਸੀ ਲੱਗਣ ਮਗਰੋਂ ਵੀ ਉਨਾਂ ਇਹ ਗੱਲ ਕਹੀ ਕਿ ਉਸ ਦਾ ਪੁੱਤਰ ਆਰੀਆ ਸਮਾਜੀ ਸੀ ਜੋ ਰਾਸ਼ਟਰ ਲਈ ਸ਼ਹੀਦ ਹੋਇਆ।

ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦੀ ਤੀਜੀ ਪੀੜੀ 'ਚੋਂ ਅੱਜ ਵੀ ਕਈ ਮੈਂਬਰ ਉਸ ਨੂੰ ਪੱਕਾ ਆਰੀਆ ਸਮਾਜੀ ਕਹਿੰਦੇ ਹਨ ਅਤੇ ਉਸ ਵਲੋਂ 'ਗੁਰਮੁਖੀ' ਦੀ ਥਾਂ 'ਦੇਵਨਾਗਰੀ ਲਿੱਪੀ' ਰੱਖਣ ਅਤੇ ਆਰੀਆ ਸਮਾਜ ਦੀਆਂ ਕਦਰਾਂ ਕੀਮਤਾਂ ਨੂੰ ਪ੍ਰਣਾਏ ਹੋਣ ਨੂੰ ਪ੍ਰਚਾਰਦੇ ਹਨ। ਇਸ ਵਿੱਚ ਦੋ ਰਾਵਾਂ ਨਹੀਂ ਕਿ ਸ਼ਹੀਦ ਭਗਤ ਸਿੰਘ ਦੀ ਪੁਜੀਸ਼ਨ ਇਸ ਮਾਮਲੇ ਵਿੱਚ ਪੂਰੀ ਤਰਾਂ ਗਲਤ ਸੀ, ਕਿਉਂਕਿ ਉਹ ਦੇਸ਼ 'ਚ ਸਾਰਿਆਂ ਨੂੰ ਹਿੰਦੀ ਭਾਸ਼ਾ ਤੇ ਦੇਵਨਾਗਰੀ ਲਿਪੀ ਅਪਣਾਉਣ ਲਈ ਕਹਿ ਰਿਹ ਸੀ, ਜੋ ਕਿ ਘੱਟ ਗਿਣਤੀ ਸਿੱਖ ਭਾਈਚਾਰੇ ਸਮੇਤ, ਉਰਦੂ ਪੜਨ ਵਾਲੇ ਮੁਸਲਿਮ ਅਤੇ ਬਾਕੀ ਭਾਸ਼ਾਵਾਂ ਵਾਲਿਆਂ ਵਿਰੁੱਧ ਸੀ।

ਅੱਜ ਰਾਸ਼ਟਰੀ ਸੇਵਕ ਸੰਘ ਅਤੇ ਬੀਜੇਪੀ ਸਰਕਾਰ ਵੀ ਇਹੀ ਕਰ ਰਹੀ ਹੈ। ਦੂਸਰੇ ਪਾਸੇ ਚਾਹੇ ਨਾਸਤਕ ਜਾਂ ਕਾਮਰੇਡ ਉਸ ਨੂੰ ਆਰੀਆ ਸਮਾਜੀ ਮੰਨਣ ਤੋਂ ਇਨਕਾਰ ਕਰਦੇ ਹਨ, ਜੋ ਕਿ ਇੱਕ ਵੱਖਰਾ ਵਿਸ਼ਾ ਹੈ, ਪਰ ਇਸ ਦਾ ਕਾਮਰੇਡਾਂ ਕੋਲ ਕੋਈ ਉੱਤਰ ਨਹੀਂ ਕਿ ਸ਼ਹੀਦ ਭਗਤ ਸਿੰਘ ਵੱਲੋਂ ਸਾਰੇ ਦੇਸ਼ ਲਈ ਦੇਵਨਾਗਰੀ ਤੇ ਹਿੰਦੀ ਦੀ ਗੱਲ ਕਰਨਾ ਸਹੀ ਸੀ ਜਾਂ ਗ਼ਲਤ, ਅੱਜ ਜਿਸ ਬਿਰਤਾਂਤ ਦੇ ਖ਼ਿਲਾਫ਼ ਉਹ ਬੋਲ ਰਹੇ ਹਨ। ਉਂਞ ਕਾਂਗਰਸ, ਹਿੰਦੂ ਮਹਾਂ



ਸਭਾ, ਕਾਮਰੇਡ ਆਰਐਸਐਸ ਆਦਿ ਸਾਰੇ ਹੀ 'ਸਿੰਗਲ ਇੰਡੀਅਨ ਨੇਸ਼ਨ' ਦੇ ਹੱਕ ਵਿਚ ਹਨ ਤੇ ਸ਼ਹੀਦ ਭਗਤ ਸਿੰਘ ਵੀ ਇਸੇ ਹੱਕ ਵਿੱਚ ਸੀ।

ਸ਼ਹੀਦ ਭਗਤ ਸਿੰਘ ਵੱਲੋਂ ਬੱਬਰ ਅਕਾਲੀ ਸ਼ਹੀਦਾਂ ਲਈ ਲੇਖ ਲਿਖਣਾ, ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਰੋਲ ਮਾਡਲ ਮੰਨਣਾ, ਜੇਲ ਵਿੱਚ ਸਿੱਖਾਂ ਦੇ ਹੱਕ ਵਿੱਚ ਕਕਾਰਾਂ ਦੀ ਬਹਾਲੀ ਲਈ ਕਾਲੀ ਪੱਗ ਬੰਨ ਕੇ ਰੋਸ ਪ੍ਰਗਟਾਉਣਾ ਅਤੇ ਬ੍ਰਿਟਿਸ਼ ਸਾਮਰਾਜ ਖ਼ਿਲਾਫ਼ ਲੜਨਾ ਇਤਿਹਾਸਕ ਤੇ ਸ਼ਲਾਘਾਯੋਗ ਕਾਰਜ ਹਨ, ਪਰ ਸ਼ਹੀਦ ਭਗਤ ਸਿੰਘ ਦੇ ਵੱਡੇ-ਵਡੇਰਿਆਂ ਦਾ ਗੁਰੂ ਗ੍ਰੰਥ ਸਾਹਿਬ ਦੇ ਆਰੀਆ ਸਮਾਜ ਵੱਲੋਂ ਕੀਤੇ ਅਪਮਾਨ ਨਾਲ ਸਹਿਮਤੀ ਪ੍ਰਗਟਾਉਣਾ ਮੰਦਭਾਗੀ ਗੱਲ ਹੈ।ਸ਼ਹੀਦ ਭਗਤ ਸਿੰਘ ਵੱਲੋਂ ਵੀ ਮਹਾਸ਼ਾ ਸ਼੍ਰੇਣੀ ਖ਼ਾਸਕਰ ਆਰੀਆ ਸਮਾਜੀ ਸੋਚ ਅਨੁਸਾਰ ਪੰਜਾਬ ਵਿਚ ਅਤੇ ਬਾਕੀ ਦੇਸ਼ ਵਿਚ ਦੇਵਨਾਗਰੀ 'ਤੇ ਜ਼ੋਰ ਦੇਣਾ ਅਤੇ ਗੁਰਮੁਖੀ ਨੂੰ ਛੱਡਣ ਦਾ ਪ੍ਰਚਾਰ ਕਰਨਾ ਗਲਤ ਸੀ।

ਆਰੀਆ ਸਮਾਜ ਦੇ ਸਿੱਖੀ ਖਿਲਾਫ ਪ੍ਰਚਾਰ ਦਾ ਮੂੰਹ ਭੰਨਣ ਵਾਲੀ ਸਿੰਘ ਸਭਾ ਲਹਿਰ ਦੇ ਮੋਢੀ ਗਿਆਨੀ ਦਿੱਤ ਸਿੰਘ ਜੀ ਨੇ ਜੀਵਨ ਭਰ ਸਿੱਖ ਸਿਧਾਂਤਾਂ ਨੂੰ ਪ੍ਰਚਾਰਿਆ ਤੇ ਪ੍ਰਸਾਰਿਆ। ਉਨਾਂ ਸਿੱਖ ਸਿਧਾਂਤਾਂ ਨੂੰ ਬਿਆਨ ਕਰਦਿਆਂ, ਬਹੁਤ ਸਾਰੀਆਂ ਵਡਮੁੱਲੀਆਂ ਕਿਤਾਬਾਂ ਲਿਖੀਆਂ। ਆਪ 'ਖ਼ਾਲਸਾ ਅਖ਼ਬਾਰ' ਲਾਹੌਰ ਦੇ ਸੰਪਾਦਕ ਰਹੇ ਅਤੇ ਅਖਬਾਰ ਜ਼ਰੀਏ ਵੀ ਲੋਕਾਂ ਨੂੰ ਅੰਧ-ਵਿਸ਼ਵਾਸ, ਜਾਦੂ- ਟੂਣੇ, ਫੋਕਟ ਕਰਮ-ਕਾਂਡ ਤੋਂ ਸੁਚੇਤ ਕੀਤਾ। ਆਪ ਜੀ ਅਤੇ ਪ੍ਰੋਫੈਸਰ ਗੁਰਮੁਖ ਸਿੰਘ ਸਮੇਤ ਜਾਗਰੂਕ ਸਿੱਖਾਂ ਨੇ 'ਸਿੰਘ ਸਭਾ ਲਹਿਰ' ਰਾਹੀਂ ਪਾਖੰਡ ਖਤਮ ਕਰਨ ਲਈ ਦ੍ਰਿੜਤਾ ਨਾਲ ਲੰਮਾ ਸੰਘਰਸ਼ ਕੀਤਾ। ਆਪ ਜੀ ਦੇ ਮਹਾਨ ਗੁਣਾਂ ਵਿੱਚ ਇਹ ਅਹਿਮ ਪਹਿਲੂ ਸ਼ਾਮਲ ਹਨ ਕਿ ਇਕਵੰਜਾ ਸਾਲ ਦੀ ਉਮਰ 'ਚ ਪੰਜਾਹ ਤੋਂ ਵੱਧ ਕਿਤਾਬਾਂ ਅਤੇ ਟਰੈਕਟਰ ਲਿਖੇ। ਆਪ ਖ਼ਾਲਸਾ ਕਾਲਜ ਅੰਮ੍ਰਿਤਸਰ ਸਾਹਿਬ ਦੇ ਮੋਢੀ ਮੈਂਬਰ ਬਣੇ। ਪੰਜਾਬੀ ਪੱਤਰਕਾਰੀ ਦੇ ਮੋਢੀਆਂ ਵਿੱਚੋਂ ਇੱਕ ਸ਼ਖ਼ਸੀਅਤ ਵਜੋਂ ਉੱਭਰੇ।

ਹੋਰਨਾਂ ਮਹੱਤਵਪੂਰਨ ਵਿਸ਼ੇਸ਼ਤਾਵਾਂ ਵਿੱਚ ਸਿੰਘ ਸਭਾ ਲਹਿਰ ਦੀ ਵਡਮੁੱਲੀ ਦੇਣ ਹੈ, ਜਿਵੇਂ ਕਿ ਦਰਬਾਰ ਸਾਹਿਬ ਵਿਖੇ ਸਥਾਪਤ ਮੂਰਤੀਆਂ ਹਟਾਉਣਾ, ਅਖੌਤੀ ਬਾਬੇ ਰਜਵਾੜੇ ਖੇਮ ਸਿੰਘ ਬੇਦੀ ਦੀ ਗੁਰੂ ਸਾਹਿਬ ਬਰਾਬਰ ਲਗਾਈ ਗੱਦੀ ਸੁੱਟਣਾ, ਜਾਤ -ਪਾਤ ਅਤੇ ਊਚ- ਨੀਚ ਦੇ ਸਿੱਖ ਸਮਾਜ 'ਚ ਵੀ ਵਿਤਕਰੇ ਖ਼ਿਲਾਫ਼ ਜ਼ੋਰਦਾਰ ਆਵਾਜ਼ ਉੱਠਾਉਣਾ ਆਦਿ। ਇਨਾਂ ਸਾਰੇ ਖੇਤਰਾਂ ਵਿੱਚ ਗਿਆਨੀ ਸਿੰਘ ਜੀ ਦੇ ਇਤਿਹਾਸਕ ਭੂਮਿਕਾ ਰਹੀ।

ਗਿਆਨੀ ਦਿੱਤ ਸਿੰਘ ਜੀ ਨੇ ਦਿਯਾ ਨੰਦ ਨੂੰ ਵੱਖ- ਵੱਖ ਸੰਵਾਦ ਦੌਰਾਨ ਹਾਰ ਦਿੱਤੀ ਅਤੇ ਉਸ ਦੇ ਪਾਖੰਡ ਨੂੰ ਜੱਗ ਜ਼ਾਹਰ ਕੀਤਾ। ਇੱਥੇ ਜ਼ਿਕਰਯੋਗ ਹੈ ਕਿ ਸਾਧੂ ਦਿਆਨੰਦ ਨੇ ਸਤਿਆਰਥ ਪ੍ਰਕਾਸ਼ ਵਿੱਚ ਅਪਮਾਨਿਤ ਸ਼ਬਦ ਲਿਖੇ :

'ਨਾਨਕ ਸ਼ਾਹ ਫਕੀਰ ਨੇ ਨਿਯਾ ਚਲਾਇਆ ਪੰਥ।

ਇਧਰ ਉਧਰ ਸੇ ਜੋੜ ਕਰ ਲਿਖ ਡਾਲਾ ਇੱਕ ਗ੍ਰੰਥ।'

ਗਿਆਨੀ ਦਿੱਤ ਸਿੰਘ ਜੀ, ਪ੍ਰੋ ਗੁਰਮੁਖ ਸਿੰਘ ਜੀ, ਭਾਈ ਕਾਹਨ ਸਿੰਘ ਨਾਭਾ ਅਤੇ ਹੋਰਨਾਂ ਦੁਆਰਾ ਦਿਆਨੰਦ ਦੇ ਗੁਰੂ ਸਾਹਿਬ ਖਿਲਾਫ ਕੀਤੇ ਭੰਡੀ ਪ੍ਰਚਾਰ ਨੂੰ ਰੱਦ ਕਰਨ ਲਈ ਉੱਦਮ ਨੂੰ ਜਾਰੀ ਰੱਖਦੇ ਹੋਏ, ਅਜਿਹੇ ਅਪਮਾਨਜਨਕ ਸ਼ਬਦ ਹਮੇਸ਼ਾ ਵਾਸਤੇ ਰੱਦ ਕੀਤੇ ਜਾਣ ਲਈ ਜ਼ੋਰਦਾਰ ਆਵਾਜ਼ ਉਠਾਉਣ ਦੀ ਲੋੜ ਹੈ। ਦਿਯਾ ਨੰਦ ਨੇ ਗੁਰੂ ਨਾਨਕ ਦੇਵ ਜੀ ਸਬੰਧੀ ਜੋ ਸ਼ਬਦ 'ਸਤਿਆਰਥ ਪ੍ਰਕਾਸ਼' ਵਿੱਚ ਲਿਖੇ ਹਨ, ਉਨਾਂ ਨੂੰ ਸਮੁੱਚੀ ਸਿੱਖ ਕੌਮ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕਰਨ ਲਈ ਇੱਕਮੁੱਠ ਹੋਵੇ ਅਤੇ ਅਪਮਾਨਜਨਕ ਟਿੱਪਣੀਆਂ ਨੂੰ ਆਰੀਆ ਸਮਾਜ ਦੀ ਅਖੌਤੀ ਲਿਖਤ ਵਿੱਚੋਂ ਰੱਦ ਕੀਤਾ ਕੀਤਾ ਜਾਏ।

ਇਸ ਉੱਦਮ ਲਈ ਆਨਲਾਈਨ ਪਟੀਸ਼ਨ ਵੀ ਸ਼ੁਰੂ ਕੀਤੀ ਜਾਏ ਅਤੇ ਲਿਖਤੀ ਰੂਪ ਦੇ ਵਿੱਚ ਸਿੱਖਾਂ ਦੀਆਂ ਕੇਂਦਰੀ ਸੰਸਥਾਵਾਂ ਤੋਂ ਵੀ ਜ਼ੋਰਦਾਰ ਕਦਮ ਉਠਾਉਣ ਦੀ ਮੰਗ ਕੀਤੀ ਜਾਵੇ, ਜੋ ਕਿ ਮਨੂੰਵਾਦੀ ਅਤੇ ਸਨਾਤਨੀ ਪ੍ਰਭਾਵ ਹੇਠ ਸਿੱਖ ਵਿਰੋਧੀ ਤਾਕਤਾਂ ਪ੍ਰਤੀ ਕਦਮ ਉਠਾਉਣ ਤੋਂ ਕੰਨੀਂ ਕਤਰਾਉਂਦੀਆਂ ਆ ਰਹੀਆਂ ਹਨ। ਗਿਆਨੀ ਦਿੱਤ ਸਿੰਘ ਦੁਆਰਾ ਆਰੰਭੀ ਸਿੰਘ ਸਭਾ ਲਹਿਰ ਜਾਰੀ ਰੱਖਣ ਅਤੇ ਸਿੱਖ ਵਿਰੋਧੀ ਤਾਕਤਾਂ ਖਿਲਾਫ਼ ਡਟਣ ਲਈ ਅਜਿਹੇ ਉੱਦਮ ਦੀ ਸਖ਼ਤ ਜ਼ਰੂਰਤ ਹੈ।

ਦਿਆਨੰਦ ਵੱਲੋਂ 'ਸਤਿਆਰਥ ਪ੍ਰਕਾਸ਼' ਵਿੱਚ ਗੁਰੂ ਨਾਨਕ ਦੇਵ ਜੀ ਬਾਰੇ ਲਿਖੇ ਨਿਖੇਧੀਜਨਕ ਸ਼ਬਦ ਹਟਾਏ ਜਾਣ ਲਈ ਸਿੱਖ ਜਗਤ ਜਾਗਰੂਕ ਹੋਵੇ ਅਤੇ ਸੰਘਰਸ਼ ਕਰੇ।

# ਕੀ ਖਣਨ ਅਤੇ ਜੇਲ ਵਿਭਾਗ ਦੀ ਤਰਾਂ ਸਿੱਖਿਆ ਮਹਿਕਮੇ 'ਚ ਵੱਡੇ ਸੁਧਾਰ ਕਰ ਸਕਣਗੇ ਮੰਤਰੀ ਹਰਜੋਤ ਬੈਂਸ ?

**ਹਰਮਨ ਵਜੀਦਕੇ**

**ਮੋ. ੯੫੬੯੨-੪੩੦੦੦**

ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਪੰਜ ਨਵੇਂ ਕੈਬਨਿਟ ਮੰਤਰੀ ਬਣਾਏ ਜਾਣ ਅਤੇ ਸਿੱਖਿਆ ਮਹਿਕਮੇ ਨੂੰ ਗੁਰਮੀਤ ਸਿੰਘ ਹੇਅਰ ਤੋਂ ਵਾਪਸ ਲੈ ਕੇ ਜੇਲ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਦੇਣ ਦੀ ਚਰਚਾ ਅੱਜ ਕੱਲ ਸੁਰਖੀਆਂ ਬਟੋਰ ਰਹੀ ਹੈ। ਇਹ ਗੱਲ ਸੱਤਾ ਦੇ ਗਲਿਆਰਿਆਂ ਵਿੱਚ ਆਮ ਚੱਲ ਰਹੀ ਹੈ ਕਿ ਭਾਵੇਂ ਸਿਆਸਤਦਾਨਾਂ ਅਤੇ ਅਫ਼ਸਰਸ਼ਾਹੀ ਦੀ ਕਥਿਤ ਮਿਲੀਭੁਗਤ ਕਾਰਨ ਅਰਬਾਂ ਖਰਬਾਂ ਰੁਪਏ ਦਾ ਨਾਜਾਇਜ਼ ਖਣਨ ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਦੇ ਵੱਖ-ਵੱਖ ਪਹਾੜੀ ਇਲਾਕਿਆਂ ਅਤੇ ਦਰਿਆਵਾਂ ਦੇ ਕੰਢਿਆਂ ਤੋਂ ਕੀਤਾ ਜਾ ਚੁੱਕਾ ਹੈ ਪਰ ਮਾਈਨਿੰਗ ਤੋਂ ਦੁਖੀ ਆਮ ਲੋਕਾਂ ਵੱਲੋਂ ਧਰਨੇ ਮੁਜ਼ਾਹਰੇ ਲਾਉਣ ਦੇ ਬਾਵਜੂਦ ਵੀ ਅੱਜ ਤੱਕ ਸਰਕਾਰਾਂ ਵੱਲੋਂ ਕਿਸੇ ਵੱਡੇ ਮਗਰਮੱਛ ਨੂੰ ਹੱਥ ਨਹੀਂ ਪਾਇਆ ਗਿਆ ਸੀ। ਇੱਥੋਂ ਤੱਕ ਕਿ ਆਮ ਆਦਮੀ ਪਾਰਟੀ ਦੇ ਇੱਕ ਵਿਧਾਇਕ ਅਮਰਜੀਤ ਸਿੰਘ ਸੰਦੋਆ ਦੀ ਪਿਛਲੀ ਸਰਕਾਰ ਸਮੇਂ ਇੱਕ ਕਥਿਤ ਨਾਜਾਇਜ਼ ਚੱਲਦੀ ਖੱਡ ਉੱਪਰ ਛਾਪਾ ਮਾਰਨ ਸਮੇਂ ਗੰਨਮੈਨਾਂ ਸਮੇਤ ਕੁੱਟਮਾਰ ਦੀ ਘਟਨਾ ਵੀ ਉਸ ਸਮੇਂ ਵੀਡੀਓ ਵਾਇਰਲ ਹੋਣ ਕਾਰਨ ਚਰਚਾ ਵਿੱਚ ਰਹੀ ਸੀ। ਆਮ ਲੋਕਾਂ ਨੂੰ ਇਹ ਲੱਗਣ ਲੱਗ ਪਿਆ ਸੀ ਕਿ ਨਾਜਾਇਜ਼ ਖਣਨ ਨੂੰ ਰੋਕਣਾ ਸਰਕਾਰਾਂ ਦੇ ਵੱਸ ਨਹੀਂ ਜਾਂ ਸਰਕਾਰਾਂ ਜਾਣਬੁੱਝ ਕੇ ਨਾਜਾਇਜ਼ ਖਣਨ ਰੋਕਣਾ ਨਹੀਂ ਚਾਹੁੰਦੀਆਂ ਪਰ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਹੋਂਦ ਵਿੱਚ ਆਈ ਤਾਂ ਸ੍ਰੀ ਆਨੰਦਪੁਰ ਸਾਹਿਬ ਸੀਟ ਤੋਂ ਜਿੱਤੇ ਨੌਜਵਾਨ ਵਿਧਾਇਕ ਹਰਜੋਤ ਸਿੰਘ ਬੈਂਸ ਨੂੰ ਖਣਨ ਅਤੇ ਜੇਲ ਮੰਤਰੀ ਬਣਾਇਆ ਗਿਆ ਜਿਨਾਂ ਨੇ ਕਿ ਵੱਡੇ ਮਗਰਮੱਛਾਂ ਨੂੰ ਹੱਥ ਪਾਉਣ ਦੀ ਹਿੰਮਤ ਵਿਖਾਈ ਅਤੇ ਕਈ ਵੱਡੇ ਵੱਡੇ ਨੇਤਾਵਾਂ ਜਿਵੇਂ ਕਿ ਸਾਬਕਾ ਕਾਂਗਰਸੀ ਵਿਧਾਇਕ ਜੋਗਿੰਦਰਪਾਲ ਭੋਆ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਅਤਿ ਨਜ਼ਦੀਕੀਆਂ ਨੂੰ ਕਥਿਤ ਨਾਜਾਇਜ਼ ਮਾਈਨਿੰਗ ਦੇ ਦੋਸ਼ਾਂ ਤਹਿਤ ਪਰਚੇ ਦਰਜ ਕਰਕੇ ਉਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸਦੇ ਨਾਲ ਹੀ ਉਨਾਂ ਨੇ ਜੇਲ ਵਿਭਾਗ ਅੰਦਰ ਵੀ ਕਾਫੀ ਵੱਡੇ ਸੁਧਾਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਗੈਂਗਸਟਰਾਂ ਵੱਲੋਂ ਜੇਲ ਅੰਦਰੋਂ ਵਰਤੇ ਜਾਂਦੇ ਮੋਬਾਈਲ ਫੋਨਾਂ ਉੱਪਰ ਸਖ਼ਤੀ ਵਰਤਦਿਆਂ ਜੇਲ ਵਿਭਾਗ ਦੇ ਕਈ ਅਫਸਰਾਂ ਨੂੰ ਵੀ ਸਸਪੈਂਡ ਕਰਨ ਦੀ ਹਿੰਮਤ ਵਿਖਾਉਣ ਦੇ ਨਾਲ ਹੀ ਉਨਾਂ ਨੇ ਖੁਦ ਜੇਲਾਂ ਦਾ ਦੌਰਾ ਕਰਕੇ ਕੈਦੀਆਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਅਤੇ ਇਨਾਂ ਨੂੰ ਹੱਲ ਕਰਨ ਦੇ ਯਤਨ ਵੀ ਕੀਤੇ । ਉਨਾਂ ਦੀ ਇਸੇ ਕਾਰਜਸ਼ੈਲੀ ਤੋਂ ਪ੍ਰਭਾਵਤ ਹੋ ਕੇ 'ਆਪ' ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਦੇ ਆਦੇਸ਼ ਤੇ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਉਨਾਂ ਨੂੰ ਸਿੱਖਿਆ ਵਿਭਾਗ ਦਾ ਚਾਰਜ ਦਿੱਤਾ ਗਿਆ ਅਤੇ ਅਜ਼ਾਦੀ ਤੋਂ ਬਾਅਦ ਪੰਜਾਬ ਦੇ ਇਤਿਹਾਸ ਵਿਚ ਸ਼ਾਇਦ ਪਹਿਲੀ ਵਾਰ ਕਿਸੇ ਮੰਤਰੀ ਨੂੰ ਜੇਲਾਂ, ਖਣਨ ਅਤੇ ਸਿੱਖਿਆ ਜਿਹੇ ਤਿੰਨ ਵੱਡੇ ਮਹਿਕਮੇ ਦਿੱਤੇ ਗਏ ਹਨ। ਹੁਣ ਦੇਖਣਾ ਹੋਵੇਗਾ ਕਿ, ਕੀ ਸਿੱਖਿਆ ਮਹਿਕਮੇ ਵਿੱਚ ਜੋ ਬੀ.ਐੱਮ (ਬਲਾਕ ਮੈਂਟਰ) ਅਤੇ ਜ਼ਿਲਾ ਮੈਂਟਰ (ਡੀ.ਐੱਮ) ਦੇ ਨਾਮ ਤੇ ਸਮੁੱਚੇ ਪੰਜਾਬ ਦੇ ਸਕੂਲਾਂ ਵਿੱਚੋਂ ਜੋ ਤਕਰੀਬਨ 3500 ਅਧਿਆਪਕ ਬਾਹਰ ਕੱਢ ਕੇ ਉਨਾਂ ਨੂੰ ਦਫ਼ਤਰੀ ਬਾਬੂ ਬਣਾ ਕੇ ਸਿਰਫ ਡਾਟਾ ਇਕੱਠਾ ਕਰਨ ਅਤੇ ਸਕੂਲਾਂ ਵਿੱਚ ਛਾਪੇ ਦੌਰਾਨ ਕਥਿਤ ਤੌਰ 'ਤੇ ਸਾਥੀ ਅਧਿਆਪਕਾਂ ਉਪਰ ਰੋਅਬ ਮਾਰਨ ਲਈ ਜੋ ਅਣ-ਅਧਿਕਾਰਤ ਕਥਿਤ ਤਾਕਤਾਂ ਦਿੱਤੀਆਂ ਗਈਆਂ ਹਨ, ਕੀ ਉਨਾਂ ਨੂੰ ਵਾਪਸ ਸਕੂਲਾਂ ਵਿਚ ਭੇਜ ਕੇ ਸਕੂਲਾਂ ਵਿਚ ਪੜਾਈ ਕਰ ਰਹੇ ਵਿਦਿਆਰਥੀਆਂ ਦਾ ਭਲਾ ਕਰਨ ਬਾਰੇ ਕੁੱਝ ਸੋਚਿਆ ਜਾਵੇਗਾ ? ਕੀ ਅਧਿਆਪਕਾਂ ਦੇ ਸੈਮੀਨਾਰ ਕਰਵਾਉਣ ਦੇ ਨਾਮ 'ਤੇ ਹੋ ਰਹੀ ਸਰਕਾਰੀ ਖ਼ਜ਼ਾਨੇ ਦੀ ਲੁੱਟ ਨੂੰ ਰੋਕ ਕੇ ਹਰ ਸਕੂਲ ਵਿਚ ਮੌਜੂਦ ਐਜੂਸੈੱਟ ਪ੍ਰਣਾਲੀ ਰਾਹੀਂ ਆਨਲਾਈਨ ਸੈਮੀਨਾਰ ਕਰਵਾ ਕੇ ਸਰਕਾਰੀ ਖ਼ਜ਼ਾਨੇ ਅਤੇ ਸਮੇਂ ਦੀ ਬੱਚਤ ਕਰਨ ਵੱਲ ਕੋਈ ਧਿਆਨ ਦਿੱਤਾ ਜਾਵੇਗਾ ? ਇਸ ਤੋਂ ਇਲਾਵਾ ਹੋਰ ਵੀ ਬਹੁਤ ਵੱਡੇ ਵੱਡੇ ਸੁਧਾਰ ਸਿੱਖਿਆ ਮਹਿਕਮੇ ਵਿੱਚ ਹੋਣੇ ਬਾਕੀ ਹਨ ਜਿਨਾਂ ਦੀ ਕਿ ਆਸ ਸਮੁੱਚਾ ਅਧਿਆਪਕ ਵਰਗ, ਸਕੂਲੀ ਵਿਦਿਆਰਥੀ ਅਤੇ ਉਨਾਂ ਦੇ ਮਾਪੇ ਨਵੇਂ ਬਣੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਲਗਾ ਕੇ ਬੈਠੇ ਹਨ ਅਤੇ ਹੁਣ ਦੇਖਣਾ ਹੋਵੇਗਾ ਕਿ ਕਿੰਨੀ ਜਲਦੀ ਸਿੱਖਿਆ ਮਹਿਕਮੇ ਦੀ ਗੱਡੀ ਲੀਹ 'ਤੇ ਚੜਨ ਲਈ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਆਪਣੇ ਯਤਨ ਆਰੰਭ ਕਰਦੇ ਹਨ।

# ਭਾਰਤੀ ਜਮਹੂਰੀਅਤ ਉੱਪਰ ਸਰਵਸੱਤਾਵਾਦ ਦਾ ਡੂੰਘਾ ਹੁੰਦਾ ਪਰਛਾਵਾਂ



**ਰਣਜੀਤ ਸਿੰਘ ਕੁਕੀ**

ਭਾਰਤ ਵਿਚ ਜਮਹੂਰੀਅਤ ਦਾ ਸਫਰ ਅਜ਼ਾਦੀ ਤੋਂ ਬਾਅਦ 1975 ਤੋਂ 1977 ਤੱਕ ਇੰਦਰਾ ਗਾਂਧੀ ਦੁਆਰਾ ਐਲਾਨੀ ਗਈ ਐਮਰਜੈਂਸੀ ਦੇ ਸਮੇਂ ਨੂੰ ਛੱਡ ਕੇ ਨਿਰਵਿਘਨ ਰਿਹਾ ਹੈ।ਹੁਣ ਤੱਕ ਭਾਰਤ ਨੂੰ ਸਥਿਰ ਸੰਸਦੀ ਜਮਹੂਰੀਅਤ ਮੰਨਿਆ ਜਾਂਦਾ ਰਿਹਾ ਹੈ। 2014 ਵਿਚ ਮੋਦੀ ਸਰਕਾਰ ਦੇ ਆਉਣ ਤੋਂ ਬਾਅਦ ਜਦੋਂ ਜਮਹੂਰੀਅਤ ਦਾ ਪਤਨ ਸ਼ੁਰੂ ਹੋਇਆ, ਉਸ ਤੋਂ ਪਹਿਲਾਂ ਆਮ ਜਨਤਾ ਵਿਚ ਜਮਹੂਰੀ ਸੰਸਥਾਵਾਂ ਨੂੰ ਸਤਿਕਾਰ ਦੀ ਨਿਗਾ ਨਾਲ ਦੇਖਿਆ ਜਾਂਦਾ ਸੀ। ਸਗੋਂ ਮੋਦੀ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਹੀ ਗੁੱਟਬੰਦੀ, ਵਿਰੋਧ, ਵੇਤਨ ਨਾਬਰਾਬਰਤਾ ਅਤੇ ਭ੍ਰਿਸ਼ਟਾਚਾਰ ਜਮਹੂਰੀਅਤ ਲਈ ਖਤਰਾ ਬਣੇ ਹੋਏ ਸਨ। ਪਰ ਮੌਜੂਦਾ ਸਮੇਂ ਵਿਚ ਜਮਹੂਰੀਅਤ ਦੇ ਦਰਪੇਸ਼ ਖਤਰੇ ਅਸਲੀਅਤ ਦਾ ਰੂਪ ਧਾਰਨ ਕਰ ਚੁੱਕੇ ਹਨ ਅਤੇ ਭਾਰਤੀ ਜਮਹੂਰੀਅਤ ਦਾ ਖਾਸਾ ਵੀ ਬਦਲਾਅ ਵਿਚੋਂ ਲੰਘ ਰਿਹਾ ਹੈ।

ਅਰਾਜਕਤਾਵਾਦ ਅਤੇ ਜਮਹੂਰੀਅਤ ਹਾਸਰਸ ਅਪਣਾਉਂਦੇ ਹਨ ਜਦੋਂ ਕਿ ਸਰਵਸੱਤਾਵਾਦ ਕਬਰਾਂ ਦੀ ਚੁੱਪ ਦੀ ਮੰਗ ਕਰਦਾ ਹੈ। ਹਾਸਰਸ ਸਰਵਵਿਆਪੀ ਹੁੰਦਾ ਹੈ ਜਦੋਂ ਕਿ ਮੌਤ ਦੇ ਸਾਹਮਣੇ ਵੀ ਵਿਸਫੋਟ ਵਾਂਗ ਬਾਹਰ ਆਉਂਦਾ ਹੈ। ਇਹ ਰਾਜਨੀਤਿਕ ਅਤੇ ਸਮਾਜਿਕ ਪ੍ਰਵਚਨ (ਡਿਸਕੋਰਸ) ਲਈ ਸ਼ਕਤੀਸ਼ਾਲੀ ਹਥਿਆਰ ਹੈ ਜਿਸ ਦੀ ਉਦਾਹਰਣ ਸਾਨੂੰ ਸੁਕਰਾਤ ਤੋਂ ਮਿਲਦੀ ਹੈ।ਇਹ ਬਹੁਤ ਹੀ ਸੂਖਮ ਰੂਪ ਵਿਚ ਕੰਮ ਕਰਦਾ ਹੈ ਅਤੇ ਅਥੀਨੀਅਨ ਸਮਾਜ ਅਤੇ ਰਾਜਨੀਤੀ ਦੀ ਨਿੱਘਰ ਰਹੀ ਸਥਿਤੀ ਦਾ ਵਿਸ਼ਲੇਸ਼ਣ ਪੇਸ਼ ਕਰਦਾ ਹੈ।ਜਿਸ ਤਰਾਂ ਯੂਨਾਨ ਦੀ ਸ਼ਾਨ ਟੋਟਾ-ਟੋਟਾ ਹੋ ਕੇ ਬਿਖਰ ਗਈ, ਭਾਰਤ ਵੀ ਇਸ ਤਰਾਂ ਦੇ ਖਤਰਿਆਂ ਦਾ ਸਾਹਮਣਾ ਕਰ ਰਿਹਾ ਹੈ ਜਿਨਾਂ ਦਾ ਵਿਸਫੋਟ ਕਿਸੇ ਸਮੇਂ ਵੀ ਹੋ ਸਕਦਾ ਹੈ।ਭਾਰਤ ਦੇ ਸੰਵਿਧਾਨਿਕ ਮੂਲ ਸਿਧਾਂਤਾਂ ਨੂੰ ਹਿਲਾਇਆ ਜਾ ਰਿਹਾ ਹੈ। ਭਾਰਤੀ ਗਣਤੰਤਰ ਉੱਪਰ ਸਰਵਸੱਤਾਵਾਦ ਦਾ ਪਰਛਾਵਾਂ ਲਗਾਤਾਰ ਗਹਿਰਾ ਹੁੰਦਾ ਜਾ ਰਿਹਾ ਹੈ।

ਅਰਵਿੰਦ ਨਰਾਇਣਨ ਦੀ ਨਵੀਂ ਪੁਸਤਕ 'ਇੰਡੀਅਜ਼ ਅਨਡਿਕਲੇਅਰਡ ਐਮਰਜੈਂਸੀ : ਕੌਂਸਟੀਟਿਊਸ਼ਨਲਿਜ਼ਮ ਐਂਡ ਦ ਪੋਲਿਟਿਕਸ ਆਫ ਰਜ਼ਿਸਟੇਂਸ' ਵਿਚ ਕਿਹਾ ਗਿਆ ਹੈ ਕਿ ਭਾਰਤ ਸਰਵਸੱਤਾਵਾਦੀ ਭਵਿੱਖ ਵੱਲ ਵਧ ਰਿਹਾ ਹੈ। ਨਰਾਇਣਨ ਦਾ ਮੰਨਣਾ ਹੈ ਕਿ ਸਰਵਸੱਤਾਵਾਦੀ ਸਰਕਾਰ ਦੀਆਂ ਸ਼ਕਤੀਆਂ ਅਤੇ ਯੋਗਤਾਵਾਂ ਤਾਨਾਸ਼ਾਹੀ ਸੱਤਾ ਤੋਂ ਵੀ ਜਿਆਦਾ ਹੁੰਦੀਆਂ ਹਨ।ਸਰਵਸੱਤਾਵਾਦੀ ਸ਼ਾਸ਼ਨ ਵਿਚ ਨਾ ਸਿਰਫ ਸੱਤਾ ਉੱਪਰ ਪੂਰਣ ਨਿਯੰਤ੍ਰਣ ਹੁੰਦਾ ਹੈ, ਇਸ ਦੇ ਨਾਲ ਹੀ ਲੋਕਾਂ ਦਾ ਰਾਜਨੀਤੀਕਰਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਵਿਅਕਤੀਆਂ ਨੂੰ ਆਪਣੀਆਂ ਵਿਚਾਰਧਾਰਾ ਅਨੁਸਾਰ ਬਦਲਿਆ ਜਾਂਦਾ ਹੈ।ਇਸ ਕੋਲ ਇਹ ਸ਼ਕਤੀ ਨਾ ਸਿਰਫ ਰਾਜ ਉੱਪਰ ਪੂਰਣ ਨਿਯੰਤ੍ਰਣ ਰਾਹੀ ਆਉਂਦੀ ਹੈ ਬਲਕਿ ਸੰਸਥਾਗਤ ਢਾਂਚੇ ਵੀ ਇਸ ਵਿਚ ਮਦਦ ਕਰਦੇ ਹਨ ਜੋ ਕਿ ਸਮਾਜਿਕ ਪੱਧਰ 'ਤੇ ਵਿਚਾਰਧਾਰਕ ਪਰਿਵਰਤਨ ਲੈ ਕੇ ਆਉਣਾ ਚਾਹੁੰਦੇ ਹਨ।ਵਿਚਾਰਧਾਰਾ ਅਤੇ ਸੰਸਥਾਗਤ ਢਾਂਚੇ ਦਾ ਸੁਮੇਲ ਹੀ ਸਰਵਸੱਤਾਵਾਦ ਸ਼ਾਸਨ ਦੇ ਰੂਪ ਵਿਚ ਉੱਭਰ ਰਿਹਾ ਹੈ।

2019 ਦੀਆਂ ਚੋਣਾਂ ਵਿਚ ਆਪਣੀ ਪਾਰਟੀ ਨੂੰ ਅਗਲੇ ਪੰਜ ਸਾਲਾਂ ਲਈ ਸੁਰੱਖਿਅਤ ਕਰਕੇ ਲੋਕਾਂ ਉੱਪਰ ਦਮਨ ਹੋਰ ਜਿਆਦਾ ਵਧਾ ਦਿੱਤਾ ਗਿਆ। ਇਸ ਨਾਲ ਜਮਹੂਰੀਅਤ ਵਿਚ ਹੋਰ ਨਿਘਾਰ ਆਇਆ ਹੈ। ਵੀ-ਡੈਮ ਸੰਸਥਾ 2020 ਦੀਆਂ ਜਮਹੂਰੀਅਤ ਰਿਪੋਰਟ ਵਿਚ ਇਹ ਵਿਸ਼ਲੇਸ਼ਣ ਪੇਸ਼ ਕੀਤਾ ਗਿਆ ਕਿ 2009 ਤੋਂ 2019 ਦੇ ਵਿਚਕਾਰ ਦੇਸ਼ਾਂ ਦੀ ਜਮਹੂਰੀ ਰਾਹ ਪੰਜ ਪੱਖਾਂ ਤੋਂ ਤੈਅ ਹੁੰਦਾ ਹੈ: ਅਜ਼ਾਦ ਅਤੇ ਨਿਰਪੱਖ ਚੋਣਾਂ, ਨਾਗਰਿਕ ਸਮਾਜ ਦੀਆਂ ਸੰਸਥਾਵਾਂ ਦਾ ਦਮਨ, ਮੀਡੀਆ ਦਾ ਪੱਖਪਾਤੀ ਰਵੱਈਆ, ਅਕਾਦਮਿਕ ਅਤੇ ਸੱਭਿਆਚਾਰਕ ਵਿਚਾਰ ਦੀ ਅਜ਼ਾਦੀ ਅਤੇ ਸਰਕਾਰ ਦੁਆਰਾ ਮੀਡੀਆ ਸੰਸਥਾਵਾਂ ਨੂੰ ਸੈਂਸਰ ਕਰਨ ਦੀਆਂ ਕੋਸ਼ਿਸ਼ਾਂ। 2014 ਅਤੇ 2015 ਦੇ ਵਿਚਕਾਰ ਭਾਰਤ ਵਿਚ ਮੀਡੀਆ ਦੀ ਅਜ਼ਾਦੀ ਪੱਖੋਂ ਚਾਰ ਅੰਕਾਂ ਤੋਂ 3.30 ਤੋਂ 2 ਤੱਕ ਆ ਗਿਆ। ਭਾਰਤ ਵਿਚ ਜਮਹੂਰੀਅਤ ਦੇ ਨਿਘਾਰ ਵਿਚ ਇਕ ਕਾਰਣ ਇਸ ਦੀ ਧਾਰਮਿਕ ਅਤੇ ਸੱਭਿਆਚਾਰਕ ਵਿਭੰਨਤਾ ਹੈ ਜਿਸ ਨੂੰ ਇਸ ਦੇ ਸੰਸਥਾਪਕਾਂ ਦੁਆਰਾ ਸੰਭਾਵੀ ਖਤਰਾ ਮੰਨਿਆ ਗਿਆ।ਰਾਸ਼ਟਰੀ ਸੱਭਿਆਚਾਰ ਵਿਚ ਸਹਿਣਸ਼ੀਲਤਾ ਲਿਆਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਇਕੱਵੀ ਸਦੀ ਵਿਚ ਵੀ ਵੰਡ ਦੀਆਂ ਯਾਦਾਂ ਧੁੰਦਲੀਆਂ ਨਹੀਂ ਪਈਆਂ ਹਨ ਅਤੇ ਸਮਾਜ ਦੇ ਕੁਝ ਤਬਕਿਆਂ ਨੇ ਧਾਰਮਿਕ ਬਰਾਬਰਤਾ ਦੇ ਸਿਧਾਂਤਾਂ ਨੂੰ ਨਕਾਰ ਦਿੱਤਾ ਜਿਵੇਂ ਕਿ ਬੀਜੇਪੀ ਨੂੰ ਨਿਰੰਤਰ ਮਿਲਦੇ ਸਮਰਥਨ ਤੋਂ ਦੇਖਿਆ ਜਾ ਸਕਦਾ ਹੈ। ਜਮਹੂਰੀਅਤ ਵਿਚ ਨਿਘਾਰ ਨੂੰ ਕੱਟੜ ਪਾਰਟੀਆਂ ਨੇ ਹੋਰ ਅੱਗੇ ਵਧਾਇਆ ਹੈ ਜੋ ਕਿ ਪਛਾਣ ਦੀਆਂ ਤਰੇੜਾਂ ਉੱਪਰ ਲਗਾਤਾਰ ਜੋਰ ਦਿੰਦੀਆਂ ਹਨ। ਭਾਰਤੀ ਜਨਤਾ ਪਾਰਟੀ ਹਿੰਦੂਵਾਦੀ ਸੰਸਥਾ ਆਰ ਐਸ ਐਸ ਨਾਲ ਜੁੜੀ ਹੋਈ ਹੈ। ਭਾਵੇਂ ਕਿ ਭਾਰਤੀ ਜਮਹੂਰੀਅਤ ਵਿਚ ਧਰਮ ਨਿਰਪੱਖਤਾ ਨੂੰ ਮਜਬੂਤ ਨਾ ਕਰਨ ਲਈ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਪਰ ਇਸ ਨੇ ਬੀਜੇਪੀ ਦੀ ਤਰਾਂ ਸਿੱਧੇ ਰੂਪ ਵਿਚ ਹਿੰਸਾ ਅਤੇ ਭੇਦਭਾਵ ਵਾਲੇ ਕਾਨੂੰਨਾਂ ਨੂੰ ਲਾਗੂ ਨਹੀਂ ਕੀਤਾ। ਬੀਜੇਪੀ ਦੇ ਕਾਰਕੁੰਨ ਬਹੁਤ ਹੀ ਕੱਟੜ ਵਿਚਾਰਧਾਰਾ ਨਾਲ ਅੱਗੇ ਚੱਲ ਰਹੇ ਹਨ ਜਿਸ ਨੇ ਭਾਰਤ ਦੇ ਮੁਸਲਮਾਨਾਂ ਅਤੇ ਹੋਰ ਗੈਰ-ਹਿੰਦੂ ਭਾਈਚਾਰਿਆਂ ਵਿਚ ਉੱਥਲ-ਪੁਥਲ ਪੈਦਾ ਕਰ ਦਿੱਤੀ ਹੈ। ਨਾਗਰਿਕ ਸਮਾਜ ਦਾ ਸੁੰਘੜਦਾ ਘੇਰਾ ਹੀ ਭਾਰਤੀ ਜਮਹੂਰੀਅਤ ਲਈ ਵੱਡੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

ਜਮਹੂਰੀ ਨਿਘਾਰ ਡਾਟਾ ਡੈਸ਼ਬੋਰਡ ਨਾਗਰਿਕ ਸਮਾਜ ਉੱਪਰ ਵਧਦਾ ਰਾਜਨੀਤਿਕ ਨਿਯੰਤ੍ਰਣ ਹੀ ਜਮਹੂਰੀ ਨਿਘਾਰ ਦਾ ਵੱਡਾ ਕਾਰਣ ਹੈ।ਜਦੋਂ ਤੋਂ ਮੋਦੀ ਨੇ ਅਹੁਦਾ ਸੰਭਾਲਿਆ ਹੈ ਤਾਂ ਇਹਨਾਂ ਸੰਸਥਾਵਾਂ, ਖਾਸ ਕਰਕੇ ਮਨੁੱਖੀ ਅਧਿਕਾਰਾਂ ਅਤੇ ਸਰਕਾਰ ਦੀ ਆਲੋਚਨਾ ਕਰਨ ਵਾਲਿਆਂ, ਨੂੰ ਨਿਰੰਤਰ ਨਿਸ਼ਾਨਾ ਬਣਾਇਆ ਗਿਆ ਹੈ। ਨਾਗਰਕਿ ਸਮਾਜ ਦੀਆਂ ਸੰਸਥਾਵਾਂ ਨੂੰ ਪੰਜੀਕਰਣ ਕਰਾਉਣ ਦਾ ਮੌਕਾ ਨਹੀਂ ਦਿੱਤਾ ਜਾਂਦਾ ਅਤੇ ਉਨਾਂ ਨੂੰ ਖੁੱਲ ਕੇ ਵਿਚਰਨ ਨਹੀਂ ਦਿੱਤਾ ਜਾਂਦਾ।ਉਨਾਂ ਨੂੰ ਫੰਡਿਗ ਕਰਦੀਆਂ ਸੰਸਥਾਵਾਂ ਦੇ ਬੈਂਕ ਖਾਤਿਆਂ ਨੂੰ ਬੰਦ ਕਰ ਦਿੱਤਾ ਗਿਆ। ਉਦਾਹਰਣ ਵਜੋਂ ਗਰੀਨਪੀਸ ਇੰਡੀਆ ਦੇ ਖਾਤਿਆਂ ਨੂੰ 2015 ਵਿਚ ਬੰਦ ਕਰ ਦਿੱਤਾ ਗਿਆ ਕਿਉਂਕਿ ਉਨਾਂ ਨੇ ਖਣਨ ਅਤੇ ਨਿਊਕਲੀਅਰ ਪ੍ਰੋਜੈਕਟਾਂ ਬਾਰੇ ਰਿਪੋਰਟ ਦਿੱਤੀ ਸੀ। ਇਸੇ ਤਰਾਂ ਹੀ ਸਬਰੰਗ ਟਰੱਸਟ ਦਾ ਪੰਜੀਕਰਣ 2016 ਵਿਚ ਰੱਦ ਕਰ ਦਿੱਤਾ ਗਿਆ। ਇਸ ਸੰਸਥਾ ਨੇ 2002 ਵਿਚ ਗੁਜਰਾਤ ਦੰਗਿਆਂ ਸਮੇਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਆਲੋਚਨਾ ਕੀਤੀ ਸੀ। ਸਤੰਬਰ 2020 ਵਿਚ ਐਮਨੇਸਟੀ ਇੰਟਰਨੈਸ਼ਨਲ ਦੇ ਖਾਤਿਆਂ ਨੂੰ ਵੀ ਬੰਦ ਕਰ ਦਿੱਤਾ ਗਿਆ ਸੀ। ਐਮਨੇਸਟੀ ਨੇ ਲਗਾਤਾਰ ਸਰਕਾਰ ਦੁਆਰਾ ਅਹਿੰਸਕ ਪ੍ਰਦਰਸ਼ਨਾਂ ਨੂੰ ਦਬਾਉਣ ਅਤੇ ਕਸ਼ਮੀਰ ਵਿਚ ਰਾਜਨੀਤਿਕ ਨੇਤਾਵਾਂ ਅਤੇ ਪੱਤਰਕਾਰਾਂ ਨੂੰ ਕੈਦ ਕਰਨ ਸੰਬੰਧੀ ਰਿਪੋਰਟਾਂ ਦਿੱਤੀਆਂ ਸਨ। ਸੰਸਥਾ ਇਹ ਦਾਅਵਾ ਕਰਦੀ ਹੈ ਕਿ ਇਸ ਦੇ ਖਾਤਿਆਂ ਨੂੰ ਬੰਦ ਕਰਨ ਤੋਂ ਪਹਿਲਾਂ ਵੀ ਇਸ ਨੂੰ ਸਰਕਾਰ ਦੁਆਰਾ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਇਨਾਂ ਸੰਸਥਾਵਾਂ ਨੂੰ 'ਰਾਸ਼ਟਰੀ ਹਿੱਤਾਂ ਦੇ ਵਿਰੁੱਧ' ਅਤੇ 'ਪੱਛਮੀ ਤਾਕਤਾਂ ਦੇ ਏਜੰਟ' ਕਹਿ ਕੇ ਭੰਡਿਆ ਗਿਆ।

ਭਾਰਤ ਵਿਚ ਜਮਹੂਰੀਅਤ ਦਾ ਨਿਘਾਰ ਮੀਡੀਆ ਦੇ ਦਮਨ ਦੇ ਰੂਪ ਵਿਚ ਸਾਹਮਣੇ ਆਇਆ ਹੈ। ਸਰਕਾਰ ਅਤੇ ਮੀਡੀਆ ਘਰ ਆਪਸੀ ਜੁਗਲਬੰਦੀ ਵਿਚ ਵੀ ਕੰਮ ਕਰ ਰਹੇ ਹਨ ਅਤੇ ਇਹ ਪ੍ਰੈਸ ਦੀ ਅਜ਼ਾਦੀ ਉੱਪਰ ਵੀ ਸ਼ੱਕ ਪੈਦਾ ਕਰਦਾ ਹੈ। ਜੋ ਵੀ ਵਿਚਾਰ ਹਿੰਦੂ ਵਿਚਾਰਧਾਰਾ ਦੇ ਵਿਰੋਧ ਵਿਚ ਹੁੰਦੇ ਹਨ ਉਨਾਂ ਨੂੰ ਚੁੱਪ ਕਰਵਾ ਦਿੱਤਾ ਜਾਂਦਾ ਹੈ। ਬੀਜੇਪੀ ਦੇ ਸਮਰਥਕ ਚੈਨਲ ਸਰਕਾਰ ਦੀ ਆਲੋਚਨਾ ਕਰਨ ਵਾਲਿਆਂ ਨੂੰ ਰਾਸ਼ਟਰ ਵਿਰੋਧੀ ਗਰਦਾਨ ਦਿੰਦੇ ਹਨ। ਜਮਹੂਰੀਅਤ ਦਾ ਨਿਘਾਰ ਸਿਵਲ ਅਜ਼ਾਦੀ ਦੇ ਦਮਨ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਪਹਿਲਾ, ਬੋਲਣ ਦੀ ਅਜ਼ਾਦੀ ਨੂੰ ਲਗਾਤਾਰ ਨੱਪਿਆ ਜਾ ਰਿਹਾ ਹੈ।ਵਿਰੋਧੀ ਅਵਾਜ਼ਾਂ ਵੀ ਡਰ ਵਿਚ ਵਿਚਰ ਰਹੀਆਂ ਹਨ।ਇੰਟਰਨੈਟ ਦੀ ਅਜ਼ਾਦੀ ਨੂੰ ਵੀ ਦੱਬਿਆ ਜਾ ਰਿਹਾ ਹੈ।ਸਰਕਾਰ ਸੋਸ਼ਲ਼ ਮੀਡੀਆ ਦੀ ਲਗਾਤਾਰ ਸੰਘੀ ਘੁੱਟ ਰਹੀ ਹੈ। 2015 ਤੋਂ ਹੁਣ ਤੱਕ ਅਸਾਮ ਦੇ ਨਾਗਰਿਕਾਂ ਨੂੰ ਸਾਬਿਤ ਕਰਨਾ ਪੈ ਰਿਹਾ ਹੈ ਕਿ ਉਹ ਭਾਰਤ ਵਿਚ ਮਾਰਚ 1971 ਤੋਂ ਪਹਿਲਾਂ ਆ ਕੇ ਵਸੇ ਸਨ ਜਦੋਂ ਬੰਗਲਾਦੇਸ਼ ਪਾਕਿਸਤਾਨ ਤੋਂ ਵੱਖ ਹੋਇਆ ਸੀ।ਹਾਲਾਂਕਿ ਇਸ ਦਾ ਉਦੇਸ਼ ਨਜ਼ਾਇਜ ਪਰਵਾਸੀਆਂ ਦੀ ਆਮਦ ਨੂੰ ਰੋਕਣਾ ਹੈ, ਪਰ ਦੋ ਮਿਲੀਅਨ ਤੋਂ ਜਿਆਦਾ ਅਸਾਮੀ ਅਤੇ ਬੰਗਾਲੀ ਮੁਸਲਮਾਨ ਨਾਗਰਿਕਤਾ ਦਾ ਹੱਕ ਖੋਹਣ ਦੇ ਕੰਢੇ 'ਤੇ ਹਨ। ਮੋਦੀ ਸਰਕਾਰ ਤੋਂ ਬਾਅਦ ਵਿਦਿਆਰਥੀਆਂ, ਅਕਾਦਮਿਕਾਂ ਅਤੇ ਕਾਰਕੁੰਨਾਂ ਉੱਪਰ ਲਗਾਤਾਰ ਦਬਾਅ ਵਧ ਰਿਹਾ ਹੈ।ਰਸਸ ਨੇ ਅਕਾਦਮਿਕ ਅਜ਼ਾਦੀ ਨੂੰ ਕਮਜ਼ੋਰ ਕਰਨ ਲਈ ਬਹੁਤ ਸਾਰੇ ਕੈਂਪਸਾਂ ਵਿਚ ਹਮਲੇ ਕਰਵਾਏ ਹਨ। ਬੀਜੇਪੀ ਦੇ ਵਿਰੁੱਧ ਸਮਝੇ ਜਾਂਦੇ ਮੁੱਦਿਆਂ ਬਾਰੇ ਅਕਾਦਮਿਕ ਹਲਕਿਆਂ ਵਿਚ ਵਿਚਾਰ ਕਰਨਾ ਖਤਰਨਾਕ ਮੰਨਿਆ ਜਾਂਦਾ ਹੈ। ਭਾਰਤੀ ਜਮਹੂਰੀਅਤ ਦੀਆਂ ਸੰਸਥਾਵਾਂ ਲਗਾਤਾਰ ਖਤਮ ਹੋ ਰਹੀਆਂ ਹਨ। ਨਾ ਸਿਰਫ ਚੋਣਾਂ ਵਿਚ ਜਿੱਤ ਕਰਕੇ ਬਲਕਿ ਹੋਰ ਬਦਲਾਆਂ ਕਰਕੇ ਕਾਰਜਪਾਲਿਕਾ ਵੀ ਮੋਦੀ ਸਰਕਾਰ ਦੇ ਨਿਯੰਤ੍ਰਣ ਹੇਠ ਆ ਗਈ ਹੈ। 1985 ਵਿਚ ਦਲ-ਬਦਲੀ ਦੇ ਵਿਰੁੱਧ ਕਾਨੂੰਨ ਪਾਸ ਕੀਤਾ ਗਿਆ ਸੀ ਤਾਂ ਕਿ ਇਕ ਪਾਰਟੀ ਤੋਂ ਦੂਜੀ ਪਾਰਟੀ ਵਿਚ ਛਾਲ ਮਾਰਨ ਦੀ ਪਿਰਤ ਨੂੰ ਰੋਕਿਆ ਜਾ ਸਕੇ। ਮੋਦੀ ਸਰਕਾਰ ਵਿਚ ਇਸੇ ਹੀ ਕਾਨੂੰਨ ਨੂੰ ਮੈਂਬਰਾਂ ਉੱਪਰ ਦਬਾਅ ਵਧਾਉਣ ਲਈ ਵਰਤਿਆ ਜਾ ਰਿਹਾ ਹੈ। ਇਸੇ ਦਬਾਅ ਕਰਕੇ ਵੀ ਉਹ ਬੀਜੇਪੀ ਦੀਆਂ ਨੀਤੀਆਂ ਦਾ ਸਮਰਥਨ ਵੀ ਕਰਦੇ ਹਨ। **ਬਾਕੀ ਸਫ਼ਾ 31 'ਤੇ**

# ਬਾਦਲ ਪਰਿਵਾਰ ਦਾ ਵਿਰੋਧ ਬਨਾਮ ਇਆਲੀ ਦਾ ਪੰਥਕ ਸਟੈਂਡ

**ਰਜਿੰਦਰ ਸਿੰਘ ਪੁਰੇਵਾਲ**

ਮੁੱਲਾਂਪੁਰ ਦਾਖਾ ਤੋਂ ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਵੱਲੋਂ ਰਾਸ਼ਟਰਪਤੀ ਦੀ ਚੋਣ 'ਵਿਚ ਐੱਨਡੀਏ ਦੇ ਉਮੀਦਵਾਰ ਨੂੰ ਵੋਟ ਨਾ ਪਾਉਣ ਦਾ ਫ਼ੈਸਲਾ ਕੋਈ ਛੋਟੀ ਘਟਨਾ ਨਹੀਂ ਹੈ। ਇਹ ਸਿੱਧੇ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੂੰ ਚੁਣੌਤੀ ਹੈ। ਅਜਿਹੀ ਚੁਣੌਤੀ ਪੰਜਾਬ ਵਿਧਾਨ ਸਭਾ ਚੋਣਾਂ ਤੇ ਸੰਗਰੂਰ ਲੋਕ ਸਭਾ ਦੀ ਜ਼ਿਮਨੀ ਚੋਣ ਦੇ ਨਤੀਜਿਆਂ ਵਿਚ ਮਿਲੀ ਕਰਾਰੀ ਹਾਰ ਤੋਂ ਬਾਅਦ ਵੀ ਮਿਲੀ ਸੀ ਪਰ ਤਦ ਇਹ ਮਾਮਲਾ ਦਬਾ ਦਿੱਤਾ ਗਿਆ ਸੀ। ਤਦ ਸੁਖਬੀਰ ਬਾਦਲ ਨੇ ਪ੍ਰੈੱਸ ਕਾਨਫਰੰਸ ਤੇ ਇੰਟਰਵਿਊ ਦੌਰਾਨ ਵੀ ਸਪੱਸ਼ਟ ਕਿਹਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਵਿਚ 'ਸਭ ਅੱਛਾ ਹੈ' ਅਤੇ ਪਾਰਟੀ ਵਿਚ ਕੋਈ ਸਮੱਸਿਆ ਨਹੀਂ ਹੈ।ਵਿਧਾਨ ਸਭਾ ਚੋਣਾਂ ਵਿਚ ਵੱਡੀ ਹਾਰ ਤੋਂ ਬਾਅਦ ਅਕਾਲੀ ਦਲ ਅੰਦਰਲਾ ਸੰਕਟ ਹੋਰ ਗੰਭੀਰ ਹੁੰਦਾ ਨਜ਼ਰ ਆ ਰਿਹਾ ਹੈ, ਜਿਸ ਕਾਰਨ ਮੌਜੂਦਾ ਬਾਦਲ ਪਰਿਵਾਰ ਦੀ ਲੀਡਰਸ਼ਿਪ ਨੂੰ ਸਥਾਪਿਤ ਰੱਖਣ ਦੀਆਂ ਕੋਸ਼ਿਸ਼ਾਂ ਨੂੰ ਵੀ ਧੱਕਾ ਲੱਗ ਸਕਦਾ ਹੈ। ਸ. ਇਯਾਲੀ  ਦਾ ਮੰਨਣਾ ਹੈ ਕਿ ਦੇਸ਼ ਵਿਚ ਕਾਂਗਰਸ ਨੇ ਲੰਬਾ ਸਮਾਂ ਰਾਜ ਕੀਤਾ ਪਰ ਉਨਾਂ ਵਲੋਂ ਸਿੱਖਾਂ ਤੇ ਪੰਜਾਬੀਆਂ ਦੀਆਂ ਦੇਸ਼ ਪ੍ਰਤੀ ਵੱਡੀਆਂ ਕੁਰਬਾਨੀਆਂ ਤੇ ਯੋਗਦਾਨ ਦੇ ਬਾਵਜੂਦ ਪੰਜਾਬ ਤੇ ਸਿੱਖਾਂ ਨਾਲ ਜੋ ਧੱਕੇ ਤੇ ਬੇਇਨਸਾਫ਼ੀਆਂ ਕੀਤੀਆਂ ਉਨਾਂ ਦਾ ਲੰਬਾ ਇਤਿਹਾਸ ਹੈ, ਜਿਸ ਕਾਰਨ ਉਨਾਂ ਨੂੰ ਸਮਰਥਨ ਦੇਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਭਾਜਪਾ ਤੋਂ ਸਾਨੂੰ ਬਹੁਤ ਵੱਡੀਆਂ ਆਸਾਂ ਤੇ ਉਮੀਦਾਂ ਸਨ, ਪ੍ਰੰਤੂ ਸੱਤਾ ਵਿਚ ਆਉਣ ਤੋਂ ਬਾਅਦ ਉਨਾਂ ਵੀ ਸਾਡਾ ਕੋਈ ਮਸਲਾ ਹੱਲ ਨਹੀਂ ਕੀਤਾ, ਇਸ ਲਈ ਭਾਵੇਂ ਸਾਡੀ ਲੀਡਰਸ਼ਿਪ ਦੀਆਂ ਕਮੀਆਂ ਵੀ ਰਹੀਆਂ ਹੋਣ ਜਾਂ ਨਿੱਜੀ ਸਵਾਰਥ ਵੀ ਜ਼ਿੰਮੇਵਾਰ ਹੋ ਸਕਦੇ ਹਨ। ਮੇਰਾ ਚੋਣ ਦੇ ਬਾਈਕਾਟ ਦਾ ਫ਼ੈਸਲਾ ਸਿੱਖਾਂ ਤੇ ਪੰਜਾਬੀਆਂ ਦੇ ਮੁੱਦਿਆਂ ਨੂੰ ਲੈ ਕੇ ਹੈ। ਉਨਾਂ ਦਾ ਕਹਿਣਾ ਸੀ ਕਿ ਚੰਡੀਗੜ ਵਿਚ ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਲਈ ਜਗਾ ਦੇਣਾ, ਪੰਜਾਬ ਯੂਨੀਵਰਸਿਟੀ ਦਾ ਕੇਂਦਰੀਕਰਨ, ਚੰਡੀਗੜ ਦੇ ਮੁਲਾਜ਼ਮਾਂ 'ਤੇ ਕੇਂਦਰੀ ਨਿਯਮ ਲਾਗੂ ਕਰਨਾ, ਭਾਖੜਾ ਬਿਆਸ ਪ੍ਰਬੰਧਕੀ ਬੋਰਡ ਵਿਚੋਂ ਪੰਜਾਬੀਆਂ ਨੂੰ ਬਾਹਰ ਦਾ ਰਸਤਾ ਵਿਖਾਉਣ ਅਤੇ ਸਤਲੁਜ-ਯਮੁਨਾ ਲਿੰਕ ਨਹਿਰ ਤੇ ਬੰਦੀ ਸਿੱਖਾਂ ਸੰਬੰਧੀ ਗੀਤਾਂ 'ਤੇ ਭਾਜਪਾ ਸਰਕਾਰ ਦੇ ਪਾਬੰਦੀਆਂ ਦੇ ਫ਼ੈਸਲੇ ਪੰਜਾਬ ਵਿਰੋਧੀ ਹਨ। ਸ. ਇਯਾਲੀ ਨੇ ਕਿਹਾ ਕਿ ਭਾਜਪਾ ਅਗਰ ਸਿੱਖਾਂ ਤੇ ਪੰਜਾਬੀਆਂ ਦਾ ਸਮਰਥਨ ਲੈਣਾ ਚਾਹੁੰਦੀ ਹੈ ਤਾਂ ਉਸ ਨੂੰ ਪੰਜਾਬੀਆਂ ਤੇ ਸਿੱਖਾਂ ਦੇ ਮਸਲੇ ਵੀ ਹੱਲ ਕਰਨੇ ਪੈਣਗੇ। ਉਨਾਂ ਕਿਹਾ ਕਿ ਅਕਾਲੀ ਦਲ ਲਈ ਅੱਜ ਜੋ ਹਾਲਾਤ ਬਣੇ ਹੋਏ ਹਨ, ਜਿੱਥੇ ਉਸ ਕੋਲ ਪੰਜਾਬ ਵਿਚ ਕੇਵਲ ਤਿੰਨ ਵਿਧਾਇਕ ਹੀ ਰਹਿ ਗਏ ਹਨ, ਉਸ ਲਈ ਪਾਰਟੀ ਦੀਆਂ ਗ਼ਲਤੀਆਂ ਤੇ ਗ਼ਲਤ ਫ਼ੈਸਲੇ ਵੀ ਜ਼ਿੰਮੇਵਾਰ ਹਨ ਅਤੇ ਪਾਰਟੀ ਨੂੰ ਦੁਬਾਰਾ ਮਜ਼ਬੂਤੀ ਦੇਣ ਤੇ ਪੈਰਾਂ 'ਤੇ ਖੜਾ ਕਰਨ ਲਈ ਪੰਜਾਬੀਆਂ ਤੇ ਸਿੱਖਾਂ ਦੀਆਂ ਭਾਵਨਾਵਾਂ ਅਨੁਸਾਰ ਕੰਮ ਕਰਨਾ ਹੋਵੇਗਾ। ਸ. ਇਯਾਲੀ ਨੇ ਕਿਹਾ ਕਿ ਦਲ ਦੇ ਪ੍ਰਧਾਨ ਵਲੋਂ ਸ. ਇਕਬਾਲ ਸਿੰਘ ਝੂੰਦਾ ਦੀ ਅਗਵਾਈ ਵਿਚ ਹਾਰ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਜੋ ਕਮੇਟੀ ਬਣਾਈ ਉਸ ਵਿਚ ਕੋਈ 100 ਵਿਧਾਨ ਸਭਾ ਦੇ ਹਲਕਿਆਂ 'ਚ ਜਾ ਕੇ ਜੋ ਰਿਪੋਰਟ ਪਾਰਟੀ ਨੂੰ ਦਿੱਤੀ ਤੇ ਸਿਫ਼ਾਰਸ਼ਾਂ ਕੀਤੀਆਂ ਉਸ 'ਤੇ ਅਮਲ ਹੋਣਾ ਚਾਹੀਦਾ ਹੈ ਅਤੇ ਲੀਡਰਸ਼ਿਪ ਵਿਚ ਤਬਦੀਲੀਆਂ ਵੀ ਲਿਆਂਦੀਆਂ ਜਾਣ। ਸ. ਇਯਾਲੀ ਨੇ ਕਿਹਾ ਕਿ ਕੇਂਦਰ ਵਲੋਂ ਸਾਡੇ ਮਸਲਿਆਂ ਦੇ ਹੱਲ ਸੰਬੰਧੀ ਕਿਸੇ ਭਰੋਸੇ ਤੋਂ ਬਿਨਾਂ ਵੋਟ ਦੇਣ ਦੀ ਮੇਰੀ ਆਤਮਾ ਇਜਾਜ਼ਤ ਨਹੀਂ ਦਿੰਦੀ। ਉਨਾਂ ਕਿਹਾ ਕਿ ਅਕਾਲੀ ਦਲ ਤੋਂ ਪੰਜਾਬੀਆਂ ਤੇ ਸਿੱਖਾਂ ਨੂੰ ਵੱਡੀਆਂ ਆਸਾਂ ਹਨ ਅਤੇ ਇਹ ਇਸ ਖ਼ਿੱਤੇ ਦੀ ਖੇਤਰੀ ਪਾਰਟੀ ਹੈ ਅਤੇ ਸਾਨੂੰ ਪਾਰਟੀ ਦੇ ਵੱਕਾਰ ਨੂੰ ਬਹਾਲ ਕਰਨ ਅਤੇ ਦੁਬਾਰਾ ਪੈਰਾਂ ਸਿਰ ਖੜਾ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

ਸਿਆਸੀ ਤੇ ਪੰਥਕ ਹਲਕਿਆਂ ਵਲੋਂ ਸ. ਮਨਪ੍ਰੀਤ ਸਿੰਘ ਇਯਾਲੀ ਦੇ ਇਸ ਸਿਆਸੀ ਧਮਾਕੇ ਨੂੰ ਕਾਫ਼ੀ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ, ਕਿਉਂਕਿ ਹੁਣ ਪਾਰਟੀ ਵਿਚੋਂ ਕੁਝ ਟਕਸਾਲੀ ਤੇ ਬਜ਼ੁਰਗ ਆਗੂਆਂ ਹੀ ਲੀਡਰਸ਼ਿਪ ਵਿਰੁੱਧ ਖੜੇ ਹੋਏ ਸਨ, ਲੇਕਿਨ ਸ. ਇਯਾਲੀ ਨੌਜਵਾਨ ਲੀਡਰਸ਼ਿਪ ਦੀ ਨੁਮਾਇੰਦਗੀ ਕਰਦੇ ਹਨ ਅਤੇ ਪਾਰਟੀ ਦੇ ਮਜ਼ਬੂਤ ਤੇ ਪ੍ਰਵਾਨਿਤ ਚਿਹਰੇ ਵੀ ਹਨ। ਝੂੰਦਾਂ ਕਮੇਟੀ ਦੀ ਰਿਪੋਰਟ ਜਿਸ ਵਿਚ ਪਾਰਟੀ ਪ੍ਰਤੀ ਵਧੀ ਨਿਰਾਸ਼ਤਾ ਦੇ ਕਾਰਨਾਂ ਨੂੰ ਵਿਸਥਾਰ ਵਿਚ ਬਿਆਨ ਕੀਤਾ ਗਿਆ ਸੀ ਅਤੇ ਮੌਜੂਦਾ ਸਥਾਪਿਤ ਲੀਡਰਸ਼ਿਪ ਨੂੰ ਪਰਾਂ ਕਰਨ ਦੀ ਗੱਲ ਵੀ ਕਹੀ ਗਈ ਸੀ, ਨੂੰ ਪਾਰਟੀ ਵਿਚ ਹੁਣ ਤਕ ਨਾ ਤਾਂ ਵਿਚਾਰਿਆ ਗਿਆ ਹੈ ਅਤੇ ਨਾ ਹੀ ਉਸ ਸੰਬੰਧੀ ਮੂੰਹ ਖੋਲਿਆ ਜਾ ਰਿਹਾ ਹੈ। ਇਆਲੀ ਦੀ ਬਗਾਵਤ ਨਾਲ ਬਾਦਲ ਪਰਿਵਾਰ ਦੀ ਲੀਡਰਸ਼ਿਪ ਨੂੰ ਧੱਕਾ ਲੱਗਣ ਦੀ ਸੰਭਾਵਨਾ ਹੈ। ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਹ 14 ਦਸੰਬਰ 1920 ਨੂੰ ਸਥਾਪਤ ਹੋਇਆ ਉਹੀ ਸ਼੍ਰੋਮਣੀ ਅਕਾਲੀ ਦਲ ਹੈ ਜਿਸ ਦੇ ਪ੍ਰਧਾਨ ਕਦੇ ਸਰਮੁਖ ਸਿੰਘ ਝਬਾਲ, ਬਾਬਾ ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਜਿਹੀਆਂ ਸ਼ਖ਼ਸੀਅਤਾਂ ਰਹਿ ਚੁੱਕੀਆਂ ਹਨ? ਪ੍ਰਕਾਸ਼ ਸਿੰਘ ਬਾਦਲ ਤੋਂ ਬਾਅਦ ਜਦ ਤੋਂ ਪਾਰਟੀ ਦੀ ਵਾਗਡੋਰ ਉਨਾਂ ਦੇ ਪੁੱਤਰ ਦੇ ਹੱਥਾਂ 'ਚ ਗਈ, ਤਦ ਤੋਂ ਪਾਰਟੀ ਨੂੰ ਕਈ ਵਾਰ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਣਜੀਤ ਸਿੰਘ ਬ੍ਰਹਮਪੁਰਾ ਵਰਗੀਆਂ ਸ਼ਖ਼ਸੀਅਤਾਂ ਤਾਂ ਚਲੋ ਪਾਰਟੀ ਵਿਚ ਵਾਪਸ ਆ ਗਈਆਂ ਪਰ ਕਿਸੇ ਵੇਲੇ ਪਾਰਟੀ ਦੇ ਥੰਮ ਰਹੇ ਸੁਖਦੇਵ ਸਿੰਘ ਢੀਂਡਸਾ ਜਿਹੇ ਆਗੂ ਨਹੀਂ ਪਰਤੇ। ਪੰਜਾਬੀ ਸੂਬੇ ਦੀ ਸਥਾਪਤੀ ਲਈ ਮੋਰਚੇ ਲਾਉਣ ਵਾਲਾ ਅਕਾਲੀ ਦਲ ਅੱਜ ਇੰਨਾ ਬੇਵੱਸ ਕਿਉਂ ਹੋ ਗਿਆ ਹੈ? ਪਾਰਟੀ ਅੰਦਰ ਰਹਿ ਕੇ ਇੰਨਾ ਖੁੱਲ ਕੇ ਬੋਲਣ ਵਾਲੇ ਸ਼ਾਇਦ ਮਨਪ੍ਰੀਤ ਸਿੰਘ ਇਯਾਲੀ ਇੱਕੋ-ਇੱਕ ਅਕਾਲੀ ਲੀਡਰ ਹਨ। ਉਨਾਂ ਨੇ ਪਾਰਟੀ ਦੇ ਹੇਠਲੇ ਕਾਡਰ ਦੇ ਮਨ ਦੀ ਗੱਲ ਕੀਤੀ ਹੈ। ਇਸ ਲਈ ਤਦ ਕੋਈ ਹੈਰਾਨੀ ਨਹੀਂ ਹੋਵੇਗੀ ਜੇ ਕੱਲ ਨੂੰ ਮਨਪ੍ਰੀਤ ਸਿੰਘ ਇਯਾਲੀ ਵਰਗੇ ਕਿਸੇ ਵਿਅਕਤੀ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਾਉਣ ਦੀ ਮੰਗ ਵੀ ਉੱਠ ਖਲੋਵੇ। ਅਕਾਲੀ ਦਲ ਲਈ ਇਹ ਚਿੰਤਾ ਹੀ ਨਹੀਂ ਚਿੰਤਨ ਦਾ ਵੀ ਵੇਲਾ ਹੈ। ਪ੍ਰਕਾਸ਼ ਸਿੰਘ ਬਾਦਲ ਸਮੇਤ ਹੋਰ ਸੀਨੀਅਰ ਆਗੂਆਂ ਨੂੰ ਸਿਰ ਜੋੜ ਕੇ ਬੈਠਣਾ ਹੋਵੇਗਾ ਅਤੇ ਇਹ ਵਿਚਾਰ ਕਰਨਾ ਹੋਵੇਗਾ ਕਿ ਉਸ ਦੇ ਹੱਥੋਂ ਪੰਥਕ ਆਧਾਰ ਦਾ ਲਗਾਤਾਰ ਕਿਰਦੇ ਜਾਣ ਦਾ ਕੀ ਵੱਡਾ ਕਾਰਨ ਹੈ?

ਯਾਦ ਰਹੇ ਕਿ ਪਿਛਲੇ ਦਿਨੀਂ ਜਗਮੀਤ ਸਿੰਘ ਨੇ ਵੀ ਲੀਡਰਸ਼ਿਪ ਵਿਚ ਤਬਦੀਲੀ ਦਾ ਮੁੱਦਾ ਉਠਾਇਆ ਸੀ। ਕੁਝ ਦਿਨ ਪਹਿਲਾਂ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾ ਨੇ ਵੀ ਅਕਾਲੀ ਆਗੂਆਂ ਦੀ ਅਗਵਾਈ 'ਤੇ ਸੁਆਲ ਉਠਾਏ ਸਨ। ਸ਼੍ਰੋਮਣੀ ਅਕਾਲੀ ਦਲ ਨੂੰ ਆਪਣੇ ਆਗੂਆਂ ਵਿਚ ਫੈਲੀ ਬੇਚੈਨੀ ਦਾ ਸਾਹਮਣਾ ਕਰਨਾ ਪੈਣਾ ਹੈ।

# ਕੈਨੇਡੀਅਨ ਰਿਪੁਦਮਨ ਸਿੰਘ ਮਲਿਕ ਦਾ ਜੀਵਨ ਇਕ ਬੁਝਾਰਤ ਤੇ ਉਸਦੀ ਹੱਤਿਆ ਇਕ ਰਹੱਸ

## 1985 ਵਿੱਚ ਏਅਰ ਇੰਡੀਆ ਦਾ ਕਨਿਸ਼ਕ ਕਾਂਡ ਕੈਨੇਡਾ ਅਤੇ ਭਾਰਤ ਵਿੱਚ ਇੱਕ ਬੁਝਾਰਤ ਬਣਿਆ ਹੋਇਐ

**ਸਰਬਜੀਤ ਕੌਰ ਸਰਬ**

ਕੈਨੇਡਾ ਵਿੱਚ 14 ਜੁਲਾਈ ਨੂੰ ਗੋਲੀ ਮਾਰ ਕੇ ਕਤਲ ਕੀਤੇ ਗਏ ਸਿੱਖ ਰਿਪੁਦਮਨ ਸਿੰਘ ਮਲਿਕ ਹਮੇਸ਼ਾ ਹੀ ਵਿਵਾਦਾਂ ਵਿੱਚ ਘਿਰੇ ਰਹਿੰਦੇ ਸਨ। ਪਾਕਿਸਤਾਨ ਵਿੱਚ ਪੈਦਾ ਹੋਇਆ ਅਤੇ ਪੰਜਾਬ ਦੇ ਫਿਰੋਜ਼ਪੁਰ ਜ਼ਿਲੇ ਵਿੱਚ ਵੱਡਾ ਹੋਇਆ ਮਲਿਕ ਸ਼ੁਰੂ ਵਿੱਚ ਯੂਕੇ ਚਲਾ ਗਿਆ ਸੀ ਪਰ ਛੇਤੀ ਹੀ ਕੈਨੇਡਾ ਚਲਾ ਗਿਆ। ਜਦੋਂ ਕਿ ਸਿੱਖ ਭਾਈਚਾਰੇ ਵਿੱਚ ਉਸਦਾ ਵਿੱਤੀ ਪ੍ਰਭਾਵ ਅਤੇ ਸਮਾਜਿਕ ਰੁਤਬਾ ਵਧਿਆ ਇਸ ਦੇ ਨਾਲ ਹੀ ਉਹ ਕਈ ਵਿਵਾਦਾਂ ਵਿੱਚ ਉਲਝਿਆ ਰਿਹਾ, 75 ਸਾਲਾ ਰਿਪੁਦਮਨ ਸਿੰਘ ਮਲਿਕ ’ਤੇ 23 ਜੂਨ, 1985 ਨੂੰ ਫਲਾਈਟ ਏਆਈ 182 ਦੇ ਅੱਤਵਾਦੀ ਬੰਬ ਧਮਾਕੇ ਵਿਚ ਸ਼ਾਮਲ ਹੋਣ ਦਾ ਦੋਸ਼ ਸੀ, ਜਿਸ ਵਿਚ ਸਵਾਰ 329 ਯਾਤਰੀਆਂ ਅਤੇ ਚਾਲਕ ਦਲ ਦੇ ਮੈਂਬਰਾਂ ਦੀ ਜਾਨ ਗਈ ਸੀ। ਹਾਲਾਂਕਿ 2005 ਵਿੱਚ ਕੈਨੇਡਾ ਦੀ ਇੱਕ ਅਦਾਲਤ ਨੇ ਉਸਨੂੰ ਬਰੀ ਕਰ ਦਿੱਤਾ ਸੀ।

ਕੈਨੇਡਾ ਦੇ ਇਤਿਹਾਸ ਵਿੱਚ ਸਭ ਤੋਂ ਘਾਤਕ ਹਮਲਿਆਂ ਵਿੱਚੋਂ ਇੱਕ, ਏਅਰ ਇੰਡੀਆ ਬੰਬ ਧਮਾਕਾ ਸੀ ਜਿਸ ਵਿੱਚ 268 ਕੈਨੇਡੀਅਨਾਂ ਦੀ ਜਾਨ ਗਈ, ਇਸ ਘਟਨਾ ਨੂੰ ਕਨਿਸ਼ਕ ਬੰਬ ਕਾਂਡ ਵੀ ਕਿਹਾ ਜਾਂਦਾ ਹੈ। ਕਨਿਸ਼ਕ ਬੰਬ ਕਾਂਡ 23 ਜੂਨ, 1985 ਨੂੰ, ਮਾਂਟਰੀਅਲ ਤੋਂ ਲੰਡਨ ਲਈ ਉਡਾਣ ਭਰਨ ਵਾਲੀ ਏਅਰ ਇੰਡੀਆ ਫਲਾਈਟ 182 ਵਿੱਚ ਇੱਕ ਬੰਬ ਵਿਸਫੋਟ ਹੋਇਆ, ਜਿਸ ਦੀ ਆਖਰੀ ਮੰਜ਼ਿਲ ਨਵੀਂ ਦਿੱਲੀ ਸੀ। ਇਹ ਇੱਕ ਬੋਇੰਗ 747 ਚੌੜੇ ਸਰੀਰ ਵਾਲਾ ਜੰਬੋ ਜੈੱਟ ਸੀ, ਜਿਸਦਾ ਨਾਮ ਕਨਿਸ਼ਕ ਸੀ। ਇਹ ਆਇਰਿਸ਼ ਹਵਾਈ ਖੇਤਰ ਵਿੱਚ ਅਟਲਾਂਟਿਕ ਮਹਾਂਸਾਗਰ ਦੇ ਉੱਪਰ ਫਟ ਗਿਆ ਜਦੋਂ ਜਹਾਜ਼ 31,000 ਫੁੱਟ ਦੀ ਉਚਾਈ ’ਤੇ ਜਾ ਰਿਹਾ ਸੀ, ਜਿਸ ਵਿੱਚ ਸਵਾਰ ਸਾਰੇ 329 ਲੋਕ ਮਾਰੇ ਗਏ–268 ਕੈਨੇਡੀਅਨ ਨਾਗਰਿਕ, ਜਿਨਾਂ ਵਿੱਚੋਂ ਬਹੁਤ ਸਾਰੇ ਭਾਰਤੀ ਮੂਲ ਦੇ ਸਨ, 27 ਬ੍ਰਿਟਿਸ਼ ਅਤੇ 24 ਭਾਰਤੀ ਸਨ। ਇੱਕ ਹੋਰ ਬੰਬ ਵੈਨਕੂਵਰ ਵਿੱਚ ਨਰੀਤਾ, ਟੋਕੀਓ ਲਈ ਕੈਨੇਡੀਅਨ ਪੈਸੀਫਿਕ ਫਲਾਈਟ ਵਿੱਚ ਚੈੱਕ ਇਨ ਕੀਤਾ ਗਿਆ ਸੀ, ਜੋ ਕਿ ਬੈਂਕਾਕ ਅਤੇ ਫਿਰ ਭਾਰਤ ਲਈ ਨਿਰਧਾਰਿਤ ਏਅਰ ਇੰਡੀਆ ਦੀ ਫਲਾਈਟ 19 310 ਵਿੱਚ ਤਬਦੀਲ ਕੀਤਾ ਜਾਣਾ ਸੀ। ਇਹ ਬੰਬ ਨਾਰੀਤਾ ਹਵਾਈ ਅੱਡੇ ਦੇ ਬੈਗੇਜ ਹੈਂਡਲਿੰਗ ਰੂਮ ਵਿੱਚ ਸਮੇਂ ਤੋਂ ਪਹਿਲਾਂ ਹੀ ਫਟ ਗਿਆ, ਜਿਸ ਨਾਲ ਦੋ ਸਮਾਨ ਸੰਭਾਲਣ ਵਾਲੇ ਮਾਰੇ ਗਏ। ਕਿਉਂਕਿ ਦੋਵੇਂ ਬੰਬ ਧਮਾਕੇ ਆਪਸ ਵਿੱਚ ਜੁੜੇ ਹੋਏ ਸਨ, ਉਹਨਾਂ ਨੂੰ ਕਨਿਸ਼ਕ ਬੰਬ ਧਮਾਕਿਆਂ ਵਜੋਂ ਜਾਣਿਆ ਜਾਂਦਾ ਸੀ।

ਇਸ ਕਾਂਡ ਵਿਚ ਮਲਿਕ ਅਤੇ ਦੋ ਹੋਰ- ਇੰਦਰਜੀਤ ਸਿੰਘ ਰਿਆਤ ਅਤੇ ਅਜਾਇਬ ਸਿੰਘ ਬਾਗੜੀ–ਇਸ ਕੇਸ ਦੇ ਮੁੱਖ ਦੋਸ਼ੀ ਸਨ। ਜਦੋਂ ਕਿ ਰਿਆਤ ਨੂੰ ਦੋਸ਼ੀ ਠਹਿਰਾਇਆ ਗਿਆ ਸੀ ਅਤੇ 2016 ਵਿੱਚ ਜੇਲ ਤੋਂ ਰਿਹਾਅ ਕੀਤਾ








ਗਿਆ ਸੀ - ਬਾਗੜੀ ਨੂੰ ਬਰੀ ਕਰ ਦਿੱਤਾ ਗਿਆ ਸੀ। ਇਹ ਤਿੰਨੋਂ ਸਿੱਖ ਕੈਨੇਡੀਅਨ ਨਾਗਰਿਕ ਸਨ।

ਕੈਨੇਡਾ ਦਾ ਅਮੀਰ ਵਪਾਰੀ ਸਿੱਖ, ਰਿਪੁਦਮਨ ਸਿੰਘ ਮਲਿਕ ਹਾਲ ਹੀ ਵਿੱਚ ਉਸ ਸਮੇਂ ਸੁਰਖੀਆਂ ਵਿੱਚ ਆਇਆ ਸੀ ਜਦੋਂ ਉਸਨੇ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਇੱਕ ਮਹੀਨਾ ਪਹਿਲਾਂ 17 ਜਨਵਰੀ, 2022 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਪੱਤਰ ਲਿਖਿਆ ਸੀ, ਜਿਸ ਵਿੱਚ ਸਿੱਖਾਂ ਦੀਆਂ ਲੰਬਿਤ ਮੰਗਾਂ ਦੇ ਨਿਪਟਾਰੇ ਲਈ ਪਹਿਲਕਦਮੀ ਕਰਨ ਲਈ ਉਸਦੀ ਪ੍ਰਸ਼ੰਸਾ ਕੀਤੀ ਸੀ।ਪੱਤਰ ਵਿੱਚ ਉਨਾਂ ਨੇ ਕਾਲੀ ਸੂਚੀ ਵਿੱਚੋਂ ਕੁਝ ਸਿੱਖਾਂ ਦੇ ਨਾਂ ਹਟਾਉਣ ਲਈ ਮੋਦੀ ਦਾ ਧੰਨਵਾਦ ਕੀਤਾ ਜਿਸ ਕਾਰਨ ਉਨਾਂ ਨੂੰ ਭਾਰਤ ਆਉਣ ਤੋਂ ਰੋਕਿਆ ਗਿਆ। ਉਸਨੇ ਸਿੱਖ ਭਾਈਚਾਰੇ ਦੇ ਕੁਝ ‘ਭਾਰਤ ਵਿਰੋਧੀ ਮੈਂਬਰਾਂ’ ’ਤੇ ਮੋਦੀ ਦੇ ਖਿਲਾਫ ‘ਸੰਗਠਿਤ ਮੁਹਿੰਮ’ ਚਲਾਉਣ ਦਾ ਦੋਸ਼ ਵੀ ਲਗਾਇਆ।

ਰਿਪੁਦਮਨ ਸਿੰਘ ਮਲਿਕ ਦੀ ਅਜਿਹੀ ਕਾਰਗੁਜ਼ਾਰੀ ਨੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਵਾਪਸੀ ਤੇ ਮੋਦੀ ਦੀ ਪ੍ਰਸ਼ੰਸਾ ਕਾਰਨ ਸਿੱਖਾਂ ਦੇ ਇੱਕ ਹਿੱਸੇ ਨੇ ਰਿਪੁਦਮਨ ਸਿੰਘ ਮਲਿਕ ’ਤੇ ਸਿੱਖ ‘ਕੌਮ’ ਪ੍ਰਤੀ ਗੱਦਾਰੀ ਦਾ ਦੋਸ਼ ਲਗਾਇਆ ਸੀ।

ਸਰੀ ਤੋਂ ਪੱਤਰਕਾਰ ਗੁਰਪ੍ਰੀਤ ਸਿੰਘ ਨੇ ਇਕ ਮੀਡੀਆ ਚੈਨਲ ਨੂੰ ਦੱਸਿਆ ਕਿ ਜਦੋਂ ਉਨਾਂ ਨੇ ਮਲਿਕ ਨੂੰ ਇਕ ਇੰਟਰਵਿਊ ਦੌਰਾਨ ਬੱਬਰ ਖਾਲਸਾ ਨੂੰ ਫੰਡ ਦੇਣ ਬਾਰੇ ਸਵਾਲ ਕੀਤਾ ਸੀ ਤਾਂ ਉਸ ਨੇ ਕਿਹਾ ਸੀ, ‘ਉਸ ਵੇਲੇ ਇਹ ਪਾਬੰਦੀਸ਼ੁਦਾ ਜਥੇਬੰਦੀ ਨਹੀਂ ਸੀ।’ ਮੀਡੀਆ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਚੜ੍ਹਦੀ ਕਲਾ ਅਖ਼ਬਾਰ ਦੇ ਸੀਨੀਅਰ ਪੱਤਰਕਾਰ ਗੁਰਪ੍ਰੀਤ ਸਿੰਘ ਸਹੋਤਾ ਨੇ ਕਿਹਾ ਕਿ ਰਿਪੁਦਮਨ ਸਿੰਘ ਬਾਰੇ ਪੰਜਾਬੀ ਖਾਸ ਕਰਕੇ ਸਿੱਖ ਵੰਡੇ ਹੋਏ ਹਨ। ‘ਜਦਕਿ ਮੱਧਮ ਸਿੱਖ ਮਹਿਸੂਸ ਕਰਦੇ ਹਨ ਕਿ ਕਨਿਸ਼ਕ ਬੰਬ ਧਮਾਕੇ ਵਿੱਚ ਉਸਦੀ ਕੋਈ ਭੂਮਿਕਾ ਸੀ, ਸਿੱਖ ਕੱਟੜਪੰਥੀ ਸਮੂਹਾਂ ਨੂੰ ਸ਼ੱਕ ਸੀ ਕਿ ਉਹ ‘ਭਾਰਤ ਪੱਖੀ’ ਸੀ - ਜਾਂ ਇਹ ਕਿ ਉਸਨੂੰ ਕੇਂਦਰੀ ਏਜੰਸੀਆਂ ਨੇ ਪਹਿਲੇ ਦਿਨ ਤੋਂ ਹੀ ਲਾਇਆ ਸੀ। ਇਹੀ ਕਾਰਨ ਹੈ ਕਿ ਡਾਇਸਪੋਰਾ ਜ਼ਿਆਦਾ ਟਿੱਪਣੀ ਕਰਨਾ ਪਸੰਦ ਨਹੀਂ ਕਰੇਗਾ।

ਮਲਿਕ ਦੇ ਕਾਰੋਬਾਰੀ ਉੱਦਮਾਂ ਬਾਰੇ, ਸਹੋਤਾ ਨੇ ਕਿਹਾ ਕਿ ਉਹ ਇੱਕ ਵਪਾਰੀ ਵਜੋਂ ਜਾਣਿਆ ਜਾਂਦਾ ਸੀ। ਉਹ ਡਿਜ਼ਾਈਨਰ ਕੱਪੜਿਆਂ ਦੇ ਬ੍ਰਾਂਡ ਪੈਪਿਲਨ ਦਾ ਆਯਾਤ ਅਤੇ ਨਿਰਯਾਤ ਕਾਰੋਬਾਰ ਚਲਾਉਂਦਾ ਸੀ। ਉਹ ਖਾਲਸਾ ਕ੍ਰੈਡਿਟ ਯੂਨੀਅਨ ਦਾ ਵੀ ਮਾਲਕ ਸੀ ਜਿਸਦੀ ਸੰਪੱਤੀ ਕੈਨੇਡਾ ਵਿੱਚ $110 ਮਿਲੀਅਨ ਹੈ, ਇੱਕ ਬੈਂਕਿੰਗ ਅਤੇ ਨਿਵੇਸ਼ ਉੱਦਮ ਜਿਸਦਾ ਉਦੇਸ਼ ਬ੍ਰਿਟਿਸ਼ ਕੋਲੰਬੀਆ ਦੇ ਸਿੱਖ ਭਾਈਚਾਰੇ ਦੀ ਸੇਵਾ ਕਰਨਾ ਹੈ। ਉਸਨੇ ਆਪਣੀ ਸਤਨਾਮ ਐਜੂਕੇਸ਼ਨਲ ਸੋਸਾਇਟੀ ਦੇ ਅਧੀਨ ਸਰੀ ਅਤੇ ਐਬਟਸਫੋਰਡ ਵਿੱਚ ਖਾਲਸਾ ਸਕੂਲ ਚਲਾਇਆ ਅਤੇ ‘ਇੱਕ ਵਿਸ਼ਾਲ ਨੈਟਵਰਕ ਸਥਾਪਤ ਕੀਤਾ’। ਸਹੋਤਾ ਨੇ ਕਿਹਾ, ਇਹ ਵੀ ਇੱਕ ਖੁੱਲਾ ਭੇਤ ਸੀ ਕਿ ਉਸਨੇ ਇਨਾਂ ਉੱਦਮਾਂ ਦੇ ਸੰਸਥਾਪਕ ਮੈਂਬਰਾਂ ਨੂੰ ਕਿਵੇਂ ਬਾਹਰ ਕੱਢਿਆ ਅਤੇ ਸਾਰਾ ਕੰਟਰੋਲ ਆਪਣੇ ਹੱਥ ਵਿੱਚ ਲਿਆ।

ਸਹੋਤਾ ਨੇ ਅੱਗੇ ਕਿਹਾ ਕਿ ਸ਼ੁਰੂ ਵਿੱਚ, ਜਦੋਂ ਰਿਪੁਦਮਨ 1972 ਵਿੱਚ ਕੈਨੇਡਾ ਆਇਆ ਸੀ, ਤਾਂ ਉਹ ਵੈਨਕੂਵਰ ਦੇ ਰੌਸ ਸਟਰੀਟ ਸਥਿਤ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਵਿੱਚ ਸਿੱਖ ਧਾਰਮਿਕ ਸਾਹਿਤ ਅਤੇ ਵਸਤੂਆਂ ਵੇਚਦਾ ਸੀ। ਬਾਅਦ ਵਿੱਚ 1986 ਵਿੱਚ, ਉਸਨੇ ਸਿੱਖ ਭਾਈਚਾਰੇ ਦੇ ਵੱਖ-ਵੱਖ ਹਿੱਸੇਦਾਰਾਂ ਨਾਲ ਖਾਲਸਾ ਕ੍ਰੈਡਿਟ ਯੂਨੀਅਨ ਦੀ ਸਥਾਪਨਾ ਕੀਤੀ। ਹਾਲਾਂਕਿ ਮਲਿਕ ਨੇ ਇੱਕ ਸ਼ਰਧਾਲੂ ਸਿੱਖ ਹੋਣ ਦਾ ਦਾਅਵਾ ਕੀਤਾ ਸੀ, ਅਕਾਲ ਤਖ਼ਤ–ਸਿੱਖ ਧਾਰਮਿਕ ਸ਼ਕਤੀ ਦੀ ਸਰਵਉੱਚ ਪਦਵੀ–ਨੇ ਉਸਨੂੰ ਅਗਸਤ 2020 ਵਿੱਚ ਆਪਣੀ ਪ੍ਰਿੰਟਿੰਗ ਪ੍ਰੈਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ (ਭੌਤਿਕ ਕਾਪੀਆਂ) ਨੂੰ ਛਾਪਣ ਤੋਂ ਰੋਕ ਦਿੱਤਾ ਸੀ। ਕੈਨੇਡਾ ਸਥਿਤ ਬ੍ਰਿਟਿਸ਼ ਕੋਲੰਬੀਆ ਗੁਰਦੁਆਰਾ ਕੌਂਸਲ ਦੀ ਟੀਮ ਨੇ ਮਲਿਕ ਅਤੇ ਬਲਵੰਤ ਸਿੰਘ ਪੰਧੇਰ ਨੂੰ ਅਕਾਲ ਤਖ਼ਤ ਦੇ 1998 ਦੇ ਹੁਕਮਨਾਮੇ ਦੀ ਉਲੰਘਣਾ ਕਰਨ ਲਈ ਨੋਟਿਸ ਜਾਰੀ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ ਕਿਸੇ ਹੋਰ ਸੰਸਥਾ ਨੂੰ ਪ੍ਰਕਾਸ਼ਿਤ ਕਰਨ ਤੋਂ ਰੋਕਿਆ ਸੀ।

ਮਲਿਕ ਨੂੰ ‘ਝੂਠੇ ਨਾਇਕ’ ਨਾ ਬਣਾਏ ਜਾਣ ’ਤੇ ਜ਼ੋਰ ਦਿੰਦੇ ਹੋਏ, ਸਰੀ–ਅਧਾਰਤ ਪੱਤਰਕਾਰ ਗੁਰਪ੍ਰੀਤ ਸਿੰਘ ਨੇ ਲਿਖਿਆ : ‘ਮੈਨੂੰ ਉਸ ਦੀ (ਰਿਪੁਦਮਨ ਦੀ) ਮਾਸੀ ਅਤੇ ਉਸ ਦੇ ਕਾਲਜ ਦੇ ਸਾਥੀਆਂ ਨੂੰ ਪੰਜਾਬ ਵਿਚ ਉਸ ਦੇ ਜੱਦੀ ਸ਼ਹਿਰ ਫਿਰੋਜ਼ਪੁਰ ਵਿਚ ਮਿਲਣ ਦਾ ਮੌਕਾ ਮਿਲਿਆ, ਜਿੱਥੇ ਮੈਂ ਸੀ। ਜਦੋਂ ਉਹ 2000 ਵਿੱਚ ਕੈਨੇਡਾ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਤਾਂ ਦਿ ਟ੍ਰਿਬਿਊਨ ਵਿੱਚ ਇੱਕ ਸਟਾਫ ਰਿਪੋਰਟਰ ਵਜੋਂ ਤਾਇਨਾਤ ਸੀ। ਉਨਾਂ ਨੇ ਮੈਨੂੰ ਜੋ ਦੱਸਿਆ, ਉਹ 1984 ਦੀਆਂ ਘਿਨਾਉਣੀਆਂ ਘਟਨਾਵਾਂ ਤੋਂ ਪਹਿਲਾਂ ਕੋਈ ਬਹੁਤਾ ਧਾਰਮਿਕ ਵਿਅਕਤੀ ਨਹੀਂ ਸੀ ਅਤੇ ਉਸ ਤੋਂ ਬਾਅਦ ਕਿਸੇ ਵੀ ਆਮ ਸਿੱਖ ਵਾਂਗ ਬਦਲਿਆ ਹੋਇਆ ਵਿਅਕਤੀ ਸੀ। ਗੁਰਪ੍ਰੀਤ ਸਿੰਘ ਨੇ ਇਹ ਵੀ ਕਿਹਾ, ‘ਜ਼ੁਹੇਰ ਕਸ਼ਮੀਰੀ ਅਤੇ ਬ੍ਰਾਇਨ ਮੈਕਐਂਡਰਿਊ ਦੁਆਰਾ ਲਿਖੀ ਗਈ ਕਨਿਸ਼ਕ ਬੰਬ ਧਮਾਕਿਆਂ ਬਾਰੇ ਸਾਫਟ ਟਾਰਗੇਟ : ‘ਦਿ ਰੀਅਲ ਸਟੋਰੀ ਬਿਹਾਈਂਡ ਦਿ ਏਅਰ ਇੰਡੀਆ ਡਿਜ਼ਾਸਟਰ ‘ਨਾਮਕ ਕਿਤਾਬ ਵਿੱਚ ਦੱਸਿਆ ਗਿਆ ਹੈ ਕਿ ਕਿਵੇਂ 1985 ਵਿੱਚ ਭਾਰਤ ਦੀ ਸਰੀ ਬ੍ਰਾਂਚ, ਕੈਨੇਡਾ ਨੇ ਰਿਪੁਦਮਨ ਨੂੰ ਸਟੇਟ ਬੈਂਕ ਵੱਲੋਂ 1 ਮਿਲੀਅਨ ਕੈਨੇਡੀਅਨ ਡਾਲਰ ਦਾ ਵਿਆਜ ਮੁਕਤ ਕਰਜ਼ਾ ਦਿੱਤਾ ਗਿਆ ਸੀ। 1985 ਵਿੱਚ ਭਾਰਤ ਦੀ ਸਰੀ ਬ੍ਰਾਂਚ, ਕੈਨੇਡਾ। ਹਾਲਾਂਕਿ, ਇਹ ਘਟਨਾ ਹਮੇਸ਼ਾ ਰਹੱਸ ਵਿੱਚ ਘਿਰੀ ਰਹੀ।’

**ਕਨਿਸ਼ਕ ਕਾਂਡ ਦੇ ਸਵਾਲ ਬਾਕੀ ਹਨ...!**

ਪੰਜਾਬ ਹਿਊਮਨ ਰਾਈਟਸ ਆਰਗੇਨਾਈਜੇਸ਼ਨ ਦੇ ਉੱਘੇ ਮਨੁੱਖੀ ਅਧਿਕਾਰ ਵਕੀਲ, ਐਡਵੋਕੇਟ ਰਾਜਵਿੰਦਰ ਸਿੰਘ ਬੈਂਸ–ਜਿਨਾਂ ਨੇ ਇੱਕ ਹੋਰ ਵਕੀਲ ਸਰਬਜੀਤ ਸਿੰਘ ਵੇਰਕਾ ਨਾਲ ਮਿਲ ਕੇ ਏਆਈ 182 ਕੇਸ ਦੀ ਸੁਤੰਤਰ ਜਾਂਚ ਕੀਤੀ ਸੀ – ਨੇ ਇਕ ਮੀਡੀਆ ਚੈਨਲ ਨੂੰ ਦੱਸਿਆ, ‘ਸਾਡੀ ਇਮਾਨਦਾਰ ਜਾਂਚ, ਮੁਕੱਦਮੇ ਦੇ ਕਾਗਜ਼ਾਂ, ਕਿਤਾਬਾਂ ਦੇ ਬਾਵਜੂਦ, ਅਸੀਂ ਗਵਾਹ ਵਜੋਂ ਪੰਜਾਬ ਪੁਲਿਸ ਦੇ ਇੱਕ ਸੇਵਾਮੁਕਤ ਡੀਐਸਪੀ ਨੂੰ ਪੇਸ਼ ਕੀਤਾ ਜਿਸ ਨੂੰ ਅਸੀਂ ਜੌਹਨ ਮੇਜਰ ਕਮਿਸ਼ਨ ਆਫ਼ ਇਨਕੁਆਇਰੀ ਅੱਗੇ ਗਵਾਹੀ ਦੇਣ ਲਈ 2007 ਵਿੱਚ ਕੈਨੇਡਾ ਲੈ ਕੇ ਗਏ ਸੀ ਅਤੇ ਬੱਬਰ ਖਾਲਸਾ ਦੇ ਖਾੜਕੂ ਤਲਵਿੰਦਰ ਸਿੰਘ ਪਰਮਾਰ ਦੀ ਇਕਬਾਲੀਆ ਟੇਪ, ਪੁੱਛਗਿੱਛ ਬੇਸਿੱਟਾ ਰਹੀ। ਨਾ ਤਾਂ ਭਾਰਤੀ ਪੁਲਿਸ ਅਤੇ ਨਾ ਹੀ ਕੈਨੇਡੀਅਨ ਪੁਲਿਸ ਨੇ ਨਿਰਪੱਖ ਜਾਂਚ ਦਾ ਸਮਰਥਨ ਕੀਤਾ।’

ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਨੇ ਕਿਹਾ, ਤਲਵਿੰਦਰ ਨਿਸ਼ਚਿਤ ਤੌਰ ’ਤੇ ਕੁਝ ਮਹੱਤਵਪੂਰਨ ਜਾਣਦਾ ਸੀ, ਇਸ ਲਈ ਉਸ ਨੂੰ ਮਾਰਿਆ ਗਿਆ। ਅਸੀਂ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਮਿਲੇ, ਜਿਸ ਤੋਂ ਬਾਅਦ ਸਰਕਾਰੀ ਅਤੇ ਗੈਰ–ਸਰਕਾਰੀ ਪੱਧਰ ’ਤੇ ਇੱਕ ਧੁੰਦਲੀ ਤਸਵੀਰ ਸਾਹਮਣੇ ਆਈ। ਜਦੋਂ ਡੀਐਸਪੀ ਕੈਨੇਡਾ ਵਿੱਚ ਲਾਪਤਾ ਹੋ ਗਿਆ ਸੀ, ਤਲਵਿੰਦਰ ਸਿੰਘ ਪਰਮਾਰ 1992 ਵਿੱਚ ਇੱਕ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ ਸੀ।ਬੈਂਸ ਦਾ ਕਹਿਣਾ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਸ਼ੱਕ ਹੈ ਕਿ ਕਨਿਸ਼ਕ ਬੰਬ ਇੱਕ ਬਹੁ–ਰਾਸ਼ਟਰੀ ‘ਜਾਸੂਸੀ ਖੇਡ’ ਸੀ ਜੋ ਅਸਲ ਵਿੱਚ ਕੈਨੇਡਾ ਅਤੇ ਯੂ.ਕੇ. ਵਿੱਚ ਸਿੱਖ ਡਾਇਸਪੋਰਾ ਸਮੂਹਾਂ ਦੇ ਪ੍ਰਭਾਵ ਨੂੰ ਕਮਜ਼ੋਰ ਕਰਨ ਲਈ ਤਿਆਰ ਕੀਤੀ ਗਈ ਸੀ ਕਿਉਂਕਿ ਇਸ ਸਾਰੇ ਅਪ੍ਰੇਸ਼ਨ ਬਲੂ ਸਟਾਰ ਤੋਂ ਬਾਅਦ ਗੁੱਸੇ ਵਿੱਚ ਸਨ।

ਉਪਰੋਕਤ ਤੋਂ ਸਪੱਸ਼ਟ ਹੈ ਕਿ ਰਿਪੁਦਮਨ ਸਿੰਘ ਮਲਿਕ ਦਾ ਜੀਵਨ ਸਿੱਖ ਕੌਮ ਲਈ ਇਕ ਬੁਝਾਰਤ ਬਣਿਆ ਹੋਇਆ ਹੈ ਤੇ ਉਨਾਂ ਦੀ ਅਚਾਨਕ ਹੋਈ ਹੱਤਿਆ ਜਦੋਂ ਤਕ ਇਸ ਦਾ ਭੇਦ ਸਾਹਮਣੇ ਨਹੀਂ ਆਉਂਦਾ ਉਦੋਂ ਤਕ ਇਹ ਇੱਕ ਰਹੱਸ ਬਣੀ ਹੋਈ ਹੈ। ਕੈਨੇਡਾ ਦੀ ਪੁਲਿਸ ਵੱਲੋਂ ਲਗਾਤਾਰ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ । ਇਸ ਸਮੇਂ ਕੈਨੇਡਾ ਦੀ ਜਾਂਚ ਏਜੰਸੀਆਂ ਤੇ ਹਰ ਇਕ ਦੀ ਨਜ਼ਰ ਟਿਕੀ ਹੋਈ ਹੈ ਕੀ ਕਦੋਂ ਤੱਕ ਇਸ ਕੇਸ ਦੀ ਗੁੱਥੀ ਸੁਲਝੇਗੀ।

# ਕਾਲੀ ਮਾਤਾ ਮੰਦਰ ਦੀ ਕੰਧ ’ਤੇ ਖ਼ਾਲਿਸਤਾਨੀ ਪੋਸਟਰ ਲਾਉਣ ਵਾਲੇ ਦੋ ਫੜੇ

**ਪਟਿਆਲਾ/ਏ.ਟੀ.ਨਿਊਜ਼** :- ਸ੍ਰੀ ਕਾਲੀ ਮਾਤਾ ਮੰਦਰ ਦੀ ਕੰਧ ’ਤੇ ਖਾਲਿਸਤਾਨੀ ਪੋਸਟਰ ਲਾਉਣ ਦੇ ਮਾਮਲੇ ਵਿਚ ਪੁਲਿਸ ਨੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਅਨੁਸਾਰ, ਮੁਲਜ਼ਮ ਸਿੱਖਸ ਫਾਰ ਜਸਟਿਸ (ਐਸਐਫਜੇ) ਦੇ ਮੈਂਬਰਾਂ ਦੇ ਸੰਪਰਕ ਵਿਚ ਸੀ ਤੇ ਇਸ ਨੇ ਪ੍ਰੇਮ ਨੂੰ ਵੀ ਆਪਣੇ ਨਾਲ ਰਲਾ ਲਿਆ ਸੀ। ਇਨਾਂ ਦੋਹਾਂ ਨੇ ਹੋਰ ਥਾਂਈ ਵੀ ਖਾਲਿਸਤਾਨੀ ਪੋਸਟਰ ਲਗਾਉਣੇ ਸਨ। ਜ਼ਿਕਰਯੋਗ ਹੈ ਕਿ 14 ਅਤੇ 15 ਜੁਲਾਈ, 2022 ਦੀ ਦਰਮਿਆਨੀ ਰਾਤ ਨੂੰ ਸ੍ਰੀ ਕਾਲੀ ਮਾਤਾ ਮੰਦਰ ਦੀ ਪਿਛਲੀ ਕੰਧ ’ਤੇ ‘ਖਾਲਿਸਤਾਨ ਰਿਫ਼ਰੈਂਡਮ’ ਨਾਲ ਸਬੰਧਤ ਦਾ ਇੱਕ ਪੋਸਟਰ ਲੱਗਿਆ ਦੇਖਿਆ ਗਿਆ ਸੀ।

ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਹਰਵਿੰਦਰ ਸਿੰਘ ਉਰਫ ਪ੍ਰਿੰਸ ਵਾਸੀ ਪਿੰਡ ਸਲੇਮਪੁਰ ਸੇਖਾਂ ਸ਼ੰਭੂ, ਜੋ ਮੌਜੂਦਾ ਸਮੇਂ ਵਿੱਚ ਰਾਜਪੁਰਾ ਦਾ ਰਹਿਣ ਵਾਲਾ ਹੈ ਅਤੇ ਸੰਭੂ ਦੇ ਪਿੰਡ ਸਲੇਮਪੁਰ ਸੇਖਾਂ ਦੇ ਪ੍ਰੇਮ ਸਿੰਘ ਉਰਫ ਪ੍ਰੇਮ ਉਰਫ ਏਕਮ ਵਜੋਂ ਹੋਈ ਹੈ। ਪੁਲਿਸ ਨੇ ਖਾਲਿਸਤਾਨ ਰਿਫ਼ਰੈਂਡਮ ਨਾਲ ਸਬੰਧਤ ਦੇ 13 ਪੋਸਟਰ, ਅਪਰਾਧ ਨੂੰ ਅੰਜਾਮ ਦੇਣ ਲਈ ਵਰਤੇ ਗਏ ਦੋ ਮੋਬਾਈਲ ਫੋਨ ਅਤੇ ਮੋਟਰਸਾਈਕਲ ਵੀ ਬਰਾਮਦ ਕੀਤੇ ਹਨ।

ਆਈ.ਜੀ. ਪਟਿਆਲਾ ਐਮ.ਐਸ. ਚੀਨਾ ਅਤੇ ਐਸ.ਐਸ.ਪੀ. ਪਾਰੀਕ ਨੇ ਕਿਹਾ ਕਿ ਡੂੰਘਾਈ ਨਾਲ ਕੀਤੀ ਤਕਨੀਕੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਪੋਸਟਰ ਹਰਵਿੰਦਰ ਉਰਫ ਪ੍ਰਿੰਸ ਅਤੇ ਪ੍ਰੇਮ ਵੱਲੋਂ ਚਿਪਕਾਏ ਗਏ ਸਨ ਕਿਉਂਕਿ ਵਿਦੇਸ਼ ਵਿੱਚ ਬੈਠੇ ਕੁਝ ਦੇਸ਼ ਵਿਰੋਧੀ ਅਨਸਰਾਂ ਨੇ ਉਨਾਂ ਨੂੰ ਪੈਸਿਆਂ ਦੇ ਬਦਲੇ ਜਾਂ ਵਿਦੇਸ਼ ਵਿੱਚ ਵਸਣ ਦੀ ਪੇਸ਼ਕਸ਼ ਬਦਲੇ ਅਜਿਹੀਆਂ ਗਤੀਵਿਧੀਆਂ ਨੂੰ ਅੰਜਾਮ ਦੇਣ ਦਾ ਲਾਲਚ ਦਿੱਤਾ ਸੀ।

ਐਸ.ਐਸ.ਪੀ. ਨੇ ਦੱਸਿਆ ਕਿ ਹਰਵਿੰਦਰ ਸਿੰਘ ਉਰਫ ਪ੍ਰਿੰਸ ਦੋ ਸਾਲਾਂ ਤੋਂ ਮਲੇਸ਼ੀਆ ਵਿੱਚ ਕੰਮ ਕਰਦਾ ਸੀ, ਜਿੱਥੇ ਉਹ ਕੁਝ ਦੇਸ਼ ਵਿਰੋਧੀ ਅਨਸਰਾਂ ਦੇ ਸੰਪਰਕ ਵਿੱਚ ਆਇਆ ਅਤੇ ਮਲੇਸ਼ੀਆ ਤੋਂ ਵਾਪਸ ਆਉਣ ਤੋਂ ਬਾਅਦ ਵੀ ਉਹ ਵਟਸਐਪ ਰਾਹੀਂ ਇਨਾਂ ਵਿਅਕਤੀਆਂ ਦੇ ਸੰਪਰਕ ਵਿੱਚ ਸੀ। ਉਨਾਂ ਦੱਸਿਆ ਕਿ ਇਨਾਂ ਵਿਦੇਸ਼ੀ ਵਿਅਕਤੀਆਂ ਵਿੱਚੋਂ ਇੱਕ ਵਿਅਕਤੀ ਨੇ ਹਰਵਿੰਦਰ ਸਿੰਘ ਉਰਫ ਪ੍ਰਿੰਸ ਨਾਲ ਸੰਪਰਕ ਕੀਤਾ ਅਤੇ ਉਸਨੂੰ ਇਹ ਪੋਸਟਰ ਪੰਜਾਬ ਦੀਆਂ ਵੱਖ-ਵੱਖ ਥਾਵਾਂ ’ਤੇ ਚਿਪਕਾਉਣ ਲਈ ਕਿਹਾ। ਉਨਾਂ ਅੱਗੇ ਕਿਹਾ ਕਿ ਵਿਦੇਸ਼ੀ ਸੰਚਾਲਕਾਂ ਨੇ ਉਸ ਨੂੰ ਮਨੀ ਟਰਾਂਸਫਰ ਰਾਹੀਂ ਪੈਸੇ ਭੇਜੇ ਸਨ।

ਐਸ.ਐਸ.ਪੀ. ਪਾਰੀਕ ਨੇ ਦੱਸਿਆ ਕਿ ਪੋਸਟਰ ਪਹਿਲਾਂ ਤੋਂ ਨਿਰਧਾਰਤ ਸਥਾਨ ’ਤੇ ਰੱਖੇ ਗਏ ਸਨ ਅਤੇ ਮੁਲਜ਼ਮ ਉਸ ਸਥਾਨ ਤੋਂ ਇਹ ਪੋਸਟਰ ਚੁੱਕ ਕੇ ਲੈ ਗਏ ਸਨ। ਉਨਾਂ ਦੱਸਿਆ ਕਿ ਪੋਸਟਰ ਅਤੇ ਪੈਸੇ ਮਿਲਣ ਉਪਰੰਤ, ਮੁਲਜਮਾਂ ਵੱਲੋਂ ਇਹ ਪੋਸਟਰ ਚਾਰ ਥਾਵਾਂ ਜਿਵੇਂ ਅੰਬਾਲਾ ਦੇ ਛਾਉਣੀ ਖੇਤਰ, ਆਰੀਅਨ ਕਾਲਜ ਰਾਜਪੁਰਾ, ਸ੍ਰੀ ਕਾਲੀ ਮਾਤਾ ਮੰਦਿਰ ਪਟਿਆਲਾ ਅਤੇ ਸੀਤਲਾ ਮਾਤਾ ਮੰਦਿਰ, ਬਹਾਦਰਗੜ, ਪਟਿਆਲਾ ਨੇੜੇ ਟ੍ਰੈਫਿਕ ਸਾਈਨ ਬੋਰਡ ਉੱਤੇ ਚਿਪਕਾਏ ਗਏ। ਉਨਾਂ ਦੱਸਿਆ ਕਿ ਇਸ ਤੋਂ ਇਲਾਵਾ, ਮੁਲਜਮਾਂ ਨੇ ਰਾਜਪੁਰਾ ਦੇ ਇੱਕ ਅੰਡਰਬ੍ਰਿਜ ’ਤੇ ਸਪਰੇਅ ਪੇਂਟ ਨਾਲ ਖਾਲਿਸਤਾਨ ਪੱਖੀ ਨਾਅਰੇ ਵੀ ਲਿਖੇ ਸਨ।

ਐਸ.ਐਸ.ਪੀ. ਨੇ ਦੱਸਿਆ ਕਿ ਮੁਲਜ਼ਮ ਲਗਾਤਾਰ ਵਿਦੇਸ਼ਾਂ ਵਿੱਚ ਬੈਠੇ ਦੇਸ਼ ਵਿਰੋਧੀ ਅਨਸਰਾਂ ਦੇ ਸੰਪਰਕ ਵਿੱਚ ਸਨ, ਜੋ ਉਨਾਂ ਨੂੰ ਆਪਣੇ ਅਗਲੇ ਨਿਸ਼ਾਨੇ ਬਾਰੇ ਸੇਧ ਦੇ ਰਹੇ ਸਨ। ਉਨਾਂ ਕਿਹਾ ਕਿ ਦੋਸ਼ੀਆਂ ਨੇ ਇਹ ਪੋਸਟਰ ਸੁਤੰਤਰਤਾ ਦਿਵਸ ਦੇ ਪ੍ਰੋਗਰਾਮਾਂ ਵਾਲੀਆਂ ਥਾਵਾਂ ’ਤੇ ਜਾਂ ਇਸ ਦੇ ਨੇੜੇ ਤੇ ਡੀਸੀ ਦਫਤਰ ਮੋਹਾਲੀ ਅਤੇ ਚੰਡੀਗੜ, ਕਸੌਲੀ ਅਤੇ ਸੋਲਨ ਦੀਆਂ ਕੁਝ ਹੋਰ ਸਰਕਾਰੀ ਇਮਾਰਤਾਂ ਸਮੇਤ ਹੋਰ ਪ੍ਰਮੁੱਖ ਥਾਵਾਂ ’ਤੇ ਚਿਪਕਾਉਣ ਦੀ ਯੋਜਨਾ ਬਣਾਈ ਸੀ।

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE
MORE BAYS. EXPERTISE. SOLUTIONS.

## FUEL MANAGEMENT

DAILY FUEL RATES IN PHONE APP

CALL FOR MORE INFO

**(855)641-6955, (888)795-7035**

# 65 ਮਜ਼ਦੂਰਾਂ ਦੀਆਂ ਜਾਨਾਂ ਬਚਾਉਣ ਵਾਲੇ ਸਿੱਖ ਨਾਇਕ 'ਕੈਪਸੂਲ ਗਿੱਲ' ਜਸਵੰਤ ਸਿੰਘ ਗਿੱਲ

## ✪ ਗਿੱਲ 'ਤੇ ਫਿਲਮ ਬਣਨ ਲੱਗੀ, ਅਕਸ਼ੈ ਕੁਮਾਰ ਗਿੱਲ ਦਾ ਰੋਲ ਨਿਭਾਵੇਗਾ ✪ ਆਪ੍ਰੇਸ਼ਨ ਤੋਂ ਬਾਅਦ ਸਰਕਾਰ ਨੇ ਐਲਾਨ ਕੀਤਾ ਸੀ ਕਿ ਉਨਾਂ ਨੂੰ ਇੱਕ ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ ਪਰ ਉਹ ਰਾਸ਼ੀ ਅੱਜ ਤੱਕ ਨਹੀਂ ਮਿਲੀ

'ਕੈਪਸੂਲ ਗਿੱਲ' ਜਸਵੰਤ ਸਿੰਘ ਗਿੱਲ ਜਿਨਾਂ ਨੇ 65 ਜਾਨਾਂ ਬਚਾਈਆਂ ਸਨ, ਹੁਣ ਉਨਾਂ 'ਤੇ ਫਿਲਮ ਬਣ ਰਹੀ ਹੈ।ਅਕਸ਼ੈ ਕੁਮਾਰ ਆਪਣੀ ਆਉਣ ਵਾਲੀ ਫਿਲਮ ਵਿੱਚ ਇੱਕ ਜਸਵੰਤ ਸਿੰਘ ਗਿੱਲ ਉਰਫ਼ ਕੈਪਸੂਲ ਗਿੱਲ ਦਾ ਕਿਰਦਾਰ ਨਿਭਾਉਣ ਜਾ ਰਹੇ ਹਨ।

22 ਨਵੰਬਰ 1939 ਨੂੰ ਜੰਮੇ ਜਸਵੰਤ ਸਿੰਘ ਗਿੱਲ ਪੰਜਾਬ ਦੇ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ। ਉਨਾਂ ਨੇ ਅੰਮ੍ਰਿਤਸਰ ਦੇ ਹੀ ਖਾਲਸਾ ਕਾਲਜ ਤੋਂ ਆਪਣੀ ਪੜਾਈ ਪੂਰੀ ਕੀਤੀ। ਇੱਕ ਸਾਧਾਰਨ ਪਰਿਵਾਰ ਨਾਲ ਸਬੰਧਿਤ ਜਸਵੰਤ ਸਿੰਘ ਬਚਪਨ ਤੋਂ ਹੀ ਬਹੁਤ ਹੁਸ਼ਿਆਰ ਸਨ। ਜਸਵੰਤ ਸਿੰਘ ਗਿੱਲ ਇੱਕ ਮਾਈਨਿੰਗ ਇੰਜੀਨੀਅਰ ਸਨ। ਉਨਾਂ ਨੂੰ ਕੋਲਾ ਖਾਨ ਵਿੱਚ ਵਾਪਰੇ ਇੱਕ ਵੱਡੇ ਹਾਦਸੇ ਦੌਰਾਨ ਕੀਤੇ ਕਾਮਯਾਬ ਬਚਾਅ ਕਾਰਜਾਂ ਲਈ ਜਾਣਿਆ ਜਾਂਦਾ ਹੈ।

12-13 ਨਵੰਬਰ, 1989 ਦੀ ਰਾਤ ਬੰਗਾਲ ਵਿੱਚ ਇੱਕ ਕੋਲੇ ਦੀ ਖਾਨ (ਮਹਾਂਵੀਰ ਕੋਲਰੀ) ਵਿੱਚ ਵੱਡਾ ਹਾਦਸਾ ਵਾਪਰਿਆ। ਇੱਕ ਜ਼ੋਰਦਾਰ ਧਮਾਕਾ ਹੋਇਆ, ਜਿਸ ਨਾਲ ਖਾਨ ਦਾ ਇੱਕ ਹਿੱਸਾ ਢਹਿ ਗਿਆ ਅਤੇ ਉਸ 'ਚ ਪਾਣੀ ਭਰਨਾ ਸ਼ੁਰੂ ਹੋ ਗਿਆ।

ਜਿਸ ਵੇਲੇ ਹਾਦਸਾ ਵਾਪਰਿਆ, ਉਸ ਸਮੇਂ ਖਾਨ ਦੇ ਅੰਦਰ 230 ਮਜ਼ਦੂਰ ਕੰਮ ਕਰ ਰਹੇ ਸਨ। ਉਨਾਂ ਵਿੱਚੋਂ ਬਹੁਤ ਸਾਰੇ ਖਾਨ ਦੀਆਂ ਦੋ ਲਿਫਟਾਂ ਰਾਹੀਂ ਬਾਹਰ ਨਿਕਲਣ ਵਿੱਚ ਕਾਮਯਾਬ ਹੋ ਗਏ। ਪਾਣੀ ਤੇਜ਼ੀ ਨਾਲ ਭਰਦਾ ਗਿਆ ਅਤੇ ਲਿਫਟਾਂ ਵੀ ਬੰਦ ਹੋ ਗਈਆਂ, ਜਿਸ ਕਾਰਨ 71 ਮਜ਼ਦੂਰ ਅੰਦਰ ਹੀ ਫਸੇ ਰਹਿ ਗਏ। ਠੀਕ ਉਸੇ ਸਮੇਂ, ਜਸਵੰਤ ਸਿੰਘ ਗਿੱਲ ਉੱਥੋਂ ਦੀ ਲੰਘ ਰਹੇ ਸਨ। ਉਸ ਸਮੇਂ ਜਸਵੰਤ ਸਿੰਘ ਦੀ ਪੋਸਟਿੰਗ ਉੱਥੋਂ ਕੁਝ ਕਿਲੋਮੀਟਰ ਦੂਰ ਇੱਕ ਕੋਲਾ ਖਾਨ 'ਤੇ ਸੀ।

ਹਾਦਸੇ ਵਾਲੀ ਥਾਂ 'ਤੇ ਜਾਮ ਲੱਗ ਗਿਆ ਅਤੇ ਉਨਾਂ ਨੇ ਮਾਈਨਿੰਗ ਰੈਸਕਿਊ ਵੈਨ ਦੇ ਸਾਇਰਨ ਦੀ ਆਵਾਜ਼ ਸੁਣੀ। ਜਿਵੇਂ ਹੀ ਉਨਾਂ ਨੂੰ ਇਸ ਭਿਆਨਕ ਹਾਦਸੇ ਦੀ ਜਾਣਕਾਰੀ ਲੱਗੀ, ਉਨਾਂ ਨੇ ਆਪਣੇ ਦਫ਼ਤਰ ਨਾ ਜਾ ਕੇ ਹਾਦਸੇ ਵਾਲੀ ਥਾਂ 'ਤੇ ਜਾਣਾ ਦਾ ਫੈਸਲਾ ਕੀਤਾ।ਉਨਾਂ ਨੂੰ ਉੱਥੋਂ ਦੇ ਅਫਸਰ ਨਾਲ ਗੱਲ ਕਰਕੇ ਪਤਾ ਲੱਗਿਆ ਕਿ ਇਸ ਤਰਾਂ ਅੰਦਰ 71 ਬੰਦੇ ਫਸ ਗਏ ਹਨ, ਮਰ ਗਏ ਕਿ ਜਿਉਂਦੇ ਹਨ, ਕੁੱਝ ਨਹੀਂ ਪਤਾ।

ਰੈਸਕਿਊ ਟਰੇਂਡ ਜਸਵੰਤ ਸਿੰਘ ਦੇ ਬੇਟੇ ਡਾਕਟਰ ਸਰਪ੍ਰੀਤ ਸਿੰਘ ਦੱਸਦੇ ਹਨ ਕਿ ਉਸੇ ਵੇਲੇ ਖਾਨ ਵਿਚ ਲੱਗੇ ਸੈਂਟਰਲ ਡਿਸਪੈਚ ਸਿਸਟਮ (ਇੱਕ ਤਰਾਂ ਦਾ ਸੂਚਨਾ ਪਹੁੰਚਾਉਣ ਵਾਲਾ ਸਿਸਟਮ) ਤੋਂ ਆਵਾਜ਼ ਆਈ 'ਹਮ ਹੈਂ'। ਜਸਵੰਤ





ਸਿੰਘ ਗਿੱਲ ਰੈਸਕਿਊ ਟਰੇਂਡ ਸਨ। ਫਿਰ ਵੱਖ-ਵੱਖ ਟੀਮਾਂ ਬਣਾ ਕੇ ਅੰਦਰ ਫਸੇ ਮਜ਼ਦੂਰਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋਈਆਂ। ਇੱਕ ਟੀਮ ਨੇ ਖਾਨ ਵਿਚ ਭਰ ਰਹੇ ਪਾਣੀ ਨੂੰ ਮੋਟਰਾਂ ਦੀ ਮਦਦ ਨਾਲ ਕੱਢਣਾ ਸ਼ੁਰੂ ਕੀਤਾ ਪਰ ਉਹ ਜਿੰਨਾ ਪਾਣੀ ਕੱਢਦੇ, ਓਨਾ ਜ਼ਿਆਦਾ ਪਾਣੀ ਖਾਨ ਵਿਚ ਭਰਦਾ ਜਾਂਦਾ।ਹਿਸਾਬ ਲਗਾਉਣ 'ਤੇ ਪਤਾ ਲੱਗਾ ਕਿ ਇਸ ਪਾਣੀ ਨੂੰ ਕੱਢਣ ਵਿਚ ਤਾਂ ਡੇਢ ਤੋਂ ਦੋ ਮਹੀਨੇ ਲੱਗਣ ਵਾਲੇ ਸਨ।

ਜਸਵੰਤ ਸਿੰਘ ਗਿੱਲ ਨੇ ਦੱਸਿਆ ਸੀ, 'ਮੇਰੇ ਦਿਮਾਗ ਵਿਚ ਆਇਆ ਕਿ ਇੰਝ ਕਿਉਂ ਨਾ ਕੀਤਾ ਜਾਵੇ ਕਿ ਇੱਕ ਨਾ ਛੋਟਾ ਜਿਹਾ ਸ਼ਾਫ਼ਟ (ਬੋਰ) ਬਣਾਉਂਦੇ ਹਾਂ। ਜਿਸ ਵਿਚ ਇੱਕ ਬੰਦਾ ਅੰਦਰ ਜਾ ਸਕੇ। ਮਜ਼ਦੂਰਾਂ ਦਾ ਪਤਾ ਲਗਾਉਣ ਤੋਂ ਬਾਅਦ, ਤੈਅ ਹੋਇਆ ਕਿ ਉਨਾਂ ਨੂੰ ਇੱਕ ਕੈਪਸੂਲ ਦੀ ਮਦਦ ਨਾਲ ਬਾਹਰ ਕੱਢਿਆ ਜਾਵੇਗਾ। ਜਸਵੰਤ ਸਿੰਘ ਨੇ ਸਾਰੀਆਂ ਹਦਾਇਤਾਂ ਦਿੰਦੇ ਹੋਏ ਨੇੜੇ ਦੀ ਹੀ ਇੱਕ ਫੈਕਟਰੀ ਵਿੱਚ ਤੁਰੰਤ ਸਟੀਲ ਦਾ ਇੱਕ ਕੈਪਸੂਲ ਤਿਆਰ ਕਰਵਾਇਆ ਗਿਆ। ਉਸ ਤੋਂ ਬਾਅਦ ਜ਼ਮੀਨ 'ਚ ਇੱਕ ਬੋਰ ਕੀਤਾ ਗਿਆ।ਉਨਾਂ ਦੱਸਿਆ ਸੀ ਕਿ ਕੈਪਸੂਲ ਦੀ ਮਦਦ ਰਾਹੀਂ ਖਾਨ ਵਿਚ ਅੰਦਰ ਜਾਣ ਲਈ ਕੋਲ ਇੰਡੀਆ ਵੱਲੋਂ ਦੋ ਮੈਂਬਰ ਤਿਆਰ ਕੀਤੇ ਗਏ ਸਨ, ਪਰ ਐਨ ਮੌਕੇ ਤੇ ਆ ਕੇ ਉਨਾਂ ਨੇ ਅੰਦਰ ਜਾਣ ਤੋਂ ਇਨਕਾਰ ਕਰ ਦਿੱਤਾ। ਉਸ ਵੇਲੇ ਜਸਵੰਤ ਸਿੰਘ ਗਿੱਲ ਨੇ ਫੈਸਲਾ ਕੀਤਾ ਕਿ ਉਹ ਆਪ ਅੰਦਰ ਜਾ ਕੇ ਲੋਕਾਂ ਦੀ ਜਾਨ ਬਚਾਉਣਗੇ। ਉਨਾਂ ਦੇ ਸੀਨੀਅਰ ਅਧਿਕਾਰੀਆਂ ਨੇ ਗਿੱਲ ਨੂੰ ਅਜਿਹਾ ਕਰਨ ਤੋਂ ਰੋਕਿਆ ਪਰ ਜਸਵੰਤ ਸਿੰਘ ਅੜੇ ਰਹੇ। ਉਨਾਂ ਦੱਸਿਆ ਕਿ ਉਸ ਵੇਲੇ ਉਨਾਂ ਨੇ ਆਪਣੇ ਅਧਿਕਾਰੀ ਨੂੰ ਕਿਹਾ, '65 ਲੋਕਾਂ ਦੀ ਜ਼ਿੰਦਗੀ ਦਾ ਸਵਾਲ ਹੈ, ਤੁਸੀਂ ਪਸੰਦ ਕਰੋ ਜਾਂ ਨਾ, ਮੈਂ ਅੰਦਰ ਜਾਵਾਂਗਾ। ਤੁਹਾਡੀ ਤਸੱਲੀ ਲਈ, ਮੈਂ ਤੁਸੀਂ ਯਕੀਨ ਦਿਵਾਉਂਦਾ ਹਨ ਕਿ ਮੈਂ ਸਵੇਰੇ ਆਵਾਂਗਾ ਅਤੇ ਤੁਹਾਡੇ ਨਾਲ ਚਾਹ ਪੀਵਾਂਗਾ।'

15 ਨਵੰਬਰ ਦੀ ਅੱਧੀ ਰਾਤ, ਜਸਵੰਤ ਸਿੰਘ ਗਿੱਲ ਆਪ ਕੈਪਸੂਲ ਵਿਚ ਵੜ ਕੇ ਖਾਨ 'ਚ ਦਾਖ਼ਲ ਹੋਏ ਅਤੇ ਪਹਿਲੇ ਬੰਦੇ ਨੂੰ ਬਾਹਰ ਕੱਢਣ ਵਿੱਚ ਕਾਮਯਾਬ ਹੋਏ। ਉਨਾਂ ਨੂੰ ਪਤਾ ਲੱਗਾ ਕਿ 6 ਮਜ਼ਦੂਰਾਂ ਦੀ ਪਾਣੀ ਵਿੱਚ ਡੁੱਬ ਕੇ ਮੌਤ ਹੋ ਚੁੱਕੀ ਸੀ ਅਤੇ ਹੁਣ 65 ਮਜ਼ਦੂਰ ਜ਼ਿੰਦਾ ਸਨ। ਉਨਾਂ ਨੇ ਸਭ ਤੋਂ ਪਹਿਲਾਂ ਜ਼ਖ਼ਮੀਆਂ ਅਤੇ ਬਿਮਾਰ ਮਜ਼ਦੂਰਾਂ ਨੂੰ ਬਾਹਰ ਕੱਢਿਆ ਅਤੇ ਸਭ ਨੂੰ ਇਹ ਭਰੋਸਾ ਦਿੱਤਾ ਕਿ ਉਹ ਸਾਰੇ ਮਜ਼ਦੂਰਾਂ ਨੂੰ ਬਾਹਰ ਕੱਢਣ ਤੋਂ ਬਾਅਦ ਆਪ ਅਖੀਰ ਵਿੱਚ ਬਾਹਰ ਨਿਕਲਣਗੇ।

ਸ਼ੁਰੂ ਵਿੱਚ ਕੈਪਸੂਲ ਨੂੰ ਮਾਨਵੀ ਮਦਦ ਨਾਲ ਆਪਰੇਟ ਕੀਤਾ ਜਾ ਰਿਹਾ ਸੀ, ਜਿਸ ਕਾਰਨ ਇੱਕ ਵਿਅਕਤੀ ਨੂੰ ਕੱਢਣ ਵਿੱਚ 22 ਮਿੰਟ ਦਾ ਸਮਾਂ ਲੱਗ ਰਿਹਾ ਸੀ।ਬਾਅਦ ਵਿੱਚ ਉਸ ਨੂੰ ਬਿਜਲੀ ਦੀ ਮਦਦ ਨਾਲ ਆਪਰੇਟ ਕੀਤਾ ਜਾਣ ਲੱਗਾ ਅਤੇ ਇੱਕ ਵਿਅਕਤੀ ਨੂੰ ਕੱਢਣ ਦਾ ਸਮਾਂ 22 ਮਿੰਟ ਤੋਂ ਘਟ ਕੇ ਮਹਿਜ਼ 4 ਮਿੰਟ ਰਹਿ ਗਿਆ। ਅਗਲੇ ਦਿਨ ਸਵੇਰੇ ਸਾਢੇ ਅੱਠ ਵਜੇ, ਸਾਰੇ ਮਜ਼ਦੂਰਾਂ ਨੂੰ ਬਾਹਰ ਕੱਢਣ ਤੋਂ ਬਾਅਦ ਗਿੱਲ ਆਪ ਖਾਨ ਵਿਚੋਂ ਬਾਹਰ ਆਏ।

ਉਨਾਂ ਦੇ ਪੁੱਤਰ ਮੁਤਾਬਕ, ਉਦੋਂ ਤੋਂ ਹੀ ਜਸਵੰਤ ਸਿੰਘ ਦਾ ਨਾਂ 'ਹੀਰੋ ਆਫ਼ ਰਾਨੀਗੰਜ ਅਤੇ 'ਕੈਪਸੂਲ ਗਿੱਲ' ਪੈ ਗਿਆ। ਉਨਾਂ ਦੀ ਇਸ ਬਹਾਦਰੀ ਲਈ ਉਨਾਂ ਨੂੰ ਭਾਰਤ ਦੇ ਰਾਸ਼ਟਰਪਤੀ ਵੱਲੋਂ 'ਸਰਵੋਤਮ ਜੀਵਨ ਰੱਖਿਆ ਐਵਾਰਡ' ਸਨਮਾਨ ਨਾਲ ਨਿਵਾਜਿਆ ਗਿਆ। ਇਸ ਦੇ ਨਾਲ ਹੀ ਉਨਾਂ ਨੂੰ ਭਾਰਤ ਸਰਕਾਰ ਵੱਲੋਂ ਲਾਈਫ਼ਟਾਈਮ ਅਚੀਵਮੈਂਟ ਐਵਾਰਡ ਵੀ ਦਿੱਤਾ ਗਿਆ। ਡਾਕਟਰ ਸਰਪ੍ਰੀਤ ਸਿੰਘ ਗਿੱਲ ਦੱਸਦੇ ਹਨ ਕਿ ਜਿਸ ਵੇਲੇ ਇਹ ਸਭ ਚੱਲ ਰਿਹਾ ਸੀ ਉਨਾਂ ਦੇ ਪਰਿਵਾਰ ਨੂੰ ਚਾਰ ਦਿਨਾਂ ਤੱਕ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ। ਉਨਾਂ ਨੂੰ ਚਾਰ ਦਿਨ ਬਾਅਦ, ਦਿੱਲੀ ਤੋਂ ਇੱਕ ਰਿਸ਼ਤੇਦਾਰ ਨੇ ਫੋਨ ਕਰਕੇ ਦੱਸਿਆ ਕਿ ਅੱਜ ਦੂਰਦਰਸ਼ਨ ਟੀਵੀ 'ਤੇ ਜਸਵੰਤ ਸਿੰਘ ਨੂੰ ਦਿਖਾਉਣਗੇ।

ਸਰਪ੍ਰੀਤ ਯਾਦ ਕਰਦੇ ਹਨ ਕਿ ਜਦੋਂ ਉਨਾਂ ਦੇ ਪਰਿਵਾਰ ਨੇ ਟੀਵੀ 'ਤੇ ਜਸਵੰਤ ਸਿੰਘ ਨੂੰ ਇੱਕ ਕੈਪਸੂਲ ਵਿੱਚ ਜਾਂਦੇ ਦੇਖਿਆ ਤਾਂ ਉਨਾਂ ਦੇ ਦਾਦੀ ਜੀ ਨੇ ਘਬਰਾ ਕਿ ਕਿਹਾ ਕਿ 'ਓਏ...ਇਹ ਜਸਵੰਤ ਕਿੱਥੇ ਜਾ ਰਿਹਾ ਹੈ, ਇਸ ਨੂੰ ਰੋਕੋ।'

ਇਸ ਆਪ੍ਰੇਸ਼ਨ ਤੋਂ ਕੁਝ ਮਹੀਨੇ ਬਾਅਦ ਜਦੋਂ ਜਸਵੰਤ ਆਪਣੇ ਸ਼ਹਿਰ ਅੰਮ੍ਰਿਤਸਰ ਪਰਤੇ ਤਾਂ ਉਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ।ਸਟੇਸ਼ਨ ਤੋਂ ਢੋਲੀਆਂ ਨਾਲ ਉਨਾਂ ਨੂੰ ਘਰ ਤੱਕ ਲਿਆਂਦਾ ਗਿਆ।ਬੰਗਾਲ ਦੇ ਲੋਕਾਂ ਅਤੇ ਵੱਖ-ਵੱਖ ਸੰਸਥਾਵਾਂ ਵੱਲੋਂ ਵੀ ਉਨਾਂ ਦਾ ਬਹੁਤ ਸਨਮਾਨ ਕੀਤਾ ਗਿਆ। ਪਰਿਵਾਰ ਦਾ ਕਹਿਣਾ ਹੈ ਕਿ ਆਪ੍ਰੇਸ਼ਨ ਤੋਂ ਬਾਅਦ ਸਰਕਾਰ ਨੇ ਐਲਾਨ ਕੀਤਾ ਸੀ ਕਿ ਉਨਾਂ ਨੂੰ ਕੋਲ ਇੰਡੀਆ ਵੱਲੋਂ ਇੱਕ ਲੱਖ ਰੁਪਏ ਦਾ ਕੈਸ਼ ਇਨਾਮ ਦਿੱਤਾ ਜਾਵੇਗਾ। ਹਾਲਾਂਕਿ, ਪਰਿਵਾਰ ਦਾ ਦਾਅਵਾ ਹੈ ਕਿ ਉਹ ਰਾਸ਼ੀ ਅੱਜ ਤੱਕ ਨਹੀਂ ਮਿਲੀ।

ਡਾਕਟਰ ਸਰਪ੍ਰੀਤ ਗਿੱਲ ਮੁਤਾਬਕ, ਥਾਈਲੈਂਡ ਵਿੱਚ ਵੀ ਇੱਕ ਅਜਿਹੇ ਹਾਦਸੇ ਦੌਰਾਨ ਵੀ ਉਨਾਂ ਨੇ ਇੱਕ ਤਕਨੀਕ ਦੱਸੀ ਸੀ। ਇਸੇ ਤਰਾਂ ਮੇਘਾਲਿਆ ਵਿੱਚ ਵਿੱਚ ਵੀ ਅਜਿਹੇ ਹਾਦਸੇ ਦੌਰਾਨ ਉਨਾਂ ਤੋਂ ਮਦਦ ਮੰਗੀ ਗਈ ਸੀ। 26 ਨਵੰਬਰ 2019 ਨੂੰ ਜਸਵੰਤ ਸਿੰਘ ਦਾ ਦੇਹਾਂਤ ਹੋ ਗਿਆ।

# ਸਿੱਧੂ ਮੂਸੇਵਾਲਾ ਦਾ ਮੂਸਾ ਪਿੰਡ ਵਿਚ ਲੱਗਾ ਬੁੱਤ

## ✪ ਮਾਪਿਆਂ ਨੇ ਦਿੱਤਾ ਗੈਂਗਸਟਰ ਗੋਲਡੀ ਬਰਾੜ ਵੱਲੋਂ ਲਾਏ ਇਲਜ਼ਾਮਾਂ ਦਾ ਠੋਕਵਾਂ ਜਵਾਬ

## ✪ ਸਿੱਧੂ ਮੂਸੇਵਾਲਾ ਦਾ ਨਹੀਂ ਸੀ ਕਿਸੇ ਗੈਂਗ ਨਾਲ ਸਬੰਧ, ਪੁਲਿਸ ਦੀ ਜਾਂਚ ਵਿਚ ਸਾਹਮਣੇ ਆਇਆ

**ਮਾਨਸਾ/ਏ.ਟੀ.ਨਿਊਜ਼ :-** ਮਰਹੂਮ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਕਿ ਅੱਜ ਪਾਪੀ ਲੋਕ ਕਾਨੂੰਨ ਦੀਆਂ ਕਮਜ਼ੋਰੀਆਂ ਦਾ ਫ਼ਾਇਦਾ ਚੁੱਕ ਕੇ ਮਨੁੱਖੀ ਅਧਿਕਾਰਾਂ ਦੀ ਮੰਗ ਕਰਦੇ ਹਨ। ਮੇਰੇ ਬੱਚੇ ਦੇ ਮਨੁੱਖੀ ਅਧਿਕਾਰ ਕਿੱਥੇ ਸਨ ? ਕੀ ਉਹ ਘਰ ਤੋਂ ਬਾਹਰ ਇਕੱਲਾ ਨਹੀਂ ਘੁੰਮ ਸਕਦਾ ਸੀ ? ਪੁਲਿਸ ਕੁਝ ਲੋਕਾਂ ਨੂੰ ਸੁਰੱਖਿਆ ਦੇ ਸਕਦੀ ਹੈ। ਸਾਨੂੰ ਇਹੋ ਜਿਹਾ ਮਾਹੌਲ ਤਿਆਰ ਕਰਨਾ ਪਵੇਗਾ ਕਿ ਅਸੀਂ ਬੇਖੌਫ਼ ਹੋ ਕੇ ਆਪੋ ਆਪਣੇ ਘਰਾਂ ਵਿਚ ਸ਼ਾਂਤੀ ਨਾਲ ਜ਼ਿੰਦਗੀ ਬਤੀਤ ਕਰ ਸਕੀਏ। ਜਦ ਇਹ ਪਾਪੀ ਲੋਕ ਪੇਸ਼ੀ 'ਤੇ ਆਉਂਦੇ ਹਨ ਤਾਂ 200 ਬੰਦਾ ਉਨਾਂ ਨਾਲ ਹੁੰਦਾ ਹੈ। ਕੀ ਉਨਾਂ 'ਤੇ ਖ਼ਰਚਾ ਨਹੀਂ ਹੁੰਦਾ। ਸਿੱਧੂ ਦੇ ਪਿਤਾ ਨੇ ਕਿਹਾ ਕਿ ਸਾਡਾ ਪੁੱਤ 2 ਕਰੋੜ ਰੁਪਇਆ ਟੈਕਸ ਭਰਦਾ ਸੀ ਤੇ ਉਸ ਦਾ ਹਸ਼ਰ ਸਾਰਿਆਂ ਦੇ ਸਾਹਮਣੇ ਹੈ। ਸ਼ੁਭਦੀਪ ਦੀ ਮਾਤਾ ਨੇ ਕਿਹਾ ਕਿ ਉਨਾਂ ਦਾ ਪੁੱਤਰ ਸਮਾਜ ਸੇਵਕ ਸੀ ਤੇ ਹੁਣ ਉਸ ਨੂੰ ਬਦਨਾਮ ਕਰਨ ਲਈ ਕੁਝ ਲੋਕ ਮੂੰਹ ਬੰਨ ਕੇ ਇੰਟਰਵਿਊ ਦੇ ਰਹੇ ਹਨ।

ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਸ਼ੁਭਦੀਪ ਦਾ ਉਸ ਦੀ ਸਸਕਾਰ ਵਾਲੀ ਜਗਾ 'ਤੇ ਪ੍ਰਸ਼ੰਸਕ ਵੱਲੋਂ ਲਿਆਂਦੇ ਗਏ ਇਕ ਬੁਤ ਲਾਉਣ ਸਮੇਂ ਕਹੀਆਂ। ਉਨਾਂ ਕਿਹਾ ਕਿ ਜਿਹੜਾ ਸਾਫ਼ ਤੌਰ 'ਤੇ ਕਹਿ ਰਿਹਾ ਹੈ ਕਿ ਮੈਂ ਸਿੱਧੂ ਨੂੰ ਮਾਰਿਆ ਹੈ। ਉਸ ਬੰਦੇ ਨੂੰ ਸੁਰੱਖਿਆ ਕਿਉਂ ਦਿੱਤੀ ਜਾਂਦੀ ਹੈ। ਉਨਾਂ ਕਿਹਾ ਕਿ ਉਹ ਸਾਰਿਆਂ ਤੱਕ ਗੱਲ ਪਹੁੰਚਾਉਣੀ ਚਾਹੁੰਦੇ ਹਨ ਕਿ ਜਿਸ ਤਰਾਂ ਮੇਰੇ ਪੁੱਤ ਨੂੰ ਸੜਕ 'ਤੇ ਜਾਂਦੇ ਗੋਲੀਆਂ ਮਾਰ ਕੇ ਮਾਰਿਆ ਗਿਆ ਹੈ। ਅਸੀਂ ਵੀ ਚਾਹੁੰਦੇ ਹਾਂ ਕਿ ਉਹ ਪਾਪੀ ਅਦਾਲਤਾਂ ਵਿਚ ਜਾਣ 'ਤੇ ਉਨਾਂ ਨੂੰ ਕੋਈ ਵੀ ਸੁਰੱਖਿਆ ਨਾ ਦਿੱਤੀ ਜਾਵੇ ਤੇ ਘੱਟ ਘੱਟ ਅਸੀਂ ਸਿੱਧੇ ਹੋ ਕੇ ਦੇਖ ਤਾਂ ਲਈਏ।

ਉਨਾਂ ਕਿਹਾ ਕਿ ਟੀਵੀ ਇੰਟਰਵਿਊ ਜ਼ਰੀਏ ਜਿਹੜੇ ਦੋਸ਼ ਲਗਾ ਰਹੇ ਹਨ ਉਹ ਝੂਠੇ ਤੇ ਬੇਬੁਨਿਆਦ ਹਨ। ਮੇਰੇ ਪੁੱਤ ਤੇ ਪਰਿਵਾਰ ਨੇ ਕਦੇ ਕਿਸੇ ਦਾ ਮਾੜਾ ਨਹੀਂ ਕੀਤਾ। ਮੇਰਾ ਪੁੱਤ ਬੇਦੋਸ਼ਾ ਤੇ ਕੋਰਾ ਕਾਗਜ਼ ਸੀ ਜਿਸ 'ਤੇ ਪਾਪੀਆਂ ਨੇ ਗੋਲੀਆਂ ਚਲਾਈਆਂ ਪਰ ਉਨਾਂ ਨੂੰ ਨਹੀਂ ਪਤਾ ਸੀ ਕਿ ਉਹ ਮਾਰ ਕਿਸ ਨੂੰ ਰਹੇ ਹਨ। ਉਨਾਂ ਕਿਹਾ ਕਿ ਸਾਡਾ ਇਨਸਾਫ਼ ਸ਼ੂਟਰਾਂ ਨੂੰ ਮਾਰਨ ਜਾਂ ਫੜਨ ਤਕ ਸੀਮਤ ਨਹੀਂ ਹੈ, ਜਦੋਂ ਤੱਕ ਸਰਕਾਰਾਂ ਦੇਸ਼ਾਂ ਵਿਦੇਸ਼ਾਂ ਵਿਚ ਬੈਠੇ ਇਨਾਂ ਦੇ ਆਕਾਵਾਂ ਦਾ ਕੋਈ ਹੱਲ ਨਹੀਂ ਕਰਦੀਆਂ ਉਦੋਂ ਤੱਕ ਇਨਸਾਫ਼ ਅਧੂਰਾ ਹੈ। ਉਨਾਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਤਫ਼ਤੀਸ਼ ਵਿਚ ਲੱਗਿਆ ਵੀ ਹੋਇਆ ਹੈ। ਉਮੀਦ ਕਰ ਸਕਦੇ ਹਾਂ ਕਿ ਕੁਝ ਚੰਗਾ ਸੁਣਨ ਨੂੰ ਮਿਲੇਗਾ।

ਇੱਥੇ ਜ਼ਿਕਰਯੋਗ ਹੈ ਕਿ ਐਤਵਾਰ ਨੂੰ ਵੱਡੀ ਗਿਣਤੀ ਵਿਚ ਮੂਸਾ ਪਿੰਡ ਪੰਜਾਬ, ਹਰਿਆਣਾ, ਰਾਜਸਥਾਨ ਤੇ ਹੋਰ ਰਾਜਾਂ ਵਿਚੋਂ ਲੋਕ ਪੁੱਜੇ ਸਨ ਜਿਨਾਂ ਨੇ ਪਿਤਾ ਬਲਕੌਰ ਸਿੱਧੂ ਤੇ ਮਾਤਾ ਚਰਨ ਕੌਰ ਨਾਲ ਹਮਦਰਦੀ ਜ਼ਾਹਿਰ ਕੀਤੀ। ਉਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮੂਸੇਵਾਲਾ ਦੇ ਕਾਤਲਾਂ ਨੂੰ ਗ੍ਰਿਫ਼ਤਾਰ ਕਰ ਕੇ ਸਖ਼ਤ ਸਜ਼ਾਵਾਂ ਦਿਵਾਈਆਂ ਜਾਣ ਅਤੇ ਪਰਿਵਾਰ ਨੂੰ ਇਨਸਾਫ਼ ਦਿੱਤਾ ਜਾਵੇ। ਇਕੱਠ ਨੂੰ ਸੰਬੋਧਨ ਕਰਦਿਆਂ ਬਲਕੌਰ ਸਿੰਘ ਸਿੱਧੂ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਆਸ ਪ੍ਰਗਟਾਈ ਕਿ ਪਰਿਵਾਰ ਦੇ ਮੋਢੇ



ਨਾਲ ਮੋਢਾ ਲਗਾ ਕੇ ਖੜਦੇ ਰਹਿਣਗੇ। ਜ਼ਿਕਰਯੋਗ ਹੈ ਕਿ ਪਰਿਵਾਰ ਵੱਲੋਂ ਅਫ਼ਸੋਸ ਜ਼ਾਹਿਰ ਕਰਨ ਲਈ ਐਤਵਾਰ ਦਾ ਦਿਨ ਨਿਸ਼ਚਿਤ ਕੀਤਾ ਹੋਇਆ ਹੈ। ਸਿੱਧੂ ਦੇ ਪ੍ਰਸ਼ੰਸਕਾਂ ਨੇ ਉਨਾਂ ਦੀ ਯਾਦਗਾਰ 'ਤੇ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ।

### ਪੁਲਿਸ ਅਨੁਸਾਰ ਮੂਸੇਵਾਲਾ ਦਾ ਨਹੀਂ ਸੀ ਕਿਸੇ ਗੈਂਗ ਨਾਲ ਸਬੰਧ

ਹੁਣ ਤੱਕ ਦੀ ਪੁਲਿਸ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਸਿੱਧੂ ਮੂਸੇਵਾਲਾ ਦੀ ਹੱਤਿਆ ਗੈਂਗਸਟਰਾਂ ਦੀ ਆਪਸੀ ਦੁਸ਼ਮਣੀ ਕਾਰਨ ਹੋਈ। ਸਿੱਧੂ ਦਾ ਕਿਸੇ ਗੈਂਗ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਮੂਸੇਵਾਲਾ ਨਾ ਹੀ ਕਿਸੇ ਤਰਾਂ ਦੀ ਅਪਰਾਧਿਕ ਸਰਗਰਮੀ ਵਿਚ ਸ਼ਾਮਲ ਸੀ। ਸਿੱਧੂ ਮੂਸੇਵਾਲਾ ਹੱਤਿਆ ਕਾਂਡ ਨੂੰ ਸੁਲਝਾਉਣ ਲਈ 250 ਤੋਂ ਜ਼ਿਆਦਾ ਪੰਜਾਬ ਪੁਲਿਸ ਦੇ ਵੱਖ-ਵੱਖ ਵਿੰਗਾਂ ਦੇ ਅਧਿਕਾਰੀ ਤੇ ਮੁਲਾਜ਼ਮ ਕੰਮ ਕਰ ਰਹੇ ਹਨ। ਇਸ ਮਾਮਲੇ ਵਿਚ ਐੱਸਆਈਟੀ ਵੀ ਗਠਿਤ ਹੈ। ਮਾਮਲੇ ਨੂੰ ਐਂਟੀ ਗੈਂਗਸਟਰ ਟਾਸਕ ਫੋਰਸ ਵੱਲੋਂ ਵੀ ਦੇਖਿਆ ਜਾ ਰਿਹਾ ਹੈ। ਮਾਨਸਾ, ਬਠਿੰਡਾ ਜ਼ਿਲਿਆਂ ਦੇ ਪੁਲਿਸ ਮੁਲਾਜ਼ਮ ਵੀ ਇਸ ਮਾਮਲੇ ਦੀ ਜਾਂਚ ਕਰ ਰਹੀਆਂ ਟੀਮਾਂ ਦੀ ਮਦਦ ਕਰ ਰਹੇ ਹਨ ਪਰ ਇਸ ਮਾਮਲੇ ਵਿਚ ਅਜੇ ਤਿੰਨ ਸ਼ੂਟਰ ਫ਼ਰਾਰ ਹਨ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਨੂੰ ਸੁਲਝਾਉਣ ਲਈ ਹੁਣ ਤਕ ਹਜ਼ਾਰਾਂ ਫੋਨ ਕਾਲਾਂ ਦੇ ਡਾਟੇ ਦੀ ਪੁਣਛਾਣ ਕੀਤੀ ਜਾ ਚੁੱਕੀ ਹੈ, ਤਾਂ ਜਾ ਕੇ ਪੁਲਿਸ ਨੂੰ ਕੁਝ ਸੁਰਾਗ ਮਿਲੇ ਜਿਸ ਪਿੱਛੋਂ ਜਾਂਚ ਅੱਗੇ ਵਧੀ। ਸੋਸ਼ਲ ਮੀਡੀਆ 'ਤੇ ਕੀਤੇ ਗਏ ਦਾਅਵਿਆਂ ਦੀ ਜਾਂਚ ਪਿੱਛੋਂ ਪੁਲਿਸ ਦਾ ਮੰਨਣਾ ਹੈ ਕਿ ਜੇਲ ਵਿਚ ਬੈਠੇ ਬਾਕੀ ਸਫ਼ਾ 30 'ਤੇ

ਅੰਮ੍ਰਿਤਸਰ ਟਾਈਮਜ਼
AMRITSAR TIMES
20 ਜੁਲਾਈ 2022 ਤੋਂ 26 ਜੁਲਾਈ 2022

# ਅੱਠਵੇਂ ਪਾਤਿਸ਼ਾਹ ਨੂੰ ਯਾਦ ਕਰਦਿਆਂ

ਅਸੀਂ ਦੋਵੇਂ ਵੇਲਿਆਂ ਦੀ ਅਰਦਾਸ 'ਚ ਪੜਦੇ ਹਾਂ ਕਿ 'ਸ੍ਰੀ ਹਰਿਕ੍ਰਿਸਨ ਧਿਆਈਐ, ਜਿਸੁ ਡਿਠੈ ਸਭਿ ਦੁਖਿ ਜਾਇ।।' ਗੁਰੂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਥਾਏ ਪ੍ਰੋ. ਪੂਰਨ ਸਿੰਘ ਜੀ ਕਹਿੰਦੇ ਹਨ ਕਿ 'ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਰਸ਼ਨਾਂ ਦੀ ਇੱਕ ਝਲਕ ਨਾਲ ਰੋਗੀਆਂ ਦੇ ਰੋਗ ਹਰਿ ਜਾਂਦੇ ਸਨ ਅਤੇ ਦੁਖੀਆਂ ਨੂੰ ਚੈਨ ਮਿਲ ਜਾਂਦਾ ਸੀ।' ਪ੍ਰੋ. ਹਰਿੰਦਰ ਸਿੰਘ ਮਹਿਬੂਬ ਇਸ ਨੂੰ ਸ਼ੁੱਧ ਵਿਚਾਰ ਆਖਦਿਆਂ ਲਿਖਦੇ ਹਨ ਕਿ 'ਸਾਡੇ ਸਿੱਖਾਂ ਲਈ ਇਸ ਦਾ ਮਤਲਬ ਹੈ ਪਿਆਰੇ ਦੀ ਪੂਰਨ ਪਛਾਣ ਰਾਹੀਂ ਚੇਤਨਾ ਦੀਆਂ ਇਕਹਿਰੀਆਂ ਸੁਰਾਂ ਵਿੱਚ ਅਕੱਥ ਭਰਪੂਰਤਾ ਆਉਣੀ, ਕਿਸੇ ਅਜੇ ਆਵੇਸ਼ ਵਿੱਚ ਉੱਡਣਾ ਅਤੇ ਅਸਲੋਂ ਨਵੀਂ ਚੇਤਨਾ ਵਾਲਾ ਆਦਮੀ ਬਣਨਾ।' ਜਿਹੜਾ ਸੱਚ, ਦੇਹ ਤੋਂ ਵੀ ਡੂੰਘਾਂ ਵਾਅ-ਵਾਸਤਾ ਰੱਖਦਾ ਹੋਵੇ ਓਹਨੂੰ ਯਾਦ ਕਰਨਾ ਭਾਗਾਂ ਵਾਲਿਆਂ ਦੇ ਹਿੱਸੇ ਆਉਂਦਾ ਹੈ। ਇਨਾਂ ਦਿਨਾਂ ਵਿੱਚ ਅੱਠਵੇਂ ਪਾਤਿਸ਼ਾਹ ਦਾ ਆਗਮਨ ਪੁਰਬ ਮਨਾਇਆ ਰਿਹਾ ਹੈ ਅਤੇ ਇਸ ਸਬੰਧੀ ਗੁਰੂ ਦੀ ਬਖਸ਼ਿਸ਼ ਦੇ ਪਾਤਰ ਬਣੇ ਭਾਗਾਂ ਵਾਲੜੇ ਪਾਤਿਸ਼ਾਹ ਨੂੰ ਯਾਦ ਕਰ ਰਹੇ ਹਨ, ਉਨਾਂ ਦੀ ਯਾਦ 'ਚ ਸਮਾਗਮ ਕਰ ਰਹੇ ਹਨ। ਅਸੀਂ ਜਾਣਦੇ ਹਾਂ ਕਿ ਗੁਰੂ ਹਰ ਰਾਇ ਸਾਹਿਬ ਜੀ ਨੇ ਆਪਣਾ ਖੁਦਾਈ ਰੁਤਬਾ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸੌਂਪਿਆ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤਕਰੀਬਨ ਢਾਈ ਕੁ ਸਾਲ ਬਾਅਦ ਜੋਤੀ ਜੋਤ ਸਮਾਂ ਗਏ। ਸੋ ਇਸ ਸਮੇਂ ਨੂੰ ਯਾਦ ਕਰਦਿਆਂ ਜੋ ਗੱਲਾਂ ਮੋਟੇ ਰੂਪ 'ਚ ਸਾਡੇ ਨਾਲ ਆ ਖੜਦੀਆਂ ਹਨ, ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਉਨਾਂ ਤੋਂ ਮਿਲ ਰਹੇ ਸੁਨੇਹਿਆਂ ਨੂੰ ਮੌਜੂਦਾ ਸਮੇਂ 'ਚ ਦਰਪੇਸ਼ ਚੁਣੌਤੀਆਂ ਨੂੰ ਹੱਲ ਕਰਨ ਲਈ ਅਮਲ ਵਿਚਾਰ ਲੈ ਕੇ ਆਉਣ ਲਈ ਗੁਰੂ ਪਾਤਿਸ਼ਾਹ ਨੂੰ ਅਰਦਾਸ ਬੇਨਤੀ ਕਰ ਸਕੀਏ।

ਗੁਰਿਆਈ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਮਿਲਣ ਤੋਂ ਬਾਅਦ ਰਾਮ ਰਾਇ ਨੂੰ ਬਹੁਤ ਤਕਲੀਫ ਹੋਈ। ਔਰੰਗਜੇਬ ਕੋਲ ਜਾ ਫਰਿਆਦੀ ਹੋਇਆ। ਪਹਿਲਾਂ ਔਰੰਗਜੇਬ ਨੇ ਉਸ ਨੂੰ ਸਮਝਾਉਣਾ ਚਾਹਿਆ ਫਿਰ ਬਾਅਦ ਵਿਚ ਔਰੰਗਜੇਬ ਵੀ ਆਪਣਾ ਲਾਭ ਵਿਚਾਰਦਿਆਂ ਭਟਕੇ ਸਿੱਖ ਦੇ ਆਖੇ ਲੱਗ ਗਿਆ। ਅਸਲ ਵਿੱਚ ਰਾਮ ਰਾਇ ਗੁਰਗੱਦੀ 'ਤੇ ਆਪਣਾ ਦਾਅਵਾ ਦੱਸ ਕੇ ਔਰੰਗਜੇਬ ਨੂੰ ਗੁਰਗੱਦੀ ਦਾ ਫੈਸਲਾ ਕਰਨ ਲਈ ਕਹਿ ਰਿਹਾ ਸੀ, ਜਿਸ ਲਈ ਅੱਠਵੇਂ ਪਾਤਿਸ਼ਾਹ ਨੂੰ ਦਿੱਲੀ ਦਰਬਾਰ ਸੱਦਣਾ ਸੀ। ਬਾਦਸ਼ਾਹ ਇਸ ਫੁੱਟ 'ਚੋਂ ਆਪਣਾ ਫਾਇਦਾ ਵੇਖ ਰਿਹਾ ਸੀ। ਗੁਰੂ ਪਾਤਿਸ਼ਾਹ ਨੂੰ ਨਿਮਰ ਸੁਨੇਹਾ ਭੇਜਿਆ ਗਿਆ। ਗੁਰੂ ਸਾਹਿਬ ਨੇ ਸੰਗਤ ਨੂੰ ਆਣ ਦੀਦਾਰੇ ਦਿੱਤੇ ਪਰ ਔਰੰਗਜੇਬ ਕੋਲ ਨਹੀਂ ਗਏ, ਇਨਕਾਰ ਕਰ ਦਿੱਤਾ ਕਿਉਂਕਿ ਉਹ ਰੱਬੀ ਦਾਤ ਗੁਰਗੱਦੀ ਨੂੰ ਦੁਨਿਆਵੀ ਕਦਰਾਂ ਕੀਮਤਾਂ ਦੇ ਪੱਧਰ 'ਤੇ ਰੱਖ ਕੇ ਪਰਖਣਾ ਚਾਹੁੰਦਾ ਸੀ।

ਦਿੱਲੀ ਜਾਂਦੇ ਵਕਤ ਗੁਰੂ ਸਾਹਿਬ ਜਦੋਂ ਪੰਜੋਖਰਾ (ਅੰਬਾਲਾ) ਪੁੱਜਦੇ ਹਨ ਉੱਥੇ ਇੱਕ ਹਉਮੈ ਦਾ ਸ਼ਿਕਾਰ ਹੋਇਆ ਪੰਡਤ ਲਾਲ ਚੰਦ ਗੁਰੂ ਜੀ ਨੂੰ ਗੀਤਾ ਦੇ ਅਰਥ ਕਰਨ ਲਈ ਵੰਗਾਰਦਾ ਹੈ। ਪਾਤਿਸ਼ਾਹ ਨੇ ਮਿਹਰ ਦੀ ਨਜ਼ਰ ਕੀਤੀ ਅਤੇ ਆਪਣੀ ਸੁਨਹਿਰੀ ਸੋਟੀ ਛੱਜੂ ਰਾਮ (ਜੋ ਸਰੀਰਕ ਪੱਖੋਂ ਗੂੰਗਾ ਬੋਲਾ ਸੀ) ਦੇ ਸੀਸ ਨੂੰ ਛੁਹਾਈ ਅਤੇ ਗੀਤਾ ਦੇ ਅਰਥ ਕਰਵਾ ਦਿੱਤੇ। ਇਤਿਹਾਸ 'ਚ ਲਿਖਿਆ ਮਿਲਦਾ ਹੈ ਕਿ ਇਹ ਪੰਡਤ ਦਸਵੇਂ ਪਾਤਿਸ਼ਾਹ ਵੇਲੇ ਲਾਲ ਸਿੰਘ ਬਣਿਆ ਅਤੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਇਆ। ਇਹ ਹੈ ਗੁਰੂ ਦੀ ਮਿਹਰ।

ਗੁਰੂ ਪਾਤਿਸ਼ਾਹ ਨੇ ਜੋਤਿ ਜੋਤ ਸਮਾਉਣ ਵਕਤ ਅਗਲੇ ਗੁਰੂ ਬਾਬਤ ਬਾਬਾ ਗੁਰਦਿੱਤਾ ਜੀ ਨੂੰ ਬਸ ਇਹੋ ਆਖਿਆ ਕਿ 'ਬਾਬਾ ਬਕਾਲੇ।' ਇਸ ਨੂੰ ਮਤਾ ਕੋਈ ਇਹ ਸਮਝੇ ਕਿ ਉਹ ਬਸ ਇੰਨਾ ਹੀ ਬੋਲ ਸਕੇ, ਇਹ ਕੋਈ ਦੁਨਿਆਵੀ ਫੈਸਲੇ ਜਾਂ ਦੁਨਿਆਵੀ ਆਗੂ ਦੀ ਗੱਲ ਨਹੀਂ ਸੀ। ਇਹ ਰੱਬ ਦੇ ਘਰ ਦੀ ਗੱਲ ਸੀ, ਇਹਦਾ ਮਿਯਾਰ ਦੁਨਿਆਵੀ ਨਹੀਂ ਹੋ ਸਕਦਾ। ਗੁਰੂ ਨੂੰ ਸਮਝਣਾ ਸਮਝਾਉਣਾ ਸ਼ਬਦਾਂ ਦਾ ਖੇਡਾ ਨਹੀਂ ਹੈ। ਨਾ ਹੀ ਗੁਰੂ ਨੂੰ ਦੱਸਿਆ ਜਾ ਸਕਦਾ ਹੈ ਕਿ ਉਹ ਗੁਰੂ ਹੈ, ਜੋ ਹੈ ਹੀ ਗੁਰੂ, ਕੀ ਉਸ ਨੂੰ ਨਹੀਂ ਪਤਾ ਹੋਵੇਗਾ ਕਿ ਉਹ ਗੁਰੂ ਹੈ ? ਸੋ ਇਹ ਗੁਰੂ ਦਾ ਹੁਕਮ ਸੀ, ਗੁਰੂ ਦੇ ਹੁਕਮ ਦੀ ਖੇਡ ਦਿਮਾਗੀ ਤਲ ਨਾਲ ਨਹੀਂ ਜਾਣੀ ਜਾ ਸਕਦੀ। ਇਨਾਂ ਇਤਿਹਾਸ ਦੇ ਪੰਨਿਆਂ ਨੂੰ ਮਹਿਸੂਸ ਕਰਦਿਆਂ ਸਾਨੂੰ ਕੁਝ ਗੱਲਾਂ ਨੂੰ ਬਹੁਤ ਗੰਭੀਰਤਾ ਨਾਲ ਲੈ ਕੇ ਸਮਝਣ ਦੇ ਅਮਲ 'ਚ ਪੈਣਾ ਚਾਹੀਦਾ ਹੈ। ਪਹਿਲੀ ਇਹ ਕਿ ਜੋ ਗੁਰੂ ਦੇ ਘਰ ਦੀ ਗੱਲ ਹੈ, ਪੰਥ ਦੇ ਮਸਲੇ ਹਨ ਉਹ ਗੁਰੂ ਦੇ ਘਰ ਹੀ ਹੱਲ ਹੋਣੇ ਹਨ ਓਹਦੇ ਲਈ ਕਿਸੇ ਦੁਨਿਆਵੀ ਰਾਜੇ ਦੀ ਕਚਹਿਰੀ ਦੀ ਲੋੜ ਨਹੀਂ ਹੈ। ਲੋੜ ਹੈ ਆਪਣੇ ਮਸਲੇ ਭਾਵੇਂ ਉਹ ਰਾਜਨੀਤਕ ਹਨ, ਧਾਰਮਿਕ ਹਨ ਜਾਂ ਸਮਾਜਿਕ ਹਨ, ਆਪਣੇ ਗੁਰੂ ਅਤੇ ਸੰਗਤ ਦੀ ਹਾਜਰੀ 'ਚ ਬੈਠ ਕੇ ਆਪਣੀ ਰਵਾਇਤ ਅਨੁਸਾਰ ਵਿਚਾਰਨ ਅਤੇ ਫੈਸਲੇ ਕਰਨ ਦੇ ਅਮਲ 'ਚ ਪੈਣ ਦੀ। ਸਾਡੀ ਰਵਾਇਤ ਵਿੱਚ ਫੈਸਲੇ ਪੰਚ ਪ੍ਰਧਾਨੀ ਪ੍ਰਣਾਲੀ ਤਹਿਤ ਕੀਤੇ ਜਾਂਦੇ ਹਨ ਜਿਸ ਵਿੱਚ ਸੰਗਤ ਵਿੱਚੋਂ ਹੀ ਪੰਜ ਸਿੰਘ ਚੁਣੇ ਜਾਂਦੇ ਹਨ ਜੋ ਸਾਰੇ ਮਸਲੇ ਸਬੰਧੀ ਸੰਗਤ ਤੋਂ ਵਿਚਾਰ ਲੈ ਕੇ ਅੰਤਿਮ ਨਿਰਣੇ 'ਤੇ ਪੁੱਜਦੇ ਹਨ। ਪੰਜ ਸਿੰਘਾਂ ਦਾ ਫੈਸਲਾ ਅਖੀਰੀ ਹੁੰਦਾ ਹੈ ਅਤੇ ਫੈਸਲਾ ਲੈਣ ਤੋਂ ਬਾਅਦ ਪੰਜ ਸਿੰਘ ਸੰਗਤ ਦਾ ਹੀ ਰੂਪ ਹੋ ਜਾਂਦੇ ਹਨ। ਅੱਜ ਸਾਡੇ ਫੈਸਲੇ ਸਾਡੀ ਰਵਾਇਤ ਅਨੁਸਾਰ ਨਹੀਂ ਹੋ ਰਹੇ, ਜਿਸ ਲਈ ਸਾਨੂੰ ਉੱਦਮ ਕਰਨੇ ਚਾਹੀਦੇ ਹਨ। ਦੂਜਾ ਇਹ ਕਿ ਜੋ ਗੁਰੂ ਦੇ ਕਾਰਜ ਹਨ ਉਹ ਗੁਰੂ ਨੇ ਹੀ ਕਰਵਾਉਣੇ ਹਨ, ਜਦੋਂ ਵਕਤ ਆਉਣਾ ਗੁਰੂ ਨੇ ਗੂੰਗੇ ਤੋਂ ਅਰਥ ਕਰਵਾਉਣ ਵਾਂਙ ਪਤਾ ਨਹੀਂ ਕਿਸ ਕੋਲੋਂ ਸੇਵਾ ਲੈ ਲੈਣੀ ਹੈ। ਅਸੀਂ ਗੁਰੂ ਪਾਤਿਸ਼ਾਹ ਨੂੰ ਅਰਦਾਸ ਕਰੀਏ ਕਿ ਉਹ ਸਾਨੂੰ ਵੀ ਕੋਈ ਤਿਲ ਫੁਲ ਸੇਵਾ ਬਖਸ਼ਣ। ਅਖੀਰ ਵਿੱਚ ਸਾਡੇ ਸਮਝਣ ਲਈ ਇਹ ਹੈ ਕਿ ਜੋ ਗੁਰੂ ਦਾ ਹੁਕਮ ਹੈ, ਗੁਰੂ ਦੇ ਬਚਨ ਹਨ, ਸਾਡੇ ਲਈ ਉਸ ਤੋਂ ਉੱਪਰ ਕੁਝ ਨਹੀਂ ਹੈ, ਜਦੋਂ ਪਾਤਿਸ਼ਾਹ ਨੇ ਕਿਹਾ 'ਬਾਬਾ ਬਕਾਲੇ', ਇਹਦੇ 'ਚ ਕੋਈ ਸਵਾਲ ਜਵਾਬ ਨਹੀਂ, ਕੋਈ ਹੋਰ, ਕੀ, ਕਿਉਂ ਆਦਿ ਕੁਛ ਨਹੀਂ ਹੈ ਕਿਉਂਕਿ 'ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ।।' ਪਾਤਿਸ਼ਾਹ ਮਿਹਰ ਕਰਨ ਸਾਨੂੰ ਹੁਕਮ ਮੰਨਣ ਦੀ ਜਾਚ ਸਿਖਾ ਦੇਣ।

# ਭਗਵੰਤ ਸਰਕਾਰ ਸਾਹਮਣੇ ਚੁਣੌਤੀਆਂ ਅਤੇ ਪੰਜਾਬ ਦੀ ਨਵ-ਉਸਾਰੀ ਦਾ ਮੁੱਦਾ

**ਭਾਈ ਹਰਿਸਿਮਰਨ ਸਿੰਘ**

ਕਾਂਗਰਸ ਅਤੇ ਅਕਾਲੀ ਦਲ ਦੇ ਪੰਜਾਬ ਉੱਤੇ ਰਾਜ ਕਰਨ ਦੇ ਚੱਲਦੇ ਆ ਰਹੇ ਏਕਾਧਿਕਾਰ ਨੂੰ ਤੋੜ ਕੇ ਪੰਜਾਬ ਵਾਸੀਆਂ ਨੂੰ ਬਦਲਾਉ ਦੀ ਰਾਜਨੀਤੀ, ਪ੍ਰਸ਼ਾਸਨ ਅਤੇ ਇਕ ਨਵਾਂ ਖ਼ੁਸ਼ਹਾਲ ਪੰਜਾਬ ਸਿਰਜਣ ਦੇ ਵੱਡੇ ਵਾਅਦੇ ਨਾਲ ਆਮ ਆਦਮੀ ਪਾਰਟੀ ਨੂੰ ਸੱਤਾ ਵਿਚ ਆਇਆਂ ਚਾਰ ਮਹੀਨੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਹਰ ਰਾਜਨੀਤਿਕ ਪਾਰਟੀ ਸੱਤਾ ਵਿਚ ਆਉਣ ਲਈ ਲੋਕਾਂ ਨਾਲ ਕਈ ਤਰਾਂ ਦੇ ਅਸਲ ਜਾਂ ਲੁਭਾਵੇਂ ਵਾਅਦੇ ਕਰਕੇ ਸੱਤਾ ਵਿਚ ਆਉਂਦੀ ਹੈ, ਜਿਨਾਂ ਨੂੰ ਪੂਰਾ ਕਰਨ ਦਾ ਉਸ ਉੱਤੇ ਲਗਾਤਾਰ ਦਬਾਉ ਬਣਿਆ ਰਹਿੰਦਾ ਹੈ। ਪਰ ਹੁਣ ਜਦੋਂ ਆਮ ਆਦਮੀ ਪਾਰਟੀ ਸਰਕਾਰ ਪੰਜਾਬ ਨਾਲ ਸਬੰਧਿਤ ਅਸਲ ਸੱਚਾਈਆਂ ਦਾ ਸਾਹਮਣਾ ਕਰ ਰਹੀ ਹੈ ਤਾਂ ਕੁੱਝ ਮੁਢਲੇ ਪ੍ਰਸ਼ਨ ਅਥਵਾ ਚੁਣੌਤੀਆਂ ਸਪੱਸ਼ਟ ਹੋ ਗਈਆਂ ਹਨ। ਜਦੋਂ ਪੰਜਾਬ ਵੱਡੇ ਅਤੇ ਬਹੁਪੱਖੀ ਸੰਕਟਾਂ ਦਾ ਸਾਹਮਣਾ ਕਰ ਰਿਹਾ ਹੈ, ਤਾਂ ਇਕ ਨਵਾਂ ਆਤਮ-ਨਿਰਭਰ ਪੰਜਾਬ ਸਿਰਜਣ ਪ੍ਰਥਾਇ ਭਗਵੰਤ ਸਿੰਘ ਮਾਨ ਤੇ ਉਨਾਂ ਦੇ ਸਲਾਹਕਾਰਾਂ ਕੋਲ ਕਿਹੜਾ ਭਵਿੱਖ ਮੁਖੀ ਨਕਸ਼ਾ ਹੈ ? ਇਸ ਸਰਕਾਰ ਕੋਲ ਕਿਹੜੇ ਬਦਲਵੇਂ ਵਿਕਾਸ ਮਾਡਲ, ਵਿਸ਼ੇਸ਼ ਕਰਕੇ ਖੇਤੀ ਵਿਕਾਸ ਮਾਡਲ ਹਨ, ਜਿਨਾਂ ਨੂੰ ਇਹ ਆਪਣਾ ਸੱਤਾ ਆਧਾਰ ਬਣਾਏਗੀ, ਸਾਡੇ ਸਾਹਮਣੇ ਵਿਚਾਰ ਕਰਨ ਦੇ ਇਹ ਕੁਝ ਮੁੱਦੇ ਹਨ।

ਪੰਜਾਬ ਵਾਸੀਆਂ ਨੂੰ ਵਾਅਦਾ ਕੀਤੀਆਂ ਗਈਆਂ ਰਿਆਇਤਾਂ ਦੇਣ ਦੇ ਦਬਾਉ ਵਿਚ ਕੰਮ ਕਰਦੀ ਭਗਵੰਤ ਸਿੰਘ ਮਾਨ ਸਰਕਾਰ ਸਾਹਮਣੇ ਮੁੱਖ ਤੌਰ 'ਤੇ ਪੰਜ ਵੱਡੀਆਂ ਚੁਣੌਤੀਆਂ ਹਨ। ਇਕ, ਕੇਂਦਰ ਦੀ ਭਾਜਪਾ ਸਰਕਾਰ ਦੀਆਂ ਪੰਜਾਬ-ਕਿਸਾਨੀ ਤੇ ਸਿੱਖ ਵਿਰੋਧੀ ਨੀਤੀਆਂ ਅਤੇ ਫੈਡਰਲ ਢਾਂਚੇ ਨੂੰ ਕਮਜ਼ੋਰ ਕਰਨ ਦੀਆਂ ਨੀਤੀਆਂ ਦਾ ਸਾਹਮਣਾ ਕਰਨਾ, ਦੂਜਾ, ਪਹਿਲਾਂ ਹੀ ਕਰਜ਼ਦਾਰ ਪੰਜਾਬ ਸਾਹਮਣੇ ਖੜੀਆਂ ਨਸ਼ੇਖੋਰੀ, ਬੇਰੁਜ਼ਗਾਰੀ, ਕੁਰੱਪਸ਼ਨ, ਕੁਸ਼ਾਸਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਪੰਜਾਬ ਦੇ ਦਰਿਆਈ ਪਾਣੀਆਂ, ਚੰਡੀਗੜ ਅਤੇ ਪੰਜਾਬੀ ਬੋਲਦੇ ਇਲਾਕਿਆਂ ਦੇ ਮਸਲਿਆਂ ਬਾਰੇ ਮੌਲਿਕ, ਸਿੱਖ-ਵਿਰਸੇ ਦੀਆਂ ਭਾਵਨਾਵਾਂ ਅਨੁਸਾਰ ਕੰਮ ਕਰਨਾ, ਤੀਜਾ, ਆਰਥਿਕ ਤੌਰ 'ਤੇ ਪ੍ਰਤੀ ਦਿਨ ਕਮਜ਼ੋਰ ਹੁੰਦੇ ਜਾ ਰਹੇ ਕਰਜ਼ਦਾਰ ਪੰਜਾਬ ਉੱਤੇ ਹੋਰ ਕਰਜ਼ਾ ਨਾ ਚੜਾਉਣ ਦੇ ਮਕਸਦ ਨਾਲ ਹੋਰ ਰਿਆਇਤਾਂ ਦੇਣ ਅਤੇ ਫਜ਼ੂਲ ਖਰਚੀ ਦੇ ਚੱਕਰ ਵਿਚੋਂ ਪੰਜਾਬ ਨੂੰ ਕੱਢ ਕੇ ਇਸ ਦੇ ਮਜ਼ਬੂਤ ਆਰਥਿਕ ਸੋਮੇ ਸਿਰਜਣਾ, ਚੌਥਾ, ਪੰਜਾਬ ਵਾਸੀਆਂ ਦੀ, ਵਿਸ਼ੇਸ਼ ਕਰਕੇ ਪੰਥਕ ਨੌਜਵਾਨ ਧਿਰਾਂ ਦੀ ਮੂਲ ਮਾਨਸਿਕਤਾ ਨੂੰ ਸਮਝਦਿਆਂ ਅਰਵਿੰਦ ਕੇਜਰੀਵਾਲ ਦੇ ਰਾਸ਼ਟਰੀ ਪਾਰਟੀ ਬਣਨ ਦੇ ਸੁਪਨੇ ਨੂੰ ਸਾਕਾਰ ਕਰਨ ਦੀ ਇੱਛਾ ਨਾਲ ਪੰਜਾਬ ਦੀ ਸੱਤਾ ਨੂੰ ਵਰਤਣ ਦੇ ਉਲਟ ਮਨਸੂਬਿਆਂ ਦਾ ਸਾਹਮਣਾ ਕਰਦਿਆਂ ਪੰਜਾਬ ਵਾਸੀਆਂ ਦਾ ਵਿਸ਼ਵਾਸ ਬਣਾਈ ਰੱਖਣਾ ਅਤੇ ਪੰਜਵਾਂ: ਪੰਜਾਬ ਦੀ ਧਰਤੀ ਹੇਠਲੇ ਘੱਟਦੇ ਪਾਣੀ ਦੇ ਸੰਕਟ, ਕਮਜ਼ੋਰ ਉਦਯੋਗਿਕ-ਵਪਾਰਿਕ ਸਥਿਤੀਆਂ, ਖੇਤੀ ਨਾਲ ਜੁੜੇ ਸੰਕਟਾਂ ਅਤੇ ਇਕ ਖ਼ੁਸ਼ਹਾਲ ਪੰਜਾਬ ਸਿਰਜਣ ਲਈ ਕੋਈ ਸੰਯੁਕਤ ਵਿਕਾਸ ਮਾਡਲ ਅਨੁਸਾਰ ਇਕ ਨਵਾਂ ਆਤਮ-ਨਿਰਭਰ ਪੰਜਾਬ ਕਿਵੇਂ ਸਿਰਜਿਆ ਜਾਣਾ ਹੈ, ਆਮ ਆਦਮੀ ਪਾਰਟੀ ਸਰਕਾਰ ਅੱਗੇ ਖੜੀਆਂ ਇਹ ਕੁਝ ਬਹੁਪੱਖੀ ਚੁਣੌਤੀਆਂ ਹਨ ਜਿਨਾਂ ਦਾ ਸਾਹਮਣਾ ਕਰਦਿਆਂ ਸਰਕਾਰ ਨੇ ਅੱਗੇ ਵੱਧਣਾ ਹੋਏਗਾ। ਪਰ ਕੀ ਅਰਵਿੰਦ ਕੇਜਰੀਵਾਲ, ਉਸ ਦੇ ਸਲਾਹਕਾਰਾਂ ਤੇ ਭਗਵੰਤ ਸਿੰਘ ਪੰਜਾਬ ਦੀ ਮੂਲ ਸਿੱਖ-ਪੰਜਾਬੀ ਰੂਹ ਨੂੰ ਸਮਝਦਿਆਂ ਇਕ ਵਿਸ਼ਾਲ ਭਵਿੱਖ ਦ੍ਰਿਸ਼ਟੀ ਅਤੇ ਇਕ ਨਵਾਂ ਆਤਮ-ਨਿਰਭਰ ਪੰਜਾਬ ਸਿਰਜ ਸਕਣਗੇ ? ਭਗਵੰਤ ਸਿੰਘ ਮਾਨ ਦੀਆਂ ਅਜ਼ਾਦ ਰੂਪ ਵਿਚ ਸਰਕਾਰ ਚਲਾਉਣ ਦੀਆਂ ਸੀਮਾਵਾਂ ਕੀ ਉਸ ਦੇ ਇਕ ਆਦਰਸ਼ਕ ਮੁੱਖ ਮੰਤਰੀ ਸਾਬਤ ਹੋਣ ਵਿਚ ਰੁਕਾਵਟ ਤਾਂ ਨਹੀਂ ਬਣਨਗੀਆਂ ? ਦੂਜੇ ਸ਼ਬਦਾਂ ਵਿਚ ਕੀ ਮੁੱਖ ਮੰਤਰੀ ਦੇ ਮੋਢਿਆਂ ਵਿਚ ਅਜਿਹੇ ਭਾਰ ਚੁੱਕਣ ਦੀ ਸਮਰੱਥਾ ਹੈ ? ਸਪੱਸ਼ਟ ਹੈ ਕਿ ਅਜਿਹੀਆਂ ਸਥਿਤੀਆਂ ਵਿਚ ਸਫ਼ਲ ਨਾ ਹੋਣ ਦੇ ਨਤੀਜੇ ਵਜੋਂ ਕਿਸੇ ਨਵੀਂ ਤੀਜੀ ਪੰਜਾਬ-ਪੰਥ ਪ੍ਰਸਤ ਸੰਜੀਦਾ ਧਿਰ ਦੇ ਉਭਾਰ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

ਆਮ ਆਦਮੀ ਪਾਰਟੀ ਅਤੇ ਇਸਦਾ ਰਾਜਨੀਤਿਕ ਵਿਰੋਧ ਕਰ ਰਹੀਆਂ ਕਾਂਗਰਸ ਤੇ ਅਕਾਲੀ ਦਲ ਤੇ ਹੋਰ ਨਵੀਆਂ ਉਭਰਨ ਵਾਲੀਆਂ ਸੰਭਾਵੀ ਧਿਰਾਂ ਲਈ ਇਹ ਗਿਆਤ ਹੋਣਾ ਜ਼ਰੂਰੀ ਹੈ ਕਿ ਆਤਮ-ਨਿਰਭਰ ਪੰਜਾਬ ਦੀ ਨਵ-ਉਸਾਰੀ ਕਰਨਾ ਉਨਾਂ ਦੀ ਮੁੱਖ ਤਰਜੀਹ ਬਣਨਾ ਲੋੜੀਂਦਾ ਹੈ। ਜ਼ਾਹਿਰ ਹੈ ਕਿ ਅਜਿਹੇ ਪੰਜਾਬ ਦੀ ਉਸਾਰੀ ਲਈ ਇਕ ਸੰਯੁਕਤ, ਲੋਕ-ਪੱਖੀ ਅਤੇ ਕੁਦਰਤ-ਪੱਖੀ ਵਿਕਾਸ ਮਾਡਲ ਦਾ ਭਵਿੱਖੀ ਨਕਸ਼ਾ ਤਿਆਰ ਕਰਨਾ ਜ਼ਰੂਰੀ ਹੋਏਗਾ। ਦੂਜੀਆਂ ਸੰਸਥਾਵਾਂ ਅਤੇ ਜੀਵਨ ਮਾਡਲਾਂ ਦੀ ਪੂਰਕਤਾ ਵਿਚ ਕੰਮ ਕਰਨ ਵਾਲਾ ਅਜਿਹਾ ਵਿਕਾਸ ਮਾਡਲ ਕੇਵਲ ਅਰਥਚਾਰੇ ਤੱਕ ਹੀ ਸੀਮਿਤ ਨਹੀਂ ਹੋਵੇਗਾ, ਸਗੋਂ ਪ੍ਰਾਇਮਰੀ ਤੋਂ ਉਚੇਰੀ ਸਿੱਖਿਆ ਲਈ ਹੋਰ ਵਿਸ਼ਿਆਂ ਦੇ ਨਾਲ-ਨਾਲ ਕੁਦਰਤ-ਕੇਂਦਰਿਤ ਬ੍ਰਹਿਮੰਡੀ ਗਿਆਨ ਦੇਣ, ਗੁਣਾਤਮਕ ਸਿਹਤ ਸੇਵਾਵਾਂ, ਖੇਡਾਂ, ਵਾਤਾਵਰਨ ਸੰਭਾਲ, ਬੋਲੀ, ਸੱਭਿਆਚਾਰਕ, ਨੈਤਿਕ, ਵਿਕਾਸ, ਧਾਰਮਿਕ, ਵਿਰਾਸਤੀ ਪਹਿਚਾਣ ਬਣਾਈ ਰੱਖਣ ਅਤੇ ਆਪਸੀ ਸਾਂਝ ਅਤੇ ਵਿਸ਼ਵ ਚਿੰਤਾ ਕਰਨ ਵਿਚ ਵੱਡਾ ਯੋਗਦਾਨ ਨਿਸ਼ਚਿਤ ਕਰੇਗਾ। ਆਮ ਆਦਮੀ ਪਾਰਟੀ ਦੇ ਸੱਤਾ ਵਿਚ ਹੋਣ ਕਾਰਨ ਇਸ ਉੱਤੇ ਇਹ ਜ਼ਿੰਮੇਵਾਰੀ ਵਧੇਰੇ ਆਇਦ ਹੁੰਦੀ ਹੈ। ਇਸ ਲਈ ਸਬੰਧਿਤ ਆਗੂਆਂ ਵਿਦਵਾਨਾਂ, ਚਿੰਤਕਾਂ ਅਤੇ ਵਿਸ਼ਾ ਮਾਹਿਰਾਂ ਦੀ ਸਲਾਹ ਨਾਲ ਇਨਾਂ ਖੇਤਰਾਂ ਸਬੰਧੀ ਵਿਸ਼ਾਲ ਨੀਤੀ ਤੰਤਰ ਸਿਰਜਣ ਨਾਲ ਰਿਆਇਤਾਂ-ਕੇਂਦਰਿਤ ਨੀਤੀਆਂ ਤੋਂ ਅੱਗੇ ਜਾ ਕੇ ਇਕ ਨਿਯਮਬੱਧ ਢੰਗ ਨਾਲ ਕੰਮ ਕਰਨ ਨਾਲ ਚੰਗੇ ਸਾਕਾਰਾਤਮਕ ਨਤੀਜੇ ਨਿਕਲ ਸਕਣਗੇ। ਯਕੀਨਨ ਅਜਿਹੇ ਯਤਨਾਂ ਨਾਲ ਜਿਥੇ ਪੰਜਾਬ ਦਾ ਅਰਥਚਾਰਾ ਮਜ਼ਬੂਤ ਹੋਵੇਗਾ, ਉੱਥੇ ਪੰਜਾਬ ਦਾ ਖੇਤੀ ਸੈਕਟਰ, ਟੂਰਿਜ਼ਮ, ਟੈਕਸਟਾਈਲ, ਸਿੱਖਿਆ ਖੇਤਰ, ਸੱਭਿਆਚਾਰਕ ਵਿਕਾਸ, ਆਈ.ਟੀ. ਸੈਕਟਰ ਅਤੇ ਉਦਯੋਗਿਕ ਵਿਕਾਸ, ਵਪਾਰ ਆਦਿ ਨਾਲ ਨੌਜੁਆਨਾਂ ਤੇ ਹੋਰ ਲੋੜਵੰਦਾਂ ਲਈ ਪੰਜਾਬ ਵਿਚ ਹੀ ਰੁਜ਼ਗਾਰ ਦੇ ਅਨੇਕਾਂ ਮੌਕੇ ਪ੍ਰਾਪਤ ਹੋ ਜਾਣਗੇ। ਭਾਈ ਗੁਰਦਾਸ ਇੰਸਟੀਚਿਊਟ ਨੇ ਅਜਿਹੇ ਸੰਯੁਕਤ ਵਿਕਾਸ ਮਾਡਲ ਦੀ ਰੂਪ-ਰੇਖਾ ਉਲੀਕੀ ਹੋਈ ਹੈ।

ਹਰ ਸੂਬੇ ਅਤੇ ਦੇਸ਼ ਦੇ ਆਪਣੇ ਕੁਦਰਤੀ ਸਰੋਤ ਅਤੇ ਊਰਜਾ ਦੇ ਭੰਡਾਰ ਹੁੰਦੇ ਹਨ। ਪੰਜਾਬ ਕੋਲ ਇਸ ਦੇ ਆਪਣੇ ਪਾਣੀਆਂ ਦੀ ਸੌਗਾਤ ਅਤੇ ਕੁਦਰਤ ਵੱਲੋਂ ਬਖਸ਼ਿਸ਼ ਕੀਤੀ ਗਈ ਉਪਜਾਊ ਧਰਤੀ ਇਸ ਦੇ ਕੁਦਰਤੀ ਸਰੋਤ ਹਨ। ਇਨਾਂ ਸਰੋਤਾਂ ਦੀ ਸੰਭਾਲ ਅਤੇ ਸਹਿਜ ਵਰਤੋਂ ਨਾਲ ਵਿਕਾਸ ਨੂੰ ਯਕੀਨੀ ਬਣਾਉਣ ਲਈ ਪੰਜਾਬ ਨੂੰ ਪਿਆਰ ਕਰਨ ਵਾਲੇ ਕਿਸਾਨਾਂ, ਜਥੇਬੰਦੀਆਂ, ਰਾਜਨੀਤਿਕ ਪਾਰਟੀਆਂ ਅਤੇ ਸੰਗਤ ਨੇ ਕੇਂਦਰ ਦੀਆਂ ਪੰਜਾਬ ਦੇ ਸਰੋਤਾਂ ਨੂੰ ਹੜੱਪ ਕਰਨ ਵਾਲੀਆਂ ਨੀਤੀਆਂ ਦਾ ਹਮੇਸ਼ਾ ਮੁਕਾਬਲਾ ਕੀਤਾ ਹੈ। ਕੇਂਦਰ ਦੀ ਭਾਜਪਾ ਸਰਕਾਰ ਦੀਆਂ ਖੇਤੀ ਤੇ ਜ਼ਮੀਨ ਦੀਆਂ ਕਾਰਪੋਰੇਟੀ ਨੀਤੀਆਂ ਦੇ ਵਿਰੋਧ ਵਿਚ ਪੰਜਾਬੀਆਂ ਨੇ ਇਕ ਸਾਲ ਤੱਕ ਸਫ਼ਲ ਸੰਘਰਸ਼ ਲੜਿਆ ਸੀ। ਇਸ ਐਜੀਟੇਸ਼ਨ ਨੇ ਸੰਕਟਾਂ ਵਿਚ ਘਿਰੇ ਪੰਜਾਬ ਦੇ ਖੇਤੀ ਉਦਘਾਟਨ ਅਤੇ ਉੱਜਵਲ ਭਵਿੱਖ ਸਬੰਧੀ ਕਈ ਤਰਾਂ ਦੇ ਪ੍ਰਸ਼ਨ ਵੀ ਪੈਦਾ ਕੀਤੇ ਸਨ। ਖੇਤੀ ਸੈਕਟਰ ਨੂੰ ਘਾਟੇ ਵਾਲਾ ਧੰਦਾ ਗਰਦਾਨ ਕੇ ਇਸ ਨੂੰ ਪੰਜਾਬ-ਭਾਰਤ ਅਤੇ ਵਿਸ਼ਵ ਸਰਕਾਰਾਂ ਦੇ ਰਹਿਮੋ ਕਰਮ ਅਤੇ ਸਬਸਿਡੀਆਂ ਉੱਤੇ ਛੱਡ ਦਿੱਤਾ ਗਿਆ ਹੈ। ਕੁਦਰਤ ਵੱਲੋਂ ਮਾਨਵਤਾ ਨੂੰ ਬਖਸ਼ਿਸ਼ ਕੀਤੀ ਖੇਤੀ ਉਤਪਾਦਨ ਦੀ ਸੌਗਾਤ ਨੂੰ ਸਰਕਾਰਾਂ ਅਤੇ ਮੁਨਾਫ਼ਾਖੋਰ ਸ਼ਕਤੀਆਂ ਨੇ ਅਜਿਹੀ ਸਥਿਤੀ ਤੱਕ ਪਹੁੰਚਾ ਦਿੱਤਾ ਹੈ। ਨਵੰਬਰ 2021 ਵਿਚ ਕੇਂਦਰ ਦੀਆਂ ਨੀਤੀਆਂ ਵਿਰੁੱਧ ਸੰਘਰਸ਼ ਤਾਂ ਜਿੱਤ ਲਿਆ ਸੀ, ਪਰ ਖੇਤੀ ਨਾਲ ਜੁੜੇ ਮੁੱਦੇ ਅਤੇ ਸਮੱਸਿਆਵਾਂ ਤਾਂ ਉਸੇ ਤਰਾਂ ਹੀ ਖੜੇ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਖੇਤੀ ਵਿਗਿਆਨੀਆਂ, ਮਾਹਿਰਾਂ ਅਤੇ ਖੁਦ ਕਿਸਾਨਾਂ ਨੂੰ ਪੰਜਾਬ ਦੀ ਨਵ-ਉਸਾਰੀ ਪ੍ਰਥਾਇ ਆਪਸੀ ਸਹਿਯੋਗ ਅਤੇ ਨਵੀਆਂ ਨੀਤੀਆਂ ਅਨੁਸਾਰ ਕੰਮ ਕਰਦਿਆਂ ਕੇਵਲ ਸਰਕਾਰਾਂ ਉਪਰ ਹੀ ਪੂਰੀ ਤਰਾਂ ਨਿਰਭਰ ਨਾ ਰਹਿ ਕੇ, ਸਗੋਂ ਆਪ ਵੀ ਵੱਡੀਆਂ ਪੁਲਾਂਘਾਂ ਪੁੱਟਣੀਆਂ ਹੋਣਗੀਆਂ। ਮਿਹਨਤ ਅਤੇ ਪਸੀਨਾ ਡੋਲਣ ਵਾਲੇ ਕਿਸਾਨਾਂ ਨੂੰ ਹੁਣ ਵਿਚਾਰੇ ਬਣੇ ਰਹਿਣ ਦੀ ਮਾਨਸਿਕਤਾ ਵਿਚੋਂ ਨਿਕਲ ਕੇ ਇਕ ਵੱਡਾ ਖ਼ੁਸ਼ਹਾਲੀ ਬਿਰਤਾਂਤ ਸਿਰਜਣਾ ਹੋਵੇਗਾ।

ਸਮੇਂ ਤੇ ਸਥਾਨ ਦੀ ਸੀਮਾਵਾਂ ਨੂੰ ਮੁੱਖ ਰੱਖ ਕੇ ਅਸੀਂ ਬਦਲਵੇਂ ਖੇਤੀ ਵਿਕਾਸ ਮਾਡਲ ਦੀਆਂ ਕੁਝ ਰੇਖਾਵਾਂ ਹੀ ਹੇਠਾਂ ਖਿੱਚ ਰਹੇ ਹਾਂ, ਜਿਨਾਂ ਬਾਰੇ ਪੰਜਾਬ ਤੇ ਭਾਰਤ ਦੇ ਮਾਹਿਰਾਂ, ਨੀਤੀ ਘਾੜਿਆਂ ਅਤੇ ਸਰਕਾਰਾਂ ਦੁਆਰਾ ਫੌਰੀ ਤੌਰ 'ਤੇ ਗੰਭੀਰ ਯਤਨ ਕੀਤੇ ਜਾਣੇ ਚਾਹੀਦੇ ਹਨ। ਇਸ ਤਰਾਂ ਅਸੀਂ ਖੇਤੀ ਉਤਪਾਦਨ ਦੀਆਂ ਸਫ਼ਲ ਸੰਭਾਵਨਾਵਾਂ ਉਜਾਗਰ ਕਰਕੇ ਇਕ ਨਵਾਂ ਪੰਜਾਬ ਉਸਾਰ ਸਕਦੇ ਹਾਂ। ਇਹ ਸੁਝਾਅ ਇਕੋ ਸਮੇਂ ਕਿਸਾਨਾਂ, ਕਿਸਾਨ ਆਗੂਆਂ, ਮਾਹਿਰਾਂ ਅਤੇ ਸਰਕਾਰਾਂ ਨੂੰ ਸੰਬੋਧਿਤ ਹਨ।

ਬਦਲਵੇਂ ਖੇਤੀ ਵਿਕਾਸ ਮਾਡਲ ਨੂੰ ਸਫ਼ਲ ਬਣਾਉਣ ਲਈ ਸਾਰੀਆਂ ਸਬੰਧਿਤ ਧਿਰਾਂ ਨੂੰ ਜ਼ਮੀਨ ਦੀ ਤਾਸੀਰ ਵਿਚ ਪੜਾਅ ਵਾਰ ਸ਼ੁੱਧਤਾ ਲਿਆਉਣ ਲਈ ਕੰਮ ਕਰਨਾ ਹੋਵੇਗਾ, ਸਾਂਝੀ ਅਤੇ ਸਹਿਕਾਰੀ ਖੇਤੀ, ਯੋਜਨਾਬੱਧ ਖੇਤੀ ਉਤਪਾਦਨ, ਫਸਲੀ ਵਿਭਿੰਨਤਾ ਅਤੇ ਸਟੋਰੇਜ ਦੇ ਪ੍ਰਬੰਧ ਕਰਨੇ ਹੋਣਗੇ, ਕਲੱਸਟਰਾਂ-ਆਧਾਰਿਤ ਖੇਤੀ ਉਤਪਾਦਨ ਅਤੇ ਮਾਰਕੀਟਿੰਗ, ਖੇਤੀ ਉਦਯੋਗ ਅਤੇ ਕਿਸਾਨੀ ਨਾਲ ਜੁੜੇ ਘਰੇਲੂ ਉਦਯੋਗ ਸਥਾਪਿਤ ਕਰਨੇ ਹੋਣਗੇ, ਕੁਦਰਤੀ-ਜੈਵਿਕ ਖੇਤੀ, ਨਵੀਆਂ ਸਿੰਚਾਈ ਤਕਨੀਕਾਂ, ਚੈੱਕ ਡੈਮ ਅਤੇ ਬਣਾਉਟੀ ਝੀਲਾਂ ਬਣਾਉਣ ਨਾਲ ਫਸਲਾਂ ਦੀ ਸਿੰਚਾਈ ਯਕੀਨੀ ਬਣਾ ਕੇ ਧਰਤੀ ਹੇਠਲੇ ਪਾਣੀ ਦਾ ਬੋਝ ਘਟਾਉਣਾ ਹੋਵੇਗਾ, ਖੇਤੀ ਉਤਪਾਦਨ ਦੀ ਪ੍ਰਤਿਸ਼ਠਾ, ਸਤਿਕਾਰ, ਗੌਰਵਮਈ ਪਹਿਚਾਣ ਬਹਾਲ ਕਰਨ ਦੇ ਵਾਤਾਵਰਨ ਵਿਚ ਕੰਮ ਕਰਨਾ ਹੋਵੇਗਾ।

ਪੰਜਾਬ ਸਰਕਾਰ ਨੂੰ ਕਿਸਾਨ-ਕੇਂਦਰਿਤ ਨੀਤੀਆਂ, ਕੁਦਰਤੀ-ਜੈਵਿਕ ਖੇਤੀ ਉਤਪਾਦਨ ਸਰਪ੍ਰਸਤੀ, ਰੁਜ਼ਗਾਰ-ਅਧਾਰਿਤ ਖੇਤੀ ਉਤਪਾਦਨ, ਬੇ-ਅਬਾਦ ਜ਼ਮੀਨਾਂ ਤੋਂ ਉਤਪਾਦਨ ਤੇ ਰੁਜ਼ਗਾਰ ਪ੍ਰਾਪਤ ਕਰਨ, ਦਿਹਾਤੀ ਖੇਤਰਾਂ ਵਿਚ ਖੇਤੀ ਉਦਯੋਗਾਂ ਨੂੰ ਸਥਾਪਿਤ ਕਰਨ, ਵਰਖਾ-ਦਰਿਆਵਾਂ ਦੇ ਪਾਣੀਆਂ ਦੀ ਸਟੋਰੇਜ, ਚੈਕ-ਡੈਮ ਬਣਾਉਣ, ਖੇਤੀ ਉਤਪਾਦਨ ਦੀਆਂ ਕੀਮਤਾਂ ਨੂੰ ਕਿਸਾਨ-ਮੁਖੀ ਬਣਾਉਣਾ, ਅਨਾਜ, ਫਲਾਂ ਅਤੇ ਸਬਜ਼ੀਆਂ ਆਦਿ ਦੀਆਂ ਕੀਮਤਾਂ ਨਿਰਧਾਰਿਤ ਕਰਨ ਵਿਚ ਕਿਸਾਨਾਂ ਦੀ ਭਾਗੀਦਾਰੀ ਅਤੇ ਯਕੀਨੀ ਆਮਦਨ ਸੁਰੱਖਿਅਤ ਕਰਨ ਅਤੇ ਖੇਤੀ ਉਤਪਾਦਨ ਦਾ ਨਵਾਂ ਵਿਸ਼ਵ ਬਿਰਤਾਂਤ ਸਿਰਜਣ ਨਾਲ ਪੰਜਾਬ ਸਰਕਾਰ ਅਤੇ ਹੋਰ ਰਾਜਨੀਤਿਕ ਪਾਰਟੀਆਂ ਅਤੇ ਸੰਸਥਾਵਾਂ ਆਦਿ ਇਕ ਨਵੇਂ ਪੰਜਾਬ ਦੀ ਨਵ-ਉਸਾਰੀ ਕਰ ਸਕਣਗੀਆਂ। ਲੋੜ ਸਿਰਫ਼ ਇਕ ਨਵਾਂ ਪੰਜਾਬ ਉਸਾਰਨ ਲਈ ਨਵਾਂ ਇੱਛਾਬੱਲ ਧਾਰਨ ਕਰਨ ਦੀ ਹੈ।

# ਆਈ.ਕੇ ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ ਦਾ ਇਤਿਹਾਸਕ ਫ਼ੈਸਲਾ

## ਗੁਰੂ ਨਾਨਕ ਚੇਅਰ ਦੀ ਸਥਾਪਨਾ, ਵਿਰਾਸਤ ਦੇ ਫ਼ਖ਼ਰ ਨੂੰ ਕੀਤਾ ਜਾਵੇਗਾ ਉਜਾਗਰ



**ਸਰਬਜੀਤ ਕੌਰ ਸਰਬ**

ਪੰਜਾਬ ਦੀਆਂ ਕੁਲ ਯੂਨੀਵਰਸਿਟੀਆਂ ਅਤੇ ਬਾਕੀ ਕੁਲ ਵਿਦਿਅਕ ਅਦਾਰੇ ਵੀ ਅੱਜ ਦੇ ਯੁੱਗ ਵਿੱਚ ਜਦ ਤਕਨੀਕ ਅਤੇ ਸਾਇੰਸ ਨਾਲ ਸਬੰਧਿਤ ਵਿਭਾਗਾਂ ਦੀ ਸਥਾਪਨਾ ਦੀ ਹੋੜ ਵਿੱਚ ਲੱਗੇ ਹੋਏ ਹਨ ਤਾਂ ਜੋ ਵੱਧ ਤੋਂ ਵੱਧ ਧਨ ਜੁਟਾਇਆ ਜਾ ਸਕੇ। ਨਤੀਜਤਨ ਸਮੁੱਚਾ ਵਿੱਦਿਅਕ ਜਗਤ ਇਕ ਵਿਉਪਾਰਕ ਧਾਰਾ ਵਿਚ ਤਬਦੀਲ ਹੋ ਗਿਆ ਹੈ ਤੇ ਇਨਾਂ ਵਿਚ ਕਾਰਜਸ਼ੀਲ, ਅਕਾਦਮੀਸ਼ੀਅਨ ਚਿੰਤਕ ਹੋਣ ਨਾਲੋਂ ਵਪਾਰੀ ਵੱਧ ਨਜ਼ਰ ਆਉਣ ਲੱਗੇ ਹਨ। ਇਸ ਦੌੜ ਵਿੱਚ ਹਰ ਅਦਾਰਾ ਦੂਸਰੇ ਅਦਾਰੇ ਨਾਲੋਂ ਅੱਗੇ ਨਿਕਲਣ ਦੀ ਕਾਹਲ ਵਿੱਚ ਹੈ। ਇਸ ਦਾ ਮਾਰੂ ਨਤੀਜਾ ਜੋ ਨਿਕਲੇਗਾ ਜਾਂ ਜੋ ਨਿਕਲ ਰਿਹਾ ਹੈ ਉਸ ਤੋਂ ਇਹ ਅਦਾਰੇ ਜਾਂ ਤੇ ਬੇਪ੍ਰਵਾਹ ਹਨ ਜਾਂ ਜਾਣਬੁੱਝ ਕੇ ਅੱਖਾਂ ਬੰਦ ਕਰੀ ਖੜੇ ਹਨ। ਅਸਲ ਵਿੱਚ ਅਜਿਹਾ ਵਰਤਾਰਾ ਜਦ ਤੇ ਜਿੱਥੇ-ਜਿੱਥੇ ਵੀ ਵਾਪਰਿਆ ਉੱਥੇ-ਉੱਥੇ ਹੀ ਮਾਰੂ ਨਤੀਜੇ ਨਿਕਲੇ ਹਨ। ਨੈਤਿਕ ਵਿਵਹਾਰ ਉਨਾਂ ਭੂਗੋਲਿਕ ਖਿੱਤਿਆਂ ਵਿਚੋਂ ਗੁੰਮ ਹੋਣ ਲੱਗਾ ਹੈ। ਗੁਰੂ ਸ਼ਿਸ਼ ਦੀ ਪਰੰਪਰਾ ਗਵਾਚਣ ਲੱਗੀ ਪਈ ਹੈ, ਮਾਰਾਮਾਰੀ ਦਾ ਦੌਰ ਸ਼ੁਰੂ ਹੋ ਗਿਆ ਹੈ ਜਿਸ ਦੇ ਫਲਸਰੂਪ ਸਮਾਜ ਪਤਨ ਵੱਲ ਵਧਣ ਲੱਗਾ ਹੈ, ਰਵਾਇਤੀ ਸਮਾਜ ਨੇ ਸਮਾਜਿਕ ਵਿਗਿਆਨਾਂ ਦੀ ਪੜਾਈ ਵੱਲ ਪੂਰਨ ਤੌਰ 'ਤੇ ਅੱਖਾਂ ਫੇਰ ਲਈਆਂ ਅਤੇ ਧਰਮ ਅਧਿਐਨ ਦੀ ਪੜਾਈ ਵੱਲ ਪੂਰੀ ਤਰਾਂ ਹੀ ਪਿੱਠ ਕਰ ਲਈ ਹੈ। ਹੈਰਾਨੀ ਦੀ ਗੱਲ ਤੇ ਇਹ ਵਾਪਰੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਡੀ. ਏ. ਵੀ ਮੈਨੇਜਮੈਂਟ ਜਿਨਾਂ ਦੀ ਸਥਾਪਨਾ ਹੀ ਧਰਮ ਅਤੇ ਸਮਾਜ ਵਿਗਿਆਨਾਂ ਦੇ ਨਾਲ ਨੈਤਿਕ ਸਿੱਖਿਆ ਦੀ ਪੜਾਈ ਕਰਵਾਉਣ ਲਈ ਕੀਤੀ ਸੀ, ਇਨਾਂ ਵਿੱਚੋਂ ਧਰਮ ਦੇ ਵਿਸ਼ਿਆਂ ਨੂੰ ਬਿਲਕੁਲ ਹੀ ਅੱਖੋਂ ਪਰੋਖੇ ਕਰ ਰਸਾਤਲ ਵੱਲ ਜਾਣ ਦੇ ਪੂਰੇ ਪ੍ਰਬੰਧ ਕਰ ਦਿੱਤੇ ਹਨ।ਬੇਖ਼ਬਰੀ ਦਾ ਆਲਮ ਹੈ ਨੀਰੋ ਬੰਸਰੀ ਵਜਾ ਰਹੇ ਹਨ ਤੇ ਸਮਾਜ ਨਿੱਘਰ ਰਿਹਾ ਹੈ। ਅਜਿਹੇ ਵੇਲੇ ਆਈ.ਕੇ ਗੁਜਰਾਲ ਯੂਨੀਵਰਸਿਟੀ ਵੱਲੋਂ ਗੁਰੂ ਨਾਨਕ ਚੇਅਰ ਦੀ ਸਥਾਪਨਾ ਕਰਕੇ ਵਿਭਾਗ ਵਰਗਾ ਮੁਹਾਂਦਰਾ ਪ੍ਰਦਾਨ ਕਰਨ ਦੇ ਐਲਾਨ ਨੂੰ ਠੰਢੇ ਹਵਾ ਦੇ ਬੁੱਲੇ ਵਰਗਾ ਮਹਿਸੂਸ ਕੀਤਾ ਜਾ ਸਕਦਾ ਹੈ ਜਿਸ ਵਿੱਚ ਅਧਿਆਤਮਕ ਬਿਰਤੀ ਦੇ ਫੁੱਲ ਖਿੜਨ ਦੀ ਆਸ ਬੱਝ ਗਈ ਹੈ।





ਸਬੰਧਿਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ੍ਰੀ ਰਾਹੁਲ ਭੰਡਾਰੀ ਆਈ ਏ ਐਸ ਵੱਲੋਂ ਲਿਆ ਇਹ ਫੈਸਲਾ ਅਸਲ ਵਿਚ ਉਨਾਂ ਨੂੰ ਧਰਤਿ ਦੇ ਪੁੱਤਰ ਵਜੋਂ ਸਥਾਪਿਤ ਕਰੇਗਾ ਤੇ ਇਸ ਸੱਚ ਨੂੰ ਮੰਨ ਲੈਣਾ ਚਾਹੀਦਾ ਹੈ। ਦੂਜਾ ਅਹਿਮ ਫੈਸਲਾ ਸਥਾਪਤ ਕੀਤੇ ਜਾ ਰਹੇ ਧਰਮ ਨਾਲ ਸਬੰਧਤ ਇਸ ਵਿੰਗ ਲਈ ਬਣਾਈ ਗਈ ਉੱਚ ਪੱਧਰੀ ਕਮੇਟੀ ਦੀ ਚੇਅਰਮੈਨੀ ਦਾ ਹੈ ਜਿਸ ਨੂੰ ਉਨਾਂ ਨੇ ਆਪਣੇ ਹੱਥ ਵਿਚ ਰੱਖਣ ਦੀ ਬਜਾਏ ਧਰਮ ਦੇ ਵਿਸ਼ੇ ਵਿੱਚ ਅੰਤਰਰਾਸ਼ਟਰੀ ਪ੍ਰਸਿੱਧੀ ਰੱਖਣ ਵਾਲੇ ਚਿੰਤਕ ਤੇ ਮੌਜੂਦਾ ਸਮੇਂ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਫੈਕਲਟੀ ਆਫ਼ ਹਿਊਮੈਨਟੀਜ਼ ਅਤੇ ਧਰਮ ਅਧਿਐਨ ਦੇ ਡੀਨ ਦੇ ਰੁਤਬੇ ਉਤੇ ਆਸੀਨ ਪ੍ਰਮੁੱਖ ਵਿਦਵਾਨ ਡਾ. ਸਰਬਜਿੰਦਰ ਸਿੰਘ ਜੀ ਦੇ ਹੱਥ ਵਿੱਚ ਦੇ ਕੇ ਇੱਕ ਵੱਖਰਾ ਇਸ਼ਾਰਾ ਕਰ ਦਿੱਤਾ ਹੈ ਕਿ ਯੋਗ ਕੰਮ ਯੋਗ ਮਨੁੱਖ ਦੇ ਹੱਥ ਦਿਉਗੇ ਤਾਂ ਨਤੀਜੇ ਅਤਿ ਲਾਹੇਵੰਦ ਨਿਕਲਣਗੇ। ਡਾ. ਸਰਬਜਿੰਦਰ ਸਿੰਘ ਜੀ ਅਜਿਹੀ ਸ਼ਖ਼ਸੀਅਤ ਹਨ ਜਿਨਾਂ ਦੇ ਹਰ ਬੋਲ ਵਿੱਚ ਕੁਦਰਤ ਦੀ ਅਨੋਖੀ ਰਮਜ਼ ਜਿਹੇ ਹਰ.ਫ ਨਿਕਲਦੇ ਹਨ ਜੋ ਹਰ ਸੁਣਨ ਵਾਲੇ ਦੇ ਮਨ ਉੱਤੇ ਡੂੰਘਾ ਪ੍ਰਭਾਵ ਪਾਉਂਦੇ ਹਨ। ਉਨਾਂ ਦੇ ਨਾਲ ਪ੍ਰਸਿੱਧ ਅਖ਼ਬਾਰ ਅਜੀਤ ਮੈਨੇਜਮੈਂਟ ਦੇ ਉਚ- ਪ੍ਰਬੰਧਕ ਤੇ ਅਕਾਦਮੀਸ਼ੀਅਨ ਡਾ. ਗੁਰਜੋਤ ਨੂੰ ਜੋੜ ਕੇ ਇਹ ਸਥਾਪਿਤ ਕਰ ਦਿੱਤਾ ਹੈ ਕਿ ਉਹ ਧਰਮ ਦੇ ਇਸ ਵਿਸ਼ੇ ਨੂੰ ਵਿਗਿਆਨ ਅਤੇ ਤਕਨੀਕ ਦੀਆਂ ਅੰਤਰ ਦ੍ਰਿਸ਼ਟੀਆਂ ਨਾਲ ਸਥਾਪਿਤ ਕਰ ਕੇ ਵਿਰਾਸਤ ਦੇ ਫਖ਼ਰ ਨੂੰ ਰੂਪਮਾਨ ਹੀ ਨਹੀਂ ਕਰਨਗੇ ਸਗੋਂ ਪੰਜਾਬ ਦੀ ਧਰਤੀ ਦੇ ਸੰਤਾਪ ਹਰਨ ਲਈ ਇਕ ਹੰਭਲਾ ਵੀ ਮਾਰਨਗੇ। ਇਸ ਸਾਰੇ ਕਾਰਜ ਲਈ ਸਬੰਧਤ ਯੂਨੀਵਰਸਿਟੀ ਦੇ ਬਹੁਤ ਹੀ ਹਿੰਮਤੀ ਤੇ ਹੋਣਹਾਰ ਅਧਿਆਪਕ ਡਾ. ਸਰਬਜੀਤ ਸਿੰਘ ਮਾਨ ਜੀ ਦੀ ਨਿਯੁਕਤੀ ਆਉਣ ਵਾਲੇ ਦਿਨਾਂ ਵਿੱਚ ਲਾਹੇਵੰਦ ਨਤੀਜੇ ਕੱਢਣ ਵੱਲ ਇਸ਼ਾਰਾ ਹੈ। ਡਾ. ਸਰਬਜੀਤ ਸਿੰਘ ਵਿਚ ਸਮਰੱਥਾ ਵੀ ਹੈ ਤੇ ਹਿੰਮਤ ਵੀ ਹੈ। ਯੂਨੀਵਰਸਿਟੀ ਪ੍ਰਤੀ ਉਸਦੀ ਦਿਆਨਤਦਾਰੀ ਵੀ ਪ੍ਰਸ਼ਨ ਮੁਕਤ ਹੈ।

ਕਲ ਸਬੰਧਤ ਕੇਂਦਰ ਦੀ ਪਲੇਠੀ ਮੀਟਿੰਗ ਯੂਨੀਵਰਸਿਟੀ ਕੈਂਪਸ ਵਿੱਚ ਡਾ. ਸਰਬਜਿੰਦਰ ਸਿੰਘ ਜੀ ਦੀ ਚੇਅਰਮੈਨੀ ਹੇਠ ਹੋਈ, ਜਿਸ ਵਿੱਚ ਯੂਨੀਵਰਸਿਟੀ ਦੇ ਰਜਿਸਟਰਾਰ, ਡੀਨ ਰਿਸਰਚ, ਡੀਨ ਫੈਕਲਟੀ, ਪਬਲਿਕ ਰਿਲੇਸ਼ਨ ਅਫਸਰ ਰਜਨੀਸ਼ ਕੁਮਾਰ ਤੇ ਇੰਚਾਰਜ ਡਾ. ਸਰਬਜੀਤ ਸਿੰਘ ਜੀ ਦੇ ਨਾਲ ਡਾ. ਗੁਰਜੋਤ ਕੌਰ ਦੀ ਭੂਮਿਕਾ ਅਤਿ ਅਹਿਮ ਹੋਏਗੀ। ਇਸ ਮੁੱਢਲੀ ਮੀਟਿੰਗ ਵਿੱਚ ਸ਼ੁਰੂ ਕੀਤੇ ਜਾ ਰਹੇ ਨਿਵੇਕਲੇ ਕਾਰਜ ਦੀ ਰੂਪਰੇਖਾ ਤਿਆਰ ਕੀਤੀ ਗਈ। ਦੱਸਣਯੋਗ ਹੈ ਕਿ ਸਬੰਧਤ ਚੇਅਰ ਦਾ ਆਰੰਭ ਤਿੰਨ ਮਹੱਤਵਪੂਰਨ ਕਾਰਜਾਂ ਨਾਲ ਸ਼ੁਰੂ ਕੀਤਾ ਜਾਵੇਗਾ, ਜਿਸ ਵਿਚ ਗੁਰੂ ਪਾਤਸ਼ਾਹ ਦੇ ਵੇਲੇ ਵਰਤੋਂ ਵਿੱਚ ਆਉਂਦੇ ਸ਼ਬਦਾਂ ਦੀ ਭਾਲ ਕਰ ਇੱਕ ਗਲੌਸਰੀ ਤਿਆਰ ਕਰਨਾ ਹੋਵੇਗਾ। ਦੂਜਾ ਕੰਮ ਲਿਖਤ ਦੇ ਕਾਰਜ ਨੂੰ ਸ਼ੁਰੂ ਕਰਨ ਦੇ ਨਿਵੇਕਲਾ ਕਾਰਜ ਪਿਛੇ ਲੁਪਤ ਕਾਰਨਾਂ ਦਾ ਅਧਿਐਨ ਕਰ ਸਿੱਖ ਧਰਮ ਦੇ ਬਾਨੀ ਦੇ ਇਸ ਨਿਵੇਕਲੇ ਕਾਰਜ ਨੂੰ ਧਰਮ ਦੀ ਅਕਾਦਮਿਕਤਾ ਦਾ ਹਿੱਸਾ ਬਣਾਇਆ ਜਾਏਗਾ। ਤੀਸਰਾ ਕੰਮ ਉਦਾਸੀਆਂ ਦਾ ਇਤਿਹਾਸਕ ਸਰਵੇਖਣ ਤੇ ਮੁਲਾਂਕਣ ਦਾ ਕੰਮ ਹੋਵੇਗਾ। ਇਸ ਦੇ ਨਾਲ ਹੀ ਬਹੁਤ ਹੀ ਮਹੱਤਵਪੂਰਨ ਅੰਤਰਰਾਸ਼ਟਰੀ ਨਿਯਮਾਂਵਲੀ ਆਧਾਰਿਤ ਜਰਨਲ ਆਫ਼ ਸਿੱਖ ਸਟੱਡੀਜ਼ ਹਰ ਛੇ ਮਹੀਨੇ ਬਾਅਦ ਛਪਣ ਦੇ ਕੰਮ ਤੇ ਮੋਹਰ ਲਾ ਦਿੱਤੀ ਗਈ ਹੈ। ਡਾ. ਗੁਰਜੋਤ ਕੌਰ ਦੁਆਰਾ ਆਰੰਭਲੇ ਕਾਰਜ ਲਈ ਅਜੀਤ ਅਖ਼ਬਾਰ ਦੀ ਲਾਇਬ੍ਰੇਰੀ ਦੀ ਵਰਤੋਂ ਦੀ ਆਗਿਆ ਨੇ ਇਹ ਕਾਰਜ ਸੌਖਾ ਕਰ ਦਿੱਤਾ ਹੈ। ਵਾਈਸ ਚਾਂਸਲਰ ਸਾਹਿਬ ਨੇ ਇਸ ਕਾਰਜ ਲਈ ਵੱਡੀ ਰਾਸ਼ੀ ਰਿਜ਼ਰਵ ਰੱਖ ਦਿੱਤੀ ਹੈ ਤਾਂ ਜੋ ਵਿੱਤੀ ਤੌਰ 'ਤੇ ਕਦੇ ਵੀ ਸਮੱਸਿਆ ਨਾ ਆਵੇ।

ਆਈ.ਕੇ ਗੁਜਰਾਲ ਯੂਨੀਵਰਸਿਟੀ ਦੇ ਇਸ ਕਾਰਜ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਉਹ ਘੱਟ ਹੈ। ਕਿਉਂਕੀ ਯੂਨੀਵਰਸਿਟੀ ਦੁਆਰਾ ਸਬੰਧਿਤ ਕਾਰਜ ਦਾ ਕਦਮ ਅਜਿਹੇ ਸਮੇਂ ਪੁੱਟਿਆ ਗਿਆ ਹੈ ਜਿਸ ਸਮੇਂ ਆਮ ਲੋਕਾਂ ਦੁਆਰਾ ਧਰਮ ਤਬਦੀਲ ਕੀਤਾ ਜਾ ਰਿਹਾ ਹੈ। ਜਿਸ ਦਾ ਮੁੱਖ ਕਾਰਨ ਧਰਮ ਪ੍ਰਚਾਰਕਾਂ ਦੁਆਰਾ ਦਿੱਤੇ ਜਾਂਦੇ ਸਿਆਸੀ ਪ੍ਰਵਚਨ ਹਨ।ਸ਼ਬਦ ਗੁਰੂ ਦਾ ਪ੍ਰਚਾਰ ਘੱਟ ਹੋ ਰਿਹਾ ਹੈ ਤੇ ਸਿਆਸਤੀ ਤਾਂ ਜੋ ਵਧੇਰੇ ਕੱਸੇ ਜਾ ਰਹੇ ਹਨ। ਬਿਨਾਂ ਸ਼ੱਕ ਦੁਨੀਆਂ ਦਾ ਕੋਈ ਵੀ ਧਰਮ ਮਾੜਾ ਨਹੀਂ ਹੈ ਪਰ ਜਿਸ ਧਰਮ ਦੇ ਵਿੱਚ ਇਨਸਾਨ ਨੇ ਜਨਮ ਲਿਆ ਹੈ ਉਸ ਨੂੰ ਛੱਡ ਕੇ ਦੂਜੇ ਧਰਮ ਵਿਚ ਜਾਣਾ ਕੌਮੀ ਹਿੱਤਾਂ ਲਈ ਨੁਕਸਾਨਦੇਹ ਹੈ। ਆਸ ਹੈ ਕਿ ਆਈ.ਕੇ ਗੁਜਰਾਲ ਯੂਨੀਵਰਸਿਟੀ ਦੀ ਇਹ ਕਾਰਗੁਜ਼ਾਰੀ ਦੂਜੀਆਂ ਯੂਨੀਵਰਸਿਟੀਆਂ ਤੇ ਧਰਮ ਦੇ ਪ੍ਰਮੁੱਖ ਅਦਾਰੇ ਲਈ ਇਕ ਰਾਹ ਦਸੇਰਾ ਬਣੇਗੀ ਅਤੇ ਧਰਮ ਦੀ ਸਿੱਖਿਆ ਮੁੜ ਆਪਣੇ ਪਹਿਲੇ ਮੁਕਾਮ 'ਤੇ ਆਵੇਗੀ।

# ਨ.ਫਰਤੀ ਭਾਸ਼ਣਾਂ ਵਿਰੁਧ ਮੋਦੀ ਸਰਕਾਰ ਚੁੱਪ ਕਿਉਂ ?



**ਵਾਪੱਲਾ ਬਾਲਚੰਦਰਨ**

ਪਹਿਲੀ ਜੁਲਾਈ ਨੂੰ ਆਰਐੱਸਐੱਸ ਦੇ ਇੱਕ ਪ੍ਰਮੁੱਖ ਅਹੁਦੇਦਾਰ ਨੇ ਸੁਪਰੀਮ ਕੋਰਟ ਦੇ ਉਸ ਫ਼ੈਸਲੇ 'ਤੇ ਅਸਹਿਮਤੀ ਜਤਾਈ ਜਿਸ ਵਿਚ ਅਦਾਲਤ ਨੇ ਨੂਪੁਰ ਸ਼ਰਮਾ ਨੂੰ ਮੁਲਕ ਵਿਚ ਵਾਪਰ ਰਹੀਆਂ ਘਟਨਾਵਾਂ ਲਈ ਵਿਅਕਤੀਗਤ ਤੌਰ 'ਤੇ ਸਭ ਤੋਂ ਵੱਡੀ ਕਸੂਰਵਾਰ ਠਹਿਰਾਇਆ ਸੀ। ਉਦੈਪੁਰ ਦੇ ਇੱਕ ਦਰਜੀ ਕਨੱਈਆ ਲਾਲ ਤੇਲੀ ਦੀ ਬੇਕਿਰਕ ਹੱਤਿਆ ਦਾ ਹਵਾਲਾ ਦਿੰਦਿਆਂ ਆਰਐੱਸਐੱਸ ਅਹੁਦੇਦਾਰ ਨੇ ਆਖਿਆ, 'ਤਾਲਿਬਾਨ ਤਰਜ਼ ਵਾਲੀ ਇਹ ਘਟਨਾ ਕਿਸੇ ਭੜਕਾਹਟ ਦੇ ਪ੍ਰਤੀਕਰਮ ਵਜੋਂ ਨਹੀਂ ਵਾਪਰੀ ਸਗੋਂ ਖਾਸ ਮਨੋਦਸ਼ਾ ਅਤੇ ਵਿਸ਼ਵਾਸ ਤੰਤਰ ਕਰ ਕੇ ਵਾਪਰੀ ਸੀ।'

ਕੀ ਇਸੇ ਸੂਬੇ ਵਿਚ ਸਾਲ 2017 ਵਿਚ ਤਾਲਿਬਾਨ/ਇਸਲਾਮਿਕ ਸਟੇਟ ਦੀ ਤਰਜ਼ 'ਤੇ ਕੀਤੀ ਗਈ ਘੱਟਗਿਣਤੀ ਭਾਈਚਾਰੇ ਦੇ 48 ਸਾਲਾ ਮਜ਼ਦੂਰ ਦੀ ਹੱਤਿਆ ਬਾਰੇ ਵੀ ਉਹ ਆਰਐੱਸਐੱਸ ਆਗੂ ਇਹੀ ਗੱਲ ਆਖ ਸਕੇਗਾ? 8 ਦਸੰਬਰ 2017 ਨੂੰ ਰਾਜਸਥਾਨ ਦੇ ਰਾਜਸਮੰਦ ਸ਼ਹਿਰ ਵਿਚ ਸ਼ੰਭੂ ਲਾਲ ਰੈਗਰ ਨੇ ਇੱਕ ਪਰਵਾਸੀ ਮਜ਼ਦੂਰ ਦੀ ਬੇਰਹਿਮੀ ਨਾਲ ਹੱਤਿਆ ਕੀਤੀ ਤੇ ਫਿਰ ਲਾਸ਼ ਅੱਗ ਲਾ ਕੇ ਸਾੜ ਦਿੱਤੀ ਸੀ। ਬਾਅਦ ਵਿਚ ਪਤਾ ਲੱਗਿਆ ਸੀ ਕਿ ਮਰਨ ਵਾਲਾ ਮਜ਼ਦੂਰ ਤਿੰਨ ਧੀਆਂ ਦਾ ਪਿਓ ਸੀ ਅਤੇ 12 ਸਾਲਾਂ ਤੋਂ ਰਾਜਸਥਾਨ ਵਿਚ ਰਹਿ ਰਿਹਾ ਸੀ। ਉਹ ਆਪਣੀ ਧੀ ਦੇ ਵਿਆਹ ਦਾ ਕਾਜ ਰਚਾਉਣ ਲਈ ਪੱਛਮੀ ਬੰਗਾਲ ਵਾਪਸ ਜਾਣ ਦੀ ਤਿਆਰੀ ਕਰ ਰਿਹਾ ਸੀ। ਇਸਲਾਮਿਕ ਸਟੇਟ ਦੇ ਕਾਤਲਾਂ ਵਾਂਗ ਹੀ ਸ਼ੰਭੂ ਲਾਲ ਰੈਗਰ ਨੇ ਆਪਣੇ ਇੱਕ ਭਤੀਜੇ ਦੀ ਮਦਦ ਨਾਲ ਇਸ ਘਿਨਾਉਣੀ ਹੱਤਿਆ ਦੀ ਵੀਡਿਓ ਬਣਵਾਈ ਅਤੇ ਫਿਰ ਸੋਸ਼ਲ ਮੀਡੀਆ 'ਤੇ ਅਪਲੋਡ ਕੀਤੀ ਜਿਸ ਵਿਚ ਰੈਗਰ ਉਸ ਮਜ਼ਦੂਰ 'ਤੇ ਲਵ ਜਿਹਾਦ ਵਿਚ ਸ਼ਾਮਲ ਹੋਣ ਦੇ ਦੋਸ਼ ਲਾਉਂਦਾ ਸੁਣਾਈ ਦਿੰਦਾ ਹੈ ਜਦੋਂਕਿ ਉਹ ਮਜ਼ਦੂਰ ਉਸ ਦੇ ਸਾਹਮਣੇ ਰਹਿਮ ਦੀ ਭੀਖ ਮੰਗ ਰਿਹਾ ਸੀ।

ਮੀਡੀਆ ਰਾਹੀਂ ਇਹ ਵੀ ਪਤਾ ਲੱਗਿਆ ਹੈ ਕਿ ਰੈਗਰ ਨੇ ਜੋਧਪੁਰ ਕੇਂਦਰੀ ਜੇਲ ਵਿਚੋਂ ਨ.ਫਰਤੀ ਸੰਦੇਸ਼ਾਂ ਵਾਲੀਆਂ ਦੋ ਹੋਰ ਵੀਡੀਓਜ਼ ਵੀ ਸਰਕੁਲੇਟ ਕੀਤੀਆਂ ਸਨ ਜਿਨਾਂ ਵਿਚ ਹਿੰਦੂਆਂ ਨੂੰ ਜਿਹਾਦੀਆਂ ਖਿਲਾਫ਼ ਇਕਜੁੱਟ ਹੋਣ ਲਈ ਕਿਹਾ ਗਿਆ ਹੈ। ਕੀ ਕੋਈ ਵੀ ਇਹ ਕਹਿ ਸਕਦਾ ਹੈ ਕਿ ਇਹ ਹੱਤਿਆ ਵੀ ਕਿਸੇ ਵਿਸ਼ਵਾਸ ਤੰਤਰ ਕਰਕੇ ਵਾਪਰੀ ਸੀ?

ਇਸ ਗੱਲ ਦੇ ਪ੍ਰਮਾਣਿਕ ਸਬੂਤ ਮਿਲੇ ਹਨ ਕਿ ਨ.ਫਰਤ ਭਰੇ ਭਾਸ਼ਣਾਂ ਦਾ ਦਹਿਸ਼ਤਗਰਦੀ ਦੇ ਕਾਰਿਆਂ 'ਤੇ ਸਿੱਧਾ ਅਸਰ ਪੈਂਦਾ ਹੈ। 2006 ਵਿਚ ਅਮਰੀਕੀ ਪੱਤਰਕਾਰ ਜੇਮਸ ਕਿਟਫੀਲਫ ਨੇ ਪੈਂਟਾਗਨ ਦੇ ਸੀਨੀਅਰ ਅਧਿਕਾਰੀ ਮਾਰੀਓ ਮੈਨਕੂਸੋ ਦੇ ਹਵਾਲੇ ਨਾਲ ਨੈਸ਼ਨਲ ਜਰਨਲ ਵਿਚ ਲੇਖ 'ਅਲ-ਕਾਇਦਾ'ਜ਼ ਪੈਂਡੈਮਿਕ' (ਅਲ-ਕਾਇਦਾ ਦੀ ਮਹਾਂਮਾਰੀ) ਲਿਖਿਆ ਸੀ ਜਿਸ ਵਿਚ ਕਿਹਾ ਗਿਆ ਸੀ : 'ਦੁਨੀਆ ਭਰ ਵਿਚ ਅਤਿਵਾਦ ਉਸਾਮਾ-ਬਿਨ-ਲਾਦਿਨ ਦੀ ਕੱਟੜ ਵਿਚਾਰਧਾਰਾ 'ਤੇ ਲਗਭਗ ਉਸੇ ਤਰਾਂ ਪ੍ਰਤੀਕਿਰਿਆ ਦਿੰਦਾ ਹੈ, ਜਿਵੇਂ ਦੂਰ-ਦਰਾਜ਼ ਤੇ ਵੱਖੋ-ਵੱਖਰੇ ਦਿਸਦੇ ਪ੍ਰਕਾਸ਼ ਕਣ ਕਿਸੇ ਅਣਦਿਸਦੀ ਤਰੰਗ ਨਾਲ ਮਿਲ ਕੇ ਚੱਲਦੇ ਹਨ।' ਬਾਅਦ ਵਿਚ ਦਹਿਸ਼ਤਗਰਦੀ ਦੀਆਂ ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ ਜਿਨਾਂ ਲਈ ਉਕਸਾਹਟ ਦਾ ਸਬਬ ਲਾਦਿਨ ਦੀਆਂ ਨ.ਫਰਤੀ ਤਕਰੀਰਾਂ ਸਨ।

ਸਟੀਵ ਕੌਲ ਨੇ ਇਹ ਖੁਲਾਸਾ ਕੀਤਾ ਸੀ ਕਿ ਉਸਾਮਾ-ਬਿਨ-ਲਾਦਿਨ ਜ਼ਿਆਦਾਤਰ ਵਿਦੇਸ਼ੀ ਅਧਿਆਪਕਾਂ ਵਾਲੇ ਜੱਦਾ ਦੇ ਸਭ ਤੋਂ ਮਸ਼ਹੂਰ ਅੰਗਰੇਜ਼ੀ ਸਕੂਲ ਵਿਚ ਪੜਦਾ ਸੀ ਅਤੇ ਕਿਵੇਂ ਉਹ ਦਹਿਸ਼ਤਗਰਦੀ ਦੇ ਪ੍ਰਚਾਰਕ ਦੇ ਰੂਪ ਵਿਚ ਤਬਦੀਲ ਹੋ ਗਿਆ। ਕੌਲ ਨੇ ਦੁਨੀਆ ਭਰ ਵਿਚ ਕੀਤੀਆਂ ਉਸ ਦੀਆਂ ਤਬਾਹਕੁਨ ਸਰਗਰਮੀਆਂ ਦਾ ਲੇਖਾ ਜੋਖਾ ਕੀਤਾ ਸੀ। ਦਹਿਸ਼ਤਗਰਦੀ ਦੀ ਖੋਜ ਤੋਂ ਪਤਾ ਲੱਗਦਾ ਹੈ ਕਿ ਦਹਿਸ਼ਤਗਰਦ ਕੋਈ ਪਾਗਲ ਜਾਂ ਮਾਨਸਿਕ ਰੋਗਾਂ ਵਾਲੇ ਬੇਥਵੀਆਂ ਮਾਰਨ ਵਾਲੇ ਲੋਕ ਨਹੀਂ ਹੁੰਦੇ।

2004 ਵਿਚ ਸਾਊਥ ਫਲੋਰਿਡਾ ਯੂਨੀਵਰਸਿਟੀ ਨੇ 'ਦਹਿਸ਼ਤਵਾਦ ਦੇ ਮਨੋਵਿਗਿਆਨ' ਬਾਰੇ ਵਿਆਪਕ ਅਧਿਐਨ ਸ਼ੁਰੂ ਕਰਵਾਇਆ ਜਿਸ ਵਿਚ ਵੱਖੋ-ਵੱਖਰੇ ਮੁਲਕਾਂ ਤੋਂ ਵੱਖੋ-ਵੱਖਰੇ ਵਿਸ਼ਿਆਂ ਦੇ 9 ਮਾਹਿਰ ਸ਼ਾਮਲ ਕੀਤੇ ਗਏ। ਉਨਾਂ ਕਿਤਾਬਾਂ, ਖੋਜ ਪੱਤਰ, ਐੱਫਬੀਆਈ ਦੀਆਂ ਲੱਭਤਾਂ ਸਣੇ 324 ਵੰਨਗੀਆਂ ਵਾਲੇ ਵਿਸ਼ਾਲ ਡੇਟਾ ਸਮੂਹ ਦੇ ਆਧਾਰ 'ਤੇ ਆਪਣੇ ਸਿੱਟੇ ਕੱਢੇ ਜਿਨਾਂ ਤੋਂ ਪਤਾ ਲੱਗਿਆ ਕਿ ਬਹੁਤ ਸਾਰੇ ਦਹਿਸ਼ਤਗਰਦਾਂ ਨੂੰ ਕਿਸੇ ਸਾਂਝੀ ਸ਼ਖ਼ਸੀ ਪਛਾਣ ਵਿਚ ਨਹੀਂ ਬੰਨਿਆ ਜਾ ਸਕਦਾ ਸਗੋਂ ਦਹਿਸ਼ਤਗਰਦ ਆਮ ਵਿਅਕਤੀਆਂ ਦੀ ਤਰਾਂ ਹੀ ਵਿਚਰਦੇ ਹਨ ਜੋ ਕੁਝ ਖ਼ਾਸ ਕਾਰਨਾਂ ਕਰ ਕੇ ਦਹਿਸ਼ਤਗਰਦੀ ਦੀਆਂ ਸਰਗਰਮੀਆਂ ਵਿਚ ਸ਼ਾਮਲ ਹੋ ਜਾਂਦੇ ਹਨ ਜਿਨਾਂ ਬਾਰੇ ਉਨਾਂ ਦਾ ਖਿਆਲ ਹੁੰਦਾ ਹੈ ਕਿ ਉਨਾਂ ਨੂੰ ਚੁਣੌਤੀ ਦੇਣਾ ਲਾਜ਼ਮੀ ਹੁੰਦਾ ਹੈ ਪਰ ਇਹ ਜ਼ਰੂਰੀ ਨਹੀਂ ਕਿ ਅਜਿਹਾ ਧਾਰਮਿਕ ਅਕੀਦੇ ਕਰ ਕੇ ਹੋਵੇ।

ਇਹ ਦਿਲਚਸਪ ਥਿਊਰੀ ਵੀ ਸਾਹਮਣੇ ਆਈ ਹੈ: ਜ਼ਰੂਰੀ ਨਹੀਂ ਕਿ ਦਹਿਸ਼ਤਵਾਦ ਦਾ ਮੰਤਵ ਸੱਤਾ ਪ੍ਰਾਪਤੀ ਹੋਵੇ ਸਗੋਂ ਇਹ 'ਸਿਆਸੀ ਸੰਚਾਰ' ਦਾ ਰੂਪ ਹੁੰਦਾ ਹੈ। ਬਾਅਦ ਵਿਚ ਸਾਹਮਣੇ ਆਏ ਦਹਿਸ਼ਤਗਰਦੀ ਦੇ ਕਈ ਮਾਮਲਿਆਂ ਤੋਂ ਇਹ ਗੱਲ ਸੱਚ ਸਾਬਿਤ ਹੋਈ। 9/11 ਸਾਕੇ ਦਾ ਪ੍ਰਮੁੱਖ ਮਿਸਰੀ ਦਹਿਸ਼ਤਗਰਦ ਮੁਹੰਮਦ ਅਤਾ ਜਿਸ ਨੇ ਹੈਮਬਰਗ ਯੂਨੀਵਰਸਿਟੀ ਆਫ ਟੈਕਨੌਲੋਜੀ ਵਿਚ ਪੜਾਈ ਕੀਤੀ ਸੀ, ਕਾਹਿਰਾ ਵਿਚ ਪੱਛਮ ਦੀ ਤਰਜ਼ 'ਤੇ ਬਣੀਆਂ ਬਹੁ-ਮੰਜ਼ਲਾ ਇਮਾਰਤਾਂ ਪ੍ਰਤੀ ਨਾਪਸੰਦਗੀ ਦਾ ਇਜ਼ਹਾਰ ਕਰ ਕੇ ਦਹਿਸ਼ਤਗਰਦੀ ਦੇ ਰਾਹ ਵੱਲ ਆਇਆ ਸੀ। ਉਹ ਰਵਾਇਤੀ ਅਰਬੀ ਇਮਾਰਤਾਂ ਦੇਖਣ ਦਾ ਚਾਹਵਾਨ ਸੀ।

ਦੋ ਹੋਰ ਕੇਸਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ ਜਦੋਂ ਅਲ-ਕਾਇਦਾ ਨੇ ਉਨਾਂ ਨੂੰ ਭਰਤੀ ਨਹੀਂ ਕੀਤਾ ਸੀ। ਉਨਾਂ ਨੇ 'ਸੰਦੇਸ਼' ਦੇਣ ਲਈ ਆਪਣੇ ਤੌਰ 'ਤੇ ਹੀ ਕਾਰਵਾਈ ਕਰਨ ਦੀ ਪੇਸ਼ਕਸ਼ ਕੀਤੀ ਸੀ। ਇਸ ਦਾ ਉਨਾਂ ਦੇ ਧਰਮ ਜਾਂ ਅਕੀਦੇ ਨਾਲ ਕੋਈ ਵਾਸਤਾ ਨਹੀਂ ਸੀ।

ਦਸੰਬਰ 2009 ਵਿਚ ਕ੍ਰਿਸਮਿਸ ਦੀ ਪੂਰਬਲੀ ਸ਼ਾਮ 23 ਸਾਲਾ ਨਾਇਜੀਰੀਆਈ ਯੁਵਕ ਉਮਰ ਅਬਦੁਲ ਮੁਤੱਲਬ ਨੇ ਐਮਸਟਰਡਮ ਤੋਂ ਡਿਟਰਾਇ ਦਾ ਹਵਾਈ ਸਫ਼ਰ ਕਰਦਿਆਂ ਨੌਰਥਵੈਸਟ 253 ਉਡਾਣ ਵਿਚ 'ਅੰਡਰਵੀਅਰ ਬੰਬ' ਧਮਾਕਾ ਕਰਨ ਦਾ ਯਤਨ ਕੀਤਾ ਸੀ। ਉਸ ਦਾ ਪਿਤਾ ਬਹੁਤ ਅਮੀਰ ਨਾਇਜੀਰੀਆਈ ਬੈਂਕਰ ਸੀ। ਉਮਰ ਵਕਾਰੀ ਯੂਨੀਵਰਸਿਟੀ ਕਾਲਜ (ਲੰਡਨ) ਵਿਚ ਪੜਿਆ ਸੀ। ਉਹ ਨ.ਫਰਤ ਦੇ ਪ੍ਰਚਾਰਕ ਅਨਵਰ-ਅਲ-ਅਵਲਾਕੀ ਦੇ ਅਸਰ ਹੇਠ ਦਹਿਸ਼ਤਗਰਦੀ ਖਿਲਾਫ਼ ਅਮਰੀਕਾ ਦੀ ਜੰਗ ਪ੍ਰਤੀ ਰੋਸ ਵਜੋਂ ਹਿੰਸਾ ਦੇ ਰਾਹ 'ਤੇ ਚੱਲ ਪਿਆ ਸੀ। ਇਸੇ ਤਰਾਂ, ਪਾਕਿਸਤਾਨੀ ਮੂਲ ਦੇ ਅਮਰੀਕੀ ਨਾਗਰਿਕ ਫ਼ੈਜ਼ਲ ਸ਼ਾਹਜ਼ਾਦ ਨੇ ਪਹਿਲੀ ਮਈ, 2010 ਨੂੰ ਨਿਊ ਯਾਰਕ ਦੇ ਟਾਈਮਜ਼ ਸਕੁਏਅਰ ਵਿਚ ਬੰਬ ਫਿੱਟ ਕਰਨ ਦੀ ਕੋਸ਼ਿਸ਼ ਕੀਤੀ ਸੀ। ਫ਼ੈਜ਼ਲ ਏਅਰ ਵਾਈਸ ਮਾਰਸ਼ਲ ਬਹਿਰੁਲ ਹੱਕ (ਸੇਵਾਮੁਕਤ) ਦਾ ਪੁੱਤਰ ਹੈ। ਪਾਕਿਸਤਾਨੀ ਸੂਤਰ ਨੇ ਫੈਜ਼ਲ ਜਾਂ ਉਸ ਦੇ ਪਰਿਵਾਰ ਦਾ ਦਹਿਸ਼ਤਗਰਦੀ ਨਾਲ ਕਿਸੇ ਵੀ ਤਰਾਂ ਦਾ ਸਬੰਧ ਹੋਣ ਦਾ ਖੰਡਨ ਕੀਤਾ ਸੀ।

ਬਾਕੀ ਸਫ਼ਾ 31 'ਤੇ

# ਵਿਸ਼ਵ ਗੁਰੂ-ਅੱਗਾ ਦੌੜ, ਪਿੱਛਾ ਚੌੜ



ਗੁਰਮੀਤ ਸਿੰਘ ਪਲਾਹੀ
9815802070

ਇਸ ਵਿੱਚ ਦੋ ਰਾਵਾਂ ਨਹੀਂ ਹਨ ਕਿ ਵਿਸ਼ਵ ਅਰਥ ਵਿਵਸਥਾ ਥੱਲੇ ਡਿੱਗ ਰਹੀ ਹੈ। ਮੰਦੀ ਵਧ ਰਹੀ ਹੈ। ਮੰਦੀ ਦਾ ਭਾਵ ਹੁੰਦਾ ਹੈ ਕਿ ਹਰ ਤਿਮਾਹੀ ਵਿੱਚ ਗਿਰਾਵਟ ਦਰਜ਼ ਹੋਵੇ, ਜੋ ਕਿ ਹੋ ਰਹੀ ਹੈ। ਇਹ ਕਹਿਣਾ ਤਾਂ ਹਾਲੇ ਮੁਸ਼ਕਿਲ ਹੈ ਕਿ ਇਹ ਸਭ ਕਿਥੋਂ ਤੱਕ ਜਾਏਗਾ? ਲੇਕਿਨ ਇੱਕ ਫ਼ਰਕ ਹੈ ਉਹ ਇਹ ਕਿ 1930 ਵਿੱਚ ਸਾਨੂੰ ਪਤਾ ਨਹੀਂ ਸੀ ਕਿ ਅਸੀਂ ਮੰਦੀ ਵਿੱਚੋਂ ਕਿਵੇਂ ਨਿਕਲਾਂਗੇ, ਪਰ ਅੱਜ ਪਤਾ ਹੈ ਕਿ ਇਸ 'ਚੋਂ ਕਿਵੇਂ ਨਿਕਲਿਆ ਜਾ ਸਕਦਾ ਹੈ? ਜੇਕਰ ਅਸੀਂ ਚਾਹੀਏ ਤਾਂ ਅਸੀਂ ਇਸਨੂੰ ਰੋਕ ਸਕਦੇ ਹਾਂ।

ਰੂਸ-ਯੂਕਰੇਨ ਜੰਗ ਦਾ ਅਸਰ ਸਾਡੇ ਦੇਸ਼ ਉਤੇ ਵੀ ਹੋਇਆ ਹੈ। ਸਾਡੀ ਅਰਥ ਵਿਵਸਥਾ ਡਾਵਾਂਡੋਲ ਹੋ ਗਈ ਹੈ। 2019 ਵਿੱਚ ਹੀ ਸਾਡਾ ਜੀ.ਡੀ.ਪੀ. ਦਾ ਜੋ ਟੀਚਾ ਸੀ, ਉਹ ਪੂਰਾ ਨਹੀਂ ਹੋਇਆ। ਸਾਡਾ ਅਸੰਗਠਿਤ ਖੇਤਰ ਮਹਾਂਮਾਰੀ ਸਮੇਂ ਬੁਰੀ ਤਰ੍ਹਾਂ ਪ੍ਰਭਾਵਤ ਹੋ ਗਿਆ ਸੀ। ਜੀ.ਡੀ.ਪੀ. ਪ੍ਰਭਾਵਤ ਹੋਈ। ਜੀ.ਡੀ.ਪੀ. ਦੇ ਸਰਕਾਰੀ ਅੰਕੜਿਆਂ 'ਚ ਅਸੀਂ ਅਸੰਗਠਿਤ ਖੇਤਰ ਦੇ ਅੰਕੜੇ ਜੋੜਦੇ ਹੀ ਨਹੀਂ। ਇਹ ਤੱਥ ਵੀ ਸਪਸ਼ਟ ਹੈ ਕਿ ਮਹਿੰਗਾਈ ਨਾਲ ਵਧੀ ਹੋਈ ਬੇਰੁਜ਼ਗਾਰੀ ਸਾਡੀ ਅਰਥ ਵਿਵਸਥਾ ਵਿਚ ਹੋਰ ਅਸਰ ਪਾ ਸਕਦੀ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 2024-25 ਤੱਕ 5 ਟ੍ਰਿਲੀਅਨ ਡਾਲਰ ਇਕੌਨਮੀ ਦਾ ਟੀਚਾ ਰੱਖਿਆ ਹੈ। ਵਾਧੇ ਦੀ ਦਰ ਅੱਛੀ ਹੋਏਗੀ ਤਾਂ ਇਹ ਟੀਚਾ ਪੂਰਾ ਹੋ ਸਕਦਾ ਸੀ, ਲੇਕਿਨ ਇਹ ਹੁਣ ਇਹੋ ਜਿਹਾ ਨਹੀਂ ਹੋ ਰਿਹਾ। ਡਾਲਰ ਦੇ ਮੁਕਾਬਲੇ ਰੁਪਿਆ ਕਮਜ਼ੋਰ ਹੋ ਰਿਹਾ ਹੈ। ਡਾਲਰ ਦੇ ਮੁਕਾਬਲੇ ਰੁਪਿਆ ਕਮਜ਼ੋਰ ਹੋਣ ਦਾ ਕਾਰਨ ਹੈ ਕਿ ਡਾਲਰ ਇੱਕ ਤਰ੍ਹਾਂ ਨਾਲ ਦੁਨੀਆ ਦੀ ਰਿਜ਼ਰਵ ਕਰੰਸੀ ਹੈ। ਜਦੋਂ ਵੀ ਪ੍ਰੇਸ਼ਾਨੀ ਆਉਂਦੀ ਹੈ ਤਾਂ ਲੋਕ ਡਾਲਰ 'ਹੋਲਡ' ਕਰਦੇ ਹਨ, ਜਿਸ ਨਾਲ ਉਹ ਆਪਣੇ ਆਪ ਨੂੰ ਬਚਾ ਸਕਣ। ਦੂਸਰੇ ਪਾਸੇ ਸਾਡਾ ਉਤਪਾਦਨ ਘਾਟਾ ਵੀ ਤੇਜ਼ੀ ਨਾਲ ਵੱਧ ਰਿਹਾ ਹੈ। 5 ਬਿਲੀਅਨ ਡਾਲਰ ਪੂੰਜੀ ਹਰ ਮਹੀਨੇ ਵਾਪਸ ਵਿਦੇਸ਼ ਜਾ ਰਹੀ ਹੈ, ਵਿਦੇਸ਼ੀ ਨਿਵੇਸ਼ ਘੱਟ ਰਿਹਾ ਹੈ। ਐਨ.ਆਰ.ਆਈ. ਵੀ ਪੈਸਾ ਨਹੀਂ ਲਾ ਰਹੇ। ਇਸ ਨਾਲ ਰੁਪਿਆ ਕਮਜ਼ੋਰ ਹੋ ਗਿਆ ਹੈ। ਇੱਕ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ 79.45 ਰੁਪਏ ਰਹਿ ਗਈ ਹੈ। ਮਹਾਂਮਾਰੀ ਦੇ ਪਹਿਲਾਂ ਵੀ ਵਾਧਾ ਰੇਟ 8 ਫ਼ੀਸਦੀ ਤੋਂ ਘਟਾਕੇ 3.1 ਫ਼ੀਸਦੀ ਰਹਿ ਗਿਆ ਸੀ। ਉਸਦੇ ਬਾਅਦ ਤਾਂ ਇਹ ਹੇਠਾਂ ਹੀ ਡਿਗਦਾ ਰਿਹਾ। ਖ਼ਾਸ ਕਰ ਸਾਡਾ ਅਸੰਗਠਿਤ ਖੇਤਰ ਜਿਥੇ 94 ਫ਼ੀਸਦੀ ਲੋਕ ਕੰਮ ਕਰਦੇ ਹਨ ਬਿਲਕੁਲ ਪਛੜ ਗਿਆ। ਸਰਵਿਸ ਸੈਕਟਰ ਬੰਦ ਹੋ ਗਏ। ਪ੍ਰੇਸ਼ਾਨ ਲੋਕ ਪਿੰਡਾਂ 'ਚ ਜਾ ਕੇ ਮਨਰੇਗਾ ਦੇ ਕੰਮ ਲੱਭਣ ਲੱਗੇ। ਮਨਰੇਗਾ 'ਚ ਪੈਸੇ ਦੀ ਕਮੀ ਦੇਖਣ ਨੂੰ ਮਿਲੀ। ਉਂਜ ਵੀ ਮਨਰੇਗਾ ਵਿਚ 100 ਦਿਨ ਦਾ ਰੁਜ਼ਗਾਰ ਨਿਸ਼ਚਿਤ ਹੈ। ਸਰਕਾਰ ਵਲੋਂ ਕਰਜ਼ਾ ਦੇਣ ਨਾਲ ਸਥਿਤੀ ਸੁਧਰਨ ਵਾਲੀ ਨਹੀਂ ਹੈ, ਕਿਉਂਕਿ ਮੰਗ ਵਿੱਚ ਵੀ ਕਮੀ ਆ ਚੁੱਕੀ ਹੈ। ਆਤਮ ਨਿਰਭਰਤਾ ਦੇ ਲਈ ਸਾਨੂੰ ਆਪਣੀ ਤਕਨੀਕ ਦਾ ਵਿਕਾਸ ਕਰਨਾ ਚਾਹੀਦਾ ਸੀ, ਜਿਸਦੀ ਕਮੀ ਹੈ। ਪਿਛਲੇ 10 ਸਾਲ ਤੋਂ ਗਣੇਸ਼ ਦੀ ਮੂਰਤੀ, ਪਤੰਗ-ਮਾਂਝਾ ਸਭ ਚੀਨ ਤੋਂ ਆ ਰਿਹਾ ਹੈ। ਉਨ੍ਹਾਂ ਦੇ ਸਸਤੇ ਮਾਲ ਨਾਲ ਸਾਡਾ ਅਸੰਗਠਿਤ ਖੇਤਰ ਚੌਪਟ ਹੋ ਗਿਆ। ਚੀਨ ਨੂੰ ਦੁਸ਼ਮਣ ਵੀ ਅਸੀਂ ਸਮਝਦੇ ਹਾਂ, ਪਰ ਉਸ ਤੋਂ ਚੀਜ਼ਾਂ ਆਉਣੀਆਂ ਵੱਧ ਰਹੀਆਂ ਹਨ ਭਾਵ ਆਯਾਤ ਵੱਧਦਾ ਜਾ ਰਿਹਾ ਹੈ। ਇਸ ਨਾਲ ਸਾਡੇ ਉਦਯੋਗ ਉਤੇ ਅਸਰ ਹੋਇਆ ਹੈ। 2003 ਤੱਕ ਜੋ ਦਵਾਈਆਂ ਬਣਾਉਣ ਲਈ ਈ.ਪੀ.ਆਈ. ਅਸੀਂ ਖੁਦ ਬਣਾਉਂਦੇ ਸੀ, ਉਸਦੇ ਬਾਅਦ ਅਸੀਂ ਦੂਸਰੇ ਦੇਸ਼ਾਂ 'ਤੇ ਨਿਰਭਰ ਹੋ ਗਏ, ਤਾਂ ਫਿਰ ਸਾਡੀ ਆਤਮ ਨਿਰਭਰਤਾ ਹੈ ਕਿਥੇ?

ਸਾਡੀ ਅਰਥ ਵਿਵਸਥਾ 15-20 ਪ੍ਰਤੀਸ਼ਤ ਡਿੱਗ ਗਈ ਹੈ ਜਦ ਕਿ ਉਸਨੂੰ ਘੱਟ ਤੋਂ ਘੱਟ 4 ਪ੍ਰਤੀਸ਼ਤ ਵਧਣਾ ਚਾਹੀਦਾ ਸੀ। ਜੇਕਰ ਸਾਡੀ ਵਾਧਾ ਦਰ ਅੱਛੀ ਹੋਏਗੀ ਤਾਂ ਸਾਡੀ ਹਾਲਤ ਸੁਧਰਨ ਲੱਗੇਗੀ। ਹੁਣ ਕਿਉਂਕਿ ਅਸੰਗਠਿਤ ਖੇਤਰ ਵਿੱਚ ਗਿਰਾਵਟ ਲਗਾਤਾਰ ਜਾਰੀ ਹੈ, ਇਸ ਲਈ ਸੁਧਾਰ ਵਿੱਚ 15 ਸਾਲ ਵੀ ਲੱਗ ਸਕਦੇ ਹਨ। ਮਹਾਂਮਾਰੀ ਤੋਂ ਬਾਅਦ ਦੇਸ਼ ਵਿੱਚ ਬੇਰੁਜ਼ਗਾਰੀ ਘੱਟ ਨਹੀਂ ਹੋ ਰਹੀ। ਆਰ.ਬੀ.ਆਈ. ਦੀ ਕਰੰਸੀ ਅਤੇ ਫਾਇਨੈਂਸ 'ਤੇ ਜਾਰੀ ਤਾਜ਼ਾ ਰਿਪੋਰਟ ਦਸਦੀ ਹੈ ਕਿ ਭਾਰਤ ਦੇ ਉਤਪਾਦਨ ਵਿੱਚ 50 ਲੱਖ ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਆਰ.ਬੀ.ਆਈ. ਦੇ ਅਨੁਸਾਰ 2022 ਵਿੱਚ ਘਾਟਾ 17.1 ਲੱਖ ਕਰੋੜ ਦਾ ਰਹਿ ਸਕਦਾ ਹੈ। ਇਹੋ ਜਿਹੇ ਹਾਲਾਤਾਂ ਵਿੱਚ ਅਸੀਂ ਵਿਸ਼ਵ ਗੁਰੂ ਕਿਵੇਂ ਦੇ ਹੋਏ?

ਇਹ ਅਸਲੀਅਤ ਹੈ ਕਿ ਅਸੀਂ ਇੱਕ ਗਰੀਬ ਦੇਸ਼ ਹਾਂ। ਤਕਨੀਕ 'ਚ ਵੀ ਪਛੜੇ ਹੋਏ ਹਾਂ। ਜਦੋਂ ਵਿਸ਼ਵ ਗੁਰੂ ਦੇ ਤਮਗੇ ਦੀ ਬੁੱਕਲ ਮਾਰ ਲੈਂਦੇ ਹਾਂ ਉਦੋਂ ਬਹੁਤ ਹੀ ਹਮਲਾਵਰ ਹੋ ਜਾਂਦੇ ਹਾਂ। ਸਾਡੇ ਪ੍ਰਧਾਨ ਮੰਤਰੀ ਦੇ ਮੂੰਹੋਂ ਨਿਕਲੇ ਇਹ ਸ਼ਬਦ ਤਾਂ ਨਿਰਾ ਝੂਠ ਜਾਪਦੇ ਹਨ, ਜਦੋਂ ਪ੍ਰਧਾਨ ਮੰਤਰੀ ਕਹਿੰਦੇ ਹਨ ਕਿ ਅਸੀਂ ਸਾਰੀ ਦੁਨੀਆ ਨੂੰ ਅਨਾਜ ਦੇਵਾਂਗੇ, ਪਰ ਚਾਰ ਮੁਲਕਾਂ ਨੂੰ ਅਨਾਜ ਦੇ ਕੇ ਸਾਡੀ ਬੱਸ ਹੋ ਗਈ। ਅਨਾਜ ਦੀ ਖੇਪ ਬੰਦ ਕਰਨੀ ਪਈ। ਜਨਵਰੀ 2021 ਵਿੱਚ ਵਰਲਡ ਇਕਨੌਮਿਕਸ ਫੋਰਮ ਵਿੱਚ ਭਾਰਤ ਨੇ ਕਿਹਾ ਕਿ ਉਸਨੇ ਮਹਾਂਮਾਰੀ ਨੂੰ ਬਹੁਤ ਅੱਛੀ ਤਰ੍ਹਾਂ ਕਾਬੂ ਕੀਤਾ। ਲੇਕਿਨ ਦੂਜੀ ਲਹਿਰ ਵਿੱਚ ਸਾਡੇ ਹੱਥ ਪੈਰ ਫੁੱਲ ਗਏ। ਫਿਰ ਵੀ ਅਸੀਂ ਕਲੇਮ ਕਰੀ ਜਾ ਰਹੇ ਹਾਂ ਕਿ ਅਸੀਂ ਜਗਤ ਗੁਰੂ ਹਾਂ। ਸਭ ਕਾ ਵਿਕਾਸ, ਸਭ ਕਾ ਸਾਥ ਦਾ ਨਾਹਰਾ ਬੁਰੀ ਤਰ੍ਹਾਂ ਫੇਲ ਹੋਇਆ। ਨਵੀਆਂ ਸ਼ੁਰੂ ਸਕੀਮਾਂ ਫਲਾਪ ਹੋ ਗਈਆਂ।

ਸਟੈਂਡ ਅੱਪ ਇੰਡੀਆ ਸਕੀਮ ਕਿਥੇ ਗੁੰਮ ਗਈ? ਗਰੀਬਾਂ ਲਈ ਬਣਾਈ ਜਨ-ਧਨ ਯੋਜਨਾ ਦਾ ਕੀ ਬਣਿਆ? ਫਰਵਰੀ 2021 ਵਿੱਚ ਭਾਰਤ ਸਰਕਾਰ ਵਲੋਂ 131 ਸਕੀਮਾਂ ਚੱਲ ਰਹੀਆਂ ਸਨ। ਸਾਲ 2022 'ਚ ਇਨ੍ਹਾਂ ਵਿੱਚ 65 ਉਤੇ 442781 ਕਰੋੜ ਰੱਖੇ ਗਏ। ਇਨ੍ਹਾਂ ਸਕੀਮਾਂ ਬਾਰੇ ਭਾਰਤ ਦੀ ਸੁਪਰੀਮ ਕੋਰਟ ਨੇ ਕਿਹਾ ਕਿ ਕੋਈ ਵੀ ਨਵੀਂ ਸਕੀਮ ਚਾਲੂ ਕਰਨ ਤੋਂ ਪਹਿਲਾਂ ਫੰਡਾਂ ਦਾ ਪ੍ਰਬੰਧ ਜ਼ਰੂਰੀ ਹੈ ਅਤੇ ਉਸ ਉਤੇ ਵੀ ਉਤਨਾ ਜ਼ਿਆਦਾ ਜ਼ਰੂਰੀ ਹੈ ਖ਼ਰਚਾ ਕਰਨਾ। ਮੋਦੀ ਸਰਕਾਰ ਨੇ 'ਗੰਗਾ ਸਫ਼ਾਈ ਮੁਹਿੰਮ' ਚਾਲੂ ਕੀਤੀ, ਆਯੂਸ਼ਮਾਨ ਭਾਰਤ ਚਾਲੂ ਕੀਤੀ, ਇਨ੍ਹਾਂ ਸਕੀਮਾਂ ਉਤੇ ਵੱਡੀਆਂ ਰਕਮਾਂ ਮਨਜ਼ੂਰ ਕੀਤੀਆਂ, ਪਰ ਜ਼ਮੀਨੀ ਪੱਧਰ 'ਤੇ ਲਾਗੂ ਨਹੀਂ ਹੋ ਸਕੀਆਂ, ਸਕੀਮਾਂ ਤੇ ਲੋੜੀਂਦਾ ਖ਼ਰਚਾ ਹੋ ਨਹੀਂ ਸਕਿਆ। ਬੇਟੀ ਬਚਾਓ, ਬੇਟੀ ਪੜ੍ਹਾਓ ਯੋਜਨਾ ਸੀ ਏ ਜੀ ਇੰਡੀਆ (ਕੰਪਟਰੋਲਰ ਐਂਡ ਆਡਿਟ ਜਨਰਲ ਆਫ ਇੰਡੀਆ) ਵਲੋਂ ਬੁਰੀ ਤਰ੍ਹਾਂ ਫੇਲ ਹੋਈ ਦਰਸਾਈ ਗਈ। ਰਿਪੋਰਟ ਅਨੁਸਾਰ ਇਸ ਸਕੀਮ ਉਤੇ 80 ਫ਼ੀਸਦੀ ਖ਼ਰਚ ਇਸ਼ਤਿਹਾਰਬਾਜੀ 'ਤੇ ਕੀਤਾ ਗਿਆ। ਗਰੀਬਾਂ ਲਈ ਸ਼ੁਰੂ ਕੀਤੀਆਂ ਸਕੀਮਾਂ ਦਾ ਹਾਲ ਵੇਖੋ ਕਿ 1950 ਤੋਂ ਮਿੱਟੀ ਦੇ ਤੇਲ ਉਤੇ ਸਬਸਿਡੀ ਸੀ, ਉਹ 2009 ਤੱਕ ਘਟਾਈ ਗਈ ਅਤੇ 2022 ਵਿਚ ਪੂਰੀ ਤਰ੍ਹਾਂ ਖ਼ਤਮ ਕਰ ਦਿੱਤੀ ਗਈ। ਗਰੀਬ ਦੀ ਰਸੋਈ ਗੈਸ ਉਤੇ ਸਬਸਿਡੀ ਲਗਭਗ ਖ਼ਤਮ ਹੈ ਅਤੇ ਰਸੋਈ ਗੈਸ ਦੇ ਭਾਅ ਅਸਮਾਨੀ ਚੜ੍ਹੇ ਹੋਏ ਹਨ। ਰੋਟੀ ਤਾਂ ਗਰੀਬ ਦੇ ਚੁੱਲੇ ਪਹਿਲਾਂ ਹੀ ਬਹੁਤ ਮੁਸ਼ਕਲ ਨਾਲ ਪੱਕਦੀ ਸੀ, ਹੁਣ ਮੁੜ ਝਾਕ ਲੱਕੜਾਂ ਦੇ ਬਾਲਣ ਅਤੇ ਗੋਹੇ ਦੀਆਂ ਪਾਥੀਆਂ ਬਾਲਕੇ ਚੁਲਾ ਭਖਾਉਣ ਦੀ ਹੋ ਗਈ ਹੈ। ਕੀ ਇਹੋ ਹੈ ਜਗਤ ਗੁਰੂ ਭਾਰਤ ਦਾ ਨਜ਼ਾਰਾ?

ਕਹਿਣ ਨੂੰ ਤਾਂ ਅਸੀਂ ਅਸਮਾਨੀ ਉਡਣਾ ਚਾਹੁੰਦੇ ਹਾਂ, ਗਰੀਬ ਚੱਪਲ ਪਹਿਨਕੇ ਹਵਾਈ ਜ਼ਹਾਜ 'ਤੇ ਚੜ੍ਹੇਗਾ, ਮੈਟਰੋ 'ਤੇ ਸਫ਼ਰ ਅਸਾਨੀ ਨਾਲ ਕਰੇਗਾ, ਦੇਸ਼ ਦੇ ਪ੍ਰਧਾਨ ਮੰਤਰੀ ਕਹਿੰਦੇ ਹਨ, ਪਰ ਅਸਲੀਅਤ ਕੁਝ ਵੱਖਰੀ ਹੈ। ਧੰਨ-ਕੁਬੇਰ ਅਤੇ ਉੱਚ ਮੱਧ ਵਰਗੀ ਪਰਿਵਾਰਾਂ ਲਈ ਸਿੱਖਿਆ, ਸਿਹਤ ਸਹੂਲਤਾਂ ਹਨ ਅਤੇ ਆਮ ਵਰਗ ਇਹਨਾ ਤੋਂ ਪੂਰੀ ਤਰ੍ਹਾਂ ਸੱਖਣਾ ਹੈ।

ਵੇਖਿਆ ਜਾਵੇ ਤਾਂ ਵਿਕਾਸ ਇੱਕ ਪ੍ਰਕਾਰ ਦੀ ਤਬਦੀਲੀ ਹੈ। ਵਿਕਾਸ ਅਤੇ ਸੁਸ਼ਾਸ਼ਨ ਇੱਕ-ਦੂਜੇ ਦੇ ਪੂਰਕ ਹਨ। ਜੇਕਰ ਗਰੀਬੀ, ਬੀਮਾਰੀ, ਬੇਰੁਜ਼ਗਾਰੀ ਵਧੇਗੀ ਤਾਂ ਵਿਕਾਸ ਕੇਹਾ? ਜੇਕਰ ਕਿਸਾਨ ਕਲਿਆਣ ਨਹੀਂ ਹੋਏਗਾ, ਕਾਨੂੰਨੀ ਵਿਵਸਥਾ ਤਹਿਸ਼-ਨਹਿਸ਼ ਹੋਏਗੀ ਤਾਂ ਵਿਕਾਸ ਕੇਹਾ? ਜੇਕਰ ਲੋਕਾਂ ਨੂੰ ਸਿਹਤ, ਸਿੱਖਿਆ ਸਹੂਲਤਾਂ ਨਹੀਂ ਮਿਲਣਗੀਆਂ ਤਾਂ ਵਿਕਾਸ ਕੇਹਾ? ਜੇਕਰ ਸ਼ਹਿਰ ਦੇ ਨਾਲ-ਨਾਲ ਪਿੰਡ ਤਰੱਕੀ ਨਹੀਂ ਕਰੇਗਾ ਤਾਂ ਵਿਕਾਸ ਕੇਹਾ?

ਬਾਕੀ ਸਫ਼ਾ 30 'ਤੇ

# ਕੀ ਅਗਲੇ ਦੋ-ਤਿੰਨ ਸਾਲਾਂ ਵਿਚ ਭਾਰਤ ਦੀ ਹਾਲਤ ਸ੍ਰੀਲੰਕਾ ਵਰਗੀ ਹੋ ਸਕਦੀ ਏ?

ਅਭੈ ਕੁਮਾਰ ਦੂਬੇ

ਮੋਦੀ ਸਰਕਾਰ ਦੇ ਕਈ ਆਲੋਚਕਾਂ ਨੂੰ ਲੱਗ ਰਿਹਾ ਹੈ ਕਿ ਅਗਲੇ ਦੋ-ਤਿੰਨ ਸਾਲਾਂ 'ਚ ਭਾਰਤ ਦੀ ਹਾਲਤ ਸ੍ਰੀਲੰਕਾ ਵਰਗੀ ਹੋ ਸਕਦੀ ਹੈ। ਦੂਜੇ ਪਾਸੇ ਸਰਕਾਰੀ ਬੁੱਧੀਜੀਵੀਆਂ ਅਤੇ ਟਿੱਪਣੀਕਾਰਾਂ ਦਾ ਮੰਨਣਾ ਹੈ ਕਿ ਅਜਿਹਾ ਸੋਚਣਾ ਇਕ ਤਰ੍ਹਾਂ ਦੀ ਭੁੱਲ ਹੀ ਹੋਵੇਗੀ, ਜਿਵੇਂ ਕਿ ਮੋਦੀ ਆਲੋਚਕ ਅਕਸਰ ਕਰਦੇ ਰਹਿੰਦੇ ਹਨ। ਦੋਵੇਂ ਧਿਰਾਂ ਦੋ ਸਿਰਿਆਂ 'ਤੇ ਖੜੀਆਂ ਹੋਈਆਂ ਹਨ। ਸਵਾਲ ਇਹ ਹੈ ਕਿ ਇਨ੍ਹਾਂ ਦੋ ਸਿਰਿਆਂ ਵਿਚਾਲੇ ਕੀ ਹੈ? ਇਸ ਸਵਾਲ ਦਾ ਜਵਾਬ ਲੱਭਣ ਦੀ ਕੋਸ਼ਿਸ਼ ਸਾਨੂੰ ਹਕੀਕਤ ਦੇ ਨੇੜੇ ਪਹੁੰਚਾ ਸਕਦੀ ਹੈ।

ਕਹਿਣਾ ਨਾ ਹੋਵੇਗਾ ਕਿ ਸ੍ਰੀਲੰਕਾ ਦਾ ਨਜ਼ਾਰਾ ਕਿਸੇ ਵੀ ਅਜਿਹੇ ਦੇਸ਼ ਲਈ ਡਰਾਉਣਾ ਹੈ, ਜਿੱਥੇ ਚੋਣਾਂ ਰਾਹੀਂ ਚੁਣੀ ਗਈ ਸਰਕਾਰ ਸੱਤਾ ਵਿਚ ਹੈ ਅਤੇ ਜਿਸ ਦੀ ਅਰਥਵਿਵਸਥਾ ਵਿਸ਼ਵ ਆਰਥਿਕ ਤੰਤਰ ਦੇ ਨਾਲ ਅਟੁੱਟ ਰੂਪ ਵਿਚ ਜੁੜੀ ਹੋਈ ਹੈ। ਕੋਈ ਸੱਤ-ਅੱਠ ਸਾਲ ਪਹਿਲਾਂ ਏਸ਼ੀਅਨ ਡਿਵੈਲਪਮੈਂਟ ਬੈਂਕ ਨੇ ਸ੍ਰੀਲੰਕਾ ਦੀ ਅਰਥਵਿਵਸਥਾ ਦੀਆਂ ਸੰਭਾਵਨਾਵਾਂ ਬਾਰੇ ਮਾਹਿਰਾਂ ਦੇ ਲੇਖ ਇਕੱਠੇ ਕਰਕੇ ਛਾਪੇ ਸਨ। ਇਸ ਵਿਚ ਇਸ ਦੇਸ਼ ਦੀ ਇਕ ਅਜਿਹੀ ਤਸਵੀਰ ਪੇਸ਼ ਕੀਤੀ ਗਈ ਸੀ, ਜਿਸ ਮੁਤਾਬਿਕ ਇਸ ਸਮੇਂ ਸ੍ਰੀਲੰਕਾ ਨੂੰ ਆਰਥਿਕ ਵਿਕਾਸ ਦੇ ਰਾਹ 'ਤੇ ਸ਼ਾਂਤੀਪੂਰਨ ਢੰਗ ਨਾਲ ਪਰ ਤੇਜ਼ ਰਫ਼ਤਾਰ ਨਾਲ ਅੱਗੇ ਵਧਦੇ ਹੋਏ ਦਿਸਣਾ ਚਾਹੀਦਾ ਸੀ। ਪਰ ਹੋਇਆ ਕੀ? ਸ੍ਰੀਲੰਕਾ 'ਚ ਪੈਟਰੋਲ-ਡੀਜ਼ਲ ਆਦਿ ਤੇਲ ਖ਼ਤਮ ਹੋ ਚੁੱਕੇ ਹਨ, ਲੱਖਾਂ ਲੋਕ ਭੁੱਖੇ ਪੇਟ ਸੌਣ ਲਈ ਮਜਬੂਰ ਹਨ, ਉਦਯੋਗ-ਧੰਦੇ ਠੱਪ ਹੋਏ ਪਏ ਹਨ, ਸਕੂਲ-ਕਾਲਜ ਬੰਦ ਹਨ, ਸਿਹਤ ਸੇਵਾਵਾਂ ਦਾ ਢਾਂਚਾ ਢਹਿ ਚੁੱਕਾ ਹੈ, ਕੌਮੀ ਮੁਦਰਾ ਦੀ ਕੋਈ ਕੀਮਤ ਨਹੀਂ ਰਹਿ ਗਈ, ਵਿਦੇਸ਼ੀ ਮੁਦਰਾ ਭੰਡਾਰ ਖ਼ਾਲੀ ਹੈ, ਅਰਥਵਿਵਸਥਾ ਕਰਜ਼ੇ ਨਾਲ ਲੱਦੀ ਹੋਈ ਹੈ ਅਤੇ ਉਸ ਨੂੰ ਚੁਕਾਉਣ ਲਈ ਸਾਧਨ ਸਿਫ਼ਰ ਹਨ।

ਇਸ ਭਿਆਨਕ ਆਰਥਿਕ ਸਥਿਤੀ ਦੇ ਕਾਰਨ ਗੁੱਸੇ 'ਚ ਭਰੀ ਹੋਈ ਜਨਤਾ ਸੜਕਾਂ 'ਤੇ ਆ ਗਈ ਹੈ। ਗੁੱਸੇ ਵਿਚ ਆਏ ਨੌਜਵਾਨਾਂ ਦੀ ਅਗਵਾਈ 'ਚ ਪ੍ਰਧਾਨ ਮੰਤਰੀ ਸਮੇਤ ਸੱਤਾਧਾਰੀ ਨੇਤਾਵਾਂ ਦੇ ਘਰ ਫੂਕੇ ਜਾ ਰਹੇ ਹਨ। ਰਾਸ਼ਟਰਪਤੀ ਭਵਨ 'ਤੇ ਭੀੜ ਨੇ ਕਬਜ਼ਾ ਕਰ ਲਿਆ ਸੀ। ਵੱਡੇ ਬਹੁਮਤ ਨਾਲ ਚੁਣੇ ਗਏ ਰਾਸ਼ਟਰਪਤੀ ਗੋਟਾਬਾਯਾ ਰਾਜਪਕਸ਼ੇ ਨੂੰ ਦੇਸ਼ ਛੱਡ ਕੇ ਦੌੜਨਾ ਪਿਆ ਹੈ। ਰਾਜਪਕਸ਼ੇ ਪਰਿਵਾਰ ਦੇ ਹੋਰ ਮੈਂਬਰਾਂ (ਜਿਨ੍ਹਾਂ 'ਚ ਸਾਬਕਾ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਵੀ ਸ਼ਾਮਿਲ ਹਨ) ਦੇ ਦੇਸ਼ ਛੱਡਣ 'ਤੇ ਪਾਬੰਦੀ ਲਗਾਈ ਜਾ ਚੁੱਕੀ ਹੈ। ਜਿਸ ਸਾਬਕਾ ਪ੍ਰਧਾਨ ਮੰਤਰੀ ਰਾਨਿਲ ਵਿਕਰਮਸਿੰਘੇ ਨੂੰ ਕਾਰਜਕਾਰੀ ਰਾਸ਼ਟਰਪਤੀ ਬਣਾਇਆ ਗਿਆ ਹੈ, ਉਹ ਕੁਝ ਸਮੇਂ ਪਹਿਲਾਂ ਤੱਕ ਸੱਤਾਧਾਰੀ ਰਾਜਪਕਸ਼ੇ ਪਰਿਵਾਰ ਦੇ ਪ੍ਰਸ਼ੰਸਕ ਅਤੇ ਬਚਾਅ ਕਰਤਾ ਸਨ। ਉਨ੍ਹਾਂ ਬਾਰੇ ਮੰਨਿਆ ਜਾਂਦਾ ਹੈ ਕਿ ਲੰਬੇ ਅਰਸੇ ਤੋਂ ਰਾਜਨੀਤਕ ਭ੍ਰਿਸ਼ਟਾਚਾਰੀ ਨੂੰ ਉਤਸ਼ਾਹਿਤ ਕਰਨ 'ਚ ਉਨ੍ਹਾਂ ਦੀ ਸਰਗਰਮੀ ਅਤੇ ਪ੍ਰਮੁੱਖ ਭੂਮਿਕਾ ਰਹੀ ਹੈ। ਕੁੱਲ ਮਿਲਾ ਕੇ ਸ੍ਰੀਲੰਕਾ ਤਬਾਹੀ ਦੇ ਰਾਹ 'ਤੇ ਪਿਆ ਹੋਇਆ ਹੈ। ਉਸ ਨੂੰ ਹੁਣ ਬੇਚੈਨੀ ਨਾਲ ਅੰਤਰਰਾਸ਼ਟਰੀ ਮੁਦਰਾ ਕੋਸ਼ ਦੀ ਮਦਦ ਦੀ ਉਡੀਕ ਹੈ। ਕੋਈ ਗਾਰੰਟੀ ਨਾਲ ਨਹੀਂ ਕਹਿ ਸਕਦਾ ਕਿ ਇਹ ਮਦਦ ਸ੍ਰੀਲੰਕਾ ਨੂੰ ਕਦੋਂ ਮਿਲੇਗੀ ਅਤੇ ਜੇਕਰ ਮਿਲ ਵੀ ਗਈ, ਤਾਂ ਕੋਈ ਇਹ ਕਹਿਣ ਦੀ ਸਥਿਤੀ ਵਿਚ ਨਹੀਂ ਹੈ ਕਿ ਇਸ ਮਦਦ ਨਾਲ ਸ੍ਰੀਲੰਕਾ ਕਦੋਂ ਤੱਕ ਬਚੇਗਾ? ਆਖ਼ਿਰਕਾਰ ਪਿਛਲੇ ਚਾਲੀ ਸਾਲਾਂ 'ਚ ਘੱਟ ਤੋਂ ਘੱਟ 16 ਵਾਰ ਮੁਦਰਾ ਕੋਸ਼ ਦੀ ਮਦਦ ਨਾਲ ਹੀ ਸ੍ਰੀਲੰਕਾ ਨੇ ਆਰਥਿਕ ਸੰਕਟ ਟਾਲਿਆ ਸੀ। ਪਰ ਉਸ ਦੇ ਨੀਤੀ-ਨਿਰਮਾਤਾਵਾਂ ਨੇ ਕਦੇ ਅਜਿਹਾ ਸਬਕ ਨਹੀਂ ਸਿੱਖਿਆ ਕਿ ਅਗਲੀ ਵਾਰ ਮੁਦਰਾ ਕੋਸ਼ ਦੀ ਮਦਦ ਨਾ ਲੈਣੀ ਪੈਂਦੀ।

ਮੋਟੇ ਤੌਰ 'ਤੇ ਸ੍ਰੀਲੰਕਾ ਦੀ ਇਸ ਹਾਲਤ ਦੇ ਕਾਰਨ ਇਸ ਤਰ੍ਹਾਂ ਹਨ ਸ਼ੁਰੂ ਤੋਂ ਹੀ ਇਸ ਦੇਸ਼ ਦੀ ਅਰਥਵਿਵਸਥਾ ਰਾਜਕੋਸ਼ੀ ਘਾਟੇ ਅਤੇ ਚਾਲੂ ਖਾਤੇ ਦੇ ਘਾਟੇ ਦੀ ਸਮੱਸਿਆ ਤੋਂ ਗ੍ਰਸਤ ਰਹੀ ਹੈ। ਬਜਾਏ ਇਸ ਦੇ ਕਿ ਇਸ ਘਾਟੇ ਦਾ ਮੁਕਾਬਲਾ ਸਥਾਨਕ ਪੱਧਰ 'ਤੇ ਉਤਪਾਦਨ ਦੇ ਜ਼ਰੀਏ ਕਰਨ ਦਾ ਰਸਤਾ ਅਪਣਾਇਆ ਜਾਂਦਾ, ਸ੍ਰੀਲੰਕਾ ਦੇ ਨੇਤਾਵਾਂ ਅਤੇ ਨੀਤੀ-ਨਿਰਮਾਤਾਵਾਂ ਨੇ ਕਰਜ਼ਾ ਲੈ ਕੇ ਘਾਟੇ ਦੀ ਪੂਰਤੀ ਕਰਨ ਦਾ ਤਰੀਕਾ ਅਪਣਾਇਆ। ਇਸ ਨਾਲ ਥੋੜੇ ਸਮੇਂ ਤੱਕ ਇਸ ਦੇਸ਼ ਦੇ ਮਨੁੱਖੀ ਵਿਕਾਸ ਸੂਚਕ ਅੰਕ ਯੂਰਪੀ ਦੇਸ਼ਾਂ ਦੇ ਪੱਧਰ 'ਤੇ ਪਹੁੰਚ ਗਏ ਸਨ। ਪਰ ਇਹ ਇਕ ਭਰਮ ਸੀ। ਜਿਵੇਂ ਹੀ ਕੁਝ ਆਫ਼ਤਾਂ ਆਈਆਂ ਸ੍ਰੀਲੰਕਾ ਵਿਕਾਸ ਦੇ ਮਾਡਲ ਦੀ ਪੋਲ ਬੁਰੀ ਤਰ੍ਹਾਂ ਨਾਲ ਖੁੱਲ ਗਈ। ਇਹ ਆਫ਼ਤਾਂ ਤਿੰਨ ਸਨ। 2019 ਵਿਚ ਈਸਟਰ ਮੌਕੇ ਇਕ ਵੱਡਾ ਅੱਤਵਾਦੀ ਹਮਲਾ ਹੋਇਆ। ਇਸ ਨੇ ਸੈਲਾਨੀਆਂ ਤੋਂ ਹੋਣ ਵਾਲੀ ਆਮਦਨੀ ਨੂੰ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕੀਤਾ। ਦੂਜੇ ਵਿਦੇਸ਼ੀ ਮੁਦਰਾ ਦੀ ਕਿੱਲਤ ਨੂੰ ਦੇਖਦੇ ਹੋਏ ਰਾਸ਼ਟਰਪਤੀ ਨੇ ਅਚਾਨਕ ਰਸਾਇਣਕ ਖਾਦ ਦੀ ਦਰਾਮਦ 'ਤੇ ਪਾਬੰਦੀ ਲਗਾ ਦਿੱਤੀ ਅਤੇ ਪੂਰੇ ਦੇਸ਼ ਨੂੰ ਰਾਤੋ-ਰਾਤ ਆਰਗੈਨਿਕ ਖੇਤੀ ਦੇ ਜ਼ੋਨ 'ਚ ਬਦਲਣ ਦਾ ਐਲਾਨ ਕਰ ਦਿੱਤਾ। ਇਸ ਸਵੈ-ਪ੍ਰੇਰਿਤ ਕਦਮ ਨੇ ਨਾ ਸਿਰਫ਼ ਇਕ ਲੰਬੇ ਸਮੇਂ ਤੱਕ ਚੱਲਣ ਵਾਲੇ ਕਿਸਾਨ ਅੰਦੋਲਨ ਨੂੰ ਜਨਮ ਦਿੱਤਾ, ਸਗੋਂ ਖੇਤੀ ਦਾ ਬੇੜਾ ਵੀ ਗਰਕ ਕਰ ਦਿੱਤਾ। ਤੀਜਾ ਆਪਣੇ ਕਾਰਪੋਰੇਟ ਸਮਰਥਕਾਂ ਦੀ ਰਾਏ 'ਤੇ ਅਮਲ ਕਰਦਿਆਂ ਰਾਸ਼ਟਰਪਤੀ ਗੋਟਾਬਾਯਾ ਨੇ 'ਵੈਲਿਯੂ ਐਡਿਡ ਟੈਕਸ' (ਵੈਟ) ਅੱਧਾ ਕਰ ਦਿੱਤਾ ਅਤੇ 'ਕੈਪੀਟਲ ਗੇਨ ਟੈਕਸ' (ਪੂੰਜੀ ਲਾਭ ਕਰ) ਨੂੰ ਖ਼ਤਮ ਹੀ ਕਰ ਦਿੱਤਾ ਗਿਆ। ਇਸ ਨਾਲ ਸਰਕਾਰ ਦੀ ਮਾਲੀਆ ਆਮਦਨ ਬਹੁਤ ਘਟ ਗਈ। ਸ੍ਰੀਲੰਕਾ ਵਿਚ ਜੀ.ਡੀ.ਪੀ. ਦੇ ਅਨੁਪਾਤ 'ਚ ਕਰ (ਟੈਕਸ) ਪਹਿਲਾਂ ਤੋਂ ਹੀ ਘੱਟ ਸੀ। ਖ਼ਰਚੇ ਚਲਾਉਣ ਲਈ ਸਰਕਾਰੀ ਟਕਸਾਲ ਬੇਹਿਸਾਬ ਰੁਪਏ ਛਾਪਣ ਲੱਗੀ। ਇਸ ਨਾਲ ਮਹਿੰਗਾਈ ਬਹੁਤ ਵਧ ਗਈ। ਸਿੱਟੇ ਵਜੋਂ ਰੁਪਏ ਦੀ ਕੀਮਤ ਵੀ ਡਿਗਣੀ ਹੀ ਸੀ। ਰਹੀ-ਸਹੀ ਕਸਰ ਕੋਵਿਡ-19 ਮਹਾਂਮਾਰੀ ਨੇ ਪੂਰੀ ਕਰ ਦਿੱਤੀ। ਸਥਾਨਕ ਉਤਪਾਦਨ ਬੁਰੀ ਤਰ੍ਹਾਂ ਨਾਲ ਡਿਗ ਗਿਆ। ਵਿਦੇਸ਼ ਵਿਚ ਰਹਿ ਰਹੇ ਸ੍ਰੀਲੰਕਾਈਆਂ ਵਲੋਂ ਭੇਜੇ ਜਾਣ ਵਾਲੇ ਡਾਲਰ ਵੀ ਨਾਂਹ ਦੇ ਬਰਾਬਰ ਰਹਿ ਗਏ। ਗੋਟਾਬਾਯਾ ਦੀ ਮੁਸ਼ਕਿਲ ਇਹ ਸੀ ਕਿ ਉਹ ਆਪਣੀ ਟਕਸਾਲ 'ਚ ਡਾਲਰ ਨਹੀਂ ਸਨ ਛਾਪ ਸਕਦੇ। ਸ੍ਰੀਲੰਕਾ ਦੀਵਾਲੀਆ ਹੋ ਗਿਆ।

ਭਾਰਤ ਸ੍ਰੀਲੰਕਾ ਦੀ ਇਸ ਸਥਿਤੀ ਤੋਂ ਕੀ ਸਬਕ ਸਿੱਖ ਸਕਦਾ ਹੈ? ਭਾਰਤੀ ਅਰਥਵਿਵਸਥਾ ਸ੍ਰੀਲੰਕਾ ਦੀ ਤਰ੍ਹਾਂ ਛੋਟੀ, ਸੈਲਾਨੀਆਂ 'ਤੇ ਆਧਾਰਿਤ ਜਾਂ ਉਸ ਦੀ ਖੇਤੀ ਇਕ ਜਾਂ ਦੋ ਤਰ੍ਹਾਂ ਦੀ ਉਪਜ 'ਤੇ ਆਧਾਰਿਤ ਨਹੀਂ ਹੈ। ਭਾਰਤ ਵਿਚ ਉਤਪਾਦਨ ਦਾ ਆਧਾਰ ਬਹੁਮੁਖੀ ਹੈ ਅਤੇ ਉਸ ਦੇ ਕੋਲ 6 ਸੌ ਅਰਬ ਡਾਲਰ ਦਾ ਵਿਦੇਸ਼ੀ ਮੁਦਰਾ ਕੋਸ਼ ਮੌਜੂਦ ਹੈ। ਭਾਰਤੀ ਅਰਥਵਿਵਸਥਾ ਵੀ ਵੱਖ-ਵੱਖ ਕਾਰਨਾਂ ਨਾਲ ਆਰਥਿਕ ਸੰਕਟ 'ਚੋਂ ਲੰਘ ਰਹੀ ਹੈ। ਮਹਿੰਗਾਈ ਅਤੇ ਬੇਰੁਜ਼ਗਾਰੀ ਦਾ ਬੋਲਬਾਲਾ ਹੋ ਚੁੱਕਾ ਹੈ। ਪਰ ਰਾਜਕੋਸ਼ੀ ਘਾਟਾ ਅਤੇ ਚਾਲੂ ਖਾਤੇ ਦੀ ਘਾਟੇ ਦੀ ਪੂਰਤੀ ਲਈ ਭਾਰਤ ਨੂੰ ਵਿਦੇਸ਼ੀ ਕਰਜ਼ਿਆਂ ਦੀ ਜ਼ਰੂਰਤ ਨਹੀਂ ਪੈਂਦੀ। ਘਾਟੇ ਦੀ ਪੂਰਤੀ ਕਰਨ ਲਈ ਉਸ ਨੂੰ ਸ੍ਰੀਲੰਕਾ ਦੀ ਤਰ੍ਹਾਂ ਸਾਵਰਿਨ ਡਾਲਰ ਬਾਂਡਜ਼ ਵਰਗੇ ਘਾਤਕ ਕਦਮ ਵੀ ਨਹੀਂ ਚੁੱਕਣੇ ਪੈਂਦੇ। ਇੱਥੋਂ ਦੀ ਸਰਕਾਰ ਕਾਰਪੋਰੇਟਪ੍ਰਸਤ ਤਾਂ ਹੈ, ਪਰ ਉਹ ਜਨਤਾ ਵਿਚਾਲੇ ਆਪਣੇ ਅਕਸ ਨੂੰ ਲੈ ਕੇ ਵੀ ਚੌਕਸ ਰਹਿੰਦੀ ਹੈ। ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਵਾਲੀਆਂ ਨੀਤੀਆਂ ਬਣਾਈਆਂ ਜਾਂਦੀਆਂ ਹਨ, ਸਾਲ-ਸਾਲ ਭਰ ਲੰਬੇ ਅੰਦੋਲਨ ਵੀ ਚਲਦੇ ਹਨ, ਪਰ ਅਖੀਰ 'ਚ ਸੰਸਦ ਵਿਚ ਪਾਸ ਹੋ ਚੁੱਕੇ ਕਾਨੂੰਨਾਂ ਤੱਕ ਨੂੰ ਵਾਪਸ ਲੈ ਲਿਆ ਜਾਂਦਾ ਹੈ। ਸਿਆਸੀ ਲੀਡਰਸ਼ਿਪ 'ਚ ਤਾਨਾਸ਼ਾਹੀ ਦੇ ਪਹਿਲੂ ਤਾਂ ਹਨ (ਇੰਦਰਾ ਗਾਂਧੀ ਦੇ ਜ਼ਮਾਨੇ ਤੋਂ ਹੀ), ਪਰ ਅਜੇ ਤੱਕ ਮਨਮਰਜ਼ੀ ਵਾਲੇ ਫ਼ੈਸਲੇ ਲੈਣ ਦੀ ਪ੍ਰਵਿਰਤੀ ਨੇ ਉਹ ਹੱਦਾਂ ਨਹੀਂ ਟੱਪੀਆਂ, ਜੋ ਗੋਟਾਬਾਯਾ ਨੇ ਟੱਪ ਲਈਆਂ ਸਨ। ਜਦੋਂ ਗੋਟਾਬਾਯਾ ਨੇ ਕਾਰਪੋਰੇਟ ਸਲਾਹਕਾਰਾਂ ਦੀ ਮੰਨਦੇ ਹੋਏ ਟੈਕਸਾਂ 'ਚ ਜ਼ਬਰਦਸਤ ਕਟੌਤੀ ਕੀਤੀ ਸੀ, ਤਾਂ ਮੁਦਰਾ ਕੋਸ਼ ਨੇ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਸੀ ਕਿ ਅਜਿਹੇ ਕਦਮਾਂ ਨਾਲ ਹਸ਼ਰ ਬੁਰਾ ਹੋ ਸਕਦਾ ਹੈ, ਪਰ ਉਨ੍ਹਾਂ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕੀ।

ਬਾਕੀ ਸਫ਼ਾ 30 'ਤੇ

# ਬੰਗਲਾਦੇਸ਼ ’ਚ ਇਕ ਵਾਰ ਫਿਰ ਹਿੰਦੂਆਂ ਦੇ ਘਰਾਂ,

## ਦੁਕਾਨਾਂ ਅਤੇ ਮੰਦਰ ਵਿਚ ਭੰਨਤੋੜ

ਮੁਸਲਿਮ ਬਹੁਗਿਣਤੀ ਵਾਲੇ ਬੰਗਲਾਦੇਸ਼ ਵਿਚ ਹਿੰਦੂਆਂ ਨੂੰ ਇਕ ਵਾਰ ਫਿਰ ਨਿਸ਼ਾਨਾ ਬਣਾਇਆ ਗਿਆ। ਫੇਸਬੁੱਕ ’ਤੇ ਇਸਲਾਮ ਸਬੰਧੀ ਇਕ ਪੋਸਟ ਤੋਂ ਬਾਅਦ ਦੱਖਣ-ਪੱਛਮੀ ਖੇਤਰ ਵਿਚ ਕੁਝ ਅਣਪਛਾਤੇ ਵਿਅਕਤੀਆਂ ਨੇ ਹਿੰਦੂ ਭਾਈਚਾਰੇ ਦੇ ਇਕ ਮੰਦਰ, ਕਈ ਘਰਾਂ ਤੇ ਦੁਕਾਨਾਂ ਵਿਚ ਭੰਨਤੋੜ ਕੀਤੀ। ਘਟਨਾ ਨਾਰੇਲ ਜ਼ਿਲੇ ਦੇ ਸਹਿਪਾਰਾ ਪਿੰਡ ਵਿਚ ਬੀਤੇ ਸ਼ੁੱਕਰਵਾਰ ਸ਼ਾਮ ਨੂੰ ਹੋਈ। ਪੁਲਿਸ ਸਟੇਸ਼ਨ ਦੇ ਇਕ ਇੰਸਪੈਕਟਰ ਹਾਰਨ ਚੰਦਰਪਾਲ ਨੇ ਦੱਸਿਆ ਕਿ ਪਿੰਡ ਵਿਚ ਹਿੰਦੂਆਂ ਦੀ ਧਾਰਮਿਕ ਥਾਂ ਤੇ ਘਰਾਂ ਵਿਚ ਭੰਨਤੋੜ ਕੀਤੀ ਗਈ। ਇਕ ਘਰ ਵਿਚ ਅੱਗ ਲਗਾ ਦਿੱਤੀ ਗਈ। ਹਮਲਾਵਰ ਭੀੜ ਨੂੰ ਖਿੰਡਾਉਣ ਲਈ ਪੁਲਿਸ ਨੇ ਹਵਾਈ ਫਾਈਰਿੰਗ ਕੀਤੀ। ਫ਼ਿਲਹਾਲ ਸਥਿਤੀ ਕੰਟਰੋਲ ਵਿਚ ਹੈ। ਹਾਰਨ ਨੇ ਕਿਹਾ ਕਿ ਇਕ ਨੌਜਵਾਨ ਨੇ ਫੇਸਬੁੱਕ ’ਤੇ ਕੁਝ ਇਤਰਾਜ਼ਯੋਗ ਪੋਸਟ ਪਾਈ ਸੀ, ਜਿਸ ਨਾਲ ਮੁਸਲਮਾਨਾਂ ਵਿਚ ਗੁੱਸਾ ਭੜਕ ਗਿਆ। ਤਲਾਸ਼ ਕਰਨ ’ਤੇ ਨੌਜਵਾਨ ਦਾ ਪਤਾ ਨਾ ਲੱਗਣ ’ਤੇ ਪੁਲਿਸ ਉਸ ਦੇ ਪਿਤਾ ਨੂੰ ਥਾਣੇ ਲੈ ਗਈ। ਸ਼ੁੱਕਰਵਾਰ ਦੀ ਨਮਾਜ਼ ਪਿੱਛੋਂ ਹਿੰਦੂ ਨੌਜਵਾਨ ਦੀ ਪੋਸਟ ’ਤੇ ਤਣਾਅ ਵੱਧ ਗਿਆ। ਮੁਸਲਮਾਨਾਂ ਦੇ ਇਕ ਸਮੂਹ ਨੇ ਦੁਪਹਿਰ ਵਿਚ ਹਿੰਦੂਆਂ ਦੇ ਘਰਾਂ ਬਾਹਰ ਪ੍ਰਦਰਸ਼ਨ ਕੀਤਾ। ਬਾਅਦ ਵਿਚ ਉਨਾਂ ਨੇ ਘਰਾਂ ’ਤੇ ਹਮਲਾ ਕਰ ਦਿੱਤਾ। ਸ਼ਾਮ ਕਰੀਬ ਸਾਢੇ ਸੱਤ ਵਜੇ ਪਿੰਡ ਦੇ ਇਕ ਮੰਦਰ ’ਤੇ ਵੀ ਇੱਟਾਂ ਸੁੱਟੀਆਂ ਗਈਆਂ। ਮੰਦਰ ਦੇ ਅੰਦਰ ਫਰਨੀਚਰ ਵੀ ਤੋੜ ਦਿੱਤਾ ਗਿਆ। ਹਾਲੇ ਤੱਕ ਕਿਸੇ ਹਮਲਾਵਰ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਨਾਰੇਲ ਦੇ ਪੁਲਿਸ ਸੁਪਰਡੈਂਟ ਪ੍ਰਬੀਰ ਕੁਮਾਰ ਰਾਇ ਨੇ ਕਿਹਾ ਕਿ ਘਟਨਾ ਦੀ ਜਾਂਚ ਕਰ ਰਹੇ ਹਾਂ। ਹਿੰਸਾ ਲਈ ਜ਼ਿੰਮੇਦਾਰ ਲੋਕਾਂ ’ਤੇ ਕਾਰਵਾਈ ਹੋਵੇਗੀ।

ਪੀੜਤ ਦੀਪਾਲੀ ਰਾਣੀ ਨੇ ਕਿਹਾ, ਇਕ ਮੁਸਲਮਾਨ ਭੀੜ ਨੇ ਸਾਡਾ ਸਾਰਾ ਕੀਮਤੀ ਸਾਮਾਨ ਲੁੱਟ ਲਿਆ। ਦੂਜਾ ਸਮੂਹ ਆਇਆ ਤੇ ਘਰ ਵੜ ਗਿਆ, ਕਿਉਂਕਿ ਲੁੱਟਣ ਲਈ ਕੁਝ ਨਹੀਂ ਬਚਿਆ ਸੀ, ਇਸ ਲਈ ਉਨਾਂ ਨੇ ਸਾਡੇ ਘਰ ਵਿਚ ਅੱਗ ਲਾ ਦਿੱਤੀ। ਦਿਘਲੀਆ ਸੰਘ ਪ੍ਰੀਸ਼ਦ ਦੀ ਇਕ ਸਾਬਕਾ ਮਹਿਲਾ ਮੈਂਬਰ ਨੇ ਕਿਹਾ ਕਿ ਹਮਲੇ ਪਿੱਛੋਂ ਜ਼ਿਆਦਾਤਰ ਲੋਕ ਪਿੰਡ ਛੱਡ ਕੇ ਚਲੇ ਗਏ ਹਨ। ਲਗਭਗ ਸਾਰੇ ਘਰਾਂ ਵਿਚ ਤਾਲਾ ਲੱਗਾ ਹੈ।



ਕੁਝ ਪਰਿਵਾਰਾਂ ਦੇ ਬਜ਼ੁਰਗ ਹੀ ਘਰ ਵਿਚ ਹਨ। ਉਹ ਵੀ ਡਰੇ ਹੋਏ ਹਨ। ਪਿੰਡ ਦੇ ਰਾਧਾ ਗੋਵਿੰਦਾ ਮੰਦਰ ਦੇ ਪ੍ਰਧਾਨ 65 ਸਾਲਾ ਸ਼ਿਬਨਾਥ ਸਾਹਾ ਨੇ ਕਿਹਾ, ਪੁਲਿਸ ਪਿੰਡ ਵਿਚ ਪਹਿਰਾ ਦੇ ਰਹੀ ਹੈ ਪਰ ਅਸੀਂ ਉਨਾਂ ’ਤੇ ਭਰੋਸਾ ਨਹੀਂ ਕਰ ਸਕਦੇ। ਮੀਡੀਆ ਰਿਪੋਰਟਾਂ ਮੁਤਾਬਕ ਮੁਸਲਿਮ ਬਹੁਗਿਣਤੀ ਬੰਗਲਾਦੇਸ਼ ਵਿਚ ਧਾਰਮਿਕ ਘੱਟਗਿਣਤੀਆਂ ’ਤੇ ਹਮਲੇ ਵੱਧ ਰਹੇ ਹਨ ਅਤੇ ਉਨਾਂ ਵਿਚੋਂ ਕਈ ਅਫਵਾਹਾਂ ਜਾਂ ਸੋਸ਼ਲ ਮੀਡੀਆ ਰਾਹੀਂ ਫੈਲੀਆਂ ਫਰਜ਼ੀ ਪੋਸਟਾਂ ਤੋਂ ਬਾਅਦ ਹੋਏ ਹਨ।

ਪਿਛਲੇ ਸਾਲ ਬੰਗਲਾਦੇਸ਼ ਵਿਚ ਦੁਰਗਾ ਪੂਜਾ ਸਮਾਗਮ ਦੌਰਾਨ ਕੁਝ ਹਿੰਦੂ ਮੰਦਰਾਂ ਵਿਚ ਅਣਪਛਾਤੇ ਮੁਸਲਿਮ ਕੱਟੜਪੰਥੀਆਂ ਵੱਲੋਂ ਭੰਨਤੋੜ ਕੀਤੀ ਗਈ ਸੀ। ਦੰਗਿਆਂ ਵਿਚ ਚਾਰ ਮਾਰੇ ਗਏ ਸਨ ਜਦਕਿ ਕਈ ਜ਼ਖ਼ਮੀ ਹੋਏ ਸਨ। ਇਸ ਕਾਰਨ ਸਰਕਾਰ ਨੂੰ 22 ਜ਼ਿਲਿਆਂ ਵਿਚ ਨੀਮ ਸੁਰੱਖਿਆਂ ਬਲਾਂ ਦੀ ਤਾਇਨਾਤੀ ਕਰਨੀ ਪਈ ਸੀ। ਕਾਨੂੰਨੀ ਅਧਿਕਾਰ ਸਮੂਹ ਏਨ-ਓ-ਸਲੀਸ਼ ਕੇਂਦਰ ਦੀ ਇਕ ਰਿਪੋਰਟ ਮੁਤਾਬਕ, ਜਨਵਰੀ 2013 ਤੋਂ ਸਤੰਬਰ 2021 ਵਿਚਾਲੇ ਬੰਗਲਾਦੇਸ਼ ਵਿਚ ਹਿੰਦੂ ਭਾਈਚਾਰੇ ’ਤੇ 3679 ਹਮਲੇ ਕੀਤੇ ਗਏ।

### ਯੂ.ਪੀ. ਵਿਖੇ ਮੰਦਰ ਵਿਚ ਸੁੱਟੇ ਮੀਟ ਦੇ ਟੁਕੜੇ

ਉੱਤਰ ਪ੍ਰਦੇਸ਼ ਦੇ ਇਕ ਪਿੰਡ ਵਿਚ ਉਸ ਸਮੇਂ ਸਥਿਤੀ ਤਣਾਅ ਪੂਰਨ ਹੋ ਗਈ ਜਦੋਂ ਕੁਝ ਸ਼ਰਾਰਤੀ ਅਨਸਰਾਂ ਨੇ ਇਕ ਮੰਦਰ ਵਿਚ ਮੀਟ ਦੇ ਕੁਝ ਟੁਕੜੇ ਸੁੱਟ ਦਿੱਤੇ ।ਪੁਲਿਸ ਨੇ ਦੱਸਿਆ ਕਿ ਘਟਨਾ ਰਸੂਲਾਬਾਦ ਦੇ ਪਿੰਡ ਦੀ ਹੈ ਜਿੱਥੇ ਮੰਦਰ ਵਿਚ ਮੀਟ ਦੇ ਟੁਕੜੇ ਸੁੱਟਣ ਤੋਂ ਬਾਅਦ ਭੜਕੇ ਲੋਕਾਂ ਨੇ ਨੇੜਲੀਆਂ ਮੀਟ ਦੀਆਂ ਤਿੰਨ ਦੁਕਾਨਾਂ ਨੂੰ ਅੱਗ ਲਗਾ ਦਿੱਤੀ । ਹਿੰਦੂ ਸੰਗਠਨਾਂ ਵਲੋਂ ਲਗਾਏ ਧਰਨੇ ਤੋਂ ਬਾਅਦ ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

### ਸੋਸ਼ਲ ਮੀਡੀਆ, ਮੈਸੇਜਿੰਗ ਪਲੇਟਫਾਰਮਾਂ ’ਤੇ ਹਿੰਦੂਫੋਬੀਆ ਹੋਇਆ ਭਾਰੂ

ਜੌਹਨ ਜੇ ਫਾਰਮਰ ਜੂਨੀਅਰ, ਰਟਗਰਜ਼ ਯੂਨੀਵਰਸਿਟੀ-ਨਿਊ ਬਰੰਸਵਿਕ ਵਿਖੇ ਮਿਲਰ ਸੈਂਟਰ ਅਤੇ ਈਗਲਟਨ ਇੰਸਟੀਚਿਊਟ ਆਫ਼ ਪਾਲੀਟਿਕਸ ਦੋਵਾਂ ਦੇ ਡਾਇਰੈਕਟਰ ਨੇ ਕਿਹਾ ਕਿ ਸੋਸ਼ਲ ਮੀਡੀਆ ’ਤੇ ਹਿੰਦੂ ਵਿਰੋਧੀ ਨਫਰਤ ਭਰੇ ਭਾਸ਼ਣ ਦੀ ਵਰਤੋਂ ਤੇਜ਼ੀ ਨਾਲ ਵਧੀ ਹੈ। ਇੱਥੋਂ ਤਕ ਕਿ ਸਫੈਦ ਸਰਵਉੱਚਤਾਵਾਦੀ ਮੀਮਜ਼ ਅਤੇ ਕੋਡੇਡ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ, ਜਿਸ ਵਿਚ ਹਿੰਸਾ ਫੈਲਾਉਣ ਦੀ ਸਮਰੱਥਾ ਹੈ। ਅਮਰੀਕਾ ਦੀ ਰਟਗਰਸ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ ਇਹ ਜਾਣਕਾਰੀ ਦਿੱਤੀ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਕਿਸ ਤਰਾਂ ਕੱਟੜਪੰਥੀ ਇਸਲਾਮੀ ਵੈੱਬ ਨੈੱਟਵਰਕਾਂ ਦੇ ਅੰਦਰ ਟੈਲੀਗ੍ਰਾਮ ਅਤੇ ਹੋਰ ਥਾਵਾਂ ’ਤੇ ਗੋਰੇ ਸਰਬੋਤਮ ਹਿੰਦੂਆਂ ਬਾਰੇ ਮੀਮਜ਼ ਸਾਂਝੇ ਕੀਤੇ ਜਾ ਰਹੇ ਹਨ। ਇਹ ਪਾਇਆ ਗਿਆ ਕਿ ਜੁਲਾਈ ਵਿਚ, ਹਿੰਦੂਫੋਬਿਕ ਕੋਡ ਵਰਡਸ ਅਤੇ ਮੀਮਜ਼ ’ਤੇ ਸੰਕੇਤ ਇਕ ਰਿਕਾਰਡ ਉੱਚੇ ਪੱਧਰ ‘ਤੇ ਪਹੁੰਚ ਗਏ, ਜੋ ਅਸਲ ਵਿਸ਼ਵ ਹਿੰਸਾ ਨੂੰ ਭੜਕਾ ਸਕਦੇ ਹਨ, ਖਾਸ ਕਰਕੇ ਭਾਰਤ ਵਿੱਚ ਵੱਧ ਰਹੇ ਧਾਰਮਿਕ ਤਣਾਅ ਦੇ ਮੱਦੇਨਜ਼ਰ। ਬਦਕਿਸਮਤੀ ਨਾਲ, ਹਿੰਦੂ ਆਬਾਦੀ ਦੁਆਰਾ ਦਰਪੇਸ਼ ਕੱਟੜਤਾ ਅਤੇ ਹਿੰਸਾ ਕੋਈ ਨਵੀਂ ਗੱਲ ਨਹੀਂ ਹੈ ।

ਖੋਜਕਰਤਾਵਾਂ ਦੇ ਅਨੁਸਾਰ, ਈਰਾਨੀ ਟ੍ਰੋਲ ਭਾਰਤ ਵਿਚ ਘੱਟਗਿਣਤੀਆਂ ਦੇ ਵਿਰੁੱਧ ਹਿੰਦੂਆਂ ਵਲੋਂ ਨਸਲਕੁਸ਼ੀ ਕਰਨ ਦਾ ਦੋਸ਼ ਲਗਾਕੇ ਫਿਰਕਾਪ੍ਰਸਤੀ ਫੈਲਾਉਂਦੇ ਹਨ। ਪ੍ਰਸਿੱਧ ਵਿਦਿਆਰਥੀ ਵਿਸ਼ਲੇਸ਼ਕ ਸੁਧਾਕਰ ਨੇ ਨਿਊ ਜਰਸੀ ਗਵਰਨਰਜ਼ ਐਸਟੀਈਐਮ ਸਕਾਲਰਜ਼ ਪ੍ਰੋਗਰਾਮ ਦੇ ਹਾਈ ਸਕੂਲ ਦੇ ਵਿਦਿਆਰਥੀਆਂ ਨਾਲ ਡਾਟਾ ਇਕੱਠਾ ਕਰਨ ਅਤੇ ਵਿਸ਼ਲੇਸ਼ਣ ਕਰਨ ਅਤੇ ਹਿੰਦੂ-ਵਿਰੋਧੀ ਪ੍ਰਚਾਰ ਦੇ ਮਾਪਾਂ ਦਾ ਪਤਾ ਲਗਾਉਣ ਲਈ ਕੰਮ ਕੀਤਾ।




# ਪੰਜਾਬ ਵਿਚ ਨਸ਼ਿਆਂ ਦੀ ਸਮਗਲਿੰਗ

**✪ ਗੁਜਰਾਤ ਦੀ ਮੁੰਦਰਾ ਬੰਦਰਗਾਹ ਡਰੱਗ ਸਮਗਲਿੰਗ ਦਾ ਵੱਡਾ ਕੇਂਦਰ, ਪੰਜਾਬ ਪੁਲਿਸ ਦੀ ਜਾਣਕਾਰੀ ਦੇ ਆਧਾਰ ਤੇ 75 ਕਿਲੋ ਹੈਰੋਇਨ ਬਰਾਮਦ**

**✪ ਅੰਤਰਰਾਸ਼ਟਰੀ ਬਾਜ਼ਾਰ ਵਿਚ ਡਰੱਗ ਦੀ ਕੀਮਤ 375 ਕਰੋੜ ਰੁਪਏ**



ਪੰਜਾਬ ਨੂੰ ਆ ਰਹੀ ਹੈਰੋਇਨ ਲਗਾਤਾਰ ਫੜੀ ਜਾ ਰਹੀ ਹੈ। ਪੰਜਾਬ ਪੁਲੀਸ ਵੱਲੋਂ ਦਿੱਤੀ ਜਾਣਕਾਰੀ ਦੇ ਆਧਾਰ ’ਤੇ ਗੁਜਰਾਤ ਦੀ ਮੁੰਦਰਾ ਬੰਦਰਗਾਹ ਤੋਂ 75 ਕਿਲੋ ਹੈਰੋਇਨ ਬਰਾਮਦ ਕੀਤੀ ਗਈ ਹੈ। ਨਸ਼ੀਲੇ ਪਦਾਰਥ ਨੂੰ ਕੱਪੜਿਆਂ ਦੇ ਕੰਟੇਨਰ ਵਿਚ ਛੁਪਾ ਕੇ ਰੱਖਿਆ ਗਿਆ ਸੀ। ਬਰਾਮਦ ਕੀਤੀ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੀਮਤ 375 ਕਰੋੜ ਰੁਪਏ ਦੱਸੀ ਜਾਂਦੀ ਹੈ। ਮਈ 2022 ਵਿਚ 500 ਕਰੋੜ ਰੁਪਏ ਦੀ 56 ਕਿਲੋ ਕੋਕੇਨ ਇਸੇ ਬੰਦਰਗਾਹ ਅਤੇ ਅਪਰੈਲ 2022 ਵਿਚ 205 ਕਿਲੋ ਹੈਰੋਇਨ (ਕੀਮਤ ਲਗਭਗ 1435 ਕਰੋੜ ਰੁਪਏ) ਕਾਂਡਲਾ ਬੰਦਰਗਾਹ ਤੋਂ ਫੜੀ ਗਈ ਸੀ। ਗੁਜਰਾਤ ਪੁਲਿਸ ਨੇ ਅਪ੍ਰੈਲ 2022 ਵਿਚ ਹੀ ਪੀਪਾਵਾਵ ਬੰਦਰਗਾਹ ਤੋਂ 75 ਕਿਲੋ ਹੈਰੋਇਨ (ਕੀਮਤ ਲਗਭਗ 450 ਕਰੋੜ ਰੁਪਏ) ਫੜੀ ਸੀ। ਪਿਛਲੇ ਸਾਲ ਸਤੰਬਰ ਵਿਚ ਮੁੰਦਰਾ ਬੰਦਰਗਾਹ ਤੋਂ 3,000 ਕਿਲੋ ਹੈਰੋਇਨ ਜਿਸ ਦੀ ਕੀਮਤ 21,000 ਕਰੋੜ ਰੁਪਏ ਸੀ, ਬਰਾਮਦ ਕੀਤੀ ਸੀ। ਇਹ ਸਾਰੀਆਂ ਬੰਦਰਗਾਹਾਂ ਗੁਜਰਾਤ ਵਿਚ ਹਨ ਅਤੇ ਸਾਰੇ ਨਸ਼ੀਲੇ ਪਦਾਰਥ ਕੰਟੇਨਰਾਂ ਵਿਚ ਛੁਪਾਏ ਸਨ। ਹਰ ਬੰਦਰਗਾਹ ’ਤੇ ਰੋਜ਼ਾਨਾ ਸੈਂਕੜੇ ਕੰਟੇਨਰ ਉਤਰਦੇ ਹਨ ਅਤੇ ਉਨਾਂ ਦੀ ਪੂਰੀ ਤਰਾਂ ਤਲਾਸ਼ੀ ਲੈਣੀ ਸੰਭਵ ਨਹੀਂ ਹੁੰਦੀ। ਪੁਲਿਸ, ਨਾਰਕੋਟਿਕ ਕੰਟਰੋਲ ਬਿਊਰੋ (ਐੱਨਸੀਬੀ) ਅਤੇ ਤਫ਼ਤੀਸ਼ ਕਰਨ ਵਾਲੀਆਂ ਹੋਰ ਏਜੰਸੀਆਂ ਆਪਣੇ ਸਰੋਤਾਂ ਤੋਂ ਜਾਣਕਾਰੀ ਪ੍ਰਾਪਤ ਕਰ ਕੇ ਹੀ ਨਸ਼ੀਲੇ ਪਦਾਰਥ ਫੜ ਸਕਦੀਆਂ ਹਨ।

ਮਹਾਰਾਸ਼ਟਰ ਵਿਚ ਨਵੀਂ ਮੁੰਬਈ ਬੰਦਰਗਾਹ ਤੋਂ ਅਪ੍ਰੈਲ 2021 ਵਿਚ 25 ਕਿਲੋ ਅਤੇ ਜੁਲਾਈ 2021 ਵਿਚ 300 ਕਿਲੋ ਹੈਰੋਇਨ ਬਰਾਮਦ ਕੀਤੀ ਸੀ। ਇਨਾਂ ਬਰਾਮਦਗੀਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਹੈਰੋਇਨ ਸਮੁੰਦਰੀ ਜਹਾਜ਼ਾਂ ਰਾਹੀਂ ਦੇਸ਼ ਵਿਚ ਲਿਆਂਦੀ ਅਤੇ ਮੁੱਖ ਤੌਰ ’ਤੇ ਪੱਛਮੀ ਤੱਟ ਦੀਆਂ ਬੰਦਰਗਾਹਾਂ ’ਤੇ ਉਤਾਰੀ ਜਾ ਰਹੀ ਹੈ। ਹੈਰੋਇਨ ਦੇ ਵੱਡੀ ਮਾਤਰਾ ਵਿਚ ਫੜੇ ਜਾਣ ਤੋਂ ਇਸ ਤੱਥ ਦੀ ਤਸਦੀਕ ਵੀ ਹੁੰਦੀ ਹੈ ਕਿ ਇਹ ਕੰਮ ਤਸਕਰਾਂ ਦੇ ਵੱਡੇ ਟੋਲਿਆਂ (ਸਿੰਡੀਕੇਟਾਂ) ਦੁਆਰਾ ਕੀਤਾ ਜਾ ਰਿਹਾ ਹੈ।

ਭਾਰਤ ਵਿਚ ਆਉਂਦੀ ਹੈਰੋਇਨ ਦਾ ਮੁੱਖ ਸੋਮਾ ਅਫ਼ਗਾਨਿਸਤਾਨ ਵਿਚ ਉਗਾਈ ਜਾਂਦੀ ਅਫ਼ੀਮ ਹੈ। ਕੁਝ ਦੇਰ ਪਹਿਲਾਂ ਤਕ ਮਾਹਿਰਾਂ ਦਾ ਅੰਦਾਜ਼ਾ ਸੀ ਕਿ ਅਫ਼ਗਾਨਿਸਤਾਨ ਵਿਚ ਬਣਾਈ ਜਾਂਦੀ ਹੈਰੋਇਨ ਦਾ 40 ਫ਼ੀਸਦੀ ਹਿੱਸਾ ਇਰਾਨ, ਮੱਧ ਏਸ਼ੀਆ ਦੇ ਦੇਸ਼ਾਂ ਅਤੇ ਪਾਕਿਸਤਾਨ ਦੇ ਥਲ-ਮਾਰਗਾਂ ਰਾਹੀਂ ਯੂਰੋਪ ਵਿਚ ਭੇਜਿਆ ਜਾਂਦਾ ਹੈ ਅਤੇ 40 ਫ਼ੀਸਦੀ ਹਿੱਸਾ ਪਾਕਿਸਤਾਨ ਦੀਆਂ ਬੰਦਰਗਾਹਾਂ ਰਾਹੀਂ ਅਫ਼ਰੀਕੀ ਦੇਸ਼ਾਂ ’ਚੋਂ ਹੁੰਦਾ ਹੋਇਆ ਅਫ਼ਰੀਕਾ, ਅਮਰੀਕਾ ਤੇ ਯੂਰੋਪ ਵਿਚ ਪਹੁੰਚਦਾ ਹੈ, 8 ਫ਼ੀਸਦੀ ਹਿੱਸਾ ਰਾਜਸਥਾਨ, ਪੰਜਾਬ ਅਤੇ ਜੰਮੂ ਕਸ਼ਮੀਰ ਦੀ ਸਰਹੱਦ ਰਾਹੀਂ ਭਾਰਤ ਦੇ ਵੱਖ ਵੱਖ ਸੂਬਿਆਂ ਵਿਚ ਪਹੁੰਚਾਇਆ ਜਾਂਦਾ ਹੈ। ਹੁਣ ਬੰਦਰਗਾਹਾਂ ਤੋਂ ਹੋ ਰਹੀ ਬਰਾਮਦਗੀ ਤੋਂ ਇਹ ਸੰਕੇਤ ਮਿਲਦੇ ਹਨ ਕਿ ਸਮੁੰਦਰੀ ਜਹਾਜ਼ਾਂ ਰਾਹੀਂ ਸਮਗਲਿੰਗ ਵਧ ਰਹੀ ਹੈ। ਨਸ਼ੀਲੇ ਪਦਾਰਥਾਂ ਦਾ ਏਨੀ ਜ਼ਿਆਦਾ ਮਾਤਰਾ ਵਿਚ ਪਹੁੰਚਣ ਦਾ ਮਤਲਬ ਇਹ ਵੀ ਹੈ ਕਿ ਦੇਸ਼ ਵਿਚ ਬਹੁਤ ਵੱਡੀ ਪੱਧਰ ’ਤੇ ਲੋਕ ਨਸ਼ੇ ਕਰਦੇ ਹਨ। ਹੈਰੋਇਨ ਸਭ ਤੋਂ ਖ਼ਤਰਨਾਕ ਨਸ਼ਾ ਹੈ। ਇਸ ਵਿਚ ਕੁਝ ਮਿਲਾਵਟ ਕਰ ਕੇ ਇਸ ਨੂੰ ਪੰਜਾਬ ਵਿਚ ‘ਚਿੱਟੇ’ ਦੇ ਨਾਂ ਹੇਠ ਵੇਚਿਆ ਜਾਂਦਾ ਹੈ। ਇਸ ਦੇ ਆਦੀ ਹੋ ਗਏ ਬੰਦੇ ਤੋਂ ਇਹ ਨਸ਼ਾ ਛੁਡਾਉਣਾ ਲਗਭਗ ਨਾਮੁਮਕਿਨ ਹੈ। ਨਸ਼ਾ ਛੁਡਾਉਣ ਲਈ ਘੱਟ ਨਸ਼ੇ ਵਾਲੀਆਂ ਦਵਾਈਆਂ ਲਗਾਤਾਰ ਦੇਣੀਆਂ ਪੈਂਦੀਆਂ ਹਨ। ਪੰਜਾਬ ਲਗਭਗ ਢਾਈ ਦਹਾਕਿਆਂ ਤੋਂ ਇਸ ਨਸ਼ੇ ਦੀ ਮਾਰ ਝੱਲ ਰਿਹਾ ਹੈ। ਇਸ ਦੇ ਮਹਿੰਗੇ ਹੋਣ ਅਤੇ ਇਕ ਵਾਰ ਬੰਦੇ ਦੇ ਆਦੀ ਹੋ ਜਾਣ ਤੋਂ ਬਾਅਦ ਛੱਡੇ ਨਾ ਜਾਣ ਦੀ ਮਜਬੂਰੀ ਕਾਰਨ ਤਸਕਰ ਹੋਰ ਨਸ਼ਿਆਂ ਦੀ ਥਾਂ ਇਸ ਦੀ ਤਸਕਰੀ ਤੇ ਵਿਕਰੀ ਨੂੰ ਤਰਜੀਹ ਦਿੰਦੇ ਹਨ। ਵੱਡੇ ਪੱਧਰ ’ਤੇ ਤਸਕਰੀ ਅਪਰਾਧੀ ਤੱਤਾਂ, ਪੁਲੀਸ ਅਤੇ ਸਿਆਸੀ ਜਮਾਤ ਦੀ ਮਿਲੀਭੁਗਤ ਤੋਂ ਬਿਨਾ ਸੰਭਵ ਨਹੀਂ ਹੈ। ਸਿਆਸੀ ਪਾਰਟੀਆਂ ਨਸ਼ਿਆਂ ਨੂੰ ਜੜੋਂ ਉਖਾੜਨ ਬਾਰੇ ਦਾਅਵੇ ਤਾਂ ਬਹੁਤ ਕਰਦੀਆਂ ਰਹੀਆਂ ਪਰ ਇਸ ਵਿਚ ਮਿਲੀ ਸਫ਼ਲਤਾ ਤਸੱਲੀਬਖ਼ਸ਼ ਨਹੀਂ ਹੈ। ਨਸ਼ਿਆਂ ਨੇ ਪੰਜਾਬ ਦੇ ਹਜ਼ਾਰਾਂ ਘਰ ਉਜਾੜੇ ਹਨ।




# ਬੀਬੀਆਂ 'ਤੇ ਹੁੰਦਾ ਤਸ਼ੱਦਦ ਕਦੋਂ ਖ਼ਤਮ ਹੋਵੇਗਾ ?

**ਬਹਾਦਰ ਸਿੰਘ ਗੋਸਲ**

ਭਾਵੇਂ ਔਰਤ (ਬੀਬੀ) ਤੋਂ ਬਿਨਾਂ ਮਨੁੱਖੀ ਸਮਾਜ ਦੀ ਹੋਂਦ ਨਹੀਂ ਹੋ ਸਕਦੀ ਪਰ ਸਦੀਆਂ ਤੋਂ ਹੀ ਇਹ ਮਨੁੱਖੀ ਸਮਾਜ ਸਦਾ ਮਰਦ ਪ੍ਰਧਾਨ ਰਿਹਾ ਹੈ ਅਤੇ ਔਰਤਾਂ 'ਤੇ ਸਦਾ ਜ਼ੁਲਮ ਹੁੰਦੇ ਆਏ ਹਨ। ਔਰਤਾਂ 'ਤੇ ਇਨਾਂ ਜ਼ੁਲਮਾਂ ਦੀ ਕਹਾਣੀ ਅੱਜ ਦੇ ਜ਼ਮਾਨੇ ਵਿਚ ਕੋਈ ਨਵੀਂ ਨਹੀਂ ਹੈ ਸਗੋਂ ਇਹ ਤਾਂ ਮਹਾਭਾਰਤ ਅਤੇ ਰਮਾਇਣ ਦੇ ਸਮਿਆਂ ਤੋਂ ਹੀ ਚਲੀ ਆ ਰਹੀ ਹੈ। ਜੁੱਗਾ-ਜੁਗਾਤਰਾਂ ਤੋਂ ਔਰਤ ਨੂੰ ਕਮਜੋਰ, ਅਵੱਲਾ ਅਤੇ ਨੀਵੀ ਦਰਸਾਉਣ ਦੇ ਯਤਨ ਹੁੰਦੇ ਆਏ ਹਨ, ਇਥੋਂ ਤੱਕ ਕਿ ਤੁਲਸੀਦਾਸ ਨੇ ਰਮਾਇਣ ਵਿਚ ਲਿਖਿਆ ਹੈ ਕਿ:-

***'ਢੋਲ, ਗਵਾਰ, ਸੂਦਰ, ਪਸ਼ੂ ਨਾਰੀ'***
***ਜਿਹ ਸਭ ਤਾੜਣ ਕੇ ਅਧਿਕਾਰੀ'***

ਉਨਾਂ ਨੇ ਤਾਂ ਨਾਰੀ ਨੂੰ ਪਸ਼ੂਆਂ ਦੀ ਕਤਾਰ ਵਿੱਚ ਖੜਾ ਕਰ ਦਿੱਤਾ ਹੈ। ਇਸੇ ਤਰਾਂ ਜਰਮਨ ਦੇ ਇਕ ਵਿਦਵਾਨ 'ਗੇਟੇ' ਨੇ ਤਾਂ ਲਿਖਿਆ ਹੈ ਕਿ 'ਔਰਤ ਵਿਚ ਰੂਹ ਹੀ ਨਹੀਂ ਹੁੰਦੀ।' ਇਸ ਤੋਂ ਇਲਾਵਾ ਚੈਸ਼ਟਰ ਫੀਲਡ ਨੇ ਔਰਤਾਂ ਬਾਰੇ ਲਿਖਿਆ ਹੈ ਕਿ 'ਔਰਤ ਪ੍ਰਮਾਤਮਾ ਦੀ ਇਕ ਮਜ਼ੇਦਾਰ ਗਲਤੀ ਹੈ। ਜੋਗੀ ਮੱਤ ਵਾਲਿਆਂ ਨੇ ਔਰਤ ਨੂੰ 'ਬਗਿਆੜਨ' ਤੱਕ ਕਹਿ ਦਿੱਤਾ ਹੈ। ਕਹਿਣ ਦਾ ਭਾਵ ਕਿ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਪੱਖੋਂ ਸਦਾ ਔਰਤਾਂ ਨਾਲ ਗਲਤ ਵਿਵਹਾਰ ਹੀ ਹੁੰਦਾ ਆਇਆ ਹੈ। ਔਰਤ ਦੇ ਉੱਪਰ-ਉੱਠਣ ਦੇ ਜਿੰਨੇ ਵੀ ਯਤਨ ਹੁੰਦੇ ਹਨ ਉਹ ਸਭ ਵਿਫਲ ਹੁੰਦੇ ਰਹੇ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤਾਂ ਦੀ ਦਸ਼ਾ ਸੁਧਾਰਣ ਲਈ ਉਪਰਾਲੇ ਕੀਤੇ ਅਤੇ ਲੋਕਾਂ ਨੂੰ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ'।। ਜਿਹੇ ਸ਼ਬਦ ਰਾਹੀਂ



ਸਮਝਾਉਣ ਦਾ ਯਤਨ ਕੀਤਾ ਪਰ ਸਮਾਜ ਵਿਚ ਬਹੁਤ ਘੱਟ ਬਦਲਾਅ ਆਇਆ। ਸ੍ਰੀ ਗੁਰੂ ਅਮਰ ਦਾਸ ਜੀ ਨੇ 'ਸਤੀ ਪ੍ਰਥਾ' ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਔਰਤ ਨੂੰ ਈਮਾਨ ਦੱਸ ਕੇ, ਇਸਤਰੀ ਜਾਤੀ ਨੂੰ ਬਣਦਾ ਸਨਮਾਨ ਦੇਣ ਦਾ ਯਤਨ ਕੀਤਾ ਪਰ ਇਹ ਸਾਡਾ ਸਮਾਜ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਵਿੱਚ ਇਨਾਂ ਗ੍ਰਸਤ ਹੈ ਕਿ ਔਰਤਾਂ ਪਰ ਕਿਸੇ ਵੀ ਤਰਾਂ ਜ਼ੁਲਮ ਘਟਣ ਦਾ ਨਾ ਹੀ ਨਹੀਂ ਲੈਂਦੇ। ਇਸਦੇ ਉੱਲਟ ਜਿਉਂ-ਜਿਉਂ ਸਮਾਂ ਅੱਗੇ ਚਲਦਾ ਹੈ ਇਨਾਂ ਜ਼ੁਲਮਾਂ ਵਿਚ ਵਾਧਾ ਹੀ ਹੁੰਦਾ ਜਾਂਦਾ ਹੈ। ਕਰਾਇਮ ਬਿਊਰੋ ਦੀ ਇੱਕ ਰਿਪੋਰਟ ਅਨੁਸਾਰ ਇਕੱਲੇ 2006 ਵਿੱਚ 1 ਲੱਖ 64 ਹਜ਼ਾਰ ਔਰਤਾਂ ਜ਼ੁਲਮ ਦਾ ਸ਼ਿਕਾਰ ਹੋਈਆਂ ਜਿਨਾਂ 'ਚੋਂ 19348 ਔਰਤਾਂ ਬਲਾਤਕਾਰ ਦਾ ਸ਼ਿਕਾਰ ਅਤੇ 7618 ਔਰਤਾਂ ਦਾਜ ਦੀ ਬਲੀ ਚੜੀਆਂ। ਯੂਐਨਓ ਦੀ ਰਿਪੋਰਟ ਅਨੁਸਾਰ 25000 ਔਰਤਾਂ ਹਰ ਸਾਲ ਦਾਜ ਦੀ ਭੇਟ ਚੜਦੀਆਂ ਹਨ।

ਜੇ ਅਸੀਂ ਔਰਤਾਂ ਪਰ ਹੋ ਰਹੇ ਜ਼ੁਲਮਾਂ ਦੇ ਹੋਰ ਅੰਕੜਿਆ ਦੀ ਗੱਲ ਕਰੀਏ ਤਾਂ ਮਨ ਪਸੀਜ ਦੇ ਰਹਿ ਜਾਂਦਾ ਹੈ। ਪ੍ਰੋਫੈਸਰ ਰੈਡਿੰਗ ਨੇ 2009 ਦੀ ਇੱਕ ਰਿਪੋਰਟ ਵਿਚ ਵਿਖਿਆਨ ਕੀਤਾ ਸੀ ਕਿ 1970 ਤੋਂ 1980 ਤੱਕ 10 ਕਰੋੜ ਕੁੜੀਆਂ ਨੂੰ ਮਾਰ ਮੁਕਾਇਆ ਗਿਆ ਸੀ। ਭਾਰਤ ਵਿੱਚ ਹਰ 'ਛੇ' ਵਿਚ ਇਕ ਕੁੜੀ ਨੂੰ ਆਪਣਾ ਪੰਦਰਵਾਂ ਜਨਮ ਦਿਨ ਦੇਖਣਾ ਨਸੀਬ ਨਹੀਂ ਹੋਇਆ ਅਤੇ 10 ਲੱਖ ਕੁੜੀਆਂ ਨੂੰ ਆਪਣਾ ਪਹਿਲਾ ਜਨਮ ਦਿਨ ਵੀ ਦੇਖਣਾ ਨਸੀਬ ਨਹੀਂ ਹੋਇਆ। ਭਾਰਤ ਵਿਚ 2003 ਈ: ਸਮੇਂ ਔਰਤਾਂ ਨਾਲ 15247 ਬਲਾਤਕਾਰ ਹੋਏ ਜੋ 2007 ਈ: ਵਿਚ ਵੱਧ ਕੇ 20737 ਹੋ ਗਏ। ਹਰ 10 ਮਿੰਟ ਵਿਚ ਕੋਈ ਨਾ ਕੋਈ ਜੁਰਮ ਔਰਤ ਪਰ ਹੋਇਆ, ਹਰ 7 ਮਿੰਟ ਵਿਚ ਛੇੜਖਾਨੀ, 45 ਮਿੰਟ ਵਿਚ ਅਗਵਾ ਅਤੇ ਦਾਜ ਦੀ ਬਲੀ, 58 ਮਿੰਟ ਵਿਚ ਬਲਾਤਕਾਰ ਅਤੇ 60 ਮਿੰਟ ਵਿਚ 18 ਔਰਤਾਂ ਮਾਨਸਿਕ ਅਤੇ ਸਰੀਰਕ ਹਮਲੇ ਦਾ ਸ਼ਿਕਾਰ ਹੋਈਆਂ। ਸਾਡੇ ਕੌਮੀ ਜੁਰਮ ਬਿਊਰੋ ਦੀ ਰਿਪੋਰਟ ਅਨੁਸਾਰ ਸਾਲ 1971 ਤੋਂ ਸਾਲ 2006 ਤੱਕ ਬਲਾਤਕਾਰ ਦੀਆਂ ਘਟਨਾਵਾਂ ਵਿਚ 700 ਦਾ ਵਾਧਾ ਹੋਇਆ ਹੈ। ਅਜਕਲ ਤਾਂ ਛੋਟੀਆਂ ਬੱਚੀਆਂ ਵੀ ਯੋਨ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਹਨ ਅਤੇ ਇਕ ਵੇਰਵੇ ਅਨੁਸਾਰ ਹਰ 4 ਬੱਚੀਆਂ 'ਚੋਂ ਇਕ ਬੱਚੀ ਯੋਨ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੈ।

ਭਾਵੇਂ ਸਰਕਾਰਾਂ ਸਖਤ ਹੋ ਰਹੀਆਂ ਹਨ ਇਕ ਤੋਂ ਇਕ ਕਰੜੇ ਕਾਨੂੰਨ ਬਣ ਗਏ ਹਨ ਪਰ ਮਨੁੱਖ ਦੀ ਮਾਨਸਿਕਤਾ ਵਿਚ ਅੰਤਰ ਨਹੀਂ ਆ ਰਿਹਾ ਅਤੇ ਔਰਤਾਂ ਪਰ ਜ਼ੁਲਮ ਖਤਮ ਹੋਣ ਦਾ ਨਾਂ ਨਹੀਂ ਲੈਂਦੇ। ਔਰਤਾਂ ਤੇ ਜ਼ੁਲਮ ਰੋਕਣ ਲਈ ਬਹੁਤ ਸਾਰੇ ਕਾਨੂੰਨ ਬਣੇ ਹਨ ਜਿਨਾਂ ਵਿਚ 1994 ਵਿਚ ਦਾਜ ਵਿਰੋਧੀ ਕਾਨੂੰਨ, 2006 ਵਿਚ ਬਾਲ ਵਿਆਹ ਰੋਕੂ ਐਕਟ, 2005 ਵਿਚ ਔਰਤਾਂ ਤੇ ਹਿੰਸਾ ਵਿਰੋਧੀ ਕਾਨੂੰਨ ਪ੍ਰਮੁੱਖ ਹਨ ਪਰ ਦੁੱਖ ਦੀ ਗੱਲ ਇਹ ਹੈ ਕਿ ਇਨਾਂ ਕਾਰਨਾਂ ਕਾਨੂੰਨਾਂ ਦੀ ਪ੍ਰਵਾਹ ਨਾ ਕਰਕੇ ਜ਼ੁਲਮ ਵਧਦੇ ਹੀ ਜਾਂਦੇ ਹਨ। ਛੋਟੀਆਂ ਬੱਚੀਆਂ ਦੇ ਅਗਵਾ ਕਰਕੇ, ਰੇਪ ਕਰਕੇ ਅਤੇ ਫਿਰ ਕਤਲ ਦੀਆਂ ਵਾਰਦਾਤਾਂ ਹਰ ਰੋਜ਼ ਅਸੀਂ ਅਖਬਾਰਾਂ ਵਿਚ ਪੜ ਰਹੇ ਹਾਂ। ਦਾਸ ਵਲੋਂ ਇਹ ਲੇਖ ਲਿਖੇ ਜਾਣ ਸਮੇਂ ਵੀ ਟੀਵੀ ਤੇ ਖਬਰ ਚੱਲ ਰਹੀ ਸੀ ਕਿ ਯੂਪੀ ਦੇ ਇਕ ਥਾਣੇ ਵਿਚ ਇਕ ਔਰਤ ਨੂੰ ਅੱਗ ਲਗਾ ਕੇ ਜਿੰਦਾ ਸਾੜ ਦਿੱਤਾ ਗਿਆ ਹੈ। ਅਜਿਹੀਆਂ ਖਬਰਾਂ ਸੁਣ ਕੇ ਜਾਂ ਪੜ ਕੇ ਹਰ ਸਿਆਣੇ ਮਨੁੱਖ ਦਾ ਮਨ ਸੋਚਣ ਲੱਗਦਾ ਹੈ ਕਿ ਔਰਤਾਂ ਪਰ ਇਹ ਜ਼ੁਲਮ ਕਦੋਂ ਰੁੱਕਣਗੇ ?

# ਸਮਾਜ ਵਿਚ ਬੀਬੀਆਂ ਦੇ ਵੱਧਦੇ ਕਦਮ

**ਗੁਰਸ਼ਰਨ ਸਿੰਘ ਕੁਮਾਰ**

**ਮੋ.:- ੮੩੬੦੮-੪੨੮੬੧**

ਅੱਜ ਦੀ ਔਰਤ ਨਿੱਤ ਨਵੀਂਆਂ ਬੁਲੰਦੀਆਂ ਛੂਹ ਰਹੀ ਹੈ। ਔਰਤ ਦੀ ਇਹ ਉੱਨਤੀ ਦੇਖਣ ਤੋਂ ਪਹਿਲਾਂ ਸਾਨੂੰ ਇਹ ਦੇਖਣਾ ਚਾਹੀਦਾ ਹੈ ਕਿ ਉਸ ਨੇ ਆਪਣਾ ਸਫ਼ਰ ਕਿੱਥੋਂ ਸ਼ੁਰੂ ਕੀਤਾ। ਭਾਵ ਉਹ ਕਿੱਥੋਂ ਤੁਰੀ ਅਤੇ ਕਿਹੜੀਆਂ ਬਿਖਮ ਸਥਿਤੀਆਂ ਵਿੱਚੋਂ ਹੁੰਦੀ ਹੋਈ ਅੱਜ ਇਸ ਸਥਾਨ 'ਤੇ ਪਹੁੰਚੀ। ਉਸ ਲਈ ਅੱਗੋਂ ਆਉਣ ਵਾਲੀਆਂ ਕਿਹੜੀਆਂ ਚੁਣੌਤੀਆਂ ਹਨ ?

ਔਰਤ ਨੇ ਆਪਣੀ ਜ਼ਿੰਦਗੀ ਦਾ ਸਫ਼ਰ ਸਿਫ਼ਰ ਦੇ ਬਿੰਦੂ ਤੋਂ ਵੀ ਹੇਠਾਂ ਤੋਂ ਸ਼ੁਰੂ ਕੀਤਾ। ਆਦਿ ਕਾਲ ਤੋਂ ਹੀ ਔਰਤ ਮਰਦ ਪ੍ਰਧਾਨ ਸਮਾਜ ਦੇ ਜ਼ੁਲਮ ਦਾ ਸ਼ਿਕਾਰ ਹੁੰਦੀ ਰਹੀ ਹੈ। ਪਹਿਲੇ ਸਮੇਂ ਵਿੱਚ ਔਰਤ ਨੂੰ ਮਨੁੱਖ ਹੀ ਨਹੀਂ ਸੀ ਸਮਝਿਆ ਜਾਂਦਾ। ਉਸ ਨੂੰ ਜਾਇਦਾਦ ਜਾਂ ਭੋਗ ਦੀ ਵਸਤੂ ਸਮਝਿਆ ਜਾਂਦਾ ਸੀ ਜਿਸ ਨੂੰ ਦੂਸਰੇ ਨੂੰ ਉਪਹਾਰ ਦੇ ਰੂਪ ਵਿੱਚ ਦਿੱਤਾ ਜਾ ਸਕਦਾ ਸੀ, ਵੇਚਿਆ ਵੀ ਜਾ ਸਕਦਾ ਸੀ ਅਤੇ ਜੂਏ ਵਿੱਚ ਹਾਰਿਆ ਵੀ ਜਾ ਸਕਦਾ ਸੀ। ਔਰਤ ਨੂੰ ਪਸ਼ੂ ਦੀ ਤਰਾਂ ਕਿਸੇ ਵੀ ਕਿੱਲੇ ਨਾਲ ਬੰਨ ਦਿੱਤਾ ਜਾਏ ਤਾਂ ਵੀ ਉਹ ਉਫ ਨਹੀਂ ਸੀ ਕਰ ਸਕਦੀ। ਸਮਾਜ ਵਿੱਚ ਉਸ ਦੀ ਕੋਈ ਇੱਛਾ ਨਹੀਂ ਸੀ। ਇਸੇ ਨੂੰ ਮੰਨੂ ਮਹਾਰਾਜ ਨੇ ਲਿਖਿਆ ਸੀ :

ਢੋਲ, ਗਵਾਰ, ਸ਼ੁਦਰ, ਪਸ਼ੂ ਔਰ ਨਾਰੀ,
ਯੇਹ ਸਭ ਤਾੜਨ ਕੇ ਅਧਿਕਾਰੀ।

ਮਹਾਭਾਰਤ ਅਤੇ ਰਮਾਇਣ ਵਿੱਚ ਦਰੋਪਤੀ ਅਤੇ ਸੀਤਾ ਦਾ ਕਿਵੇਂ ਸ਼ੋਸ਼ਣ ਹੋਇਆ, ਇਹ ਸਭ ਨੂੰ ਭਲੀਭਾਂਤ ਪਤਾ ਹੀ ਹੈ। ਬਹੁ-ਪਤਨੀ ਪ੍ਰਥਾ, ਦਾਜ ਪ੍ਰਥਾ, ਸਤੀ ਪ੍ਰਥਾ, ਦੇਵ ਦਾਸੀ ਪ੍ਰਥਾ, ਵਿਧਵਾ ਤੇ ਚਾਦਰ ਪਾਉਣ ਦੀ ਪ੍ਰਥਾ, ਬੁਰਕਾ ਅਤੇ ਘੁੰਡ ਆਦਿ ਔਰਤ ਨੂੰ ਦਬਾ ਕੇ ਰੱਖਣ ਦੀਆਂ ਮੂੰਹ ਬੋਲਦੀਆਂ ਕਹਾਣੀਆਂ ਹਨ। ਇੱਥੇ ਹੀ ਬਸ ਨਹੀਂ ਕਿਸੇ ਵੀ ਔਰਤ ਨੂੰ ਬਦਨਾਮ ਕਰ ਕੇ ਅਤੇ ਵਿਭਚਾਰੀ ਆਖ ਕੇ ਸ਼ਰੇਆਮ ਪੱਥਰ ਮਾਰ ਮਾਰ ਕੇ ਮਾਰ ਦਿੱਤਾ ਜਾਂਦਾ ਸੀ। ਜ਼ਰਾ ਸੋਚੋ ਉਨਾਂ ਨਾਲ ਵਿਭਚਾਰ ਕਰਨ ਵਾਲੇ ਕੌਣ ਹੁੰਦੇ ਸਨ ? ਸਫ਼ੈਦਪੋਸ਼ ਜਿਨਾਂ ਦਾ ਜ਼ਿਕਰ ਤੱਕ ਨਹੀਂ ਸੀ ਹੁੰਦਾ। ਉਹ ਸਦਾ ਦੁੱਧ ਧੋਤੇ ਹੀ ਰਹਿੰਦੇ ਸਨ।

ਅੱਜ ਕੱਲ ਵੀ ਕਈ ਘਰਾਂ ਵਿੱਚ ਬਾਲੜੀਆਂ ਨੂੰ ਬੋਝ ਸਮਝ ਕੇ ਗਰਭ ਵਿੱਚ ਹੀ ਖ਼ਤਮ ਕਰਵਾ ਦਿੰਦੇ ਹਨ। ਇਹ ਗ਼ਲਤ ਵੀ ਹੈ ਅਤੇ ਪਾਪ ਵੀ। ਇਸੇ ਲਈ ਅੱਜ ਵੀ ਔਰਤਾਂ ਦੀ ਪ੍ਰਤੀਸ਼ਤ ਪੁਰਸ਼ਾਂ ਨਾਲੋਂ ਘੱਟ ਹੈ। ਲੜਕੇ ਦੇ ਪੈਦਾ ਹੋਣ 'ਤੇ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਹਨ ਅਤੇ ਲੱਡੂ ਵੰਡੇ ਜਾਂਦੇ ਹਨ, ਪਰ ਲੜਕੀ ਦੇ ਪੈਦਾ ਹੋਣ 'ਤੇ ਘਰ ਵਿੱਚ ਮਾਤਮ ਛਾ ਜਾਂਦਾ ਹੈ ਜਿਵੇਂ ਕੋਈ ਮਰ ਗਿਆ ਹੋਵੇ। ਲੜਕੀ ਦੀ ਮਾਂ ਨੂੰ ਵੀ ਬਹੁਤ ਤੰਗ ਕੀਤਾ ਜਾਂਦਾ ਹੈ ਜਿਵੇਂ ਲੜਕੀ ਪੈਦਾ ਕਰਨ ਵਿੱਚ ਇਕੱਲੀ ਉਸ ਦਾ ਹੀ ਹੱਥ ਹੋਵੇ। ਇਹ ਸਮਝਿਆ ਜਾਂਦਾ ਹੈ ਕਿ ਉਸ ਨੇ ਸਾਰੇ ਖਾਨਦਾਨ ਨੂੰ ਵੱਟਾ ਲਾ ਕੇ ਸਭ ਲਈ ਨਮੋਸ਼ੀ ਖੜੀ ਕਰ ਦਿੱਤੀ ਹੈ। ਲੜਕੇ ਅਤੇ ਲੜਕੀਆਂ ਦੇ ਪਾਲਣ ਪੋਸ਼ਣ ਵਿੱਚ ਬਹੁਤ ਵਿਤਕਰਾ ਕੀਤਾ ਜਾਂਦਾ ਹੈ। ਪਹਿਲਾਂ ਲੜਕੀਆਂ ਦੀ ਪੜਾਈ ਵੱਲ ਬਿਲਕੁਲ ਹੀ ਧਿਆਨ ਨਹੀਂ ਸੀ ਦਿੱਤਾ ਜਾਂਦਾ। ਕਿਹਾ ਜਾਂਦਾ ਸੀ ਕਿ ਇਸ ਨੇ ਕਿਹੜਾ ਅਫ਼ਸਰ ਬਣਨਾ ਹੈ। ਇਸ ਦੀ ਪੜਾਈ ਦਾ ਕੀ ਫਾਇਦਾ। ਅਗਲੇ ਘਰ ਜਾ ਚੁੱਲਾ ਚੌਂਕਾ ਹੀ ਤਾਂ ਕਰਨਾ ਹੈ।

ਇੱਥੇ ਹੀ ਬਸ ਨਹੀਂ ਅੱਜ ਵੀ ਮਰਦ ਜੋ ਇੱਕ ਦੂਜੇ ਨੂੰ ਗਾਲਾਂ ਕੱਢਦੇ ਹਨ, ਉਹ ਵੀ ਔਰਤ ਨੂੰ ਜ਼ਲੀਲ ਕਰਨ ਵਾਲੀਆਂ ਹੀ ਹੁੰਦੀਆਂ ਹਨ। ਔਰਤ ਨੂੰ ਜੋ ਅਸੀਸਾਂ ਦਿੱਤੀਆਂ ਜਾਂਦੀਆਂ ਹਨ, ਉਹ ਸਭ ਪੁਰਸ਼ ਦੇ ਭਲੇ ਲਈ ਹੀ ਹੁੰਦੀਆਂ ਹਨ ਜਿਵੇਂ-ਪੁੱਤਰਵਤੀ ਹੋਵੇਂ, ਬੁੱਢ ਸੁਹਾਗਣ ਹੋਵੇਂ, ਸੱਤਾਂ ਪੁੱਤਰਾਂ ਦੀ ਮਾਂ ਹੋਵੇਂ ਆਦਿ। ਇਹ ਹੈ ਔਰਤ ਪ੍ਰਤੀ ਸਾਡੇ ਅੱਜ ਦੇ ਮਰਦ ਪ੍ਰਧਾਨ ਦੀ ਸੋਚ।

ਔਰਤ ਨੂੰ ਇਸ ਦਲਦਲ ਦੀ ਹਾਲਤ ਵਿੱਚੋਂ ਕੱਢਣ ਲਈ ਕੋਈ ਅੱਗੇ ਨਹੀਂ ਆਇਆ ਤਾਂ ਇਸ ਭਿਆਨਕ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਉਭਾਰਿਆ ਅਤੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਕਿਹਾ। ਭਾਵ ਜਿਸ ਔਰਤ ਨੇ ਰਾਜੇ ਮਹਾਰਾਜਿਆਂ ਨੂੰ ਅਤੇ ਪੀਰਾਂ ਪੈਗੰਬਰਾਂ ਨੂੰ ਜਨਮ ਦਿੱਤਾ ਹੈ, ਉਸ ਨੂੰ ਮਾੜਾ ਨਹੀਂ ਕਹਿਣਾ ਚਾਹੀਦਾ।

ਔਰਤ ਮਾੜੀ ਕਿਵੇਂ ਹੋਈ ? ਔਰਤ ਬਿਨਾਂ ਦੁਨੀਆ ਕਿਆਸੀ ਹੀ ਨਹੀਂ ਜਾ ਸਕਦੀ। ਉਹ ਮਾਂ, ਭੈਣ, ਪ੍ਰੇਮਿਕਾ, ਪਤਨੀ ਅਤੇ ਬੇਟੀ ਹੈ। ਔਰਤ ਤੋਂ ਬਿਨਾਂ ਪੁਰਸ਼ ਅਧੂਰਾ ਹੀ ਹੈ। ਔਰਤ ਬਹੁਤ ਨਾਜ਼ੁਕ ਵੀ ਹੈ ਅਤੇ ਫ਼ੌਲਾਦ ਦੀ ਤਰਾਂ ਮਜ਼ਬੂਤ ਵੀ। ਮਾਈ ਭਾਗੋ, ਸ਼ਰਨਜੀਤ ਕੌਰ ਅਤੇ ਝਾਂਸੀ ਦੀ ਰਾਣੀ ਵੀਰਾਂਗਣਾਂ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ। ਅਜਿਹੇ ਹਾਲਾਤ ਵਿੱਚ ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਔਰਤ ਦਾ ਨਵੇਂ ਸਿਰੇ ਤੋਂ ਸਫ਼ਰ ਸ਼ੁਰੂ ਹੋਇਆ। ਉਸ ਨੇ ਅਨੇਕਾਂ ਜ਼ੁਲਮਾਂ ਅਤੇ ਬੇਇਨਸਾਫ਼ੀਆਂ ਨੂੰ ਸਹਾਰਦੇ ਹੋਏ ਆਪਣੀ ਜ਼ਿੰਦਗੀ ਦਾ ਸਫ਼ਰ ਸ਼ੁਰੂ ਕੀਤਾ। ਉਸ ਦਾ ਪੱਧਰ ਉੱਚਾ ਚੁੱਕਣ ਲਈ ਸਰਕਾਰ ਅਤੇ ਕੁਝ ਅਗਾਂਹ ਵਧੂ ਲੋਕਾਂ ਨੇ ਵੀ ਹਿੱਸਾ ਪਾਇਆ। ਸਭ ਤੋਂ ਪਹਿਲਾਂ ਔਰਤਾਂ ਖਿਲਾਫ਼ ਪੁਰਾਣੀਆਂ ਅਤੇ ਗ਼ਲਤ ਰਸਮਾਂ ਨੂੰ ਖਤਮ ਕਰਨ ਵੱਲ ਧਿਆਨ ਦਿੱਤਾ ਗਿਆ। ਮਹਿਸੂਸ ਕੀਤਾ ਗਿਆ ਕਿ ਧੀਆਂ ਦਾ ਪਾਲਣ ਪੋਸ਼ਣ ਵੀ ਪੁੱਤਰਾਂ ਦੀ ਤਰਾਂ ਲਾਡ ਪਿਆਰ



ਨਾਲ ਹੋਣਾ ਚਾਹੀਦਾ ਹੈ। ਉਨਾਂ ਨੂੰ ਉੱਚੀ ਵਿਦਿਆ ਦੇ ਕੇ ਆਪਣੇ ਪੈਰਾਂ 'ਤੇ ਖੜਾ ਕਰਨਾ ਚਾਹੀਦਾ ਹੈ ਤਾਂ ਕਿ ਉਹ ਆਪਣੀ ਵੱਖਰੀ ਪਛਾਣ ਬਣਾ ਸਕਣ ਅਤੇ ਆਪਣੇ ਪਰਿਵਾਰ ਅਤੇ ਸਮਾਜ ਦੇ ਵਿਕਾਸ ਵਿੱਚ ਭਰਪੂਰ ਹਿੱਸਾ ਪਾ ਸਕਣ। ਬਾਲੜੀਆਂ ਦੀ ਪੜਾਈ ਲਈ ਉਚੇਚੇ ਉਪਰਾਲੇ ਕੀਤੇ ਗਏ। ਕਿਹਾ ਗਿਆ ਕਿ ਜੇ ਇੱਕ ਲੜਕੀ ਨੂੰ ਪੜਾ ਲਿਆ ਤਾਂ ਸਮਝੋ ਕਿ ਪੂਰਾ ਖਾਨਦਾਨ ਹੀ ਪੜਾ ਲਿਆ। ਇਸ ਤਰਾਂ ਭਾਰਤ ਵਿੱਚ ਔਰਤਾਂ ਲਈ ਇੱਕ ਨਵਾਂ ਸਵੇਰਾ ਹੋਇਆ। ਵਿਦਿਆ ਨਾਲ ਔਰਤ ਦਾ ਗਿਆਨ ਵਧਿਆ। ਉਸ ਨੂੰ ਆਪਣੀ ਹਸਤੀ ਦਾ ਪਤਾ ਲੱਗਿਆ। ਉਹ ਕਾਫ਼ੀ ਹੱਦ ਤੱਕ ਮਰਦਾਂ ਅਤੇ ਸੱਸਾਂ ਦੀਆਂ ਜ਼ਿਆਦਤੀਆਂ 'ਚੋਂ ਆਜ਼ਾਦ ਹੋਈ। ਉਸ ਨੇ ਘਰ ਦੀ ਚਾਰਦੀਵਾਰੀ ਵਿੱਚੋਂ ਨਿਕਲ ਕੇ ਸਮਾਜ ਵਿੱਚ ਖੁੱਲ ਕੇ ਵਿਚਰਨਾ ਸ਼ੁਰੂ ਕੀਤਾ ਅਤੇ ਪਰਿਵਾਰ, ਸਮਾਜ ਅਤੇ ਦੇਸ਼ ਦੁਨੀਆ ਦੇ ਵਿਕਾਸ ਵਿੱਚ ਆਪਣਾ ਅਮੁੱਲਾ ਯੋਗਦਾਨ ਪਾ ਕੇ ਦੁਨੀਆ ਨੂੰ ਚਕਾਚੌਂਧ ਕਰ ਦਿੱਤਾ।

ਹੁਣ ਸਮਾਜ ਅਤੇ ਪਰਿਵਾਰ ਵਿੱਚ ਔਰਤ ਦਾ ਦਰਜਾ ਪਹਿਲੇ ਵਾਲਾ ਨਹੀਂ ਰਿਹਾ। ਹੁਣ ਔਰਤ ਮਰਦ ਦੇ ਪੈਰਾਂ ਦੀ ਜੁੱਤੀ ਨਹੀਂ ਰਹੀ ਸਗੋਂ ਉਹ ਜੀਵਨ ਸੰਗਨੀ ਹੈ। ਉਹ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਸਮਾਜ, ਪਰਿਵਾਰ ਅਤੇ ਦੇਸ਼ ਦੀ ਉਨਤੀ ਵਿੱਚ ਭਰਪੂਰ ਯੋਗਦਾਨ ਪਾ ਰਹੀ ਹੈ। ਉਹ ਮਰਦ ਦੀ ਗੁਲਾਮ ਨਹੀਂ ਰਹੀ। ਉਸ ਦੀ ਹੋਂਦ ਕੇਵਲ ਰਸੋਈ ਅਤੇ ਹੋਰ ਘਰੇਲੂ ਕੰਮਾਂ ਕਾਰਾਂ ਤੱਕ ਹੀ ਸੀਮਤ ਨਹੀਂ। ਇਸ ਲਈ ਉਸ ਨਾਲ ਕਿਸੇ ਵੱਲੋਂ ਵੀ ਘਟੀਆ ਸਲੂਕ ਨਹੀਂ ਹੋਣਾ ਚਾਹੀਦਾ। ਉਹ ਪੜੀ ਲਿਖੀ ਹੈ। ਉਸ ਦੇ ਅੰਦਰਲੇ ਗਿਆਨ ਦੇ ਨੇਤਰ ਖੁੱਲ ਗਏ ਹਨ। ਉਹ ਬਾਹਰ ਦੇ ਸਾਰੇ ਕੰਮ ਅਤੇ ਰੁਜ਼ਗਾਰ ਦੇ ਸਾਰੇ ਕੰਮ ਨਿਭਾ ਰਹੀ ਹੈ। ਉਹ ਪਰਿਵਾਰ ਦੀ ਆਰਥਿਕ ਦਸ਼ਾ ਸੁਧਾਰਨ ਵਿੱਚ ਵੱਡਾ ਯੋਗਦਾਨ ਪਾ ਰਹੀ ਹੈ। ਸਮਾਜ ਵਿੱਚ ਉਸ ਦੀ ਮਰਦਾਂ ਦੇ ਬਰਾਬਰ ਇੱਜ਼ਤ ਹੈ। ਹੁਣ ਉਹ ਨਿਮਾਣੀ ਅਤੇ ਨਿਤਾਣੀ ਨਹੀਂ ਰਹੀ। ਆਪਣੀ ਇਸ ਹੋਂਦ ਨੂੰ ਬਰਕਰਾਰ ਰੱਖਣ ਲਈ ਉਸ ਨੂੰ ਬਹੁਤ ਸੰਘਰਸ਼ ਕਰਨਾ ਪੈ ਰਿਹਾ ਹੈ ਜਿਸ ਕਾਰਨ ਉਸ ਨੂੰ ਘਰੇਲੂ ਕੰਮ ਕਾਰ ਵਿੱਚੋਂ ਪਤੀ ਜਾਂ ਸੱਸ ਦੇ ਸਹਿਯੋਗ ਦੀ ਲੋੜ ਹੈ। ਇਸ ਸੱਚਾਈ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਅਤੇ ਨੂੰਹਾਂ ਤੋਂ ਆਪਣਾ ਦਬਦਬਾ ਘਟਾਉਣਾ ਚਾਹੀਦਾ ਹੈ। ਘਰ ਦੇ ਸਾਰੇ ਜੀਆਂ ਨੂੰ ਹਮੇਸ਼ਾਂ ਦੂਜੇ ਪ੍ਰਤੀ ਚੰਗੀ ਭਾਵਨਾ ਅਤੇ ਜ਼ੁਬਾਨ ਵਿੱਚ ਮਿਠਾਸ ਰੱਖਣੀ ਚਾਹੀਦੀ ਹੈ।

ਇਸ ਸਮੇਂ ਤੱਕ ਕੇਵਲ ਭਾਰਤ ਦੀ ਨਾਰੀ ਨੇ ਹੀ ਅਜ਼ਾਦੀ ਨਹੀਂ ਲਈ ਸਗੋਂ ਦੁਨੀਆ ਭਰ ਦੀਆਂ ਔਰਤਾਂ ਨੇ ਹੀ ਆਪਣੇ ਪੈਰਾਂ 'ਤੇ ਖੜੇ ਹੋ ਕੇ ਆਪਣੀ ਹੋਂਦ ਦਾ ਪ੍ਰਗਟਾਵਾ ਕੀਤਾ ਅਤੇ ਪੁਰਸ਼ ਸਮਾਜ ਨੂੰ ਹੈਰਾਨ ਕਰ ਦਿੱਤਾ। ਅੱਜ ਜ਼ਿੰਦਗੀ ਦਾ ਕੋਈ ਮੁਕਾਮ ਨਹੀਂ ਜਿਸ ਵਿੱਚ ਹਿੱਸਾ ਪਾ ਕੇ ਔਰਤਾਂ ਨੇ ਆਪਣੀ ਸਰਦਾਰੀ ਨਹੀਂ ਦਿਖਾਈ। ਮੁਸ਼ਕਿਲ ਤੋਂ ਮੁਸ਼ਕਿਲ ਜੋਖ਼ਮ ਭਰੇ ਕੰਮਾਂ, ਜਿਨਾਂ ਵਿੱਚ ਕੇਵਲ ਪੁਰਸ਼ਾਂ ਦੀ ਹੀ ਸਰਦਾਰੀ ਮੰਨੀ ਜਾਂਦੀ ਸੀ, ਵਿੱਚ ਵੀ ਬਰਾਬਰ ਹਿੱਸਾ ਪਾ ਕੇ ਔਰਤਾਂ ਪੁਰਸ਼ਾਂ ਦੇ ਬਰਾਬਰ ਖੜੀਆਂ ਹਨ। ਕਈ ਖਿੱਤਿਆਂ ਵਿੱਚ ਤਾਂ ਅੱਜ ਇਕੱਲੀ ਔਰਤ ਦੀ ਹੀ ਅਜ਼ਾਰੇਦਾਰੀ ਬਣ ਗਈ ਹੈ। ਜਿਵੇਂ ਰਿਸੈਪਸ਼ਨਿਸ਼ਟ ਅਤੇ ਨਰਸਰੀ ਸਕੂਲ ਅਧਿਆਪਕ ਆਦਿ। ਅੱਜ ਔਰਤਾਂ ਆਈ.ਏ.ਐੱਸ., ਆਈ.ਐੱਫ.ਐੱਸ. ਅਤੇ ਪੀ.ਸੀ.ਐੱਸ. ਦੀਆਂ ਸਭ ਤੋਂ ਉੱਚੀਆਂ ਨੌਕਰੀਆਂ 'ਤੇ ਬਿਰਾਜਮਾਨ ਹਨ। ਉਹ ਫ਼ੌਜ, ਪੁਲਿਸ ਅਤੇ ਇੰਜੀਨੀਅਰਿੰਗ ਦੀਆਂ ਕੁਰਸੀਆਂ ਸੰਭਾਲੀ ਬੈਠੀਆਂ ਹਨ। ਉਹ ਪੁਲਾੜ ਵਿੱਚ ਵੀ ਉਡਾਰੀਆਂ ਲਾ ਰਹੀਆਂ ਹਨ। ਉਹ ਦਰਜੀ, ਮਿਸਤਰੀ ਅਤੇ ਪਲੰਬਰ ਆਦਿ ਦਾ ਕੰਮ ਵੀ ਆਸਾਨੀ ਨਾਲ ਕਰ ਰਹੀਆਂ ਹਨ। ਉਹ ਵਿਧਾਨ ਸਭਾ ਅਤੇ ਲੋਕ ਸਭਾ ਵਿੱਚ ਵੀ ਚੁਣ ਕੇ ਦੇਸ਼ ਦੀ ਵਾਗਡੋਰ ਸੰਭਾਲ ਰਹੀਆਂ ਹਨ। ਉਹ ਮੰਤਰੀ ਅਤੇ ਕਈ ਦੇਸ਼ਾਂ ਦੀਆਂ ਪ੍ਰਧਾਨ ਮੰਤਰੀ ਬਣ ਕੇ ਵੀ ਆਪਣੇ ਦੇਸ਼ਾਂ ਦੇ ਲੋਕਾਂ ਦੀ ਸਮੁੱਚੀ ਅਗਵਾਈ ਕਰ ਰਹੀਆਂ ਹਨ।

ਬਾਕੀ ਸਫ਼ਾ 30 'ਤੇ

# ਐਲੋਪੈਥੀ ਨੂੰ ਲਾਹਨਤਾਂ ਪਾਉਣ ਵਾਲੇ ਸਾਧ ਰਾਮਦੇਵ ਦਾ ਦੇਸੀ ਫਾਰਮੂਲਾ ਇਕ ਵੱਡਾ ਪਾਖੰਡ

**ਡਾ. ਗਗਨਦੀਪ ਸ਼ੇਰਗਿੱਲ**

ਅੱਜ ਕੱਲ ਹਰ ਪ੍ਰਮੁੱਖ ਅਖ਼ਬਾਰ ਦੇ ਪਹਿਲੇ ਪੰਨੇ ਉੱਪਰ ਐਲੋਪੈਥੀ ਨੂੰ ਲਾਹਨਤਾਂ ਪਾਉਂਦੇ ਪਤੰਜਲੀ ਦੇ ਇਸ਼ਤਿਹਾਰਾਂ ਨਾਲ ਬਾਬਾ ਰਾਮਦੇਵ ਦਾਅਵਾ ਕਰਦਾ ਹੈ ਕਿ ਐਲੋਪੈਥੀ ਇਹ ਝੂਠ ਫੈਲਾ ਰਹੀ ਹੈ ਕਿ ਬੀ.ਪੀ, ਸ਼ੂਗਰ, ਥਾਈਰਾਇਡ ਦਾ ਕੋਈ ਪੱਕਾ ਇਲਾਜ ਨਹੀਂ ਹੁੰਦਾ। ਐਲੋਪੈਥੀ ਦੇ ਸ਼ਬਦ ਵਰਤਦਾ ਹੋਇਆ ਬਾਬਾ ਕਹਿੰਦਾ ਹੈ ਸਾਰੀਆਂ ਲਾਈਫ ਸਟਾਈਲ ਡਿਜ਼ੀਜ਼, ਇਨਕਿਓਰੇਬਲ ਡਿਜ਼ੀਜ਼, ਕ੍ਰੋਨਿਕ ਤੇ ਜੈਨੇਟਿਕ ਡਿਜ਼ੀਜ਼ ਤੋਂ ਸਥਾਈ ਰੂਪ ਵਿੱਚ ਮੁਕਤੀ ਪ੍ਰਾਪਤ ਕਰਨ ਲਈ ਮਰੀਜ਼ ਪਤੰਜਲੀ ਵੈੱਲਨੈੱਸ ਵਿੱਚ ਰਜਿਸਟ੍ਰੇਸ਼ਨ ਕਰਵਾ ਕੇ ਇੱਕ ਹਫਤੇ ਵਿੱਚ ਰਿਹਾਇਸ਼ੀ ਇਲਾਜ ਲੈਣ।ਰਾਮਦੇਵ ਨੇ ਆਪਣਾ ਕੈਰੀਅਰ ਲੋਕਾਂ ਨੂੰ ਯੋਗਾ ਸਿਖਾਉਣ ਤੋਂ ਸ਼ੁਰੂ ਕੀਤਾ। ਨਿੱਕੀਆਂ-ਨਿੱਕੀਆਂ ਕਲਾਸਾਂ ਨੂੰ ਬਾਬਾ ਹੌਲੀ ਹੌਲੀ ਟੈਲੀਵਿਜ਼ਨ ਰਾਹੀਂ ਲੱਖਾਂ ਲੋਕਾਂ ਸਾਹਮਣੇ ਲੈ ਆਇਆ। ਯੋਗ ਰਾਹੀਂ ਲੋਕਾਂ ਵਿੱਚ ਸਾਖ਼ ਅਤੇ ਦਿਲਾਂ ਵਿੱਚ ਜਗਾ ਬਣਾਉਣ ਤੋਂ ਬਾਅਦ ਬਾਬੇ ਨੇ ਲੋਕਾਂ ਦੀਆਂ ਜੇਬ ਵਿੱਚ ਹੱਥ ਪਾਉਂਦੇ ਹੋਏ ਆਯੁਰਵੇਦ ਦੀਆਂ ਜੜ੍ਹੀ-ਬੂਟੀਆਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਯੋਗ ਅਭਿਆਸਾਂ ਅਤੇ ਉਸਦੇ ਜੜੀ-ਬੂਟੀਆਂ ਦੇ ਇਲਾਜਾਂ ਦੁਆਰਾ 'ਸਰੀਰ ਅਤੇ ਆਤਮਾ ਦੇ ਸੰਪੂਰਨ ਪਰਿਵਰਤਨ' 'ਤੇ ਗੱਲ ਕਰਦੇ ਹੋਏ ਸ਼ੂਗਰ, ਹਾਈਪਰਟੈਨਸ਼ਨ, ਹੋਰ ਕਾਰਡੀਓਵੈਸਕੁਲਰ ਬਿਮਾਰੀਆਂ, ਲੀਵਰ ਸਿਰੋਸਿਸ, ਗਠੀਆ ਅਤੇ ਹਰ ਕਿਸਮ ਦੇ ਕੈਂਸਰ ਨੂੰ ਅਡਵਾਂਸ ਪੜਾਅ ਤੋਂ ਪੀੜਤ ਹਜ਼ਾਰਾਂ ਮਰੀਜ਼ਾਂ ਠੀਕ ਕਰਨ ਦੀ ਯੋਗਤਾ ਬਾਰੇ ਬੇਮਿਸਾਲ ਦਾਅਵੇ ਕਰਦਾ ਹੋਇਆ ਇਹ ਬਾਬਾ ਰਾਸ਼ਟਰਵਾਦ, ਪ੍ਰਾਚੀਨ ਭਾਰਤੀ ਸੰਸਕ੍ਰਿਤੀ, ਜੈਵਿਕ ਖੇਤੀ, ਸਵਦੇਸ਼ੀ, ਅਤੇ ਵਾਤਾਵਰਣ ਸੰਬੰਧੀ ਮੁੱਦਿਆਂ ਦਾ ਉਦਾਰਤਾ ਨਾਲ ਛਿੜਕਾਅ ਕਰਦਾ ਹੈ। ਇੰਝ ਇਹ ਬਾਬਾ ਅੱਜ ਆਟੇ-ਟੂਥਪੇਸਟ ਤੋਂ ਲੈ ਕੇ ਜੀਨ ਤੱਕ ਹਰ ਖਪਤਕਾਰ ਵਸਤੂ ਵੇਚਣ ਵਾਲਾ ਦੇਸ਼ ਦਾ ਚੋਟੀ ਦਾ ਸਰਮਾਏਦਾਰ ਬਣ ਚੁੱਕਾ ਹੈ। ਮੋਟਾ ਪਾਰਟੀ ਫੰਡ ਦੇਣ, ਹਿੰਦੂਤਵ ਦੇ ਫਾਸ਼ੀਵਾਦ ਦਾ ਧੂੰਆਂ-ਧਾਰ ਪ੍ਰਚਾਰ ਕਰਨ ਅਤੇ ਲੋੜ ਪੈਣ 'ਤੇ ਵਿਵਾਦਾਂ ਵਿੱਚ ਫਸੀ ਸਰਕਾਰ ਨੂੰ ਕਿਸੇ 'ਐਲੋਪੈਥੀ-ਵਿਰੋਧ' ਵਰਗੇ ਕਿਸੇ ਸ਼ਗੂਫ਼ੇ ਰਾਹੀਂ ਬਿਰਤਾਂਤ ਬਦਲ ਕੇ ਸਾਹ ਦਿਵਾਉਣ ਦੀ ਕਾਬਲੀਅਤ ਰੱਖਣ ਵਾਲਾ ਇਹ ਬਾਬਾ ਮੌਜੂਦਾ ਸਰਕਾਰ ਦੀ ਅੱਖਾਂ ਦਾ ਤਾਰਾ ਹੈ।

ਵੈਸੇ ਬਾਬੇ ਦਾ ਐਲੋਪੈਥੀ ਨਾਲ ਵਾਦ-ਵਿਵਾਦ ਕੋਈ ਨਵੀਂ ਗੱਲ ਨਹੀਂ। ਬਾਬਾ ਹਰ ਛੇ ਮਹੀਨੇ ਬਾਅਦ ਕੋਈ ਐਸੀ ਬੇ ਸਿਰ-ਪੈਰ ਸ਼ੁਰਲੀ ਛੱਡਦਾ ਹੀ ਰਹਿੰਦਾ ਹੈ। 2021 ਵਿੱਚੋਂ ਰਾਮਦੇਵ ਨੇ ਆਪਣੀ ਕੋਰੋਨਿਲ ਨਾਂ ਦੀ ਦਵਾਈ ਦਾ ਪ੍ਰਚਾਰ ਕਰਦੇ ਹੋਏ ਐਲੋਪੈਥੀ ਨੂੰ 'ਸਟੂਪਿਡ ਸਾਇੰਸ' ਦੱਸਦੇ ਹੋਏ ਕਿਹਾ ਸੀ ਕਿ ਕੋਰੋਨਾ ਦੌਰਾਨ ਐਲੋਪੈਥੀ ਦਵਾਈਆਂ ਖਾਣ ਨਾਲ ਲੱਖਾਂ ਲੋਕਾਂ ਦੀ ਜਾਨ ਗਈ। ਬਾਬੇ ਨੇ ਆਪਣੀ ਦਵਾਈ ਨੂੰ ਡਬਲਯੂ ਐਚ ਓ ਵੱਲੋਂ ਮਾਨਤਾ ਮਿਲਣ ਦਾ ਦਾਅਵਾ ਵੀ ਕੀਤਾ। ਝੂਠ ਦਾ ਪੋਲ ਖੁੱਲਣ ਮਗਰੋਂ ਬਾਬੇ ਨੇ ਉਦੋਂ ਜਨਤਕ ਤੌਰ 'ਤੇ ਮੁਆਫੀ ਮੰਗ ਕੇ ਜਾਨ ਛੁਡਾਈ ਸੀ।

ਇਹ ਉਹੀ 'ਸੁਪਰ ਇਮਿਊਨ ਸਿਸਟਮ' ਵਾਲੇ ਬਾਬਾ ਜੀ ਹਨ ਜੋ ਇੱਕ ਵਾਰ ਵਰਤ ਤੇ ਬੈਠੇ-ਬੈਠੇ ਬਿਮਾਰ ਹੋ ਗਏ ਅਤੇ 'ਗੁਲੂਕੋਜ਼ ਲਵਾਉਣ' ਲਈ ਐਲੋਪੈਥੀ ਦੀ ਸ਼ਰਨ ਵਿੱਚ ਜਾ ਬਿਰਾਜੇ ਸਨ। ਰਾਮਦੇਵ ਅਕਸਰ ਹੀ ਸੋਸ਼ਲ ਮੀਡੀਆ ਉੱਤੇ ਆਪਣੀ ਖੱਬੀ ਅੱਖ ਦੀ ਕਮਜ਼ੋਰੀ ਕਾਰਨ ਮਜ਼ਾਕ ਦਾ ਪਾਤਰ ਬਣਦੇ ਰਹਿੰਦੇ ਹਨ, ਜੋ ਕਿ ਸਰਾਸਰ ਗਲਤ ਅਤੇ ਨਿੰਦਣਯੋਗ ਹੈ। ਇਹ ਇੱਕ ਟੋਸਿਸ ਨਾਂ ਦੀ ਬਿਮਾਰੀ ਜੋ ਕਿ ਅੱਖਾਂ ਦੇ ਆਲੇ-ਦੁਆਲੇ ਦੀਆਂ ਮਾਸਪੇਸ਼ੀਆਂ ਦੀ ਕਮਜ਼ੋਰੀ ਕਰਕੇ ਹੁੰਦੀ ਹੈ। ਪਰ, ਗੱਲ ਪੁਛਣੀ ਇਹ ਬਣਦੀ ਹੈ ਕਿ ਬਾਬਾ ਯੋਗ ਨਾਲ ਹੁਣ ਤੱਕ ਆਪਣੀ ਅੱਖ ਕਿਉਂ ਨਹੀਂ ਠੀਕ ਕਰ ਸਕਿਆ? ਬਾਬੇ ਦੀ ਸੱਜੀ ਬਾਂਹ ਅਤੇ ਪਤੰਜਲੀ ਆਯੁਰਵੇਦ ਲਿਮਟਿਡ ਕੰਪਨੀ ਦੇ ਸਹਿ-ਸੰਸਥਾਪਕ ਅਤੇ ਸੀਈਓ ਅਚਾਰੀਆ ਬਾਲਕ੍ਰਿਸ਼ਨ ਪਿੱਛੇ ਜੋ ਇੱਕ 'ਪੇੜਾ' ਖਾਣ ਉਪਰੰਤ ਬਿਮਾਰ ਹੋ ਕੇ ਐਲੋਪੈਥੀ ਕੋਲ ਹੀ ਠੀਕ ਹੋਣ ਗਏ ਸਨ। ਇਹ ਬੇਹੱਦ ਰੋਚਕ ਮਸਲਾ ਉਜਾਗਰ ਕਰਨਾ ਬਣਦਾ ਹੈ ਕਿ ਇਨਾਂ ਸਭ ਗੈਰ ਵਿਗਿਆਨਿਕ ਪੱਦਤੀਆਂ ਦੇ ਅਲੰਬਰਦਾਰ ਅਤੇ ਉਸਦੀ ਹਾਮੀ ਭਰਨ ਵਾਲੇ ਰਾਜਸੀ ਲੀਡਰ ਆਪਣਾ ਅਤੇ ਆਪਣੇ ਪਰਿਵਾਰ ਦਾ ਇਲਾਜ ਖੁਦ ਰਾਮਦੇਵ-ਪੁਣੇ ਨਾਲ ਕਰਵਾਉਣ ਦੀ ਬਜਾਏ ਐਲੋਪੈਥੀ ਨਾਲ ਕਰਵਾਉਂਦੇ ਹਨ।

ਇਹ ਰਾਮਦੇਵ-ਪੁਣਾ ਭਾਰਤ ਵਿੱਚ ਵਿਆਪਕ ਹੈ। ਦੇਸ਼ ਦੀ ਕੁੱਲ ਜਨਸੰਖਿਆ ਵਿੱਚੋ ਇੱਕ-ਚੌਥਾਈ ਅਤੇ ਪੇਂਡੂ ਜਨਸੰਖਿਆ ਦੇ ਦੋ ਤਿਹਾਈ ਮਰੀਜ਼ ਇਲਾਜ ਦੇ ਗੈਰ-ਵਿਗਿਆਨਿਕ ਤਰੀਕਿਆਂ ਵਿੱਚ ਯਕੀਨ ਰੱਖਦੇ ਹਨ। ਇਸਦੇ ਪ੍ਰਮੁੱਖ ਕਾਰਨ ਉਹ ਇਹਨਾਂ ਦੇ 'ਸੌਖੇ ਅਤੇ ਸਸਤਾ' ਮਿਲਣਾ ਦੱਸਦੇ ਹਨ। ਇਨਾਂ ਨੁਸਖ਼ਿਆਂ ਅਤੇ ਟੋਟਕਿਆਂ ਦਾ ਸਰੀਰ 'ਤੇ ਕੋਈ ਵੀ ਮਾੜਾ ਪ੍ਰਭਾਵ ਨਾ ਪੈਣਾ, ਤੀਜਾ ਸਭ ਤੋਂ ਵੱਡਾ ਕਾਰਨ ਮੰਨਿਆ ਜਾਂਦਾ ਹੈ। ਭਾਰਤ ਵਿੱਚ ਰਾਮਦੇਵ-ਨੁਮਾ ਫਾਂਡਾਂ, ਧਾਗਾ-ਤਬੀਤ, ਝੋਲਾ, ਜਾਪ-ਮੰਤਰ, ਸੰਧੂਰ ਵਾਲੇ ਚੌਲ, ਸਿਰਹਾਣੇ ਹੇਠਾਂ ਖਮਣੀ ਵਰਗੇ ਅਣਗਿਣਤ ਟੋਟਕਿਆਂ ਨਾਲ ਲੈਸ ਨੀਮ-ਹਕੀਮ ਬੀ.ਪੀ, ਸ਼ੂਗਰ ਅਤੇ ਦਿਲ-ਦਿਮਾਗ ਦੇ ਦੌਰੇ ਤੋਂ ਲੈ ਕੇ ਏਡਜ਼-ਕਰੋਨਾ ਤਕ ਤਮਾਮ ਬਿਮਾਰੀਆਂ ਨੂੰ 'ਜੜੋਂ ਖ਼ਤਮ' ਕਰਨ ਦਾ ਦਾਅਵਾ ਕਰਦੇ ਹਨ। ਇਸ ਤੋਂ ਇਲਾਵਾ ਬਿਨਾਂ ਕਿਸੇ ਵਿਗਿਆਨਿਕ ਸਿਰ-ਪੈਰ ਵਾਲੀਆਂ ਐਕੂਪ੍ਰੇਸ਼ਰ, ਹਿਪਨੋਥੈਰੇਪੀ, ਰੇਕੀ, ਅਰੋਮਾਥੈਰੇਪੀ, ਮੈਡੀਟੇਸ਼ਨ, ਯੋਗ, ਨੈਚਰੋਪੈਥੀ, ਮਸਾਜ ਥੈਰੇਪੀ ਆਦਿ ਸਮੇਤ ਦਰਜਨਾਂ ਪੱਦਤੀਆਂ ਹਨ ਜੋ ਮਰਜ਼ ਨੂੰ 100% ਸ਼ਰਤੀਆਂ ਅਤੇ ਮੁਕੰਮਲ ਠੀਕ ਕਰਨ ਦਾ ਦਮ ਭਰਦੀਆਂ ਹਨ। ਇਹਨਾਂ ਤੋਂ ਬਿਨਾਂ ਹਰ ਦੋ ਪਿੰਡਾਂ ਬਾਅਦ ਇੱਕ 'ਸਿਆਣਾ' ਵੀ ਹੁੰਦਾ ਹੈ ਜੋ ਉਪਰੋਕਤ ਦੇ ਨਾਲ-ਨਾਲ ਸੱਪ ਦੇ ਡੰਗੇ ਦਾ, ਅੰਨੇ-ਬੋਲੇਪਨ ਦਾ, ਬੰਦਿਆਂ ਵਿੱਚ ਮਰਦਾਨਗੀ ਦੀ ਕਮੀ ਅਤੇ ਔਰਤਾਂ ਦੇ ਬਾਂਝਪਨ ਸਮੇਤ ਸਭ ਸਮੱਸਿਆਵਾਂ ਨੂੰ ਜੜੋਂ ਹੀ ਪੂਰਾ ਖ਼ਤਮ ਕਰ ਸਕਦਾ ਹੈ। ਸੜਕ 'ਤੇ ਬੈਠੇ-ਬੈਠੇ ਅੱਖਾਂ ਦੇ ਓਪਰੇਸ਼ਨ, ਦੰਦ ਉਖਾੜਦੇ-ਲਾਉਂਦੇ, ਹੱਡੀਆਂ ਜੋੜਦੇ, ਉੱਤਰੇ ਮੋਢੇ ਚੜਾਉਂਦੇ, ਮੁੰਡਾ ਹੋਣ ਦੀ ਸ਼ਰਤੀਆ ਦਵਾਈ ਅਤੇ ਕੈਂਸਰ ਦੀ ਜੜ ਪੱਟਣ ਵਾਲੇ ਕੰਪਾਊਂਡਰਾਂ ਅਤੇ ਅਖੌਤੀ ਰਾਮਦੇਵ-ਨੁਮਾ ਡਾਕਟਰਾਂ ਦੀ ਵੀ ਭਾਰਤ ਵਿੱਚ ਕੋਈ ਕਮੀ ਨਹੀਂ।

ਐਲੋਪੈਥਿਕ ਡਾਕਟਰੀ ਵਿੱਚ ਹਰ ਚੀਜ਼ ਐਵੀਡੈਂਸ ਆਧਾਰਤ ਹੈ। ਹਰ ਬਿਮਾਰੀ ਦੀ ਸਮਝ, ਨਾ ਸਮਝ, ਦਵਾਈਆਂ ਦੇ ਫਾਇਦੇ, ਨੁਕਸਾਨ, ਇਲਾਜ ਦੀ ਪ੍ਰਕੀਰਿਆ, ਆਦਿ ਸਭ ਵਿਗਿਆਨ ਦੀ ਸੂਈ ਦੇ ਨੱਕੇ ਵਿੱਚੋਂ ਲੰਘ ਕੇ ਤੈਅ ਹੁੰਦਾ ਹੈ। ਐਲੋਪੈਥੀ ਕੋਲ ਚੇਚਕ, ਗਿਨੀਵਰਮ, ਕੋੜ ਅਤੇ ਯੌਜ਼ ਅਤੇ ਪੋਲੀਓ ਵਰਗੇ ਮਨੁਖਤਾ ਦੇ ਦੁਸ਼ਮਣ ਦਾ ਧਰਤੀ ਦੇ ਨਕਸ਼ੇ ਤੋਂ ਸੰਪੂਰਨ ਖਾਤਮੇ ਦੇ ਨਾਲ-ਨਾਲ ਪਿੰਡਾਂ ਦੇ ਪਿੰਡ ਖਾ ਜਾਣ ਵਾਲੇ ਪਲੇਗ, ਹੈਜ਼ਾ ਅਤੇ ਲੈਪਟੋਸਪਾਇਰੋਸਿਸ ਵਰਗੀਆਂ ਬਿਮਾਰੀਆਂ ਦੀ ਰੋਕਥਾਮ ਤੋਂ ਇਲਾਵਾ ਮਲੇਰੀਆ, ਟ੍ਰੈਕੋਮਾ, ਫਿਲੇਰੀਅਸਿਸ, ਕਾਲਾ-ਅਜ਼ਰ ਵਰਗੀਆਂ ਬਿਮਾਰੀਆਂ ਨੂੰ ਕਾਬੂ ਕਰਨ ਦਾ ਸ਼ਾਨਦਾਰ ਇਤਿਹਾਸ ਹੈ। ਜੇਕਰ ਕੁਝ ਤਾਜ਼ੀ ਗੱਲ ਕਰਨੀ ਹੋਵੇ ਤਾਂ ਇਹ ਐਲੋਪੈਥੀ ਹੀ ਹੈ ਜਿਸ ਨੇ ਦਿਲ ਦੀ ਬਿਮਾਰੀਆਂ, ਏਡਜ਼ ਨਾਲ ਹੋਣ ਵਾਲੀਆਂ ਮੌਤਾਂ ਦੀ ਦਰ ਵਿੱਚ 70% ਤੋਂ ਵੱਧ ਘਾਟਾ ਪਾਇਆ ਹੈ। ਪ੍ਰਸੂਤਾ ਅਤੇ ਨਵ-ਜੰਮੇ ਬੱਚਿਆਂ ਦੀ ਮੌਤ ਦਰ ਨੂੰ ਚੋਖਾ ਘਟਾਉਣ ਦੇ ਨਾਲ-ਨਾਲ ਕੋਰੋਨਾ ਮਹਾਂਮਾਰੀ ਦੌਰਾਨ ਉਲਝੇ ਕੇਸਾਂ ਨੂੰ ਬਚਾਉਣ ਅਤੇ ਲਾਗ ਲੱਗਣ ਤੋਂ ਬਚਾਉਣ ਵਾਲੀ ਵੈਕਸੀਨ ਬਣਾਉਣ ਦਾ ਸਿਹਰਾ ਵੀ ਐਲੋਪੈਥੀ ਸਿਰ ਹੀ ਬੱਝਦਾ ਹੈ।

ਬੀ.ਪੀ, ਸ਼ੂਗਰ ਅਤੇ ਕੈਂਸਰ ਸਮੇਤ ਕਈ ਬਿਮਾਰੀਆਂ ਦੀ ਸਟੇਜ ਦਾ ਪਤਾ ਲਗਾ ਕੇ ਉਸ ਨੂੰ ਅਗਲੀ ਸਟੇਜ ਵਿੱਚ ਪਹੁੰਚਣ ਤੋਂ ਰੋਕਿਆ ਜਾਂਦਾ ਹੈ। ਇਹ ਉਹ ਸਾਇੰਸ ਹੈ ਜਿਸ ਨਾਲ ਡਾਕਟਰ ਮਰੀਜ਼ ਨੂੰ ਅਗਲੇ ਦਸ-ਪੰਦਰਾਂ ਸਾਲ ਬਾਅਦ ਪੈਦਾ ਹੋਣ ਵਾਲੀਆਂ ਜਾਨ-ਲੇਵਾ ਪੇਚੀਦਗੀਆਂ ਨੂੰ ਪਹਿਲਾਂ ਹੀ ਪਛਾਣ ਕੇ ਉਨਾਂ ਦਾ ਰਾਹ ਰੋਕ ਲੈਂਦਾ ਹੈ। ਮਸਲਨ, ਬੀ.ਪੀ ਜਾਂ ਸ਼ੂਗਰ ਦਾ ਰੋਗ ਅੱਖਾਂ ਦੀ ਰੋਸ਼ਨੀ ਖਾ ਜਾਂਦਾ ਹੈ। ਦਿਮਾਗ ਨੂੰ ਕਮਜ਼ੋਰ ਕਰਕੇ ਅਧਰੰਗ ਕਰ ਸਕਦਾ ਹੈ। ਦਿਲ ਵਿੱਚ ਨੁਕਸ ਪੈਦਾ ਕਰਕੇ ਦਿਲ ਦਾ ਦੌਰਾ ਪਾ ਸਕਦਾ ਹੈ। ਪੈਰਾਂ ਦੀ ਨਸਾਂ ਨੂੰ ਕਮਜ਼ੋਰ ਕਰਕੇ ਪੈਰਾਂ ਨੂੰ ਗਾਲ਼ ਸਕਦਾ ਹੈ। ਗੁਰਦਿਆਂ ਨੂੰ ਨਕਾਰਾ ਬਣਾ ਸਕਦਾ ਹੈ ਅਤੇ ਹੋਰ ਵੀ ਕਿੰਨੀਆਂ ਪੇਚਦਗੀਆਂ ਪੈਦਾ ਕਰ ਸਕਦਾ ਹੈ। ਅਸਲ ਡਾਕਟਰੀ ਇਨਾਂ ਬਿਮਾਰੀਆਂ ਨੂੰ ਸਹੀ ਸਟੇਜ 'ਤੇ ਫੜ ਕੇ ਉਸ ਨੂੰ ਠੀਕ ਕਰਨਾ ਅਤੇ ਭਵਿੱਖ ਵਿੱਚ ਪੈਦਾ ਹੋਣ ਵਾਲੀਆਂ ਬਿਮਾਰੀਆਂ ਨੂੰ ਪਹਿਲਾਂ ਹੀ ਪੜਨਾ ਅਤੇ ਰੋਕਣਾ ਹੈ। ਠੀਕ ਉਵੇਂ ਹੀ ਕੈਂਸਰ ਦਾ ਮਾਮਲਾ ਹੈ। ਪਹਿਲੀਆਂ ਸਟੇਜਾਂ ਵਿੱਚ ਕਈ ਕੈਂਸਰ ਬਿਲਕੁਲ ਠੀਕ ਕੀਤੇ ਜਾ ਸਕਦੇ ਹਨ ਜਦ ਕਿ ਦੇਰੀ ਹੋਣ ਉਪਰੰਤ ਅੱਪ-ਸਟੇਜ ਹੋਏ ਕੈਂਸਰ ਇਲਾਜੋਂ ਬਾਹਰ ਹੋ ਜਾਂਦੇ ਹਨ।

ਡਾਕਟਰੀ ਇੱਕ ਚਿੱਟਾ ਜਾਂ ਕਾਲਾ ਨਾ ਹੋ ਕੇ ਇੱਕ ਸਲੇਟੀ ਵਿਸ਼ਾ ਹੈ। ਮਰੀਜ਼ ਦੇ ਹਰ ਲੱਛਣ ਦੇ ਅਨੇਕਾਂ ਕਾਰਨ ਹੋ ਸਕਦੇ ਹਨ। ਮਰਜ਼ ਦੀ ਜੜ ਫੜਨ ਲਈ ਅਨੇਕਾਂ ਤਰਾਂ ਦੇ ਵਿਗਿਆਨਿਕ ਜੋੜ-ਘਟਾਓ ਕਰਨੇ ਪੈਂਦੇ ਹਨ। ਫੜੀ ਗਈ ਜੜ ਵੀ ਮਰੀਜ਼ ਦੇ ਪੂਰਨ ਤੰਦਰੁਸਤ ਹੋਣ ਤਕ ਲਗਾਤਾਰ ਸਵਾਲਾਂ ਦੇ ਘੇਰੇ ਵਿੱਚ ਰਹਿੰਦੀ ਹੈ ਅਤੇ ਡਾਇਗਨੋਸਿਸ ਵਿੱਚ ਲਗਾਤਾਰ ਸੁਧਾਰ ਹੈ ਹੁੰਦਾ ਰਹਿੰਦਾ ਹੈ। ਕਈ ਵਾਰ ਬਿਮਾਰੀ ਦੇ ਸਹੀ ਫੜੇ ਜਾਣ ਅਤੇ ਸਹੀ ਇਲਾਜ ਕਰੇ ਜਾਣ 'ਤੇ ਵੀ ਮਰੀਜ਼ ਨਹੀਂ ਬਚ ਪਾਉਂਦਾ। ਐਲੋਪੈਥੀ ਵਿੱਚ ਕੁਝ ਵੀ 'ਸ਼ਰਤੀਆ' ਨਹੀਂ ਹੁੰਦਾ।

ਫਿਰ ਵੀ ਕੀ ਵਜਾ ਹੈ ਕਿ ਵਿਗਿਆਨ 'ਤੇ ਆਧਾਰਿਤ ਐਲੋਪੈਥਿਕ ਇਲਾਜ 'ਤੇ ਲੋਕਾਂ ਦਾ ਪੂਰਨ ਵਿਸ਼ਵਾਸ ਨਹੀਂ ਹੈ? ਅਸਲੀ ਗੱਲ ਇਹ ਹੈ ਕਿ ਭਾਰਤ ਸਰਕਾਰ ਆਪਣੇ ਕੁੱਲ ਜੀ.ਡੀ.ਪੀ. ਵਿੱਚੋਂ ਸਿਰਫ 1.2 % ਹੀ ਸਿਹਤ ਸੇਵਾਵਾਂ ਲਈ ਖ਼ਰਚ ਕਰਦੀ ਹੈ ਜੋ ਊਠ ਦੇ ਮੂੰਹ ਵਿੱਚ ਜ਼ੀਰੇ ਬਰਾਬਰ ਹੈ। ਭਾਰਤ ਦੀ 65% ਤੋਂ ਵੱਧ ਵਸੋਂ ਪਿੰਡਾਂ ਵਿੱਚ ਵਸਦੀ ਹੈ ਅਤੇ ਭਾਰਤ ਦੇ 80% ਤੋਂ ਵੱਧ ਡਾਕਟਰ ਸ਼ਹਿਰਾਂ ਵਿੱਚ ਪ੍ਰੈਕਟਿਸ ਕਰਦੇ ਹਨ। ਮੁਨਾਫਾ ਕੇਂਦਰਿਤ ਸਰਮਾਏਦਾਰ



ਢਾਂਚੇ ਵਿੱਚ ਸਟਾਫ ਦੀ ਘਾਟ, ਸਾਜ਼ੋਸਾਮਾਨ ਦੀ ਘਾਟ, ਬੈੱਡਾਂ ਦੀ ਘਾਟ, ਦਵਾਈਆਂ ਦੀ ਘਾਟ, ਬਿਲਡਿੰਗਾਂ ਦੀ ਘਾਟ ਕਰਕੇ ਸਰਕਾਰੀ ਹਸਪਤਾਲ ਖੁਦ ਵੈਂਟੀਲੇਟਰ 'ਤੇ ਪਏ ਹਨ। ਅਤਿਅੰਤ ਮਹਿੰਗਾ ਪ੍ਰਾਈਵੇਟ ਇਲਾਜ ਆਮ ਬੰਦੇ ਦੇ ਵੱਸੋਂ ਬਾਹਰ ਹੋ ਗਿਆ ਹੈ। ਨਾਲ ਹੀ ਡਾਕਟਰਾਂ ਦਾ ਮਰੀਜ਼ ਨਾਲ ਘੱਟ ਸਮਾਂ ਗੱਲਬਾਤ, ਡਾਕਟਰ ਵੱਲੋਂ ਗੱਲ ਧਿਆਨ ਨਾਲ ਨਾ ਸੁਣਨਾ, ਮਰੀਜ਼ ਦੀ ਗੱਲ ਦਾ ਵਿਚਾਰ ਨਾ ਕਰਨਾ, ਜਾਂ ਉਸ ਤੋਂ ਉਸ ਦੀ ਰਾਇ ਨਾ ਪੁੱਛਣਾ, ਮਰੀਜ਼ ਨੂੰ ਉਸ ਦੇ ਇਲਾਜ ਵਿੱਚ ਹਿੱਸਦਾਰ ਨਾ ਬਣਾਉਣਾ, ਮਰੀਜ਼ ਦੀ ਗੱਲ ਕੱਟਣਾ, ਸਮਾਜ ਵਿੱਚ ਡਾਕਟਰਾਂ ਦੇ ਲਾਲਚ-ਪੁਣੇ ਬਾਰੇ ਆਮ ਧਾਰਨਾ ਆਦਿ ਕਾਰਨਾਂ ਕਰਕੇ ਮਰੀਜ਼ਾਂ ਦਾ ਡਾਕਟਰ ਉੱਪਰ ਭਰੋਸਾ ਨਹੀਂ ਬੱਝ ਪਾਉਂਦਾ। ਕਰੋੜਾਂ ਰੁਪਏ ਖਰਚ ਕੇ ਬਣ ਰਹੇ ਡਾਕਟਰ ਇੱਕ ਖ਼ਾਸ ਕਿਸਮ ਦੇ ਸੁਪੀਰੀਓਰਿਟੀ ਕੰਪਲੈਕਸ ਦਾ ਸ਼ਿਕਾਰ ਹਨ ਜਿਸ ਕਰਕੇ ਉਹ ਮਰੀਜ਼ਾਂ ਨਾਲੋਂ ਨਿਖੜੇ ਰਹਿੰਦੇ ਹਨ। ਅੰਗਰੇਜ਼ੀ ਦਵਾਈਆਂ ਦੇ 'ਤੇਜ਼ ਹੋਣ' ਕਰਕੇ ਸਰੀਰ 'ਤੇ ਬੇਲੋੜੇ ਮਾੜੇ ਪ੍ਰਭਾਵ ਪੈਣ ਦਾ ਬੇਸਿਰਪੈਰਾ ਮਿਥਕ ਵੀ ਭਾਰਤ ਵਿੱਚ ਬਹੁਤ ਮਸ਼ਹੂਰ ਹੈ। ਇਨਾਂ ਤਮਾਮ ਕਾਰਨਾਂ ਕਰਕੇ ਮਰੀਜ਼ਾਂ, ਐਲੋਪੈਥਿਕ ਡਾਕਟਰਾਂ ਅਤੇ ਐਲੋਪੈਥਿਕ ਇਲਾਜ ਨਾਲ ਰਿਸ਼ਤੇ ਵਿੱਚ ਦਰਾੜ ਪੈ ਚੁੱਕੀ ਹੈ, ਜੋ ਕਿ ਹਰ ਗੁਜ਼ਰਦੇ ਪਲ ਵਧਦੀ ਜਾ ਰਹੀ ਹੈ। ਇਸੇ ਦਰਾੜ ਅਤੇ ਸਪੇਸ ਦੀ ਭਰਪਾਈ ਵਿੱਚੋਂ ਇਹ ਗੈਰ ਵਿਗਿਆਨਿਕ 'ਰਾਮਦੇਵ-ਪੁਣਾ' ਇਲਾਜ ਪ੍ਰਣਾਲੀ ਨੂੰ ਪੈਰ-ਪਸਾਰਨ ਲਈ ਜਗਾ ਮਿਲ ਰਹੀ ਹੈ।

ਇਹ ਗੱਲ ਵਿਸ਼ਵਾਸ ਨਾਲ ਆਖੀ ਜਾ ਸਕਦੀ ਹੈ ਕਿ ਜੇਕਰ ਡਾਕਟਰ ਆਸਾਨੀ ਨਾਲ ਮਿਲੇ, ਤਸੱਲੀ ਨਾਲ ਪੂਰੀ ਗੱਲਬਾਤ ਸੁਣੇ ਅਤੇ ਇਲਾਜ ਮੁਫ਼ਤ ਜਾਂ ਸਸਤਾ ਹੋਵੇ ਤਾਂ ਮਰੀਜ਼ ਨੀਮ-ਹਕੀਮਾਂ ਦੀਆਂ ਹੱਟੀਆਂ ਨੂੰ ਤਰਜੀਹ ਨਹੀਂ ਦੇਣਗੇ। ਰਾਮਦੇਵ-ਨੁਮਾ ਨੀਮ-ਹਕੀਮ ਇੱਕ ਮਿੱਠੀ ਗੋਲੀ ਜਾਂ ਲਾਰੇ-ਲੱਪੇ ਵਾਲੇ 'ਪਲੇਸੀਬੋ ਪ੍ਰਭਾਵ' ਨਾਲ ਮਰੀਜ਼ ਨਾਲ ਖੇਡਦੇ ਹਨ। ਪਲੇਸੀਬੋ ਇੱਕ ਤਰਾਂ ਦੀ ਡੰਮੀ ਦਖਲਅੰਦਾਜ਼ੀ ਹੁੰਦੀ ਹੈ। ਫਾਂਡਾ-ਤਬੀਤ ਅਤੇ ਹੋਰ ਗੈਰ-ਰਵਾਇਤੀ ਇਲਾਜ ਵਿੱਚ ਪਲੇਸੀਬੋ ਪ੍ਰਮੁੱਖ ਅਤੇ ਅਕਸਰ ਇਕੱਲਾ ਪਹਿਲੂ ਹੁੰਦਾ ਹੈ। ਇਹਨਾਂ ਦੇ 'ਡਾਕਟਰ' ਮਰੀਜ਼ ਨੂੰ ਪੂਰੀ ਹਮਦਰਦੀ ਦਿਖਾਉਂਦੇ ਹੋਏ ਖੁੱਲਾ ਟਾਈਮ ਦਿੰਦੇ ਹਨ, ਜੋ ਗੱਲ ਮਰੀਜ਼ ਸੁਣਨਾ ਚਾਹੁੰਦਾ ਹੈ, ਉਹ ਸੁਣਾਉਂਦੇ ਹਨ ਅਤੇ 'ਸ਼ਰਤੀਆ' 'ਜੜੋਂ ਖ਼ਤਮ' '100% ਸਹੀ' ਵਰਗੇ ਅਲੰਕਾਰ ਵਰਤਦੇ ਹੋਏ ਆਪਣੇ ਵਿਲੱਖਣ ਡਰਾਮੇ ਨਾਲ ਪਲੇਸਬੋ ਪ੍ਰਭਾਵਾਂ ਨੂੰ ਵਧਾਉਂਦੇ ਹਨ ਜੋ ਕਿ ਕਦੇ ਮਰੀਜ਼ ਨੂੰ ਆਰਾਮ ਪਹੁੰਚਾਉਂਦੇ ਹਨ ਅਤੇ ਕਦੇ ਜਾਨਲੇਵਾ ਗੁੰਝਲਦਾਰ ਸਮੱਸਿਆਵਾਂ ਵੀ ਪੈਦਾ ਕਰ ਦਿੰਦੇ ਹਨ। ਕਈ ਵਾਰ ਮਰੀਜ਼ ਕੁਦਰਤੀ ਰਿਕਵਰੀ ਜਾਂ ਕਿਸੇ ਬਿਮਾਰੀ ਦੀ ਚੱਕਰਵਾਤੀ ਪ੍ਰਕਿਰਤੀ (ਰਿਗਰੈਸ਼ਨ ਭੁਲੇਖੇ) ਕਰਕੇ ਵੀ ਖੁਦ-ਬ-ਖੁਦ ਹੀ ਠੀਕ ਹੋ ਜਾਂਦਾ ਹੈ। ਜਾਂ ਕਦੀ ਇਹ ਸੰਭਾਵਨਾ ਕਿ ਵਿਅਕਤੀ ਨੂੰ ਅਸਲ ਵਿੱਚ ਕਦੇ ਵੀ ਕੋਈ ਸੱਚੀ ਬਿਮਾਰੀ ਹੈ ਹੀ ਨਹੀਂ ਸੀ - ਵੀ ਲੱਛਣ ਰਹਿਤ ਹੋ ਜਾਣ ਦਾ ਕਾਰਨ ਬਣ ਸਕਦਾ ਹੈ। ਰਾਮਦੇਵ-ਪੁਣਾ ਇਨਾਂ ਤਿੰਨਾਂ ਕਾਰਕਾਂ ਨੂੰ ਕੈਸ਼ ਕਰਕੇ ਮਰੀਜ਼ਾਂ ਨੂੰ ਭਰਮਾਉਂਦਾ ਹੈ। ਉੱਧਰ ਸਰਕਾਰ ਖੁਦ ਇਹ ਭਰਮ-ਭੁਲੇਖੇ ਵਾਲੀਆਂ ਪੱਦਤੀਆਂ ਨੂੰ ਪ੍ਰਮੋਟ ਕਰਦੀ ਹੈ। ਵਿਗਿਆਨ ਤੋਂ ਕੋਹਾ ਦੂਰ ਇਹਨਾਂ ਪੈਥੀਆਂ ਦੀ ਭਾਰਤ ਸਰਕਾਰ ਵਿੱਚ ਬਕਾਇਦਾ ਇੱਕ ਮਨਿਸਟਰੀ ਹੈ, 'ਬੇਟੀ ਪੜਾਓ- ਬੇਟੀ ਬਚਾਓ' ਦੇ ਨਾਅਰੇ ਮਾਰਦੀ ਮੌਜੂਦਾ ਭਾਰਤ ਸਰਕਾਰ ਦੀਆਂ ਅੱਖਾਂ ਦਾ ਤਾਰਾ ਲਾਲਾ ਰਾਮਦੇਵ ਸ਼ਰੇਆਮ 'ਮੁੰਡਾ ਹੋਣ ਦੀ ਸ਼ਰਤੀਆਂ ਦਵਾਈ- ਪੁੱਤਰਜੀਵਕ ਬੀਜ' ਵੇਚਦਾ ਰਿਹਾ ਹੈ। ਕੋਰੋਨਾ ਦੇ ਸ਼ਰਤੀਆ ਇਲਾਜ ਦੀ ਦਵਾਈ 'ਕੋਰੋਨਿਲ' ਵੇਚਣ ਵਾਲੇ ਇਹ ਲਾਲਾ ਜੀ ਹਰਿਆਣਾ ਦੀ ਖੱਟਰ ਸਰਕਾਰ ਦੇ ਬ੍ਰਾਂਡ ਅੰਬੈਸਡਰ ਵੀ ਰਹਿ ਚੁੱਕੇ ਹਨ। ਬਾਬਾ ਰਾਮਦੇਵ ਆਪਣੇ ਐਲੋਪੈਥੀ ਵਿਰੋਧੀ ਹਮਲਿਆਂ ਵਿੱਚ ਐਲੋਪੈਥੀ ਦੇ ਸ਼ਬਦਾਂ ਦੀ ਵਰਤੋਂ ਕਰਦਾ ਹੈ ਕਿਉਂਕਿ ਆਯੁਰਵੇਦ ਦੇ ਸ਼ਬਦ ਕੋਸ਼ ਵਿੱਚ ਇਹ ਬਿਮਾਰੀਆਂ ਹੀ ਨਹੀਂ ਹਨ। ਇਹ ਹਾਸੋ-ਹੀਣਾ ਅਤੇ ਨੈਤਿਕ ਤੌਰ 'ਤੇ ਬੇਈਮਾਨੀ ਹੈ। ਇਹ ਇੱਕ ਕੌੜਾ ਸੱਚ ਹੈ ਕਿ ਸਾਡੇ ਪੁਰਾਤਨ ਲੋਕ ਮਨੁੱਖੀ ਸਰੀਰ ਅਤੇ ਇਸਦੇ ਰੋਗ ਵਿਗਿਆਨ ਬਾਰੇ ਅੱਜ ਦੇ ਮੁਕਾਬਲੇ ਬਹੁਤ ਘੱਟ ਜਾਣਦੇ ਸਨ। ਛੋਟੀ ਜਿਹੀ ਮਿਸਾਲ ਦੇ ਤੌਰ 'ਤੇ ਉਨਾਂ ਨੂੰ ਇਹ ਪਤਾ ਹੀ ਨਹੀਂ ਸੀ ਕਿ ਸਾਡੇ ਸਰੀਰ ਵਿੱਚ ਖੂਨ ਦਾ ਸੰਚਾਰ ਕਿਵੇਂ ਹੁੰਦਾ ਹੈ, ਹਾਈਪਰਟੈਨਸ਼ਨ ਦੀ ਗੱਲ ਤਾਂ ਛੱਡੋ। ਵਿਲੀਅਮ ਹਾਰਵੇ (1578-1657) ਨਾਂ ਦੇ ਅੰਗਰੇਜ਼ ਡਾਕਟਰ ਨੇ ਇਸ ਵਰਤਾਰੇ ਦੀ ਖੋਜ ਕੀਤੀ ਸੀ। ਖ਼ੈਰ ਐਲੋਪੈਥੀ ਨੇ ਬਹੁਤ ਗਹਿਰੇ, ਸੂਖਮ, ਮਿਹਨਤ ਅਤੇ ਕੁਰਬਾਨੀਆਂ ਭਰੇ ਅਧਿਐਨ ਰਾਹੀ ਇਸ ਵਿਗਿਆਨ ਬਾਰੇ ਸਮਝ ਬਣਾਈ ਅਤੇ ਇਸ ਨੂੰ ਪ੍ਰਭਾਵਿਤ ਕਰਨ ਵਾਲੀਆਂ ਬਿਮਾਰੀਆਂ ਦਾ ਇਲਾਜ ਲੱਭਿਆ ਹੈ, ਜੋ ਕਿ ਨਿਰੰਤਰ ਵਿਕਸਤ ਹੋ ਰਿਹਾ ਹੈ।

ਦੂਜੀ ਗੱਲ ਕਾਨੂੰਨ ਦੀ-ਇੰਡੀਅਨ ਮੈਡੀਕਲ ਕੌਂਸਲ ਨੇ ਆਪਣੇ ਪ੍ਰੋਫੈਸ਼ਨਲ ਕੰਡਕਟ, ਐਟਿਕਟ ਐਂਡ ਐਥਿਕਸ ਰੈਗੂਲੇਸ਼ਨਜ਼ 2002 (ਰੈਗੂਲੇਸ਼ਨ 6.1.1, ਚੈਪਟਰ 6) ਵਿੱਚ ਜ਼ਿਕਰ ਕੀਤਾ ਹੈ, 'ਕਿਸੇ ਡਾਕਟਰ ਦੁਆਰਾ, ਡਾਕਟਰਾਂ ਦੇ ਇੱਕ ਸਮੂਹ ਦੁਆਰਾ ਜਾਂ ਸੰਸਥਾਵਾਂ ਦੁਆਰਾ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਮਰੀਜ਼ਾਂ ਦੀ ਮੰਗ ਕਰਨਾ ਅਨੈਤਿਕ ਹੈ। ਇੱਕ ਚਿਕਿਤਸਕ ਉਸ ਨੂੰ ਜਾਂ ਉਸਦੇ ਨਾਮ ਦੀ ਕਿਸੇ ਵੀ ਰੂਪ ਜਾਂ ਢੰਗ ਨਾਲ ਇਸ਼ਤਿਹਾਰਬਾਜ਼ੀ ਜਾਂ ਪ੍ਰਚਾਰ ਦੇ ਵਿਸ਼ੇ ਵਜੋਂ ਵਰਤੋਂ ਨਹੀਂ ਕਰ ਸਕਦਾ। ਬਾਬਾ ਰਾਮਦੇਵ ਇਨਾਂ ਦਿਸ਼ਾ-ਨਿਰਦੇਸ਼ਾਂ ਦੀ ਲਗਾਤਾਰ ਉਲੰਘਣਾ ਕਰ ਰਿਹਾ ਹੈ। ਪਰ ਸਰਕਾਰੀ ਬਾਬੇ ਦੇ ਸੱਤ ਖੂਨ ਮਾਫ਼, ਮੌਜੂਦਾ ਨਿਜ਼ਾਮ ਵਿੱਚ ਸਭ ਨਿਯਮ-ਕਾਨੂੰਨ, ਸਜ਼ਾ-ਪਾਬੰਦੀਆਂ ਵੱਖੋ-ਵੱਖਰੇ ਧਰਮਾਂ, ਫਿਰਕਿਆਂ ਅਤੇ ਜਾਤਾਂ ਲਈ ਵੱਖੋ-ਵੱਖਰੀਆਂ ਹਨ।

ਯੋਗ ਇੱਕ ਕਿਸਮ ਦੀ ਕਸਰਤ ਹੈ ਜੋ ਕਿ ਚੰਗੇ ਭੋਜਨ, ਚੰਗੇ ਵਾਤਾਵਰਣ, ਚੰਗੀਆਂ ਆਦਤਾਂ ਵਾਂਗ ਮਨੁੱਖੀ ਸਿਹਤ ਲਈ ਫਾਇਦੇਮੰਦ ਹੈ। ਇਸ ਵਿੱਚ ਕੋਈ ਸ਼ੱਕ ਹੀ ਨਹੀਂ। ਯੋਗਾ ਠੀਕ ਹੈ, ਧੋਖਾਧੜੀ ਨਹੀਂ ਹੈ। ਗੈਰ-ਪ੍ਰਮਾਣਿਤ ਇਲਾਜਾਂ ਦੇ ਅਤਿਕਥਨੀ ਵਾਲੇ ਦਾਅਵੇ ਅਤੇ ਪ੍ਰਚਾਰ ਅਨੈਤਿਕ ਅਤੇ ਗੈਰ-ਕਾਨੂੰਨੀ ਹਨ। ਪਰ, ਜਿਵੇਂ ਪਰਚਾਰਿਆਂ ਜਾ ਰਿਹਾ ਹੈ ਕਿ ਯੋਗ ਹਰ ਮਰਜ਼ ਦੀ ਸੰਜੀਵਨੀ ਹੈ, ਇਹ ਗੱਲ ਗ਼ੈਰ ਵਿਗਿਆਨਿਕ ਅਤੇ ਹਾਸੋ-ਹੀਣੀ ਹੈ। ਇਸੇ ਤਰਾਂ 'ਕਾੜਿਆਂ' ਵਿੱਚ ਕੁਝ ਵੀ ਗਲਤ ਨਹੀਂ ਹੈ ਪਰ ਕਾੜਿਆਂ ਨੂੰ ਇੱਕ ਅੰਮ੍ਰਿਤ ਦੇ ਰੂਪ ਵਿੱਚ ਮੰਨਣਾ ਅਤੇ ਪ੍ਰਚਾਰਨਾ ਗੈਰ-ਵਿਗਿਆਨਕ ਸੁਭਾਅ ਨੂੰ ਉਤਸ਼ਾਹਿਤ ਕਰਨ ਦੇ ਬਰਾਬਰ ਹੈ। ਜਿੱਥੇ ਰਾਮਦੇਵ-ਪੁਣਾ ਬਹੁਤ ਪਿਛੋਕੜਾ ਅਤੇ ਗੈਰਵਿਗਿਆਨਿਕ ਹੈ, ਉੱਥੇ ਐਲੋਪੈਥੀ ਵੀ ਵਿਗਿਆਨ ਉੱਤੇ ਸਰਮਾਏ ਦੇ ਕਾਲੇ ਪਰਛਾਵੇਂ ਹੇਠ ਘਿਰੀ ਅਨੇਕਾਂ ਸਮੱਸਿਆਵਾਂ ਨਾਲ ਜੂਝ ਰਹੀ ਹੈ। ਪਰ, ਜਿਵੇਂ ਹਰ ਪੱਦਤੀ ਦੇ ਮਾਹਿਰ ਨੂੰ ਆਪਣਾ ਨੁਸਖ਼ਾ ਮਰੀਜ਼ ਨੂੰ ਦੇਣ ਦੀ ਅਜ਼ਾਦੀ ਹੈ, ਉਵੇਂ ਹੀ ਹਰ ਮਰੀਜ਼ ਨੂੰ ਵੀ ਆਪਣੇ ਇਲਾਜ ਦਾ ਤਰੀਕਾ ਖੁਦ ਚੁਣਨ ਦਾ ਹੱਕ ਹੈ। ਜੇਕਰ ਕੋਈ ਕੂੜ-ਪ੍ਰਚਾਰ ਅਤੇ ਭਰਮਜਾਲ ਬੁਣਕੇ ਮਰੀਜ਼ ਦੀ ਜ਼ਿੰਦਗੀ ਨੂੰ ਜੋਖ਼ਮ ਵਿੱਚ ਪਾਉਂਦਾ ਹੈ ਜਾਂ ਫਿਰ ਉਸ ਉੱਤੇ ਆਪਣੀ ਦੁਕਾਨਦਾਰੀ ਲੱਦਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਇਹ ਸਰਾਸਰ ਗ਼ਲਤ ਅਤੇ ਅਨੈਤਿਕ ਕਦਮ ਹੈ, ਚਾਹੇ ਉਸ ਨੂੰ ਐਲੋਪੈਥੀ ਜਾਂ ਫਿਰ ਰਾਮਦੇਵ-ਪੁਣਾ, ਕੋਈ ਵੀ ਚੁੱਕੇ।

# ਭਗਤੀ ਤੇ ਸ਼ਕਤੀ ਦਾ ਪ੍ਰਤੀਕ ਮੀਰੀ ਪੀਰੀ: 12 ਜੂਨ 1606



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

**ਮੀਰੀ ਪੀਰੀ ਦਿਵਸ : 21 ਜੁਲਾਈ 'ਤੇ ਵਿਸ਼ੇਸ਼**

ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿਚ ਹਮੇਸ਼ਾ ਚਰਚਾ ਦੇ ਵਿਸ਼ੇ ਰਹੇ ਹਨ। ਸਿੱਖ ਧਰਮ ਦੀ ਨੀਂਹ ਸੱਚ ਅਤੇ ਕੁਰਬਾਨੀ ਤੇ ਰੱਖੀ ਗਈ ਹੈ। ਸਿੱਖ ਗੁਰੂ ਸਾਹਿਬਾਨ ਨੇ ਜਿੱਕੇ ਬੇਗਰਜ਼ ਸੇਵਾ ਨੂੰ ਮੁਕਤੀ ਨਾਲ ਜੋੜਿਆ, ਉੱਥੇ ਲੋੜ ਪੈਣ ਤੇ ਸੀਸ ਵੀ ਭੇਟ ਕੀਤੇ ਜਾਂਦੇ ਹਨ। ਸਿੱਖ ਇਤਿਹਾਸ ਵਿਚ ਉਨਾਂ ਤਸੀਹਿਆਂ, ਕੁਰਬਾਨੀਆਂ ਤੇ ਸ਼ਹੀਦੀਆਂ ਦੀ ਲੰਬੀ ਦਾਸਤਾਨ ਹੈ। ਜੋ ਗੁਰੂ ਸਾਹਿਬਾਨ ਅਤੇ ਅਨੇਕਾਂ ਸਿੰਘ ਸਿੰਘਣੀਆਂ ਅਤੇ ਭੁਜੰਗੀਆਂ ਵੱਲੋਂ ਹੱਸ ਹੱਸ ਕੇ ਪ੍ਰਾਪਤ ਕੀਤੀਆਂ ਗਈਆਂ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗਰੀਬ, ਨਿਤਾਣੇ, ਦਬੇ-ਕੁਚਲੇ ਨਿਕੰਮੇ ਕਹੇ ਜਾਣ ਵਾਲੇ ਸਿੰਘਾਂ ਵਿਚ ਸਿੱਖੀ ਦਾ ਅਜਿਹਾ ਜਜ਼ਬਾ ਭਰਿਆ ਕਿ ਉਹ ਸਵੈ ਮਾਣ, ਸਵੈ ਰੱਖਿਆ ਲਈ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਧਰਮੀ ਖਾਲਸਾ ਫੌਜੀ ਹੋ ਨਿਬੜੇ। ਕੇਵਲ ਨਿਸ਼ਾਨਾ ਅਜਿਹੇ ਰਾਜ ਦੀ ਪ੍ਰਾਪਤੀ ਦਾ ਰਿਹਾ ਜਿਸ ਵਿਚ ਧਰਮ ਅਤੇ ਰਾਜਨੀਤੀ ਦਾ ਸੰਯੋਗ ਹੋਵੇ। ਧਰਮ ਅਤੇ ਰਾਜਨੀਤੀ ਇਕ ਦੂਜੇ ਦੇ ਪੂਰਕ ਹਨ। ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹੋਏ ਵੀ ਸਮਤਲ ਵਿਚ ਰਹਿਣ ਤਾਂ ਸੰਸਾਰ ਵਿਚ ਉੱਨਤੀ ਅਤੇ ਅਮਨ ਕਾਇਮ ਰਹਿੰਦਾ ਹੈ।

ਕੁਰਬਾਨੀ ਜਜਬੇ ਦੇ ਮੀਰੀ ਗਣ ਦੁਨਿਆਵੀ ਸੋਝੀ ਸ਼ਕਤੀ ਅਤੇ ਤਾਕਤ ਦੇ ਨਾਲ ਨਾਲ ਅਧਿਆਤਮਕਦਾ ਦੇ ਪੀਰੀ ਗੁਣਾਂ ਤੋਂ ਮੀਰੀ-ਪੀਰੀ ਦੀ ਭਾਵਨਾ ਜਾਗ੍ਰਿਤ ਹੁੰਦੀ ਹੈ। ਮੁਗਲ ਹਾਕਮਾਂ ਨੇ ਜਬਰੀ ਧਰਮ ਪਰਿਵਰਤਨ ਲਈ ਪਰਜਾ ਤੇ ਬੜੇ ਜ਼ੁਲਮ ਢਾਹੇ। ਅਜਿਹੇ ਸਤਾਏ ਲੋਕਾਂ ਵਿਚ ਲੜ ਜੂਝ ਮਰ ਕੇ ਜਬਰ ਦਾ ਨਾਸ਼ ਕਰਨ ਦੀ ਭਾਵਨਾ ਪ੍ਰਗਟ ਹੁੰਦੀ ਹੈ। ਸਿੰਘਾਂ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਇਤਨੇ ਅਣਮਨੁੱਖੀ ਤਸੀਹੇ ਤਨ ਤੇ ਹੰਢਾਏ ਕਿ ਜ਼ੁਲਮਾਂ ਦੇ ਥੰਮ ਹਿਲਾ ਦਿੱਤੇ।

ਪੀਰੀ ਤੋਂ ਭਾਵ ਹੈ ਨਿਰੋਲ ਅਧਿਆਤਮਕ ਜੀਵਨ ਸ਼ੈਲੀ। ਮੀਰੀ ਤੋਂ ਭਾਵ ਹੈ ਅਮੀਰ ਹੁਕਮ ਕਰਨ ਵਾਲਾ ਸੈਨਾਪਤੀ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪਣੀ ਸ਼ਖਸੀਅਤ ਨਾਲ ਮੀਰੀ ਅਤੇ ਪੀਰੀ ਨੂੰ ਜੋੜ ਲਿਆ। ਤਾਂ ਜੋ ਧਰਮ ਅਤੇ ਸ਼ਕਤੀ ਦਾ ਸੁਮੇਲ ਸਮੂਹਿਕ ਤੌਰ 'ਤੇ ਕਾਇਮ ਰਹੇ। ਗੁਰੂ ਸਾਹਿਬ ਜੀ ਨੇ ਧਰਮ ਅਤੇ ਸ਼ਕਤੀ ਦੀ ਪੂਰਤੀ ਲਈ ਦੋ ਤਲਵਾਰਾਂ ਸਜ਼ਾ ਲਈਆਂ। ਅਧਿਆਤਮਕ ਜੀਵਨ ਜਿਉਂਦੇ ਸ਼ਕਤੀ ਨੂੰ ਵੀ ਧਾਰਨ ਕਰਨਾ ਹੈ, ਬਰਕਰਾਰ ਰੱਖਣਾ ਹੈ। ਭਗਤੀ-ਮਾਰਗ ਦੇ ਨਾਲ ਨਾਲ ਸ਼ਕਤੀ ਮਾਰਗ ਨੂੰ ਵੀ ਤੋਰਿਆ। ਰੂਹਾਨੀ ਅਤੇ ਸਿਆਸੀ ਦੋਹਾਂ ਤਰਾਂ ਦੀ ਸਤਾ ਨੂੰ ਇਕ ਥਾਂ ਰੱਖਣਾ ਹੈ। ਅਨਿਆਂ, ਲੁੱਟ ਅਤੇ ਅਤਿਆਚਾਰ ਦੇ ਖਿਲਾਫ਼ ਲੜਨਾ ਹੈ। ਭਗਤੀ ਦੀ ਰੋਸ਼ਨੀ ਵਿਚ ਸ਼ਕਤੀ ਦਾ ਪ੍ਰਯੋਗ ਕਰਨ ਤੇ ਕ੍ਰਾਂਤੀ ਆਈ। ਸਿੱਖ ਲਹਿਰ ਚਲੀ ਕਿ ਸਿੱਖ ਇਕ ਸੰਤ ਸਿਪਾਹੀ ਧਾਰਮਿਕ ਯੋਧਾ ਬਣ ਜ਼ੁਲਮ ਦੇ ਵਿਰੁਧ ਜੂਝਿਆ। ਸਿੰਘਾਂ ਵਿਚ ਜਾਗ੍ਰਿਤੀ ਨਾਲ ਇਨਕਲਾਬ ਆਇਆ। ਗੁਰੂ ਸਾਹਿਬ ਜੀ ਨੇ 12 ਜੂਨ, 1606 ਨੂੰ ਮੀਰੀ ਪੀਰੀ ਨਾ ਕੌਮ ਨੂੰ ਬਕਾਇਦਾ ਹਥਿਆਰਬੰਦ ਹੋਣ ਦਾ ਐਲਾਨ ਕਰ ਦਿੱਤਾ। ਸ਼ਾਂਤ-ਰਸ ਦੇ ਨਾਲ ਨਾਲ ਬੀਰਰਸ ਵੀ ਆਣ ਰਲਿਆ। ਗੁਰੂ ਨਾਨਕ ਦੇਵ ਸਾਹਿਬ ਜੀ ਦੀ ਪਾਵਨ ਗੱਦੀ ਉਪਰ ਸਮੇਂ ਦੀ ਲੋੜ ਅਤੇ ਮਹੱਤਤਾ ਨੂੰ ਵੇਖ ਕੇ ਅਕਾਲ ਤਖਤ 'ਤੇ ਗੱਦੀ ਨਸ਼ੀਨ ਹੋਏ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਦੇਗ਼ ਤੇਗ ਦੋ ਤਲਵਾਰਾਂ ਸਜਾਉਣੀਆਂ ਸ਼ੁਰੂ ਕਰ ਦਿੱਤੀਆਂ। ਮਾਲਾ ਅਤੇ ਸੇਲੀ ਦੀ ਥਾਂ ਦੋ ਤਲਵਾਰਾਂ ਸਜਾਉਣ ਨਾਲ ਧਾਰਮਿਕ ਸਿਧਾਂਤ, ਸਿਆਸੀ ਜੱਦੋ ਜਹਿਦ ਦਾ ਸੰਘਰਸ਼ ਬਣ ਗਿਆ। ਸਿੱਖ ਸਿਧਾਂਤ ਦਾ ਨਿਸ਼ਾਨਾ ਹਰ ਮਨੁੱਖ ਦੀ ਪੂਰਨ ਆਜ਼ਾਦੀ ਬਣ ਗਿਆ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਪਣੀ ਸ਼ਹਾਦਤ ਵੇਲੇ ਇਹ ਜਾਣ ਲਿਆ ਸੀ ਕਿ ਜ਼ੁਲਮ ਦੇ ਟਾਕਰੇ ਲਈ ਹਥਿਆਰਾਂ ਦੀ ਲੋੜ ਪਵੇਗੀ। ਉਨਾਂ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਹਦਾਇਤ ਕੀਤੀ ਕਿ ਹਥਿਆਰਬੰਦ ਹੋ ਕੇ ਗੁਰਗੱਦੀ ਤੇ ਬੈਠਣਾ ਹੈ। ਸਵੈ ਰੱਖਿਆ ਲਈ ਫੌਜ ਵੀ ਰੱਖਣੀ ਹੈ। ਤਦ ਹੀ ਗੁਰੂ ਹਰਗੋਬਿੰਦ ਸਿੰਘ ਸਾਬਿਹ ਜੀ ਕੋਲ 700 ਘੋੜੇ 300 ਘੋੜ ਸਵਾਰ ਅਤੇ 60 ਤੋਪਚੀ ਹਮੇਸ਼ਾ ਤਿਆਰ ਰਹਿੰਦੇ ਸਨ। ਸੰਗਤਾਂ ਉਨਾਂ ਨੂੰ ਮੀਰੀ ਪੀਰੀ ਦੇ ਮਾਲਕ ਮੰਨਦੀਆਂ ਸਨ। ਗੁਰੂ ਸਾਹਿਬ ਜੀ ਨੇ ਸ਼ਾਸਤਰ ਨੀਤੀ ਦੇ ਨਾਲ ਸ਼ਸਤਰ ਨੀਤੀ ਲਈ ਵੀ ਅਗਵਾਈ ਕੀਤੀ। ਇਸ ਚੜਦੀ ਕਲਾ ਦੀ ਭਾਵਨਾ ਨੂੰ ਦਸਾਂ ਗੁਰੂਆਂ ਨੇ ਨੇਪਰੇ ਚਾੜਿਆ।

ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਮਾਜ ਦੀ ਦੁਰਦਸ਼ਾ ਵੇਖ ਕੇ ਜੀਵਨ ਵਿਚ ਜਪ ਤਪ ਅਤੇ ਸੰਜਮ ਵਿਚ ਰਹਿੰਦਿਆਂ ਬਦੀ ਵਿਰੁਧ ਆਵਾਜ ਉਠਾਉਣਾ ਧਰਮ ਦਾ ਫਰਜ ਦੱਸਿਆ। 'ਰਾਜੇ ਸ਼ੀਂਹ ਮੁਕੱਦਮ ਕੁੱਤੇ' ਕਹਿ ਕੇ ਸਮੇਂ ਦੇ ਹਾਕਮਾਂ ਦੇ ਜ਼ੁਲਮ ਅਨਿਆਂ ਦੀ ਨਿਖੇਧੀ ਕੀਤੀ। ਇੱਥੇ ਸੱਚ ਨਾਲ ਜੂਝਣ ਦੀ ਪ੍ਰੇਰਨਾ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਦੌਲਤ ਖਾਂ ਲੋਧੀ ਨੂੰ ਕਿਹਾ ਕਿ ਉਹ ਰੱਬ ਤੋਂ ਬਗੈਰ ਕਿਸੇ ਵੀ ਦੂਜੇ ਦੀ ਸੱਤਾ ਨੂੰ ਨਹੀਂ ਮੰਨਦੇ। ਗੁਰੂ ਅੰਗਦ ਦੇਵ ਸਾਹਿਬ ਜੀ ਨੇ ਹਿਮਾਂਯੂੰ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ।

ਜਦ ਕਈ ਮੁਸਲਮਾਨ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਪੈਰੋਕਾਰ ਬਣ ਗਏ ਤਾਂ ਮੁਗਲ ਬਾਦਸ਼ਾਹ ਕ੍ਰੋਧ ਵਿਚ ਆਇਆ ਕਿ ਉਸ ਨੇ ਗੁਰੂ ਸਾਹਿਬ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ। ਗੁਰੂ ਸਾਹਿਬ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਉਹ ਕੇਵਲ ਅਕਾਲ ਪੁਰਖ ਦੇ ਉਪਾਸ਼ਕ ਹਨ। ਰੱਬ ਤੋਂ ਬਿਨਾਂ ਕੋਈ ਹੋਰ ਬਾਦਸ਼ਾਹ ਨਹੀਂ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਅਕਾਲ ਪੁਰਖ ਦਾ ਤਖਤ ਕਾਇਮ ਕੀਤਾ। ਗੁਰੂ ਸਾਹਿਬ ਜੀ ਨੇ ਅਧਿਆਤਮਕ ਮਾਰਗ ਨੂੰ ਉਸੇ ਤਰਾਂ ਕਾਇਮ ਰੱਖਦਿਆਂ ਮੁਗਲ ਸਾਮਰਾਜ ਨੂੰ ਚੁਣੌਤੀ ਦਿੱਤੀ। ਬਾਦਸ਼ਾਹ ਦੇ ਬਰਾਬਰ ਘੋੜ ਸਵਾਰੀ ਕੀਤੀ। ਸ਼ਿਕਾਰ ਖੇਡਿਆ। ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ। ਅਦਾਲਤ ਲਗਾਈ। ਆਪ ਫੈਸਲੇ ਕੀਤੇ। ਬਕਾਇਦਾ ਫੌਜ ਸੰਗਠਤ ਕੀਤੀ। ਠਾਠ-ਬਾਠ ਨਾਲ ਰੋਜ਼ਾਨਾ ਜੀਵਨ ਵਿਚ ਵਿਚਰੇ। ਸੰਗਤ ਦੀ ਭੇਟਾ ਵਿਚ ਸੁਡੋਲ ਜਵਾਨੀਆਂ, ਚੰਗੀ ਨਸਲ ਦੇ ਘੋੜਿਆਂ ਅਤੇ ਹਥਿਆਰਾਂ ਦੀ ਮੰਗ ਕੀਤੀ। ਜੰਗ ਲੜੇ। ਭਗਤੀ ਅਤੇ ਸ਼ਕਤੀ ਨਾਲ ਲੋਕਾਂ ਵਿਚ ਹਿੰਮਤ ਹੌਂਸਲਾ ਅਤੇ ਉਤਸ਼ਾਹ ਪੈਦਾ ਕੀਤਾ।

ਸ਼ਿਵਾਜੀ ਦੇ ਗੁਰੂ ਸਮਰੱਥ ਰਾਮਦਾਸ ਨੂੰ ਸਪੱਸ਼ਟ ਕੀਤਾ ਕਿ ਅੰਤਰਮੁਖੀ ਸਾਧੂ ਹਾਂ, ਬਾਹਰ ਮੁਖੀ ਰਾਜੇ ਹਾਂ। ਸ਼ਸਤਰ ਗਰੀਬ ਦੀ ਰਾਖੀ ਅਤੇ ਅਤਿਆਚਾਰ ਦੇ ਨਾਸ਼ ਲਈ ਹਨ। ਉਨਾਂ ਗੁਰੂ ਨਾਨਕ ਸਾਹਿਬ ਜੀ ਦਾ ਸਿੱਖੀ ਸਿਧਾਂਤ ਦੱਸਿਆ ਕਿ ਗੁਰਾਂ ਨੇ ਕਿਹਾ ਕਿ ਲਾਲਚ ਨਾਲ ਦੌਲਤ ਇਕੱਠੀ ਕਰਨ ਦੀ ਮਨਾਹੀ ਹੈ ਪਰ ਕਿਸੇ ਯੋਗ ਨਿਸ਼ਾਨੇ ਲਈ ਅਤੇ ਅਤਿਆਚਾਰ ਖਤਮ ਕਰਨ ਲਈ ਤਾਕਤ ਦੀ ਵਰਤੋਂ ਕਰਨ ਦੀ ਮਨਾਹੀ ਨਹੀਂ ਸੀ ਕੀਤੀ।

ਮਨੁੱਖਤਾ ਦੇ ਭਲੇ ਅਤੇ ਧਰਮ ਦੀ ਰੱਖਿਆ ਲਈ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ 1675 ਵਿਚ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦੀ ਪ੍ਰਾਪਤ ਕੀਤੀ। ਗੁਰੂ ਅਰਜਨ ਦੇਵ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸ਼ਹੀਦੀਆਂ ਅਕਾਲ ਪੁਰਖ ਅਤੇ ਧਰਮ ਯੁੱਧ ਦੇ ਅਟੁੱਟ ਵਿਸ਼ਵਾਸ਼ ਵਿਚ ਹੋਈਆਂ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਜੰਗਾਂ ਵਿਚ ਬਹੁਤ ਸਾਰੇ ਯੋਧਿਆਂ ਨੇ ਕੁਰਬਾਨੀਆਂ ਦਿੱਤੀਆਂ। ਧਰਮ ਨਹੀਂ ਹਾਰਿਆ। ਸਿੱਖ ਲਹਿਰ ਦਾ ਨਿਸ਼ਾਨਾ ਕੇਬਲ ਮੁਗਲ ਹਕੂਮਤ ਦੇ ਧਾਰਮਿਕ ਅਤੇ ਸਿਆਸਤ ਖਿਲਾਫ਼ ਲੜਨਾ ਸੀ। ਉਪਰੰਤ ਉਸ ਤੇ ਕਾਬਜ ਹੋਣਾ ਵੀ ਸੀ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਿੱਖੀ ਭਾਵਨਾ ਨੂੰ ਹੋਰ ਬਲ ਬਖਸ਼ਿਆ ਕਿ 'ਭੈ ਕਾਹੂ ਕਉ ਦੇਤ ਨਾਹਿ, ਨਾਹਿ ਭੈ ਮਾਨਤ ਆਨ, ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਹਿ ਬਖਾਨਿ॥ ਸਿੱਖ ਗੁਰੂਆਂ ਨੇ ਸਪੱਸਟ ਕੀਤਾ ਕਿ ਪੀਰੀ ਨੂੰ ਸੰਭਾਲਣ ਲਈ ਮੀਰੀ ਦੀ ਸ਼ਕਤੀ ਦੀ ਲੋੜ ਹੈ। ਉਪਰੰਤ ਸ਼ਸਤਰ ਚੁੱਕਣੇ ਜਾਇਜ਼ ਹਨ। ਭਗਤੀ ਤੋਂ ਬਿਨਾਂ ਅਜਿਹੇ ਸ਼ਕਤੀ ਆ ਹੀ ਨਹੀਂ ਸਕਦੀ ਅਤੇ ਭਗਤੀ ਵੀ ਸ਼ਕਤੀ ਤੋਂ ਬਿਨਾਂ ਕਾਇਮ ਨਹੀਂ ਰਹਿ ਸਕਦੀ। ਇਸੇ ਪੈਰਵਾਈ ਨਾਲ ਸਿੱਖੀ ਕਾਇਮ ਹੈ।

ਇਸ ਚੜਦੀ ਕਲਾ ਦੀ ਭਾਵਨਾ ਨਾਲ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਪੂਰਨ ਸੰਤ ਸਿਪਾਹੀ ਨੂੰ ਆਪਣਾ ਖਾਸ ਰੂਪ ਮੰਨਿਆ ਜੋ ਕਹਿਣੀ ਤੇ ਕਥਨੀ ਵਿਚ ਪੱਕਾ ਹੈ। ਖ਼ਾਲਸਾ ਮੇਰੋ ਰੂਪ ਹੈ ਖਾਸ, ਖਾਸੇ ਮਹਿ, ਮਹਿ ਕਰੂੰ ਨਿਵਾਸ।' ਖ਼ਾਲਸਾ 1699 ਵਿਚ ਸਾਜਿਆ ਗਿਆ ਕਿ ਦਬਾਈ ਹੋਈ ਜਨਤਾ ਰਾਜਸੀ ਤਾਕਤ ਆਪਣੇ ਹੱਥਾਂ ਵਿਚ ਪ੍ਰਾਪਤ ਕਰੇ। ਗੁਰੂ ਸਾਹਿਬ ਜੀ ਨੇ ਸਾਰਾ ਜੀਵਨ ਪ੍ਰਮਾਤਮਾ ਦੀ ਭਗਤੀ, ਸ਼ਕਤੀ ਅਤੇ ਚੜਦੀ ਕਲਾ ਵਿਚ ਬਿਤਾਇਆ। ਸਿੱਖਾਂ ਨੇ ਜਿਹੜੇ ਵੀ ਸਿੱਕੇ ਜਾਰੀ ਕੀਤੇ ਸੀ 'ਤੇ ਉਕਰਿਆ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਦੇਗ ਤੇ ਤੇਗ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਹਾਸਲ ਕੀਤੀ ਹੈ। ਇਸ ਤਰਾਂ ਮੀਰੀ-ਪੀਰੀ ਇਕ ਦੂਜੇ ਦੇ ਪੂਰਕ ਹਨ। ਪ੍ਰੰਪਾਰਿਕ-ਬਧ ਅੰਤਰ-ਬੋਧ ਵਿਚ ਇਕ ਅਦੁੱਤੀ ਸ਼ਕਤੀ ਹੈ। ਜੋ ਇਕ ਦੂਜੇ ਤੋਂ ਬਿਨਾਂ ਅਧੂਰੀ ਹੈ।

ਬਾਕੀ ਸਫ਼ਾ 30 'ਤੇ

# ਸਿੱਖ ਇਤਿਹਾਸਕਾਰੀ ਦਾ ਵੱਡਮੁੱਲਾ ਸਰੋਤ : ਭੱਟ ਵਹੀਆਂ



ਤੇਜਿੰਦਰ ਪਾਲ ਸਿੰਘ (ਡਾ.)
ਮੋ : ੯੯੮੮੦੦੪੭੩੩

ਗੁਰੂ ਸਾਹਿਬਾਨ ਦੇ ਜੀਵਨ-ਚਰਿਤ੍ਰ ਸਾਨੂੰ ਤਿੰਨ ਪ੍ਰਕਾਰ ਦੇ ਸਰੋਤਾਂ ਤੋਂ ਪ੍ਰਾਪਤ ਹੁੰਦੇ ਹਨ। ਪਹਿਲੇ ਗੁਰਮੁਖੀ ਸਰੋਤ ਹਨ, ਦੂਜੇ ਫਾਰਸੀ ਲਿਖਤਾਂ ਹਨ, ਤੀਜਾ ਸਰੋਤ ਆਸਾਮੀ ਵਿਚ ਲਿਖੀਆਂ 'ਪਾਤਸ਼ਾਹ ਜਾਂ ਅਸਮ ਬੁਰੰਜੀਆਂ' ਹਨ, ਜਿਨਾਂ ਵਿਚ ਆਸਾਮ ਦੇ ਰਾਜਿਆਂ ਦੇ ਹਾਲ ਦੇ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਾਰੇ ਵੀ ਕੁਝ ਸਮਗਰੀ ਪ੍ਰਾਪਤ ਹੁੰਦੀ ਹੈ। ਇਨਾਂ ਤਿੰਨਾਂ ਸਰੋਤਾਂ ਵਿਚੋਂ ਵਧੇਰੇ ਪਹੁੰਚ ਵਾਲੇ ਸਰੋਤ ਗੁਰਮੁਖੀ ਸਰੋਤ ਹਨ, ਜਿਨਾਂ ਦਾ ਸਿੱਖ ਇਤਿਹਾਸਕਾਰੀ ਵਿਚ ਬਹੁਤ ਮਹਤਵ ਹੈ। ਗੁਰਮੁਖੀ ਸਰੋਤਾਂ ਵਿਚੋਂ ਕੁਝ ਸਰੋਤ ਗੁਰੂ ਸਾਹਿਬਾਨ ਦੇ ਸਮਕਾਲੀ ਹਨ ਅਤੇ ਕੁਝ ਨਿਕਟ ਸਮੇਂ ਦੇ ਅਤੇ ਬਾਕੀ ਬਾਅਦ ਦੇ ਹਨ। ਮਕਾਲੀ ਸਰੋਤਾਂ ਵਿਚੋਂ ਗੁਰੂ ਸਾਹਿਬ ਦੀ ਆਪਣੀ ਬਾਣੀ, ਉਨਾਂ ਦੁਆਰਾ ਲਿਖੇ ਹੁਕਮਨਾਮੇ ਅਤੇ ਭੱਟ ਵਹੀਆਂ ਸ਼ਾਮਿਲ ਹਨ।

ਇਸ ਪਰਚੇ ਵਿਚ ਸਾਡਾ ਪ੍ਰਯੋਜਨ ਭਟ ਵਹੀਆਂ ਬਾਰੇ ਵਾਕਫੀ ਮੁਹਈਆ ਕਰਵਾਉਣਾ ਹੈ। ਭਟ ਵਹੀਆਂ ਵਿਚ ਗੁਰੂ ਸਾਹਿਬਾਨ ਦੇ ਪ੍ਰਕਾਸ਼, ਗੁਰਿਆਈ, ਜੋਤੀ ਜੋਤਿ ਸਮਾਉਣ ਦੇ ਵੇਰਵਿਆਂ ਦੇ ਨਾਲ-ਨਾਲ ਕਈ ਅਜਿਹੀਆਂ ਘਟਨਾਵਾਂ ਬਾਰੇ ਜਾਣਕਾਰੀ ਮਿਲਦੀ ਹੈ, ਜਿਹੜੀ ਪਹਿਲਾਂ ਕਿਸੇ ਹੋਰ ਇਤਿਹਾਸਕ ਗ੍ਰੰਥ ਵਿਚ ਨਹੀਂ ਆਈ। ਵਰਨਣਯੋਗ ਹੈ ਕਿ 'ਭੱਟਾਂ' ਦਾ ਸੰਬੰਧ ਸਿੱਖ ਧਰਮ ਨਾਲ ਤੀਜੇ ਪਾਤਿਸ਼ਾਹ, ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਬਣਿਆ। ਪੰਚਮ ਪਾਤਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਅਨੇਕ ਭੱਟ ਸਿੱਖ ਬਣ ਗਏ। ਗੁਰੂ ਸਾਹਿਬਾਨ ਦੇ ਹੁਕਮਾਨੁਸਾਰ ਉਨਾਂ ਨੇ ਆਪਣਾ ਪੁਸ਼ਤੈਨੀ ਕਾਰਜ ਜਾਰੀ ਰਖਦਿਆਂ ਸਮਕਾਲੀ ਘਟਨਾਵਾਂ ਦਾ ਹਾਲ ਯਥਾ-ਸ਼ਕਤਿ ਆਪਣੀਆਂ ਵਹੀਆਂ ਵਿਚ ਦਰਜ ਕਰਦੇ ਰਹੇ। ਭੱਟ ਵਹੀਆਂ ਵਿਚ ਪ੍ਰਮੁਖ ਘਟਨਾਵਾਂ ਦਾ ਸਮਾਂ, ਸਥਾਨ ਦਾ ਸੰਕੇਤ ਦੇਣ ਤੋਂ ਇਲਾਵਾ ਹਰੇਕ ਪ੍ਰਮੁਖ ਵਿਅਕਤੀ ਦੀ ਵਲਦੀਅਤ (ਖਾਨਦਾਨ) ਬਾਰੇ ਵੀ ਵੇਰਵੇ ਮਿਲਦੇ ਹਨ। ਭੱਟ ਵਹੀਆਂ ਵਿਚ ਗੁਰੂ ਸਾਹਿਬਾਨ ਤੋਂ ਇਲਾਵਾ ਹੋਰ ਗੁਰਸਿਖਾਂ ਜਿਵੇਂ ਬਾਬਾ ਸ੍ਰੀ ਚੰਦ, ਬਾਬਾ ਬੁਢਾ ਜੀ, ਬਾਬਾ ਪ੍ਰਿਥੀ ਚੰਦ, ਭਾਈ ਗੁਰਦਾਸ ਜੀ ਦੇ ਅਕਾਲ ਚਲਾਣੇ ਅਤੇ ਬਾਬਾ ਗੁਰਦਿਤਾ, ਬਾਬਾ ਰਾਮ ਰਾਇ, ਬਾਬਾ ਮਿਹਰਵਾਨ ਆਦਿ ਦੇ ਜਨਮ ਅਤੇ ਜੋਤੀ-ਜੋਤਿ ਸਮਾਉਣ ਦੀਆਂ ਤਿਥੀਆਂ ਵੀ ਮਿਲਦੀਆਂ ਹਨ। ਇਨਾਂ ਵਹੀਆਂ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦੀਆਂ ਮੁਖ ਘਟਨਾਵਾਂ, ਹਰ ਸਾਕੇ ਦਾ ਸਮਾਂ, ਸਥਾਨ, ਸੰਮਤ ਅਤੇ ਤਿਥੀਆਂ ਸਮੇਤ ਵੇਰਵਾ ਦਿੱਤਾ ਗਿਆ ਹੈ। ਖੂਬਸੂਰਤੀ ਦੀ ਗੱਲ ਇਹ ਹੈ ਕਿ ਵਹੀਆਂ ਵਿਚ ਗੁਰੂ ਸਾਹਿਬਾਨ ਨਾਲ ਸਬੰਧਿਤ ਸਾਖੀਆਂ ਵੀ ਉਪਲਬਧ ਹੁੰਦੀਆਂ ਹਨ।

ਭੱਟ ਵਹੀਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਮੁੱਖ ਲਾਇਬ੍ਰੇਰੀ ਦੇ ਡਾ. ਗੰਡਾ ਸਿੰਘ ਰੈਫਰੈਂਸ ਸੈਕਸ਼ਨ ਵਿਚ ਫਾਈਲ ਨੰ. 28 ਅਧੀਨ ਸੁਰਖਿਅਤ ਹੈ। ਇਸ ਫਾਈਲ ਵਿਚ ਭੱਟ ਵਹੀਆਂ ਦੀ ਇਕ ਕਾਪੀ ਟਾਈਪ ਕੀਤੀ ਹੋਈ ਪ੍ਰਾਪਤ ਹੁੰਦੀ ਹੈ ਅਤੇ ਦੂਜੀ ਗਿਆਨੀ ਗਰਜਾ ਸਿੰਘ ਜੀ ਦੀ ਹੱਥ-ਲਿਖਤ ਹੈ।

### ਭੱਟ ਵਹੀਆਂ

ਭਾਈ ਕਾਨ ਸਿੰਘ ਨਾਭਾ (ਮਹਾਨ ਕੋਸ਼, ਪੰਨਾ 904) ਅਨੁਸਾਰ 'ਭੱਟ' ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ, ਉਸਤਤਿ ਪੜਨ ਵਾਲਾ ਕਾਵਿ, ਅਥਵਾ ਰਾਜ ਦਰਬਾਰ ਵਿਚ ਰਾਜਾ ਅਤੇ ਯੋਧਿਆਂ ਦਾ ਯਸ਼ ਕਹਿਣ ਵਾਲਾ। ਭੱਟ, ਅਕਸਰ ਰਾਜ ਦਰਬਾਰਾਂ ਵਿਚ ਰਹਿੰਦੇ ਸਨ ਅਤੇ ਜੁਧਾਂ ਵਿਚ ਰਾਜਿਆਂ ਦੁਆਰਾ ਪ੍ਰਾਪਤ ਕੀਤੀਆਂ ਜਿੱਤਾਂ ਦੀਆਂ ਗਾਥਾਵਾਂ, ਉਨਾਂ ਦੇ ਪੁਰਵਜਾਂ ਅਤੇ ਪ੍ਰਜਾ ਨੂੰ ਸੁਣਾਉਂਦੇ ਸਨ। ਭੱਟਾਂ ਦੇ ਪਿਛੋਕੜ ਵਲ ਝਾਤ ਮਾਰਿਆਂ ਪਤਾ ਚਲਦਾ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਭਿਖਾ ਨਾਂ ਦੇ ਭੱਟ ਨੇ ਸਿਖੀ ਧਾਰਨ ਕੀਤੀ।

ਭਟ, ਜਜਮਾਨਾਂ ਦੇ ਖੁਸ਼ੀ-ਗ਼ਮੀ ਦੇ ਮੌਕੇ 'ਤੇ ਹਾਜ਼ਰ ਹੋ ਕੇ ਵਧਾਈਆਂ ਦੇ ਕੇ ਆਪਣੀ ਲਾਗ-ਦਛਣਾ ਲੈਂਦੇ ਸਨ। ਇਹ ਉਨਾਂ ਦਾ ਇਕ ਤਰਾਂ ਨਾਲ ਰੁਜ਼ਗਾਰ ਦਾ ਸਾਧਨ ਵੀ ਸੀ। ਇਸੇ ਕਰ ਕੇ ਇਹ ਭਟ ਲੋਕ ਆਪਣੇ ਕੋਲ ਵਹੀਆਂ ਰਖਦੇ ਸਨ ਅਤੇ ਜਿਥੇ-ਕਿਤੇ ਇਹ ਜਾਂਦੇ ਸਨ, ਜਜਮਾਨਾਂ ਦੇ ਨਾਂ, ਪਤੇ ਤੇ ਬੰਸਾਵਲੀਆਂ ਨਾਲੋ-ਨਾਲ ਦਰਜ ਕਰਦੇ ਰਹਿੰਦੇ ਸਨ। ਜੇਕਰ ਕੋਈ ਖ਼ਾਸ ਘਟਨਾ ਵਾਪਰਦੀ ਤਾਂ ਇਹ ਉਸ ਦਾ ਬਿਊਰਾ ਵੀ ਅੰਕਿਤ ਕਰ ਲੈਂਦੇ। ਇਸ ਦਾ ਲਾਭ ਇਹ ਹੁੰਦਾ ਕਿ ਜਦੋਂ ਕੋਈ ਜਜਮਾਨਾਂ ਦਾ ਖ਼ਾਸ ਸਮਾਗਮ ਹੁੰਦਾ ਤਾਂ ਇਹ ਪਿਛਲੇ ਕੁਰਸੀਨਾਮੇ ਅਤੇ ਕਾਰਨਾਮੇ ਪੜ-ਸੁਣਾ ਕੇ, ਵਡੇਰਿਆਂ ਦੀਆਂ ਖ਼ਾਸ ਬੀਰਤਾਂ ਦੇ ਦਾਨ ਦੇਣ ਦੀਆਂ ਉਭਰਵੀਆਂ ਗੱਲਾਂ ਦਸ ਕੇ, ਨਵੀਂ ਪੀੜੀ ਦੇ ਮਨ ਵਿਚ ਹੁਲਾਸ ਪੈਦਾ ਕਰ ਦਿੰਦੇ, ਜਿਸ ਸਦਕਾ ਉਨਾਂ ਨੂੰ ਚੰਗਾ ਦਾਨ/ਬਖ਼ਸ਼ਿਸ਼ ਪ੍ਰਾਪਤ ਹੁੰਦੀ ਸੀ।

ਵਹੀਆਂ, ਭੱਟਾਂ ਦੇ ਜੀਵਨ ਦਾ ਅਧਾਰ ਸਨ ਅਤੇ ਇਨਾਂ ਦੀ ਬਹੁਤ ਸਾਂਭ-ਸੰਭਾਲ ਕੀਤੀ ਜਾਂਦੀ ਸੀ, ਕਿਉਂਕਿ ਇਨਾਂ ਵਿਚ ਪੀੜੀ ਦਰ ਪੀੜੀ ਅਨੇਕ ਘਰਾਣਿਆਂ ਦੇ ਮੋਟੇ-ਮੋਟੇ ਹਾਲਾਤ ਲਿਖੇ ਜਾਂਦੇ ਰਹਿੰਦੇ ਸਨ। ਇਥੇ ਇਹ ਵਰਨਣਯੋਗ ਹੈ ਕਿ ਇਹ ਭੱਟ, ਕੋਈ ਵਿਦਵਾਨ ਇਤਿਹਾਸਕਾਰ ਨਹੀਂ ਸਨ ਅਤੇ ਨਾ ਹੀ ਇਤਿਹਾਸ ਲਿਖਣਾ ਇਨਾਂ ਦਾ ਉਦੇਸ਼ ਸੀ। ਇਹ ਤਾਂ ਕੇਵਲ ਰੁਜ਼ਗਾਰ ਖਾਤਰ ਆਪਣੇ ਜਜਮਾਨ ਖਾਨਦਾਨ ਦੀਆਂ ਵਡਿਆਈਆਂ ਦੀ ਘਟਨਾਵਲੀ ਅੰਕਿਤ ਕਰਦੇ ਸਨ, ਤਾਂ ਕਿ ਸਮੇਂ ਸਿਰ ਸੁਣਾਉਣ ਲਈ ਲੋੜੀਂਦੀ ਸਮਗਰੀ ਤਿਆਰ ਰਹੇ।

ਭਟ ਇਕੱਲੇ-ਦੁਕੱਲੇ ਨਹੀਂ, ਬਲਕਿ ਟੋਲੀਆਂ ਦੇ ਰੂਪ ਵਿਚ ਵਿਚਰਦੇ ਸਨ। ਇਨਾਂ ਨੇ ਆਪੋ-ਆਪਣੇ ਇਲਾਕੇ ਵੀ ਵੰਡੇ ਹੋਏ ਸਨ ਅਤੇ ਆਪਣੇ ਹਲਕੇ ਦੇ ਜਜਮਾਨਾਂ ਕੋਲੋਂ ਹੀ ਦਾਨ ਬਖਸ਼ਿਸ਼ ਲੈਣ ਜਾਂਦੇ ਸਨ। ਇਸੇ ਕਰ ਕੇ ਇਨਾਂ ਵਹੀਆਂ ਦੇ ਨਾਮ ਇਲਾਕਿਆਂ, ਖਾਨਦਾਨਾਂ ਜਾਂ ਪਿੰਡਾਂ ਦੇ ਨਾਂ 'ਤੇ ਹਨ, ਜਿਵੇਂ ਕਿ ਭੱਟ ਵਹੀ ਮੁਲਤਾਨੀ ਸਿੰਧੀ, ਭੱਟ ਵਹੀ ਤਲਉਂਢਾ, ਭੱਟ ਵਹੀ ਕਰਸਿੰਧੂ, ਭੱਟ ਵਹੀ ਭਾਦਸੋਂ, ਭੱਟ ਵਹੀ ਪੂਰਬੀ ਦਖਣੀ, ਭੱਟ ਵਹੀ ਜਾਦੋ ਬੰਸੀਆਂ ਕੀ ਆਦਿ। ਇਹ ਭੱਟ ਵਹੀਆਂ 'ਭਟ-ਅਛਰੀ' ਲਿਪੀ ਵਿਚ ਲਿਖੀਆਂ ਜਾਂਦੀਆਂ ਸਨ। ਅਠਾਰਵੀਂ ਸਦੀ ਦੇ ਅੰਤਲੇ ਦਹਾਕੇ ਦੌਰਾਨ ਭਾਈ ਛੱਜੂ ਸਿੰਘ ਭੱਟ ਨੇ ਗੁਰੂ ਸਾਹਿਬਾਨ ਬਾਰੇ ਮਿਲਦੀਆਂ ਸਾਖੀਆਂ ਦਾ ਗੁਰਮੁਖੀ ਵਿਚ ਲਿਪੀਅੰਤਰ ਕੀਤਾ। ਕੁਝ ਸਮੇਂ ਬਾਅਦ ਗਿਆਨੀ ਗਰਜਾ ਸਿੰਘ ਜੀ ਨੇ ਇਸ ਦੇ ਉਤਾਰੇ ਦੀ ਨਕਲ ਕਰ ਕੇ ਇਸ ਅਮੁਲਕ ਖ਼ਜ਼ਾਨੇ ਨੂੰ ਸਿੱਖ ਪੰਥ ਦੀ ਝੋਲੀ ਪਾਇਆ।

ਭੱਟ ਵਹੀਆਂ ਅਜਿਹਾ ਇਤਿਹਾਸਕ ਸਰੋਤ ਹਨ, ਜਿਸ ਵਿਚ ਗੁਰੂ ਸਾਹਿਬਾਨ ਬਾਰੇ ਕੁਝ ਪ੍ਰਾਪਤ ਸੂਚਨਾਵਾਂ ਕਿਸੇ ਹੋਰ ਸਰੋਤ ਵਿਚ ਨਹੀਂ ਆਈਆਂ। ਮਿਸਾਲ ਵਜੋਂ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਗਵਾਲੀਅਰ ਦੇ ਕਿਲੇ ਵਿਚੋਂ ਰਿਹਾਅ ਹੋਣ ਬਾਰੇ ਵਿਦਵਾਨਾਂ ਵਿਚ ਮਤਭੇਦ ਹਨ। ਇਸ ਸੰਦਰਭ ਵਿਚ ਭੱਟ ਵਹੀ ਪਹਿਲੀ ਲਿਖਤ ਹੈ ਜਿਹੜੀ ਸਾਨੂੰ ਗੁਰੂ ਸਾਹਿਬ ਦੀ ਰਿਹਾਈ ਬਾਰੇ ਸਪੱਸ਼ਟ ਦਸਦੀ ਹੈ ਕਿ ਗੁਰੂ ਸਾਹਿਬ ਸੰਮਤ 1676 ਵਿਚ ਰਿਹਾਅ ਹੋਏ :

ਗੁਰੂ ਹਰਿ ਗੋਬਿੰਦ ਜੀ ਮਹਲ ਛਟਾ ਬੇਟਾ ਗੁਰੂ ਅਰਜਨ ਦੇਵ ਜੀ ਕਾ ਸੋਢੀ ਖਤ੍ਰੀ ਚਕ ਗੁਰੂ ਕਾ ਪ੍ਰਗਣਾ ਨਿਝਰਆਲਾ ਸੰਮਤ ਸੋਲਾਂ ਸੈ ਛਿਹਤ੍ਰ ਕੱਤਕ ਮਾਸੇ ਕ੍ਰਿਸ਼ਨਾ ਪਖੇ ਚੌਦਸ ਕੇ ਦਿਹੁ ਗੁਰੂ ਜੀ ਬਾਵਨ ਰਾਜਯੋਂ ਕੇ ਗੈਲ ਗੜ ਗੁਆਲੀਅਰ ਸੇ ਬੰਧਨ ਮੁਕਤ ਹੁਏ।

**(ਭੱਟ ਵਹੀ ਜਾਦੋਬੰਸੀਆਂ ਬੜਤੀਆਂ ਕੀ)**

ਇਸੇ ਤਰਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹਾੜ 1713 ਬਿ. ਵਿਚ ਤੀਰਥ ਯਾਤਰਾ 'ਤੇ ਜਾਣ ਬਾਰੇ ਭੱਟ ਵਹੀ ਵਿਚ ਬੜਾ ਕੀਮਤੀ ਹਵਾਲਾ ਮਿਲਦਾ ਹੈ ਕਿ ਉਹ ਕਦੋਂ ਗਏ ਤੇ ਉਨਾਂ ਦੇ ਨਾਲ ਕੌਣ-ਕੌਣ ਸੀ ?

ਬਾਕੀ ਸਫ਼ਾ 30 'ਤੇ

# ਸਰਦਾਰ ਨਿਹਾਲ ਸਿੰਘ ਅਟਾਰੀ

## ਸ਼ਮਸ਼ੇਰ ਸਿੰਘ ਜੇਠੂਵਾਲ

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਬਹਾਦਰ ਜਰਨੈਲ ਸਰਦਾਰ ਨਿਹਾਲ ਸਿੰਘ ਅਟਾਰੀ ਕਸੂਰ ਦੀ ਫਤਿਹ ਵਿਚ ਜੌਹਰ ਵਿਖਾਉਣ ਵਾਲੇ ਯੋਧੇ, ਜਿਨਾਂ ਨੂੰ ਮਹਾਰਾਜਾ ਸਾਹਿਬ ਵਲੋਂ ਅਜੋਕੀ ਵਾਹਗਾ ਸਰਹੱਦ ਦੇ ਇਲਾਕੇ ਵਿੱਚ ਬੇਅੰਤ ਜਗੀਰਾਂ ਭੇਟ ਕੀਤੀਆਂ।

ਮਹਾਰਾਜਾ ਰਣਜੀਤ ਸਿੰਘ ਜੀ ਸਰਦਾਰ ਨਿਹਾਲ ਸਿੰਘ ਨਾਲ ਬੇਅੰਤ ਪਿਆਰ ਕਰਦੇ ਸਨ। ਇਕ ਸਮਾਂ ਐਸਾ ਆਇਆ ਜਦੋਂ ਸਰਦਾਰ ਸਾਹਿਬ ਨੂੰ ਮਹਾਰਾਜਾ ਸਾਹਿਬ ਕਾਫੀ ਸਮਾਂ ਮਿਲੇ ਨਾ, ਪਤਾ ਕੀਤਾ ਤਾਂ ਸੁਨੇਹਾ ਪੁੱਜਾ ਕਿ ਮਹਾਰਾਜਾ ਸਾਹਿਬ ਪਿੰਡ ਵਣੀਏਕੇ ਬੁਰਜ ਵਿਚ ਬਹੁਤ ਬਿਮਾਰ ਪਏ ਹਨ ਅਤੇ ਉਨਾਂ ਦੇ ਬਚਣ ਦੀ ਕੋਈ ਆਸ ਨਹੀਂ ਹੈ, ਨੀਮ/ਹਕੀਮ ਸਭ ਵਾਹ ਲਾ ਰਹੇ ਹਨ।

ਸਰਦਾਰ ਨਿਹਾਲ ਸਿੰਘ ਮਹਾਰਾਜਾ ਸਾਹਿਬ ਨੂੰ ਵਣੀਏਕੇ ਮਿਲਣ ਪਹੁੰਚੇ। ਸ਼ੇਰਾਂ ਵਾਂਗ ਮੈਦਾਨੇ ਜੰਗ ਵਿਚ ਗੱਜਣ ਵਾਲੇ ਮਹਾਰਾਜਾ ਸਾਹਿਬ ਅੱਜ ਮੰਜੇ ਤੇ ਬੇਸੁੱਧ ਪਏ ਹਨ। ਸਰਦਾਰ ਨਿਹਾਲ ਸਿੰਘ ਜੀ ਨੇ ਹਾਲਾਤ ਵੇਖ ਕੇ ਉਨਾਂ ਮੰਜੇ ਨੇੜੇ ਬੈਠ ਗੁਰਬਾਣੀ ਪਾਠ ਸ਼ੁਰੂ ਕਰ ਦਿੱਤਾ ਲਗਾਤਾਰ ਬਾਣੀਆਂ ਪੜ ਕੇ ਮੰਜੇ ਦੇ ਦੁਆਲੇ ਪਰਿਕਰਮਾ ਕਰਕੇ ਅਰਦਾਸ ਕਰਦਿਆਂ ਕਹਿਣ ਲੱਗੇ...ਹੇ ਅਕਾਲ ਪੁਰਖ ਵਾਹਿਗੁਰੂ ਜੀ ਖਾਲਸਾ ਰਾਜ ਦੇ ਪ੍ਰਜਾਪਤੀ ਮਹਾਰਾਜਾ ਸਾਹਿਬ ਦੀ ਬਿਮਾਰੀ ਮੈਨੂੰ ਦੇ ਦਿਓ, ਕ੍ਰਿਪਾ ਕਰਕੇ ਇਨਾਂ ਨੂੰ ਤੰਦਰੁਸਤੀ ਬਖਸ਼ ਦਿਓ।

ਉਸੇ ਦਿਨ ਸ਼ਾਮ ਨੂੰ ਅਟਾਰੀ ਆਣਕੇ ਸਰਦਾਰ ਨਿਹਾਲ ਸਿੰਘ ਜੀ ਬੀਮਾਰ ਪੈ ਗਏ ਅਤੇ ਮਹਾਰਾਜ ਰਣਜੀਤ ਸਿੰਘ ਜੀ ਦੀ ਸਿਹਤ ਵਿਚ ਸੁਧਾਰ ਆਉਣ ਲੱਗਾ। ਜਿਸ ਦਿਨ ਮਹਾਰਾਜਾ ਸਾਹਿਬ ਨੇ ਤੰਦਰੁਸਤੀ ਦਾ ਇਸ਼ਨਾਨ ਕੀਤਾ ਉਸੇ ਦਿਨ ਸਰਦਾਰ ਨਿਹਾਲ ਸਿੰਘ ਅਕਾਲ ਚਲਾਣਾ ਕਰ ਗਏ।

ਸਰਦਾਰ ਨਿਹਾਲ ਸਿੰਘ ਜੀ ਦੀ ਕੁਰਬਾਨੀ ਵੇਖ ਉਨਾਂ ਦੇ ਸਪੁੱਤਰ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਿਆਂ ਨੂੰ ਫੌਜ ਵਿਚ ਜਰਨੈਲ ਭਰਤੀ ਕਰ ਲਿਆ ਗਿਆ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਵਲੋਂ ਸਰਦਾਰ ਨਿਹਾਲ ਸਿੰਘ





ਜੀ ਦੀ ਪਵਿੱਤਰ ਯਾਦ ਵਿਚ ਅਟਾਰੀ ਵਿਖੇ ਇਕ ਸ਼ਾਨਦਾਰ ਸਮਾਧ ਜੀ ਉਸਾਰੀ ਕਰਵਾਈ ਜੋ ਅੱਜ ਵੀ ਮੌਜੂਦ ਹੈ, ਜਿਸ ਤੇ ਇਹ ਇਤਿਹਾਸ ਉਨਾਂ ਆਪਣੀ ਹਯਾਤੀ ਵਿਚ ਲਿਖਵਾਇਆ ਹੈ। ਜਿਥੇ ਹਰ ਸ਼ਰਧਾਵਾਨ ਸਿੱਖ ਦਾ ਸਿਰ ਸਰਦਾਰ ਨਿਹਾਲ ਸਿੰਘ ਜੀ ਵਰਗੇ ਰਾਜਯੋਗੀ ਮਹਾਂਪੁਰਸ਼ਾਂ ਅੱਗੇ ਸਿਰ ਝੁਕਦਾ ਹੈ। ਸਿੱਖ ਰਾਜ ਨੇ ਇਸ ਇਤਿਹਾਸ ਨੂੰ ਸ੍ਰਵਣ ਕਰਕੇ ਅਗਾਧ ਬੋਧ ਅਕਾਲ ਪੁਰਖ ਵਾਹਿਗੁਰੂ ਜੀ ਦੀ ਅਪਾਰ ਬਖਸ਼ਿਸ਼ ਮਹਿਮਾ ਦਾ ਭੇਦ ਪ੍ਰਗਟ ਹੁੰਦਾ ਹੈ।

ਅੱਜ ਈਸਾਈ ਪਾਸਟਰਾਂ ਵਲੋਂ ਚਮਤਕਾਰਾਂ ਦੇ ਨਾਮ ਤੇ ਪੰਜਾਬ ਦੀ ਧਰਤੀ ਤੇ ਸਰਦਾਰ ਨਿਹਾਲ ਸਿੰਘ ਵਰਗੇ ਸਰਦਾਰਾਂ ਦੇ ਇਲਾਕੇ ਵਿਚ ਸਿੱਖਾਂ ਦਾ ਵੱਡੀ ਪੱਧਰ ਤੇ ਧਰਮ ਤਬਦੀਲ ਕਰਵਾਇਆ ਜਾ ਰਿਹਾ ਹੈ। ਪਿਛਲੇ ਦਿਨੀਂ ਪਾਸਟਰ ਅੰਕੁਰ ਨਰੂਲਾ ਵਲੋਂ ਅੰਮ੍ਰਿਤਸਰ ਦੀ ਧਰਤ 'ਤੇ ਹਜਾਰਾਂ ਲੋਕਾਂ ਦੇ ਇਕੱਠ ਨੂੰ 'ਕਰੂਸੈਡ' ਦਾ ਨਾਮ ਦਿੱਤਾ, ਜਿਸ ਨੂੰ ਸਿੱਖ ਮੀਡੀਆ ਵਲੋਂ ਇਕ ਚੈਲੰਜ ਵਜੋਂ ਕੌਮ ਸਾਹਮਣੇ ਰਖਿਆ ਗਿਆ।

ਪਰ ਮੇਰਾ ਨੁਕਤਾ ਇਥੇ ਧਰਮ ਪਰਿਵਰਤਨ ਦੀ ਬੀਮਾਰੀ ਦੀ ਜੜ ਲੱਭਣ ਵੱਲ ਹੈ, ਜੇਕਰ ਈਮਾਨਦਾਰੀ ਨਾਲ ਮੰਥਨ ਕੀਤਾ ਜਾਵੇ ਤਾਂ ਬਰਾਬਰ ਦੇ ਕਸੂਰਵਾਰ ਅਸੀ ਸਿੱਖ ਅਖਵਾਉਣ ਵਾਲੇ ਵੀ ਹਾਂ...ਸਾਡੇ ਵਿਚ ਘੁਸਪੈਠ ਕਰ ਚੁੱਕੇ ਨਾਸਤਿਕ ਪ੍ਰਚਾਰਕ ਮਹਾਰਾਜ ਸਾਹਿਬ ਜੀ ਦੀ ਹਜੂਰੀ ਵਿਚ ਬੈਠ ਗੁਰੂਕਾਲ ਸਮੇਂ ਬੰਦਗੀ ਦੇ ਪ੍ਰਤਾਪ ਨਾਲ ਵਾਪਰੇ ਅਨੇਕਾਂ ਚਮਤਕਾਰਾਂ ਨੂੰ ਆਪ ਹੀ ਰੱਦ ਕਰ ਰਹੇ ਹਨ...ਜੇਕਰ ਕੌਮ ਦੇ ਜਥੇਦਾਰ ਜਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਤੱਕ ਗੁਰਬਾਣੀ ਕਥਾ ਦੌਰਾਨ ਕੋਈ ਐਸੀ ਵਾਰਤਾ ਸਾਂਝੀ ਕਰਨ ਤਾਂ ਨਿੰਦਕ ਸ਼੍ਰੇਣੀ ਹਾਲ ਦੁਹਾਈ ਪਾ ਦਿੰਦੀ ਹੈ, ਪਰ ਦੂਜੇ ਪਾਸੇ ਝੂਠ ਅਤੇ ਐਕਟਿੰਗ ਦੇ ਚਮਤਕਾਰਾਂ ਨਾਲ ਅਜੋਕੇ ਪਾਸਟਰ ਸਾਡੇ ਭਰਾਵਾਂ ਦਾ ਧਰਮ ਤਬਦੀਲ ਕਰਵਾ ਰਹੇ ਹਨ ਕਸੂਰਵਾਰ ਕੌਣ ਹੈ....?

ਗੁਰਬਾਣੀ, ਇਤਿਹਾਸ ਕਰਾਮਾਤਾਂ ਦੀ ਨਿੰਦਾ ਕਰਨ ਵਾਲੇ ਜਿਆਦਾਤਰ ਭੇਖੀ ਪ੍ਰਚਾਰਕ ਖੁੱਦ ਤਾਂ ਵਿਦੇਸ਼ਾਂ ਦੀਆਂ ਸੈਰਾਂ ਕਰਕੇ ਡਾਲਰ, ਪੌਂਡ ਇਕੱਠੇ ਕਰ ਰਹੇ ਹਨ, ਉਥੇ ਦੂਜੇ ਪਾਸੇ ਪੰਜਾਬ ਦੀ ਧਰਤੀ ਤੇ ਸੰਗਤ ਨੂੰ ਜੋੜੀ ਰੱਖਣ ਵਾਲੇ ਸਾਧੂ ਸੰਤਾਂ ਦੀ ਘੋਰ ਨਿੰਦਿਆ ਕਰਦੇ ਹਨ। ਇਨਾਂ ਸਾਰਿਆਂ ਨਿੰਦਕਾਂ 'ਚੋਂ ਇਕ ਵਿਚ ਵੀ ਦਮ ਨਹੀਂ ਉਹ ਸਰਦਾਰ ਨਿਹਾਲ ਸਿੰਘ ਅਟਾਰੀ ਵਰਗੇ ਗੁਰਮੁਖਾਂ ਦੀ ਕਰਣੀ ਨੂੰ ਨਾਕਾਰ ਸਕਣ।

ਪਰ ਅਫਸੋਸ ਉਦੋਂ ਹੁੰਦਾ ਜਦੋਂ ਧਰਮ ਪ੍ਰਚਾਰ ਕਰਨ ਵਾਲੇ ਮੌਡਰਨ ਕਾਲਜਾਂ ਵਿਚੋਂ ਪੜੇ ਸੱਜਣ ਵੀ ਸਮਾਂ ਵੇਖ ਕੇ ਚੱਲਦੇ ਹਨ। ਉਨਾਂ ਦੇ ਅੰਦਰ ਸਿੱਖ ਸੰਪ੍ਰਦਾਵਾਂ ਵਾਲਾ ਪੁਰਾਤਨ ਜਜ਼ਬਾ ਵਿਸ਼ਵਾਸ਼ ਨਹੀ ਰਿਹਾ, ਜਿਆਦਾਤਰ ਪ੍ਰਚਾਰਕ ਖੁੱਦ ਡਬਲਮਾਈਂਡਡ ਹਨ।

ਸਿੱਖਾਂ ਨੂੰ ਦਮਦਮੀ ਟਕਸਾਲ ਦੇ ਤੇਰਵੇਂ ਮੁਖੀ ਸੰਤ ਕਰਤਾਰ ਸਿੰਘ ਭਿੰਡਰਾਂਵਾਲਿਆਂ ਦੀ ਇਕ ਗੱਲ ਯਾਦ ਰੱਖਣੀ ਚਾਹੀਦੀ ਹੈ। ਸੰਤ ਕਿਹਾ ਕਰਦੇ ਸਨ। ਤੁਸੀਂ ਕਿਸੇ ਲਕੀਰ ਨੂੰ ਮੇਟਣ ਦੀ ਬਜਾਏ ਉਸ ਦੇ ਲਾਗੇ ਵੱਡੀ ਲੀਕ ਮਾਰ ਦਿਓ।

## ਇਤਿਹਾਸ ਬਾਰੇ ਜਾਣਕਾਰੀ



ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ

### ਆਓ ਜਾਣੀਏ ਪੈਪਸੂ ਬਾਰੇ ਮਹੱਤਵਪੂਰਨ ਜਾਣਕਾਰੀ -15 ਜੁਲਾਈ ੧੯੪੮ ਨੂੰ ਹੋਂਦ ਵਿੱਚ ਆਇਆ

1. ਪੈਪਸੂ ਕਦੋਂ ਹੋਂਦ ਵਿੱਚ ਆਇਆ ਸੀ?- 15 ਜੁਲਾਈ 1948
2. ਪੈਪਸੂ ਦੀਆਂ ਕਿੰਨੀਆਂ ਰਿਆਸਤਾਂ ਸਨ?-8 ਰਿਆਸਤਾਂ
3. ਅੱਠ ਰਿਆਸਤਾਂ ਕਿਹੜੀਆਂ ਸਨ?-ਪਟਿਆਲਾ, ਨਾਭਾ, ਜੀਂਦ, ਫਰੀਦਕੋਟ, ਕਪੂਰਥਲਾ, ਕਲਸੀਆਂ
4. ਪੈਪਸੂ ਦਾ ਰਾਜਪ੍ਰਮੁੱਖ ਕੌਣ ਸੀ?-ਪਟਿਆਲੇ ਦਾ ਰਾਜਾ ਯਾਦਵਿੰਦਰ ਸਿੰਘ
5. ਪੈਪਸੂ ਸ਼ਬਦ ਅੰਗਰੇਜੀ ਦੇ ਕਿਹੜੇ ਸ਼ਬਦ ਤੋਂ ਆਇਆ ਹੈ?-**PEPSU**
6. **PEPSU** ਦਾ ਕੀ ਮਤਲਬ ਹੈ ?-ਇਸ ਦਾ ਮਤਲਬ ਹੈ ਪਟਿਆਲਾ ਐਂਡ ਈਸਟ ਪੰਜਾਬ ਸਟੇਟ ਯੂਨੀਅਨ
7. ਅੰਗਰੇਜਾਂ ਅਧੀਨ ਪੰਜਾਬ ਦਾ ਇਹ ਕੀ ਸੀ?-ਪੰਜਾਬ ਦਾ ਇਹ ਇੱਕ ਪ੍ਰੈਮਿਸਿਜ ਸੀ
8. ਪੈਪਸੂ ਭਾਰਤ ਦਾ ਪ੍ਰਾਂਤ ਕਦੋਂ ਤੱਕ ਰਿਹਾ ?-1948 ਤੋਂ 1956 ਤੱਕ ਭਾਰਤ ਦਾ ਪ੍ਰਾਂਤ ਰਿਹਾ ਸੀ
9. ਪੈਪਸੂ ਦੀ ਰਾਜਧਾਨੀ ਕਿਹੜੀ ਸੀ?-ਪਟਿਆਲਾ
10. ਇਸ ਪ੍ਰਾਂਤ ਦਾ ਖੇਤਰਫਲ ਕਿੰਨਾ ਸੀ?-26,208 ਵਰਗ ਕਿਲੋਮੀਟਰ ਸੀ,
11. ਸ਼ਿਮਲਾ, ਕਸੌਲੀ, ਕੰਡਾਘਾਟ, ਧਰਮਪੁਰ ਅਤੇ ਚੈਲ ਕਿਸਦਾ ਹਿੱਸਾ ਸਨ?-ਪੈਪਸੂ ਦਾ
12. ਪੈਪਸੂ ਦਾ ਉਦਘਾਟਨੀ ਪੱਥਰ ਕਿੱਥੇ ਹੈ?-ਪਟਿਆਲਾ ਦੇ ਸਰਕਾਰੀ ਮੈਡੀਕਲ ਕਾਲਜ ਵਿਖੇ
13. ਪੰਜਾਬ ਵਿੱਚ ਦੋ ਸੂਬੇ ਕਿਹੜੇ ਸਨ? ਪੰਜਾਬ ਤੇ ਪੈਪਸੂ
14. ਪੈਪਸੂ ਦੇ ਸਮੇਂ ਪੰਜਾਬੀ ਖੇਤਰ ਦੀ ਪੰਜਾਬੀ ਬੋਲੀ ਕਿਸ ਲਿਪੀ ਵਿੱਚ ਮੰਨੀ ਗਈ ਹੈ?-ਗੁਰਮੁਖੀ ਲਿੱਪੀ ਵਿਚ
15. ਸੱਚਰ ਫ਼ਾਰਮੂਲਾ ਕੀ ਸੀ?-ਪੰਜਾਬ ਨੂੰ ਦੋ ਖੇਤਰਾਂ ਪੰਜਾਬੀ ਬੋਲੀ ਵਾਲਾ ਖੇਤਰ, ਹਿੰਦੀ ਬੋਲੀ ਵਾਲਾ ਖੇਤਰ ਵਿੱਚ ਵੰਡ ਦਿੱਤਾ ਗਿਆ।ਹਰੇਕ ਖੇਤਰ ਲਈ ਰਾਜ ਦੀ ਅਸੈਂਬਲੀ ਦੀ ਇੱਕ ਰਿਜਨਲ ਕਮੇਟੀ ਦੀ ਵਿਵਸਥਾ ਕੀਤੀ ਗਈ
16. ਪੈਪਸੂ ਵਿੱਚ ਪੰਜਾਬੀ ਜ਼ੋਨ ਉੱਤੇ ਕਿਹੜਾ ਫਾਰਮੂਲਾ ਲਾਗੂ ਹੋਣਾ ਮੰਨਿਆ ਗਿਆ?- ਪੰਜਾਬੀ ਫ਼ਾਰਮੂਲਾ
17. ਸੱਚਰ ਫ਼ਾਰਮੂਲਾ ਕਿਹੜੇ ਜ਼ੋਨ ਉੱਤੇ ਹੋਣਾ ਮੰਨਿਆ ਗਿਆ?-ਹਿੰਦੀ ਜ਼ੋਨ ਉੱਤੇ
18. ਸ਼ਾਹ ਕਮਿਸ਼ਨ ਦੀਆਂ ਸਿਫਾਰਿਸ਼ਾਂ ਦੇ ਆਧਾਰ 'ਤੇ ਪੰਜਾਬ ਦੀ ਵੰਡ ਨਾਲ ਕਿਹੜੇ ਦੋ ਨਵੇਂ ਰਾਜਾਂ ਦਾ ਨਿਰਮਾਣ ਹੋਇਆ?-ਹਰਿਆਣਾ ਅਤੇ ਹਿਮਾਚਲ ਪ੍ਰਦੇਸ਼
19. ਪੰਜਾਬੀ ਸੂਬੇ ਦੀ ਮੰਗ ਸਭ ਤੋਂ ਪਹਿਲਾ ਕਦੋਂ ਕੀਤੀ ਗਈ?-1949
20. ਪੰਜਾਬੀ ਸੂਬੇ ਦੀ ਮੰਗ ਸਭ ਤੋਂ ਪਹਿਲਾ ਕਿਸਨੇ ਕੀਤੀ ਸੀ?-ਮਾਸਟਰ ਤਾਰਾ ਸਿੰਘ ਤੇ ਸ.ਹੁਕਮ ਸਿੰਘ
21. ਰਾਜਾਂ ਦੇ ਪੁਨਰਗਠਨ ਸੰਬੰਧੀ ਕਮਿਸ਼ਨ ਨੇ ਕੀ ਵਿਚਾਰ ਪੇਸ਼ ਕੀਤੇ ਸਨ?-ਇੱਕ ਭਾਸ਼ਾ ਇੱਕ ਰਾਜ ਦੇ ਸਿਧਾਂਤ ਨੂੰ ਰੱਦ ਕੀਤਾ ਗਿਆ? ਪੈਪਸੂ ਨੂੰ ਪੰਜਾਬ ਵਿੱਚ ਸ਼ਾਮਿਲ ਕਰਨ ਲਈ ਕਿਹਾ
22. ਰਾਜਾਂ ਦੇ ਪੁਨਰਗਠਨ ਸੰਬੰਧੀ ਕਮਿਸ਼ਨ ਦੀ ਸਥਾਪਨਾ ਕਦੋਂ ਹੋਈ?-22 ਦਸੰਬਰ 1953
23. ਰਾਜਾਂ ਦੇ ਪੁਨਰਗਠਨ ਸੰਬੰਧੀ ਕਮਿਸ਼ਨ ਨੇ ਆਪਣੀ ਰਿਪੋਰਟ ਕਦੋਂ ਦਿੱਤੀ -1955
24. ਕਦੋਂ ਪੂਰੇ ਭਾਰਤ ਦੇ ਰਾਜਾਂ ਦਾ ਪੁਨਰਗਠਨ ਕੀਤਾ ਗਿਆ -1956
25. 1956 ਵਿੱਚ ਰਾਜਾਂ ਦਾ ਪੁਨਰਗਠਨ ਕਰਕੇ ਕਿਹੜੇ ਪ੍ਰਾਂਤ ਨੂੰ ਖਤਮ ਕਰਕੇ ਪੰਜਾਬ ਵਿੱਚ ਮਿਲਾ ਦਿੱਤਾ ਗਿਆ?- ਪੈਪਸੂ ਪ੍ਰਾਂਤ ਨੂੰ ਖ਼ਤਮ ਕਰਕੇ ਪੰਜਾਬ ਵਿਚ ਮਿਲਾ ਦਿੱਤਾ ਗਿਆ
26. ਪੈਪਸੂ ਦਾ ਪਹਿਲਾ ਮੁੱਖ ਮੰਤਰੀ ਕੌਣ ਬਣਿਆ? -ਗਿਆਨ ਸਿੰਘ ਰਾੜੇਵਾਲ
27. ਗਿਆਨ ਸਿੰਘ ਰਾੜੇਵਾਲ ਪੈਪਸੂ ਦਾ ਪਹਿਲਾ ਮੁੱਖ ਮੰਤਰੀ ਕਦੋਂ ਬਣਿਆ?-13 ਜਨਵਰੀ 1949
28. ਪੈਪਸੂ ਦਾ ਦੂਜਾ ਮੁੱਖ ਮੰਤਰੀ ਕੌਣ ਬਣਿਆ? -ਕਰਨਲ ਰਘਵੀਰ ਸਿੰਘ
29. ਕਰਨਲ ਰਘਵੀਰ ਸਿੰਘ ਪੈਪਸੂ ਦਾ ਦੂਜਾ ਮੁੱਖ ਮੰਤਰੀ ਕਦੋਂ ਬਣਿਆ? -23 ਮਈ 1951
30. ਉੱਚ ਅਦਾਲਤ ਦਾ ਪਹਿਲਾ ਮੁੱਖ ਜੱਜ ਕੌਣ ਸੀ?-ਜਸਟਿਸ ਰਾਮ ਲਾਲ
31. 1953 ਵਿੱਚ ਜ਼ਿਲਿਆ ਦੀ ਗਿਣਤੀ ਕਿੰਨੀ ਕਰ ਦਿੱਤੀ ਸੀ?- ਪੰਜ
32. ਸੰਗਰੂਰ ਅਤੇ ਪਟਿਆਲ਼ਾ ਵਿੱਚ ਕਿਸਨੂੰ ਸ਼ਾਮਿਲ ਕਰ ਦਿੱਤਾ ਗਿਆ ਸੀ?-ਬਰਨਾਲਾ ਨੂੰ ਸੰਗਰੂਰ ਵਿੱਚ ਅਤੇ ਕੋਹਿਸਤਾਨ ਅਤੇ ਫ਼ਤਿਹਗੜ ਨੂੰ ਪਟਿਆਲਾ ਵਿੱਚ ਸਾਮਲ ਕਰ ਦਿਤਾ ਗਿਆ
33. ਪੈਪਸੂ ਵਿੱਚ ਕਿੰਨੇ ਲੋਕ ਸਭਾ ਦੇ ਇਲਾਕੇ ਸਨ?-ਚਾਰ ਲੋਕ ਸਭਾ ਇਲਾਕੇ
34. 1951 ਦੀ ਜਨਗਣਨਾ ਸਮੇ ਪ੍ਰਾਂਤ ਦੀ ਜਨਸੰਖਿਆ ਕਿੰਨੀ ਸੀ ?-3,493,685
35. ਉਸ ਸਮੇਂ ਪ੍ਰਾਂਤ ਦੀ ਸ਼ਹਿਰੀ ਅਬਾਦੀ ਅਤੇ ਵੱਸੋਂ ਦੀ ਸੰਘਣਤਾ ਕਿੰਨੀ ਸੀ?-19% ਸ਼ਹਿਰੀ ਆਬਾਦੀ ਅਤੇ ਵਸੋਂ ਦੀ ਸੰਘਣਤਾ 133 ਪ੍ਰਤੀ ਵਰਗ ਕਿਲੋਮੀਟਰ ਸੀ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ


ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਸਾਵਣੁ ਸਰਸ ਮਨਾ ਘਣ ਵਰਸੈ ਰੁਤਿ ਆਇ॥

ਦਿਲਵਰ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਰਹ ਮਾਹਾ ਦਰਜ ਹਨ।ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਣ ਕੀਤਾ ਹੋਇਆ ਬਾਰਹਮਾਹਾ(ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ ੧ੴ ਸਤਿਗੁਰ ਪ੍ਰਸਾਦਿ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਤੁਖਾਰੀ ਵਿਚ ਪਾਵਨ ਅੰਕ ੧੧੦੭ ਤੋਂ ੧੧੧੦ ਤਕ ਦਰਜ ਹੈ ਅਤੇ ਇਸ ਦੇ ੧੭ ਪਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਣ ਕੀਤਾ ਹੋਇਆ ਬਾਰਹ ਮਾਹਾ( ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਕ ੧੩੩ ਤੋਂ ੧੩੬ ਤਕ ਦਰਜ ਹੈ। ਇਸ ਦੇ ੧੪ ਪਦੇ ਹਨ। ਇਨਾਂ ਦੋਵਾਂ ਬਾਰਹ ਮਾਹਾ ਵਿਚ ਗੁਰੂ ਸਾਹਿਬਾਨ ਨੇ ਚੇਤਰ ਮਹੀਨੇ ਤੋਂ ਲੈ ਕੇ ਫਗਣ ਮਹੀਨੇ ਤਕ ਬਾਰਾਂ ਮਹੀਨਿਆਂ ਦੇ ਨਾਵਾਂ ਨੂੰ ਆਧਾਰ ਬਣਾ ਕੇ ਉਪਦੇਸ਼ ਦਿਤਾ ਹੈ। ਸਾਵਣ ਦਾ ਮਹੀਨਾ ਦੇਸੀ ਸਾਲ ਦਾ ਪੰਜਵਾਂ ਮਹੀਨਾ ਹੈ। ਆਮ ਬੋਲ ਚਾਲ ਦੀ ਭਾਸ਼ਾ ਵਿਚ ਇਸ ਮਹੀਨੇ ਨੂੰ 'ਸਉਣ' ਦਾ ਮਹੀਨਾ ਵੀ ਆਖਿਆ ਜਾਂਦਾ ਹੈ ਅਤੇ ਇਸ ਮੌਸਮ ਦੌਰਾਨ ਬੀਜੀਆਂ ਜਾਣ ਵਾਲੀਆਂ ਫਸਲਾਂ ਨੂੰ 'ਸਉਣੀ' ਦੀਆਂ ਫਸਲਾਂ ਆਖਿਆ ਜਾਂਦਾ ਹੈ। ਪੰਜਾਬੀ ਸਭਿਆਚਾਰ ਵਿਚ ਵੀ ਇਸ ਮਹੀਨੇ ਦਾ ਬੜਾ ਮਹਤਵ ਹੈ ਕਿਉਂਕਿ ਇਸ ਮਹੀਨੇ ਵਿਚ ਪੀਘਾਂ ਝੂਟੀਆਂ ਜਾਂਦੀਆਂ ਹਨ, ਖੀਰ ਤੇ ਪੂੜਿਆਂ ਦੇ ਪਕਵਾਨ ਬਣਾਏ ਜਾਂਦੇ ਹਨ। ਰੱਖੜੀ ਅਤੇ ਤੀਆਂ ਦਾ ਤਿਉਹਾਰ ਮਨਾਇਆ ਜਾਂਦਾ ਹੈ। ਹੋਰ ਵੀ ਕਈ ਤਿਉਹਾਰ ਇਸ ਮਹੀਨੇ ਵਿਚ ਮਨਾਏ ਜਾਂਦੇ ਹਨ ਜੋ ਸਿਧੇ ਜਾਂ ਅਸਿਧੇ ਰੂਪ ਵਿਚ ਪੰਜਾਬ ਦੇ ਸਭਿਆਚਾਰ ਨਾਲ ਸਬੰਧ ਰਖਦੇ ਹਨ ਪਰ ਗੁਰਮਤਿ ਸਭਿਆਚਾਰ ਇਨਾਂ ਤੋਂ ਨਿਵੇਕਲਾ ਹੈ। ਇਸੇ ਕਰਕੇ ਗੁਰੂ ਸਾਹਿਬਾਨ ਨੇ ਸਾਵਣ ਦੇ ਮਹੀਨੇ ਵਿਚ ਪ੍ਰਭੂ ਨਾਮ ਨੂੰ ਅਮਲ ਵਿਚ ਲਿਆਉਣ ਦਾ ਉਪਦੇਸ਼ ਦ੍ਰਿੜ ਕਰਵਾਇਆ ਹੈ।

ਗੁਰਬਾਣੀ ਵਿਚ ਸਾਵਣ ਮਹੀਨੇ ਦੀ ਮਹਤਤਾ ਨੂੰ ਪ੍ਰਭੂ ਦੇ ਨਾਮ ਨੂੰ ਅਮਲ ਵਿਚ ਲਿਆਉਣ ਹਿਤ ਦਰਸਾਇਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਜਿਵੇਂ ਸਾਵਣ ਦੇ ਮਹੀਨੇ ਵਿਚ ਪੈਣ ਵਾਲੇ ਮੀਂਹ ਧਰਤੀ ਦੇ ਜੀਵਾਂ ਨੂੰ ਜੇਠ ਤੇ ਹਾੜ ਦੀ ਗਰਮੀ ਤੋਂ ਛੁਟਕਾਰਾ ਦਿਵਾ ਦਿੰਦੇ ਹਨ ਉਸੇ ਤਰਾਂ ਜੇਕਰ ਮਨੁਖ ਦਾ ਮਨ ਪ੍ਰਭੂ ਨਾਮ ਨਾਲ ਖਿੜ ਪਵੇ ਤਾਂ ਪ੍ਰਭੂ ਦੀ ਬਖ਼ਸ਼ਿਸ਼ ਦਾ ਮੀਂਹ ਜੀਵ ਨੂੰ ਵਿਸ਼ੇ-ਵਿਕਾਰਾਂ ਦੀ ਤਪਸ਼ ਤੋਂ ਸਦਾ ਲਈ ਛੁਟਕਾਰਾ ਦਿਵਾ ਦਿੰਦਾ ਹੈ। ਇਸ ਮਨ ਨੂੰ ਖੇੜਾ ਪ੍ਰਭੂ ਨਾਮ ਨਾਲ ਜੁੜ ਕੇ ਹੀ ਪ੍ਰਾਪਤ ਹੁੰਦਾ ਹੈ। ਪਰ ਜੇ ਇਹ ਨਾਮ ਨਾਲ ਜੁੜਿਆ ਨਹੀਂ ਤਾਂ ਫੇਰ ਕੇਵਲ ਜੀਵ ਦੇ ਕਰਮਾਂ ਵਿਚ ਹਉਕੇ ਹੀ ਰਹਿ ਜਾਂਦੇ ਹਨ ਤੇ ਹਉਕੇ ਉਦੋਂ ਨਿਕਲਦੇ ਹਨ ਜਦੋਂ ਅੰਦਰ ਵਿਛੋੜੇ ਦੀ ਪੀੜ ਹੋਵੇ। ਇਸ ਪੀੜ ਦੀ ਦਵਾਈ ਹੈ ਪ੍ਰਭੂ ਮਿਲਾਪ। ਇਹ ਹਉਕੇ ਮਿਲਾਪ ਹੋਣ ਤੇ ਹੀ ਠੀਕ ਹੁੰਦੇ ਹਨ, ਉਸ ਤੋਂ ਪਹਿਲਾਂ ਨਹੀਂ।ਬਿਨਾਂ ਪ੍ਰਭੂ ਮਿਲਾਪ ਤੋਂ ਕੁਝ ਵੀ ਚੰਗਾ ਨਹੀਂ ਲਗਦਾ। ਨਾ ਸੁਹਾਵਣਾ ਮੌਸਮ ਚੰਗਾ ਲਗਦਾ ਹੈ। ਨਾ ਮਖਮਲੀ ਸੇਜ ਚੰਗੀ ਲਗਦੀ ਹੈ। ਨਾ ਨੀਂਦ ਆਉਂਦੀ ਹੈ।ਨਾ ਭੁਖ ਲਗਦੀ ਹੈ ਅਤੇ ਨਾ ਚੰਗੇ ਪਕਵਾਨ ਖਾਣ ਨੂੰ ਮਨ ਕਰਦਾ ਹੈ। ਨਾ ਹੀ ਸੋਹਣੇ ਬਸਤਰ ਤਨ ਨੂੰ ਸੁਹਾਉਂਦੇ ਹਨ। ਪ੍ਰਭੂ ਦਾ ਵਿਛੋੜਾ ਜੀਵ ਨੂੰ ਉਪਰਾਮ ਕਰ ਦਿੰਦਾ ਹੈ।ਇਹ ਸਾਰੀਆਂ ਵਸਤਾਂ ਤਾਂ ਉਨਾਂ ਨੂੰ ਭਾਉਂਦੀਆਂ ਹਨ ਜਿਨਾਂ ਦੇ ਹਿਰਦੇ ਵਿਚ ਪ੍ਰਭੂ ਪਤੀ ਆਪ ਆ ਵਸਿਆ ਹੈ ਭਾਵ ਪ੍ਰਭੂ ਦਾ ਨਾਮ ਪਰਘਟ ਹੋ ਗਿਆ ਹੈ। ਗੁਰੂ ਜੀ ਫਰਮਾਉਂਦੇ ਹਨ ਕਿ ਸਾਵਣ ਦਾ ਮਹੀਨਾ ਵੀ ਉਨਾਂ ਨੂੰ ਹੀ ਸੁਹਾਵਣਾ ਲਗਦਾ ਹੈ ਜਿਨਾਂ ਦੇ ਹਿਰਦੇ ਵਿਚ ਪ੍ਰਭੂ ਦਾ ਵਾਸਾ ਹੋਵੇ ਨਹੀਂ ਤਾਂ ਕੇਵਲ ਹਉਕੇ ਹੀ ਰਹਿ ਜਾਂਦੇ ਹਨ। ਗੁਰੂ ਜੀ ਨਾਮ ਜਪਣ ਵਾਲੀ ਜੀਵ ਇਸਤ੍ਰੀ ਨੂੰ ਸੁਹਾਗਣ ਅਤੇ ਨਾਮ ਤੋਂ ਬਿਨਾਂ ਜੀਵਨ ਜਿਉਣ ਵਾਲੀ ਜੀਵ ਇਸਤਰੀ ਨੂੰ ਦੁਹਾਗਣ ਦੀ ਸੰਗਿਆ ਦਿੰਦੇ ਹਨ। ਸੁਹਾਗਣ ਜੀਵ ਇਸਤਰੀਆਂ ਗੁਰਮੁਖ ਹਨ ਤੇ ਦੁਹਾਗਣ ਮਨਮੁਖ। ਗੁਰਮੁਖ ਨਾਮ ਅਭਿਆਸੀ ਹੈ ਇਸ ਲਈ ਸਾਵਣ ਵਰਗੇ ਸੁਹਾਵਣੇ ਮੌਸਮ ਵਿਚ ਵੀ ਪ੍ਰਭੂ ਚਰਨਾਂ ਨਾਲ ਜੁੜਿਆ ਹੋਇਆ ਹੈ ਤੇ ਮਨਮੁਖ ਆਪਣੇ ਅਵਿਵੇਕ ਕਾਰਨ ਹੁਣ ਦੁਖੀ ਹੋ ਰਿਹਾ ਹੈ। ਉਸ ਦਾ ਸਾਵਣ ਦੇ ਮਹੀਨੇ ਵਰਗਾ ਸੁਹਾਵਣਾ ਮਨੁਖਾ ਜੀਵਨ ਅਜਾਈਂ ਜਾ ਰਿਹਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਵੇਂ ਬਬੀਹਾ ਅੰਮ੍ਰਿਤ ਬੂੰਦ ਲਈ ਤਰਸਦਾ ਹੈ ਉਸੇ ਤਰਾਂ ਜਗਿਆਸੂ ਜਨ ਵੀ ਨਾਮ ਅੰਮ੍ਰਿਤ ਨੂੰ ਪੀਣ ਲਈ ਵਿਆਕੁਲ ਰਹਿੰਦੇ ਹਨ।

ਸ੍ਰੀ ਗੁਰੂ ਅੰਗਦ ਦੇਵ ਜੀ ਇਸ ਪ੍ਰਥਾਏ ਫੁਰਮਾਨ ਕਰਦੇ ਹਨ ਕਿ :

ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ॥
ਨਾਨਕ ਝੂਰਿ ਮਰਹਿ ਦੁਹਾਗਣੀ ਜਿਨ੍ ਅਵਰੀ ਲਾਗਾ ਨੇਹੁ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੭੯)
ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ॥
ਨਾਨਕ ਸੁਖਿ ਸਵਨੁ ਸੋਹਾਗਣੀ ਜਿਨ੍ ਸਹ ਨਾਲਿ ਪਿਆਰੁ॥
(ਉਹੀ, ਪੰਨਾ੧੨੮੦)

ਸ੍ਰੀ ਗੁਰੂ ਅਮਰਦਾਸ ਜੀ ਆਪਣੀ ਬਾਣੀ ਵਿਚ ਉਪਦੇਸ਼ ਕਰਦੇ ਹਨ :

ਸਾਵਣਿ ਦਝੈ ਗੁਣ ਬਾਹਰੀ ਜਿਸੁ ਦੂਜੈ ਭਾਇ ਪਿਆਰੁ॥
ਨਾਨਕ ਪਿਰ ਕੀ ਸਾਰ ਨਾ ਜਾਣਈ ਸਭੁ ਸੀਗਾਰੁ ਖੁਆਰੁ॥
(ਉਹੀ,ਪੰਨਾ ੧੨੮੫)
ਸਾਵਣਿ ਸਰਸੀ ਕਾਮਣੀ ਗੁਰ ਸਬਦੀ ਵੀਚਾਰਿ॥
ਨਾਨਕ ਸਦਾ ਸੁਹਾਗਣੀ ਗੁਰ ਕੈ ਹੇਤਿ ਅਪਾਰਿ॥
(ਉਹੀ, ਪੰਨਾ ੧੨੮੫)

ਸ੍ਰੀ ਗੁਰੂ ਨਾਨਕ ਦੇਵ ਜੀ ਭੂਗੋਲਿਕ ਪੱਧਰ ਤੇ ਸਾਵਣ ਦੇ ਮਹੀਨੇ ਵਿਚ ਬਾਰਿਸ਼ ਕਾਰਨ ਜਿਨਾਂ ਚਾਰਾਂ ਨੂੰ ਸੌਖ ਮਹਿਸੂਸ ਹੁੰਦੀ ਹੈ ਅਤੇ ਜਿਨਾਂ ਚਾਰਾਂ ਨੂੰ ਔਖ ਮਹਿਸੂਸ ਹੁੰਦੀ ਹੈ, ਉਨਾਂ ਦਾ ਜਿਕਰ ਆਪਣੀ ਬਾਣੀ ਵਿਚ ਕਰਦੇ ਹਨ :

ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ॥ ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ॥
ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ॥ ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ॥
(ਉਹੀ, ਪੰਨਾ ੧੨੭੯)

ਸ੍ਰੀ ਗੁਰੂ ਨਾਨਕ ਦੇਵ ਜੀ ਸਾਵਣ ਦੇ ਆਉਣ ਬਾਰੇ ਸਾਨੂੰ ਸੁਚੇਤ ਕਰਦੇ ਹਨ ਤਾਂ ਜੋ ਸਾਵਣ ਦਾ ਮਹੀਨਾ (ਮਨੁਖਾ ਜੀਵਨ) ਵਿਅਰਥ ਨਾ ਗੁਜਰ ਜਾਵੇ :

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥
(ਉਹੀ, ਪੰਨਾ ੫੫੭)

ਸ੍ਰੀ ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਸਾਵਣ ਦੇ ਮਹੀਨੇ ਦੇ ਸੁਹਾਵਣੇ ਵਾਤਾਵਰਣ ਦੌਰਾਨ ਜੀਵ ਇਸਤਰੀ ਦੇ ਮਨ ਵਿਚ ਪ੍ਰਭੂ ਮਿਲਾਪ ਲਈ ਪੈਦਾ ਹੋਏ ਉਮਾਹ ਨੂੰ ਬਿਆਨਦੇ ਹਨ ਕਿ ਇਸ ਉਮਾਹ ਸਦਕਾ ਉਸਦੇ ਜੀਵਨ ਦਾ ਆਧਾਰ ਇਕ ਪ੍ਰਭੂ ਦਾ ਨਾਮ ਹੀ ਰਹਿ ਜਾਂਦਾ ਹੈ। ਉਸ ਦਾ ਮਨ ਤੇ ਤਨ ਦੋਵੇਂ ਹੀ ਸਚੇ ਨਾਮ ਦੇ ਰੰਗ ਵਿੱਚ ਰੰਗੇ ਜਾਂਦੇ ਹਨ। ਪ੍ਰਭੂ ਨਾਲ ਪਏ ਪਿਆਰ ਸਦਕਾ ਜੀਵਨ ਆਨੰਦਮਈ ਬਣ ਜਾਂਦਾ ਹੈ ਤੇ ਵਿਸ਼ੇ- ਵਿਕਾਰਾਂ ਦੇ ਰੰਗ ਕੂੜੇ ਤੇ ਛਾਰ ਪ੍ਰਤੀਤ ਹੁੰਦੇ ਹਨ। ਨਾਮ ਅੰਮ੍ਰਿਤ ਦੀਆਂ ਮਿਠੀਆਂ ਬੂੰਦਾਂ ਉਦੋਂ ਹੋਰ ਵੀ ਰਸਦਾਇਕ ਹੋ ਜਾਂਦੀਆਂ ਹਨ ਜਦੋਂ ਸ੍ਰੇਸ਼ਟ ਸਾਧੂ ਜਨਾਂ ਦੀ ਸੰਗਤ ਵਿਚ ਮਿਲ ਕੇ ਨਾਮ ਅੰਮ੍ਰਿਤ ਪੀਤਾ ਜਾਂਦਾ ਹੈ। ਫਿਰ ਤਾਂ ਸਮਰਥ ਅਪਾਰ ਪੁਰਖ ਦੇ ਨਾਮ ਅੰਮ੍ਰਿਤ ਦੇ ਸੁਆਦ ਸਦਕਾ ਸਾਰਾ ਚੌਗਿਰਦਾ ਹੀ ਮਉਲਿਆ ਨਜਰੀਂ ਆਉਂਦਾ ਹੈ।

ਬਾਕੀ ਸਫ਼ਾ 30 'ਤੇ

# ਜੋਤੀ ਜੋਤਿ ਰਲੀ

ਗੁਰਸ਼ਰਨ ਸਿੰਘ ਕਸੇਲ, ਕੈਨੇਡਾ
gdhillon1@rogers.com

ਸਿੱਖ ਧਰਮ ਦੇ ਬਹੁਤੇ ਪ੍ਰਚਾਰਕਾਂ ਨੇ ਇਹ ਹੀ ਸਿੱਖਾਂ ਵਿੱਚ ਪ੍ਰਚਾਰਿਆ ਲੱਗਦਾ ਹੈ ਕਿ 'ਜੋਤੀ ਜੋਤਿ ਰਲੀ' ਦਾ ਮਤਲਬ ਕਿਸੇ ਇਨਸਾਨ ਦੀ ਸਰੀਰਕ ਮੌਤ ਹੋ ਜਾਣ ਦੇ ਮਗਰੋਂ ਉਸਦੀ ਆਤਮਾ (ਜੋਤ) ਨੂੰ ਅਕਾਲ ਪੁਰਖ ਵਿੱਚ ਲੀਨ ਹੋਣ ਵਾਲੇ ਨੂੰ ਆਖਣਾ ਹੈ। ਇਸ ਭੁਲੇਖੇ ਵਿੱਚ ਸਾਡੇ ਕਈ ਕੀਰਤਨ ਕਰਨ ਵਾਲੇ ਪ੍ਰਚਾਰਕ ਵੀ ਕਿਸੇ ਪ੍ਰਾਣੀ ਦੇ ਰੱਖੇ ਧਾਰਮਿਕ ਸਮਾਗਮ ਸਮੇਂ ਗੁਰਬਾਣੀ ਦੇ ਹੇਠ ਲਿਖੇ ਸ਼ਬਦ ਦਾ ਕੀਰਤਨ ਕਰਦੇ ਹਨ। ਪਰ ਕੀ ਗੁਰਮਤਿ ਅਨੁਸਾਰ ਕਿਸੇ ਦੀ ਸਰੀਰਕ ਮੌਤ ਤੋਂ ਬਾਅਦ ਉਸਦੀ ਜੋਤ ਨੇ ਅਕਾਲ ਪੁਰਖ ਨਾਲ ਇੱਕਮਿਕ ਹੋਣਾ ਹੈ ਜਾਂ ਆਪਣੇ ਜਿਉਂਦੇ ਜੀਅ ਹੀ ਹੋਣਾ ਹੈ। ਇਸ ਬਾਰੇ ਗੁਰਬਾਣੀ ਅਨੁਸਾਰ ਜਾਣਨ ਦੀ ਕੋਸ਼ਿਸ਼ ਕਰਦੇ ਹਾਂ। ਇਸ ਲਈ ਵੇਖਦੇ ਹਾਂ ਗੁਰਬਾਣੀ ਦਾ ਪਹਿਲਾਂ ਇਹ ਸ਼ਬਦ ਜਿਹੜਾ ਸਾਡੇ ਕਈ ਪ੍ਰਚਾਰਕ ਕਿਸੇ ਪ੍ਰਾਣੀ ਦੇ ਅਕਾਲ ਚਲਾਣਾ ਕਰ ਗਏ ਦੇ ਸਮਾਗਮ ਵਿੱਚ ਪੜ੍ਹਦੇ ਹਨ :

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥ ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥ ਬਿਨਵੰਤਿ ਨਾਨਕ ਸੇਈ ਜਾਣਹਿ ਜਿਨੀ ਹਰਿ ਰਸੁ ਪੀਆ ॥(ਮ:੫,ਪੰਨਾ ੮੪੬)

ਅਰਥ: ਹੇ ਭਾਈ, ਜਿਵੇਂ) ਸੂਰਜ ਦੀ ਕਿਰਨ ਨਾਲ ਮਿਲ ਕੇ (ਬਰਫ਼ ਤੋਂ) ਪਾਣੀ ਦਾ ਪਾਣੀ ਬਣ ਜਾਂਦਾ ਹੈ (ਸੂਰਜ ਦੇ ਨਿੱਘ ਨਾਲ ਬਰਫ਼-ਬਣੇ ਪਾਣੀ ਦੀ ਕਠੋਰਤਾ ਖ਼ਤਮ ਹੋ ਜਾਂਦੀ ਹੈ) , (ਤਿਵੇਂ ਸਿਫ਼ਤਿ-ਸਾਲਾਹ ਦੀ ਬਰਕਤ ਨਾਲ ਜੀਵ ਦੇ ਅੰਦਰੋਂ ਰੁੱਖਾ-ਪਨ ਮੁੱਕ ਕੇ ਜੀਵ ਦੀ) ਜਿੰਦ ਪ੍ਰਮਾਤਮਾ ਦੀ ਜੋਤਿ ਨਾਲ ਇਕ-ਮਿਕ ਹੋ ਜਾਂਦੀ ਹੈ, ਜੀਵ ਸਾਰੇ ਗੁਣਾਂ ਦੇ ਮਾਲਕ ਪ੍ਰਮਾਤਮਾ ਦਾ ਰੂਪ ਹੋ ਜਾਂਦਾ ਹੈ। (ਤਦੋਂ ਉਸ ਨੂੰ ਹਰ ਥਾਂ) ਪ੍ਰਮਾਤਮਾ ਹੀ (ਵੱਸਦਾ) ਨਜ਼ਰੀਂ ਆਉਂਦਾ ਹੈ, (ਹਰੇਕ ਵਿਚ) ਪ੍ਰਮਾਤਮਾ ਹੀ (ਬੋਲਦਾ ਉਸ ਨੂੰ) ਸੁਣੀਦਾ ਹੈ (ਉਸ ਨੂੰ ਇਉਂ ਜਾਪਦਾ ਹੈ ਕਿ ਹਰ ਥਾਂ) ਇਕ ਪ੍ਰਮਾਤਮਾ ਦਾ ਹੀ ਜ਼ਿਕਰ ਹੋ ਰਿਹਾ ਹੈ। (ਉਸ ਨੂੰ ਹਰ ਥਾਂ) ਸਿਰਜਣਹਾਰ ਦੀ ਆਤਮਾ ਦਾ ਹੀ ਖਿਲਾਰਾ ਦਿੱਸਦਾ ਹੈ, ਪ੍ਰਭੂ ਤੋਂ ਬਿਨਾ ਉਹ ਕਿਸੇ ਹੋਰ ਨੂੰ ਕਿਤੇ ਨਹੀਂ ਪਛਾਣਦਾ (ਉਸ ਨੂੰ ਨਿਸ਼ਚਾ ਹੋ ਜਾਂਦਾ ਹੈ ਕਿ) ਪ੍ਰਮਾਤਮਾ ਆਪ (ਹੀ ਸਭ ਨੂੰ) ਪੈਦਾ ਕਰਨ ਵਾਲਾ ਹੈ, (ਜੀਵਾਂ ਵਿਚ ਵਿਆਪਕ ਹੋ ਕੇ) ਆਪ (ਹੀ ਸਾਰੇ ਰੰਗ) ਮਾਣ ਰਿਹਾ ਹੈ, ਉਹ ਆਪ ਹੀ ਹਰੇਕ ਕੰਮ ਦੀ ਪ੍ਰੇਰਨਾ ਕਰ ਰਿਹਾ ਹੈ। (ਪਰ) ਨਾਨਕ ਬੇਨਤੀ ਕਰਦਾ ਹੈ (ਕਿ ਇਸ ਅਵਸਥਾ ਨੂੰ) ਉਹੀ ਮਨੁੱਖ ਸਮਝਦੇ ਹਨ, ਜਿਨਾਂ ਨੇ ਪ੍ਰਮਾਤਮਾ ਦੇ ਨਾਮ ਦਾ ਸੁਆਦ ਚੱਖਿਆ ਹੈ।

ਹੁਣ ਵੇਖਦੇ ਹਾਂ ਇਸੇ ਵਿਸ਼ੇ ਨਾਲ ਸਬੰਧਤ ਕੁਝ ਹੋਰ ਸ਼ਬਦ : ਜੀਭ ਰਸਾਇਣਿ ਸਾਚੈ ਰਾਤੀ ॥ ਹਰਿ ਪ੍ਰਭੁ ਸੰਗੀ ਭਉ ਨ ਭਰਾਤੀ ॥ ਸ੍ਰਵਣ ਸ੍ਰੋਤ ਰਜੇ ਗੁਰਬਾਣੀ ਜੋਤੀ ਜੋਤਿ ਮਿਲਾਈ ਹੇ ॥(ਮ:੧,ਪੰਨਾ੧੦੨੨)

ਅਰਥ: ਜਿਸ ਮਨੁੱਖ ਦੀ ਜੀਭ ਸਭ ਰਸਾਂ ਦੇ ਸੋਮੇ ਸਦਾ-ਥਿਰ ਪ੍ਰਭੂ ਦੇ ਨਾਮ-ਰੰਗ ਵਿਚ ਰੰਗੀ ਜਾਂਦੀ ਹੈ, ਹਰੀ ਪ੍ਰਮਾਤਮਾ ਉਸ ਦਾ (ਸਦਾ ਲਈ) ਸਾਥੀ ਬਣ ਜਾਂਦਾ ਹੈ, ਉਸ ਨੂੰ ਕੋਈ ਡਰ ਨਹੀਂ ਵਿਆਪਦਾ, ਉਸ ਨੂੰ ਕੋਈ ਭਟਕਣਾ ਨਹੀਂ ਰਹਿ ਜਾਂਦੀ। ਸਤਿਗੁਰੂ ਦੀ ਬਾਣੀ ਸੁਣਨ ਵਿਚ ਉਸ ਦੇ ਕੰਨ ਸਦਾ ਮਸਤ ਰਹਿੰਦੇ ਹਨ, ਉਸ ਦੀ ਸੁਰਤਿ ਪ੍ਰਭੂ ਦੀ ਜੋਤਿ ਵਿਚ ਮਿਲੀ ਰਹਿੰਦੀ ਹੈ।

ਗੋਬਿਦ ਪ੍ਰੀਤਿ ਲਗੀ ਅਤਿ ਮੀਠੀ ਅਵਰ ਵਿਸਰਿ ਸਭ ਜਾਇ ॥ ਅਨਦਿਨੁ ਰਹਸੁ ਭਇਆ ਮਨੁ ਮਾਨਿਆ ਜੋਤੀ ਜੋਤਿ ਮਿਲਾਇ ॥(ਮ:੪,ਪੰਨਾ੧੧੯੯)

ਅਰਥ: ਹੇ ਭਾਈ, (ਜਿਸ ਮਨੁੱਖ ਨੂੰ ਆਪਣੇ ਮਨ ਵਿਚ) ਪ੍ਰਮਾਤਮਾ ਦੀ ਪ੍ਰੀਤ ਬਹੁਤ ਮਿੱਠੀ ਲੱਗਦੀ ਹੈ, ਉਸ ਨੂੰ (ਦੁਨੀਆ ਵਾਲੀ) ਹੋਰ ਸਾਰੀ ਪ੍ਰੀਤ ਭੁੱਲ ਜਾਂਦੀ ਹੈ। (ਉਸ ਦੇ ਅੰਦਰ) ਹਰ ਵੇਲੇ ਆਤਮਕ ਆਨੰਦ ਬਣਿਆ ਰਹਿੰਦਾ ਹੈ, ਉਸ ਦਾ ਮਨ (ਪ੍ਰਭੂ ਦੀ ਯਾਦ ਵਿਚ) ਗਿੱਝ ਜਾਂਦਾ ਹੈ, ਉਸ ਦੀ ਜਿੰਦ ਪ੍ਰਮਾਤਮਾ ਦੀ ਜੋਤਿ ਨਾਲ ਇਕ-ਮਿਕ ਹੋਈ ਰਹਿੰਦੀ ਹੈ।

ਜਹ ਤੇ ਉਪਜਿਓ ਤਹੀ ਸਮਾਨੋ ਸਾਈ ਬਸਤੁ ਅਹੀ ॥ ਕਹੁ ਨਾਨਕ ਭਰਮੁ ਗੁਰਿ ਖੋਇਓ ਜੋਤੀ ਜੋਤਿ ਸਮਹੀ ॥(ਮ:੫,ਪੰਨਾ੧੨੨੦)

ਅਰਥ: ਹੇ ਨਾਨਕ, ਆਖ- ਹੇ ਭਾਈ, ਗੁਰੂ ਨੇ (ਮੇਰੇ ਮਨ ਦੀ) ਭਟਕਣਾ ਦੂਰ ਕਰ ਦਿੱਤੀ ਹੈ, ਮੇਰੀ ਜਿੰਦ ਪ੍ਰਭੂ ਦੀ ਜੋਤਿ ਵਿਚ ਲੀਨ ਰਹਿੰਦੀ ਹੈ। ਜਿਸ ਪ੍ਰਭੂ ਤੋਂ ਇਹ ਜਿੰਦੜੀ ਪੈਦਾ ਹੋਈ ਸੀ ਉਸੇ ਵਿਚ ਟਿਕੀ ਰਹਿੰਦੀ ਹੈ, ਮੈਨੂੰ ਹੁਣ ਇਹ (ਨਾਮ-) ਵਸਤੂ ਹੀ ਚੰਗੀ ਲੱਗਦੀ ਹੈ।

ਏਹੁ ਮਨੂਆ ਸੁੰਨ ਸਮਾਧਿ ਲਗਾਵੈ ਜੋਤੀ ਜੋਤਿ ਮਿਲਾਈ ॥(ਮ:੩,ਪੰਨਾ ੬੧੦)

ਅਰਥ: (ਹੇ ਸੰਤ ਜਨੋ, ਜਿਨਾਂ ਦੇ ਅੰਦਰ ਗੁਰ-ਸ਼ਬਦ ਵਸਦਾ ਹੈ ਉਨਾਂ ਦਾ) ਇਹ ਮਨ ਅਜਿਹੀ ਇਕਾਗ੍ਰਤਾ ਬਣਾਂਦਾ ਹੈ ਜਿਥੇ ਮਾਇਆ ਦੇ ਫੁਰਨੇ ਨਹੀਂ ਉੱਠਦੇ, ਉਨਾਂ ਦੀ ਜਿੰਦ ਪ੍ਰਭੂ ਦੀ ਜੋਤਿ ਵਿਚ ਲੀਨ ਹੈ।

ਸੋਰਠਿ ਮ ੩ ਦੁਤੁਕੇ ॥ ਸਤਿਗੁਰ ਮਿਲਿਐ ਉਲਟੀ ਭਈ ਭਾਈ ਜੀਵਤ ਮਰੈ ਤਾ ਬੂਝ ਪਾਇ ॥ ਸੋ ਗੁਰੂ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ ॥(ਪੰਨਾ ੬੦੨)

ਅਰਥ: ਹੇ ਭਾਈ, ਜੇ ਗੁਰੂ ਮਿਲ ਪਏ, ਤਾਂ ਮਨੁੱਖ ਆਤਮਕ ਜੀਵਨ ਦੀ ਸਮਝ ਹਾਸਲ ਕਰ ਲੈਂਦਾ ਹੈ, ਮਨੁੱਖ ਦੀ ਸੁਰਤਿ ਵਿਕਾਰਾਂ ਵਲੋਂ ਪਰਤ ਪੈਂਦੀ ਹੈ, ਦੁਨੀਆ ਦੇ ਕਾਰ-ਵਿਹਾਰ ਕਰਦਾ ਹੋਇਆ ਹੀ ਮਨੁੱਖ ਵਿਕਾਰਾਂ ਵਲੋਂ ਅਛੋਹ ਹੋ ਜਾਂਦਾ ਹੈ। ਹੇ ਭਾਈ, ਜਿਸ ਮਨੁੱਖ ਦੀ ਆਤਮਾ ਨੂੰ ਗੁਰੂ ਪ੍ਰਮਾਤਮਾ ਵਿਚ ਮਿਲਾ ਦੇਂਦਾ ਹੈ, ਉਹ (ਅਸਲ) ਸਿੱਖ ਬਣ ਜਾਂਦਾ ਹੈ।

ਰਸ ਭਿੰਨਿਅੜੇ ਅਪੁਨੇ ਰਾਮ ਸੰਗੇ ਸੇ ਲੋਇਣ ਨੀਕੇ ਰਾਮ ॥ ਪ੍ਰਭ ਪੇਖਤ ਇਛਾ ਪੁੰਨੀਆ ਮਿਲਿ ਸਾਜਨ ਜੀ ਕੇ ਰਾਮ ॥ ਅੰਮ੍ਰਿਤ ਰਸੁ ਹਰਿ ਪਾਇਆ ਬਿਖਿਆ ਰਸ ਫੀਕੇ ਰਾਮ ॥ ਨਾਨਕ ਜਲੁ ਜਲਹਿ ਸਮਾਇਆ ਜੋਤੀ ਜੋਤਿ ਮੀਕੇ ਰਾਮ ॥(ਮ:੫,ਪੰਨਾ ੮੪੮)

ਅਰਥ: ਹੇ ਭਾਈ, ਉਹ ਅੱਖਾਂ ਹੀ ਸੋਹਣੀਆਂ ਹਨ, ਜਿਹੜੀਆਂ ਪ੍ਰਮਾਤਮਾ ਦੇ ਨਾਮ-ਰਸ ਨਾਲ ਭਿੱਜੀਆਂ ਰਹਿੰਦੀਆਂ ਹਨ। ਹੇ ਭਾਈ ! ਜਿੰਦ ਦੇ ਸੱਜਣ ਪ੍ਰਭੂ ਨੂੰ ਮਿਲ ਕੇ ਪ੍ਰਭੂ ਦਾ ਦਰਸ਼ਨ ਕਰਦਿਆਂ ਹਰੇਕ ਇੱਛਾ ਪੂਰੀ ਹੋ ਜਾਂਦੀ ਹੈ।

ਜਿਸ ਮਨੁੱਖ ਨੇ ਪ੍ਰਮਾਤਮਾ ਦਾ ਆਤਮਕ ਜੀਵਨ ਦੇਣ ਵਾਲਾ ਨਾਮ-ਰਸ ਪ੍ਰਾਪਤ ਕਰ ਲਿਆ, ਉਸ ਨੂੰ ਮਾਇਆ ਦੇ ਸਾਰੇ ਸੁਆਦ ਫਿੱਕੇ ਜਾਪਦੇ ਹਨ। ਹੇ ਨਾਨਕ ! ਨਾਮ-ਰਸ ਪ੍ਰਾਪਤ ਕਰ ਲੈਣ ਵਾਲੇ ਦੀ) ਜਿੰਦ ਪਰਮਾਤਮਾ ਦੀ ਜੋਤਿ ਵਿਚ (ਇਉਂ) ਇਕ-ਮਿਕ ਹੋ ਜਾਂਦੀ ਹੈ, (ਜਿਵੇਂ) ਪਾਣੀ ਪਾਣੀ ਵਿਚ ਰਲ ਜਾਂਦਾ ਹੈ ।

ਸਲੋਕ ਮ ੩ ॥ ਦੂਜੈ ਭਾਇ ਬਿਲਾਵਲੁ ਨ ਹੋਵਈ ਮਨਮੁਖਿ ਥਾਇ ਨ ਪਾਇ ॥ ਪਾਖੰਡਿ ਭਗਤਿ ਨ ਹੋਵਈ ਪਾਰਬ੍ਰਹਮੁ ਨ ਪਾਇਆ ਜਾਇ ॥ ਮਨਹਠਿ ਕਰਮ ਕਮਾਵਣੇ ਥਾਇ ਨ ਕੋਈ ਪਾਇ ॥ ਨਾਨਕ ਗੁਰਮੁਖਿ ਆਪੁ ਬੀਚਾਰੀਐ ਵਿਚਹੁ ਆਪੁ ਗਵਾਇ ॥ ਆਪੇ ਆਪਿ ਪਾਰਬ੍ਰਹਮੁ ਹੈ ਪਾਰਬ੍ਰਹਮੁ ਵਸਿਆ ਮਨਿ ਆਇ ॥ ਜੰਮਣੁ ਮਰਣਾ ਕਟਿਆ ਜੋਤੀ ਜੋਤਿ ਮਿਲਾਇ ॥੧॥ (ਪੰਨਾ ੮੪੯)

ਅਰਥ: ਹੇ ਭਾਈ ! ਮਾਇਆ ਦੇ ਮੋਹ ਵਿਚ (ਟਿਕੇ ਰਿਹਾਂ) ਆਤਮਕ ਆਨੰਦ ਨਹੀਂ ਮਿਲਦਾ, ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ (ਪਰਮਾਤਮਾ ਦੀਆਂ ਨਿਗਾਹਾਂ ਵਿਚ) ਕਬੂਲ ਨਹੀਂ ਹੁੰਦਾ (ਕਿਉਂਕਿ) ਅੰਦਰੋਂ ਹੋਰ ਤੇ ਬਾਹਰੋਂ ਹੋਰ ਰਿਹਾਂ ਪਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ, ਇਸ ਤਰਾਂ ਪ੍ਰਮਾਤਮਾ ਨਹੀਂ ਮਿਲ ਸਕਦਾ। (ਅੰਦਰ ਪ੍ਰਭੂ ਨਾਲ ਪਿਆਰ ਨਾਹ ਹੋਵੇ ਤਾਂ ਨਿਰੇ) ਮਨ ਦੇ ਹਠ ਨਾਲ ਕੀਤੇ ਕਰਮਾਂ ਦੀ ਰਾਹੀਂ ਕੋਈ ਮਨੁੱਖ (ਪ੍ਰਮਾਤਮਾ ਦੀ ਹਜ਼ੂਰੀ ਵਿਚ) ਪਰਵਾਨ ਨਹੀਂ ਹੁੰਦਾ।

ਹੇ ਨਾਨਕ, ਆਖ-ਹੇ ਭਾਈ,) ਅੰਦਰੋਂ ਆਪਾ-ਭਾਵ ਦੂਰ ਕਰ ਕੇ ਗੁਰੂ ਦੀ ਸਰਨ ਪੈ ਕੇ ਆਪਣਾ ਆਤਮਕ ਜੀਵਨ ਪੜਤਾਲਣਾ ਚਾਹੀਦਾ ਹੈ, (ਇਸ ਤਰਾਂ ਉਹ) ਪ੍ਰਮਾਤਮਾ (ਜੋ ਹਰ ਥਾਂ) ਆਪ ਹੀ ਆਪ ਹੈ ਮਨ ਵਿਚ ਆ ਵੱਸਦਾ ਹੈ। ਪਰਮਾਤਮਾ ਦੀ ਜੋਤਿ ਵਿਚ (ਆਪਣੀ) ਸੁਰਤਿ ਜੋੜਿਆਂ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ।

ਆਵਾ ਗਉਣੁ ਨਿਵਾਰਿਆ ਜੋਤੀ ਜੋਤਿ ਮਿਲਾਇ ॥ ਗੁਰਮਤੀ ਸਹਜੁ ਊਪਜੈ ਸਚੇ ਰਹੈ ਸਮਾਇ ॥(ਮ:੧,ਪੰਨਾ ੧੦੦੮)

ਅਰਥ: ਜੇਹੜੇ ਬੰਦੇ ਗੁਰੂ ਦੀ ਸਰਨ ਪੈ ਕੇ (ਇਸ ਸਮੁੰਦਰ ਵਿਚੋਂ) ਲੰਘਦੇ ਹਨ, ਉਹ ਸਦਾ-ਥਿਰ ਪਰਮਾਤਮਾ (ਦੇ ਚਰਨਾਂ) ਵਿਚ ਸੁਰਤਿ ਜੋੜ ਕੇ ਪਾਰਲੇ ਕੰਢੇ ਜਾ ਪਹੁੰਚਦੇ ਹਨ। (ਗੁਰੂ) ਉਨਾਂ ਦੀ ਜੋਤਿ ਪ੍ਰਭੂ ਦੀ ਜੋਤਿ ਵਿਚ ਮਿਲਾ ਕੇ ਉਨਾਂ ਦਾ ਜਨਮ ਮਰਨ ਦਾ ਗੇੜ ਮੁਕਾ ਦੇਂਦਾ ਹੈ। ਗੁਰੂ ਦੀ ਸਿੱਖਿਆ ਲੈ ਕੇ ਜਿਸ ਮਨੁੱਖ ਦੇ ਅੰਦਰ ਅਡੋਲ ਆਤਮਕ ਅਵਸਥਾ ਪੈਦਾ ਹੁੰਦੀ ਹੈ ਉਹ ਸਦਾ-ਥਿਰ ਪ੍ਰਭੂ ਵਿਚ ਲੀਨ ਰਹਿੰਦਾ ਹੈ।

ਨਾਨਕ ਗੁਰ ਤੇ ਗੁਰੂ ਹੋਇਆ ਵੇਖਹੁ ਤਿਸ ਕੀ ਰਜਾਇ ॥ ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ ॥ (ਮ:੩. ਪੰਨਾ ੪੯੦)

ਅਰਥ: ਹੇ ਨਾਨਕ, (ਆਖ- ਹੇ ਭਾਈ !) ਵੇਖੋ, ਪਰਮਾਤਮਾ ਦੀ ਅਚਰਜ ਮਰਜ਼ੀ, (ਜੇਹੜਾ ਭੀ ਮਨੁੱਖ ਗੁਰੂ ਦੀ ਸਰਨ ਪੈਂਦਾ ਹੈ ਉਹ) ਗੁਰੂ ਦੀ ਸਰਨ ਪੈਣ ਨਾਲ ਗੁਰੂ ਦਾ ਰੂਪ ਬਣ ਜਾਂਦਾ ਹੈ। ਪਰਮਾਤਮਾ ਆਪ ਹੀ ਇਹ ਸਬੱਬ ਬਣਾਉਂਦਾ ਹੈ, (ਗੁਰੂ ਦੀ ਸਰਨ ਪਏ ਮਨੁੱਖ ਦੀ) ਆਤਮਾ ਪ੍ਰਮਾਤਮਾ ਦੀ ਜੋਤਿ ਵਿਚ ਲੀਨ ਹੋ ਜਾਂਦੀ ਹੈ।

(ਪਰ) ਨਾਨਕ ਬੇਨਤੀ ਕਰਦਾ ਹੈ (ਕਿ ਇਸ ਅਵਸਥਾ ਨੂੰ) ਉਹੀ ਮਨੁੱਖ ਸਮਝਦੇ ਹਨ, ਜਿਨਾਂ ਨੇ ਪ੍ਰਮਾਤਮਾ ਦੇ ਨਾਮ ਦਾ ਸੁਆਦ ਚੱਖਿਆ ਹੈ। ਟੀਕਾਕਾਰ: ਪ੍ਰੋ. ਸਾਹਿਬ ਸਿੰਘ ਜੀ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਪਰ ਦਿੱਤੇ ਸ਼ਬਦਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸ਼ਬਦ 'ਜੋਤੀ ਜੋਤਿ ਮਲਾਏ' ਦੇ ਸੰਦਰਭ ਵਿੱਚ ਹਨ, ਜਿਹੜੇ ਇਨਸਾਨ ਨੂੰ 'ਗੁਰੂ' ਦੀ ਸਿਖਿਆ ਲੈ ਕੇ ਜਿਉਂਦੇ ਜੀਅ ਅਕਾਲ ਪੁਰਖ ਦੀ ਜੋਤ ਵਿੱਚ ਲੀਨ ਹੋਣ ਬਾਰੇ ਉਪਦੇਸ਼ ਦੇਂਦੇ ਹਨ ।

ਬਾਕੀ ਸਫ਼ਾ 30 'ਤੇ

# ਰੂਸ-ਯੂਕਰੇਨ ਜੰਗ ਦਾ ਵਿਸ਼ਵ ਉਪਰ ਅਸਰ

**ਜੀ ਪਾਰਥਾਸਾਰਥੀ**

ਸਾਲ 1992 ਵਿਚ ਜਦੋਂ ਸੋਵੀਅਤ ਸੰਘ ਢਹਿ-ਢੇਰੀ ਹੋਇਆ ਸੀ ਤਾਂ ਭਾਰੂ ਰੂਸੀ ਫੈਡਰੇਸ਼ਨ ਅਤੇ ਇਸ ਦੇ ਗੁਆਂਢੀ ਇਸਲਾਮੀ ਗਣਰਾਜਾਂ ਦਰਮਿਆਨ ਟਕਰਾਅ ਪੈਦਾ ਹੋਣ 'ਤੇ ਤੌਖ਼ਲੇ ਸਨ ਪਰ ਇੰਝ ਹੋਇਆ ਨਹੀਂ। ਮੁਸਲਿਮ ਬਹੁਗਿਣਤੀ ਵਾਲੇ ਇਸ ਦੇ ਪੂਰਬੀ ਗਣਰਾਜਾਂ-ਅਜ਼ਰਬਾਇਜਾਨ, ਉਜ਼ਬੇਕਿਸਤਾਨ, ਤਾਜਿਕਸਤਾਨ, ਕਿਰਗਿਜ਼ੀਆ ਤੇ ਕਜ਼ਾਕਸਤਾਨ ਵਿਚ ਸੁਚਾਰੂ ਤੇ ਸ਼ਾਂਤਮਈ ਢੰਗ ਨਾਲ ਸੱਤਾ ਤਬਦੀਲ ਕਰ ਦਿੱਤੀ ਗਈ। ਸੁਭਾਵਿਕ ਤੌਰ 'ਤੇ ਦੂਜੇ ਗਣਰਾਜਾਂ ਦੇ ਕੌਮੀ ਜੀਵਨ ਵਿਚ ਰੂਸੀ ਭੂਮਿਕਾ ਨੂੰ ਲੈ ਕੇ ਕੁਝ ਹੱਦ ਤੱਕ ਮਤਭੇਦ ਮੌਜੂਦ ਸਨ ਪਰ ਇਨਾਂ ਨੂੰ ਸੰਭਾਲ ਲਿਆ ਜਾਂਦਾ ਰਿਹਾ ਸੀ। ਦਿਲਚਸਪ ਗੱਲ ਇਹ ਸੀ ਕਿ ਸਭ ਤੋਂ ਗੰਭੀਰ ਮਤਭੇਦ ਮੁੱਖ ਤੌਰ 'ਤੇ ਰੂਸ ਦੇ ਆਪਣੇ ਗੁਆਂਢੀਆਂ ਨਾਲ ਸਬੰਧਾਂ ਬਾਰੇ ਪੈਦਾ ਹੋਏ ਖਾਸਕਰ ਯੂਕਰੇਨ ਨਾਲ ਉਭਰੇ ਜੋ ਨਸਲੀ ਅਤੇ ਧਾਰਮਿਕ ਤੌਰ 'ਤੇ ਉਸ ਦੇ ਕਾਫੀ ਕਰੀਬ ਸੀ ਤੇ ਲਗਭਗ ਦੋ ਸਦੀਆਂ ਤੋਂ ਉੱਥੇ ਰੂਸ ਦਾ ਹੀ ਰਾਜ ਚਲਦਾ ਰਿਹਾ ਸੀ। ਇਹ ਮਤਭੇਦ ਇਸ ਤੱਥ ਕਰ ਕੇ ਹੋਰ ਤੇਜ਼ ਹੋ ਗਏ ਕਿ ਕ੍ਰੀਮੀਆ ਅਤੇ ਕਾਲੇ ਸਾਗਰ ਤੱਕ ਰੂਸ ਦਾ ਇਕਮਾਤਰ ਸਮੁੰਦਰੀ ਮਾਰਗ ਦੱਖਣੀ ਯੂਕਰੇਨ 'ਚੋਂ ਹੋ ਕੇ ਲੰਘਦਾ ਹੈ। ਨਾਲ ਹੀ ਇਹ ਵੀ ਕਿ ਕ੍ਰੀਮੀਆ ਤੇ ਦੱਖਣੀ ਯੂਕਰੇਨ ਦੋਵੇਂ ਖੇਤਰਾਂ ਵਿਚ ਅੱਛੀ ਖਾਸੀ ਰੂਸੀ ਵਸੋਂ ਹੈ।

ਯੂਕਰੇਨ ਦੇ ਅਮਰੀਕਾ ਨਾਲ ਵਧ-ਫੁਲ ਰਹੇ ਸਬੰਧਾਂ ਨੂੰ ਲੈ ਕੇ ਮਾਸਕੋ ਵਿਚ ਲੰਮੇ ਸਮੇਂ ਤੋਂ ਸ਼ੱਕ-ਸ਼ੁਬਹੇ ਰਹੇ ਹਨ ਜੋ ਹਾਲੀਆ ਸਮਿਆਂ ਵਿਚ ਹੋਰ ਗਹਿਰੇ ਹੋ ਗਏ ਸਨ। ਇਹ ਮਤਭੇਦ ਉਦੋਂ ਗੰਭੀਰ ਬਣ ਗਏ ਜਦੋਂ ਅਮਰੀਕੀ ਵਿਦੇਸ਼ ਮੰਤਰੀ ਐਂਥਨੀ ਬਲਿੰਕਨ ਨੇ ਪਹਿਲੀ ਨਵੰਬਰ 2021 ਨੂੰ ਆਪਣੇ ਯੂਕਰੇਨੀ ਹਮਰੁਤਬਾ ਨਾਲ ਸੰਧੀ ਸਹੀਬੰਦ ਕੀਤੀ ਸੀ। ਇਹ ਰੂਸ ਵੱਲ ਸੇਧਤ ਇਕ ਤਰਾਂ ਦੀ ਰੱਖਿਆ ਸੰਧੀ ਸੀ। ਇਸ ਵਿਚ 'ਰੂਸੀ ਹਮਲੇ ਦਾ ਮੁਕਾਬਲਾ ਕਰਨ', 'ਰੱਖਿਆ ਸਹਿਯੋਗ ਵਧਾਉਣ' ਅਤੇ 'ਯੂਕਰੇਨ ਨੂੰ ਰਣਨੀਤਕ ਸੁਰੱਖਿਆ ਇਮਦਾਦ' ਮੁਹੱਈਆ ਕਰਾਉਣ ਜਿਹੇ ਮੁੱਦਿਆਂ ਦਾ ਜ਼ਿਕਰ ਸੀ। ਜਾਪ ਰਿਹਾ ਸੀ, ਅਮਰੀਕਾ ਅਤੇ ਯੂਕਰੇਨ ਦੀਰਘਕਾਲੀ ਸੁਰੱਖਿਆ ਅਤੇ ਦੱਖਣੀ ਯੂਕਰੇਨ ਵਿਚੋਂ ਹੋ ਕੇ ਬਾਲਟਿਕ ਸਾਗਰ ਤੱਕ ਉਸ ਦੀ ਇਕਮਾਤਰ ਰਸਾਈ ਬਾਰੇ ਰੂਸੀ ਸਰੋਕਾਰਾਂ ਨੂੰ ਨਜ਼ਰਅੰਦਾਜ਼ ਕਰਨਾ ਜਾਰੀ ਰੱਖਣਗੇ। ਇਸ ਮੁੱਦੇ 'ਤੇ ਤਣਾਅ ਪੈਦਾ ਹੋਣਾ ਲਾਜ਼ਮੀ ਸੀ ਅਤੇ ਬਾਲਟਿਕ ਸਾਗਰ ਤੱਕ ਨਿਰਵਿਘਨ ਰਸਾਈ ਯਕੀਨੀ ਬਣਾਉਣ ਲਈ ਹੀ ਰੂਸ ਨੇ 2014 ਵਿਚ ਕ੍ਰੀਮੀਆ ਪ੍ਰਾਇਦੀਪ 'ਤੇ ਕਬਜ਼ਾ ਕੀਤਾ ਸੀ। ਕ੍ਰੀਮੀਆ ਵਾਂਗ ਹੀ ਦੱਖਣੀ ਯੂਕਰੇਨ ਵਿਚ ਕਾਫੀ ਰੂਸੀ ਵਸੋਂ ਹੈ ਜਿਸ ਨੇ ਰੂਸ ਦੀ ਫ਼ੌਜੀ ਕਾਰਵਾਈ ਦੀ ਉਦੋਂ ਹਮਾਇਤ ਕੀਤੀ ਸੀ।

ਸ਼ੁਰੂ ਵਿਚ ਯੂਕਰੇਨ ਅੰਦਰ ਰੂਸੀ ਫ਼ੌਜੀ ਦਖ਼ਲਅੰਦਾਜ਼ੀ ਦਾ ਨਿਸ਼ਾਨਾ ਰਾਜਧਾਨੀ ਕੀਵ ਸੀ। ਰੂਸ ਦੇ ਦੁਸ਼ਮਣ ਬਾਇਡਨ ਪ੍ਰਸ਼ਾਸਨ ਅਤੇ ਇਕ ਯੁਵਾ, ਤੇਜ਼ ਤਰਾਰ ਪਰ ਸਿਆਸੀ ਤੌਰ 'ਤੇ ਗ਼ੈਰ-ਤਜਰਬੇਕਾਰ ਯੂਕਰੇਨੀ ਰਾਸ਼ਟਰਪਤੀ ਵਲੋਦੀਮੀਰ ਜ਼ੇਲੈਂਸਕੀ ਵਿਚਕਾਰ ਵਧਦੇ ਫ਼ੌਜੀ ਤੇ ਰਾਜਸੀ ਸਬੰਧਾਂ ਮੁਤੱਲਕ ਰੂਸ ਦੇ ਸਰੋਕਾਰਾਂ ਦਾ ਇਹ ਨਾ ਟਲਣਯੋਗ ਸਿੱਟਾ ਸੀ। ਇਸ ਦਖ਼ਲ ਕਰ ਕੇ ਫਿਨਲੈਂਡ ਜਿਹੇ ਰੂਸ ਦੇ ਗੁਆਂਢੀ ਦੇਸ਼ਾਂ ਨੇ ਵੀ ਨਾਟੋ ਮੈਂਬਰਸ਼ਿਪ ਮੰਗਣੀ ਸ਼ੁਰੂ ਕਰ ਦਿੱਤੀ। ਕਾਲੇ ਸਾਗਰ ਨਾਲ ਜੋੜਨ ਵਾਲੇ ਦੋਨੇਸਕ ਤੋਂ ਲੈ ਕੇ ਮਾਰਿਓਪੋਲ ਤੱਕ ਯੂਕਰੇਨ ਦੇ ਦੱਖਣ ਪੂਰਬੀ ਖੇਤਰਾਂ ਉਪਰ ਕਬਜ਼ਾ ਕਰਨ ਦੀ ਰੂਸ ਦੀ ਰਣਨੀਤਕ ਕਾਰਵਾਈ ਦੀ ਸਮਝ ਪੈਂਦੀ ਹੈ ਪਰ ਸ਼ੁਰੂ ਵਿਚ ਯੂਕਰੇਨ ਦੀ ਰਾਜਧਾਨੀ ਕੀਵ ਵੱਲ ਰੂਸ ਦੀ ਪੇਸ਼ਕਦਮੀ ਸਿਆਸੀ, ਕੂਟਨੀਤਕ ਅਤੇ ਰਣਨੀਤਕ ਤੌਰ 'ਤੇ ਬੇਤੁਕੀ ਜਾਪਦੀ ਹੈ। ਜਿਵੇਂ ਆਸ ਕੀਤੀ ਜਾਂਦੀ ਸੀ, ਪੱਛਮੀ ਦੇਸ਼ਾਂ ਨੇ ਰੂਸ ਦੀ ਕਾਰਵਾਈ ਨੂੰ ਯੂਕਰੇਨ ਦੀ ਪ੍ਰਭੂਸੱਤਾ ਦੀ ਖਿਲਾਫ਼ਵਰਜ਼ੀ ਕਰਾਰ ਦਿੱਤਾ।

ਉਂਝ, ਜਲਦੀ ਹੀ ਰੂਸ ਨੇ ਆਪਣਾ ਮੁਹਾਣ ਬਦਲ ਲਿਆ। ਮਾਸਕੋ ਨੇ ਹੁਣ ਸਮੁੱਚੇ ਲੁਹਾਂਸਕ ਖਿੱਤੇ ਉਪਰ ਕਬਜ਼ਾ ਕਰ ਲਿਆ ਜੋ ਇਤਿਹਾਸਕ ਤੌਰ 'ਤੇ ਕਾਲੇ ਸਾਗਰ ਤੱਕ ਇਸ ਦੀ ਰਸਾਈ ਦੀ ਜ਼ਾਮਨੀ ਦਿੰਦਾ ਆ ਰਿਹਾ ਸੀ। ਅਮਰੀਕਾ ਦੀ ਅਗਵਾਈ ਹੇਠ ਪੱਛਮੀ ਤਾਕਤਾਂ ਨੇ ਰੂਸ ਦੇ ਖਿਲਾਫ਼ ਕੌਮਾਂਤਰੀ ਮੰਚਾਂ 'ਤੇ ਮਤੇ ਪਾਸ ਕੀਤੇ ਹਾਲਾਂਕਿ ਇਨਾਂ ਨੂੰ ਅਮਰੀਕੀ ਰਾਸ਼ਟਰਪਤੀ ਦੀ ਘਰੋਗੀ ਲੋਕਪ੍ਰਿਅਤਾ ਵਧਾਉਣ ਦੀ ਚਾਰਾਜੋਈ ਵਜੋਂ ਜ਼ਿਆਦਾ ਦੇਖਿਆ ਗਿਆ। ਪੱਛਮੀ ਦੇਸ਼ਾਂ ਦੀਆਂ ਪਾਬੰਦੀਆਂ ਨਾਲ ਮਾਸਕੋ ਨੂੰ ਨੁਕਸਾਨ ਤਾਂ ਝੱਲਣਾ ਪਿਆ ਪਰ ਰੂਸ ਕੋਲ ਆਪਣੀਆਂ ਸਪਲਾਈ ਚੇਨਾਂ ਅਤੇ ਵਪਾਰ ਜਾਰੀ ਰੱਖਣ ਦੀ ਸਮੱਰਥਾ ਹੈ। ਇਸ ਤੋਂ ਇਲਾਵਾ ਅਮਰੀਕਾ ਤੇ ਉਸ ਦੇ ਸਹਿਯੋਗੀ ਦੇਸ਼ਾਂ ਵਲੋਂ ਰੂਸੀ ਕਰੰਸੀ 'ਤੇ ਲਾਈਆਂ ਪਾਬੰਦੀਆਂ ਤੋਂ ਵੀ ਰੂਸ ਉਭਰ ਗਿਆ।

ਉਂਝ, ਯੂਕਰੇਨ ਦੀਆਂ ਘਟਨਾਵਾਂ ਤੋਂ ਸੰਸਾਰ ਨਿਜ਼ਾਮ ਅੰਦਰ ਧਰੁਵੀਕਰਨ ਵਧ ਰਿਹਾ ਹੈ ਜਿਸ ਤਹਿਤ ਇਕ ਪਾਸੇ ਚੀਨ ਰੂਸ ਦੀ ਹਮਾਇਤ ਕਰ ਰਿਹਾ ਹੈ, ਦੂਜੇ ਪਾਸੇ ਅਮਰੀਕਾ ਤੇ ਉਸ ਦੇ ਸਹਿਯੋਗੀ ਦੇਸ਼ ਖੜੇ ਹਨ। ਇਸ ਤੋਂ ਵੀ ਵੱਡੇ ਫ਼ਿਕਰ ਦੀ ਗੱਲ ਇਹ ਹੈ ਕਿ ਰੂਸ ਉੱਤੇ ਅਮਰੀਕਾ ਤੇ ਉਸ ਦੇ ਸਹਿਯੋਗੀ ਦੇਸ਼ਾਂ ਵਲੋਂ ਸਖ਼ਤ ਪਾਬੰਦੀਆਂ ਲਾਉਣ ਕਰ ਕੇ ਵਪਾਰ, ਨਿਵੇਸ਼ ਅਤੇ ਆਰਥਿਕ ਵਿਕਾਸ ਲਈ ਆਲਮੀ ਮਾਹੌਲ ਵਿਗੜ ਰਿਹਾ ਹੈ। ਹਾਲੀਆ ਘਟਨਾਵਾਂ ਨਾਲ ਦੁਨੀਆ ਅੰਦਰ ਖੁਰਾਕ ਦੀ ਕਮੀ ਆਉਣ ਅਤੇ ਮਹਿੰਗਾਈ ਦਰ ਵਧਣ ਦਾ ਡਰ ਪੈਦਾ ਹੋ ਗਿਆ ਹੈ। ਪਾਬੰਦੀਆਂ ਲਾਉਣ ਲਈ ਅਮਰੀਕਾ ਦਾ ਸਾਥ ਦੇ ਰਹੇ ਬਹੁਤ ਸਾਰੇ ਪੱਛਮੀ ਮੁਲਕ ਤੇਲ ਤੇ ਗੈਸ ਜਿਹੀਆਂ ਆਪਣੀਆਂ ਊਰਜਾ ਲੋੜਾਂ ਦੀ ਪੂਰਤੀ ਲਈ ਰੂਸ 'ਤੇ ਬਹੁਤ ਜ਼ਿਆਦਾ ਨਿਰਭਰ ਹਨ। ਰੂਸ ਨੂੰ ਉਨਾਂ ਦੇ ਊਰਜਾ ਖੇਤਰ ਦੇ ਕੁੱਲ ਖਰਚ ਤੋਂ 75 ਫ਼ੀਸਦ ਹਿੱਸਾ ਮਾਲੀਏ ਦੇ ਰੂਪ ਵਿਚ ਜਾਂਦਾ ਸੀ। ਉਧਰ, ਅਮਰੀਕਾ ਦੇ ਤੇਲ ਅਤੇ ਸ਼ੈੱਲ ਗੈਸ ਦੇ ਆਪਣੇ ਪੱਕੇ ਸਰੋਤ ਹਨ। ਜੇ ਰੂਸੀ ਗੈਸ ਸਪਲਾਈ ਨਹੀਂ ਹੁੰਦੀ ਤਾਂ ਕਈ ਮੁੱਖ ਯੂਰਪੀ ਦੇਸ਼ਾਂ ਅੰਦਰ ਲੋਕਾਂ ਨੂੰ ਸਰਦੀਆਂ ਦੇ ਮੌਸਮ ਵਿਚ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ। ਇਸ ਕਰ ਕੇ ਤੇਲ ਦੀਆਂ ਕੀਮਤਾਂ ਵਿਚ ਭਾਰੀ ਉਛਾਲ ਆਇਆ ਹੈ, ਸਿੱਟੇ ਵਜੋਂ ਨਾ ਕੇਵਲ ਵਿਕਸਤ ਜਗਤ ਸਗੋਂ ਵਿਕਾਸਸ਼ੀਲ ਦੇਸ਼ਾਂ ਦੇ ਅਰਥਚਾਰਿਆਂ ਵਿਚ ਉਥਲ-ਪੁਥਲ ਹੋ ਰਹੀ ਹੈ।

ਕੁਝ ਯੂਰੋਪੀਅਨ ਦੇਸ਼ਾਂ ਨੇ ਭਾਰਤ ਵਲੋਂ ਰੂਸ ਤੋਂ ਤੇਲ ਖਰੀਦਣ ਬਾਰੇ ਉਜ਼ਰ ਕੀਤਾ ਸੀ ਜਿਸ ਮੁਤੱਲਕ ਵਿਦੇਸ਼ ਮਾਮਲਿਆਂ ਦੇ ਮੰਤਰੀ ਜੈਸ਼ੰਕਰ ਨੇ ਪੁੱਛਿਆ ਸੀ : 'ਕੀ ਰੂਸੀ ਗੈਸ ਦੀ ਖਰੀਦ ਦਾ ਮਤਲਬ ਜੰਗ ਲਈ ਫੰਡ ਮੁਹੱਈਆ ਕਰਾਉਣਾ ਨਹੀਂ ? ਯੂਰੋਪ ਨੂੰ ਆਪਣੀ ਇਹ ਮਨੋਦਸ਼ਾ ਬਦਲਣ ਦੀ ਲੋੜ ਹੈ ਕਿ ਉਸ ਦੀਆਂ ਸਮੱਸਿਆਵਾਂ ਦੁਨੀਆ ਦੀ ਸਮੱਸਿਆ ਹੈ ਪਰ ਦੁਨੀਆ ਦੀਆਂ ਸਮੱਸਿਆਵਾਂ ਯੂਰੋਪ ਦੀ ਸਮੱਸਿਆ ਨਹੀਂ।' ਭਾਰਤ ਕੋਲ ਅਮਰੀਕਾ ਤੇ ਯੂਰੋਪੀਅਨ ਦੇਸ਼ਾਂ ਦੇ ਦੋਹਰੇ ਮਿਆਰਾਂ ਦੀ ਨਿਸ਼ਾਨਦੇਹੀ ਕਰਨ ਦੇ ਕਈ ਵਧੀਆ ਕਾਰਨ ਹਨ। ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਤੇਲ ਖਪਤਕਾਰ ਹੈ ਜਿਸ ਨੇ ਪਿਛਲੇ ਸਾਲ 119.2 ਅਰਬ ਡਾਲਰ ਦਾ ਕੱਚੇ ਤੇਲ ਖਰੀਦਿਆ ਸੀ। ਤੇਲ ਦੀਆਂ ਕੀਮਤਾਂ ਵਿਚ ਵਾਧੇ ਨਾਲ ਭਾਰਤ ਦੇ ਆਮ ਲੋਕਾਂ ਦੀ ਜ਼ਿੰਦਗੀ ਬੁਰੀ ਤਰਾਂ ਪ੍ਰਭਾਵਿਤ ਹੋ ਰਹੀ ਹੈ। ਮਾਸਕੋ ਵਲੋਂ ਰਿਆਇਤੀ ਦਰਾਂ 'ਤੇ ਤੇਲ ਵੇਚਿਆ ਜਾ ਰਿਹਾ ਹੈ। ਪੈਟਰੋਲੀਅਮ ਪਦਾਰਥਾਂ ਦੀਆਂ ਕੌਮਾਂਤਰੀ ਕੀਮਤਾਂ ਜਿਵੇਂ ਅੰਬਰੀਂ ਚੜੀਆਂ ਹੋਈਆਂ ਹਨ, ਉਸ ਦੇ ਮੱਦੇਨਜ਼ਰ ਮਾਸਕੋ ਤੋਂ ਜ਼ਿਆਦਾ ਮਾਤਰਾ ਵਿਚ ਤੇਲ, ਗੈਸ ਤੇ ਖਾਦਾਂ ਖਰੀਦਣਾ ਭਾਰਤ ਨੂੰ ਵਾਰਾ ਖਾਂਦਾ ਹੈ। ਅਮਰੀਕੀ ਕਾਂਗਰਸ ਵਲੋਂ ਹਾਲ ਹੀ ਵਿਚ ਭਾਰਤ 'ਤੇ ਵਪਾਰਕ ਪਾਬੰਦੀਆਂ ਲਾਉਣ ਦੀ ਧਮਕੀ ਦਿੱਤੀ ਗਈ ਹੈ। ਰੂਸ ਨੇ ਹੁਣ ਯੂਕਰੇਨ ਰਾਹੀਂ ਸਾਗਰ ਤੱਕ ਆਪਣੇ ਰਵਾਇਤੀ ਮਾਰਗ 'ਤੇ ਕਬਜ਼ਾ ਜਮਾਉਣ ਦਾ ਆਪਣਾ ਉਦੇਸ਼ ਪੂਰਾ ਕਰ ਲਿਆ ਹੈ। ਉਸ ਨੇ ਲੁਹਾਂਸਕ, ਦੋਨੇਸਕ ਅਤੇ ਕ੍ਰੀਮੀਆ ਖੇਤਰਾਂ ਉਪਰ ਕੰਟਰੋਲ ਕਾਇਮ ਕਰ ਲਿਆ ਹੈ। ਇਹ ਦੇਖਣਾ ਬਾਕੀ ਹੈ ਕਿ ਕੀ ਰੂਸ ਓਡੇਸਾ ਦੀ ਰਣਨੀਤਕ ਬੰਦਰਗਾਹ 'ਤੇ ਕਾਬਜ਼ ਹੋਣ ਲਈ ਪੱਛਮ ਵੱਲ ਅੱਗੇ ਵਧਦਾ ਹੈ ਜਾਂ ਨਹੀਂ ਜੋ ਯੂਕਰੇਨ ਦੀ ਸਭ ਤੋਂ ਮਹੱਤਵਪੂਰਨ ਬੰਦਰਗਾਹ ਹੈ। ਉਂਝ, ਦੁਨੀਆ ਭਰ ਖ਼ਾਸਕਰ ਬੰਗਲਾਦੇਸ਼ ਤੇ ਅਫ਼ਰੀਕਾ ਜਿਹੇ ਮੁਲਕਾਂ ਵਿਚ ਯੂਕਰੇਨ ਤੇ ਰੂਸ ਦੀ ਕਣਕ ਦੀ ਮੰਗ ਦੇ ਮੱਦੇਨਜ਼ਰ ਜੇ ਜਲਦੀ ਗੋਲੀਬੰਦੀ ਹੋ ਜਾਂਦੀ ਹੈ ਤਾਂ ਸਮੁੱਚੀ ਦੁਨੀਆ ਇਸ ਦਾ ਸਵਾਗਤ ਕਰੇਗੀ। ਭਾਰਤ ਕੋਲ ਕਣਕ ਦੇ ਸੀਮਤ ਭੰਡਾਰ ਹਨ ਜੋ ਕੁਝ ਚੋਣਵੇਂ ਮੁਲਕਾਂ ਲਈ ਸਹਾਈ ਹੋ ਸਕਦੇ ਹਨ। ਫਰਾਂਸ ਤੇ ਜਰਮਨੀ ਜਿਹੇ ਮੁਲਕਾਂ ਅੰਦਰ ਸ਼ਾਂਤੀ ਬਹਾਲ ਕਰਨ ਦੀ ਲੋੜ ਦੀ ਮਾਨਤਾ ਵਧ ਰਹੀ ਹੈ ਪਰ ਬਾਈਡਨ ਪ੍ਰਸ਼ਾਸਨ, ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਤੇ ਬਰਤਾਨਵੀ ਸਰਕਾਰ ਯੂਕਰੇਨ ਅੰਦਰ ਰੂਸ ਨੂੰ ਲਹੂ-ਲੁਹਾਣ ਕਰਨ ਲਈ ਲੱਕ ਬੰਨ ਕੇ ਜੁਟੇ ਹੋਏ ਹਨ। ਹਾਲੀਆ ਜੀ-7 ਸਿਖਰ ਸੰਮੇਲਨ ਵਿਚ ਹੋਈ ਗੱਲਬਾਤ ਤੋਂ ਇਹ ਸਾਫ਼ ਨਜ਼ਰ ਆ ਰਿਹਾ ਸੀ। ਇਸ ਨਾਲ ਬਾਲਟਿਕ ਖਿੱਤੇ ਦੇ ਆਰ-ਪਾਰ ਦੁੱਖ ਤੇ ਮੁਸੀਬਤਾਂ ਵਿਚ ਹੀ ਵਾਧਾ ਹੋਵੇਗਾ।

ਰੂਸ ਅਤੇ ਅਮਰੀਕਾ ਦਰਮਿਆਨ ਵਧ ਰਹੇ ਵੈਰ ਤੋਂ ਇਸ ਗੱਲ ਦਾ ਡਰ ਹੈ ਕਿ ਮਿਸਰ ਸਮੇਤ ਅਫਰੀਕਾ ਦੇ ਬਹੁਤ ਸਾਰੇ ਮੁਲਕਾਂ ਅੰਦਰ ਰੂਸ ਤੇ ਯੂਕਰੇਨ ਦੀ ਕਣਕ ਦੀ ਸਪਲਾਈ 'ਤੇ ਬਹੁਤ ਬੁਰਾ ਅਸਰ ਪੈ ਸਕਦਾ ਹੈ ਜੋ ਉਸ ਖਿੱਤੇ ਅੰਦਰ ਕਣਕ ਦੇ ਸਭ ਤੋਂ ਵੱਡੇ ਦਰਾਮਦਕਾਰ ਹਨ। ਰੂਸ ਕਣਕ ਦਾ ਸਭ ਤੋਂ ਵੱਡਾ ਬਰਾਮਦਕਾਰ ਹੈ ਅਤੇ ਸਾਲਾਨਾ ਕਰੀਬ 8 ਅਰਬ ਡਾਲਰ ਦੀ ਕਣਕ ਭੇਜਦਾ ਹੈ। ਯੂਕਰੇਨ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਬਰਾਮਦਕਾਰ ਹੈ ਜਿਸ ਦੀਆਂ ਕਣਕ ਦੀਆਂ ਬਰਾਮਦਾਂ ਸਾਲਾਨਾ 3.5 ਅਰਬ ਡਾਲਰ ਦੀਆਂ ਹਨ। ਰੂਸ ਅਤੇ ਯੂਕਰੇਨ ਦੋਵਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਉਨਾਂ ਦੇ ਟਕਰਾਅ ਦਾ ਕਣਕ ਦੀਆਂ ਆਲਮੀ ਲੋੜਾਂ ਦੀ ਪੂਰਤੀ ਦੇ ਯਤਨਾਂ ਉਪਰ ਕੋਈ ਗੰਭੀਰ ਅਸਰ ਨਾ ਪਵੇ।



# ਅਜਨਬੀ...

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਭਾਗ-5



ਲੇਖਕ : ਆਲਬੇਅਰ ਕਾਮੂ



ਅਨੁਵਾਦ : ਮਹਿੰਦਰ ਬੇਦੀ, ਜੈਤੋ

ਰੇਮੰਡ ਨੇ ਮੈਨੂੰ ਦਫ਼ਤਰ ਵਿਚ ਫ਼ੋਨ ਕੀਤਾ। ਕਿਹਾ, ਇਕ ਵਾਰੀ ਜਿਸ ਦੋਸਤ ਬਾਰੇ ਉਸਨੇ ਮੈਨੂੰ ਦੱਸਿਆ ਸੀ, ਉਸਨੇ ਮੈਨੂੰ ਅਗਲੇ ਐਤਵਾਰ ਦੀ ਛੁੱਟੀ ਇਕੱਠੇ ਬਿਤਾਉਣ ਦਾ ਸੱਦਾ ਦਿੱਤਾ ਏ। ਅਲਜੀਯਰਸ ਨਗਰ ਦੇ ਬਾਹਰ ਈ ਸਮੁੰਦਰ ਕਿਨਾਰੇ ਉਸਦਾ ਛੋਟਾ-ਜਿਹਾ ਆਪਣਾ ਬੰਗਲਾ ਏ। ਮੈਂ ਬੋਲਿਆ ਕਿ ਸੱਦਾ ਸਵੀਕਾਰ ਕਰ ਲੈਣ ਵਿਚ ਮੈਨੂੰ ਬੜੀ ਖ਼ੁਸ਼ੀ ਹੁੰਦੀ-ਪਰ ਦਿੱਕਤ ਸਿਰਫ਼ ਇਹ ਸੀ ਕਿ, ਇਹ ਐਤਵਾਰ ਤਾਂ ਮੈਂ ਕਿਸੇ ਕੁੜੀ ਦੇ ਨਾਲ ਬਿਤਾਉਣ ਦਾ ਵਾਅਦਾ ਕਰੀ ਬੈਠਾ ਹਾਂ। ਰੇਮੰਡ ਨੇ ਝੱਟ ਕਿਹਾ, 'ਤਾਂ ਉਹ ਵੀ ਆ ਜਾਵੇ। ਦੋਸਤ ਦੀ ਪਤਨੀ ਨੂੰ ਤਾਂ ਇਕ ਤਰ੍ਹਾਂ ਨਾਲ ਇਸਦੀ ਖ਼ੁਸ਼ੀ ਓ ਹੋਵੇਗੀ। ਏਨੇ ਮਰਦਾਂ ਵਿਚ ਉਹ ਬਿਲਕੁਲ ਇਕੱਲੀ ਨਈਂ ਰਹੇਗੀ।'

ਆਪਣੇ ਘਰੇਲੂ ਕੰਮਾਂ ਲਈ ਦਫ਼ਤਰ ਦਾ ਫ਼ੋਨ ਇਸਤੇਮਾਲ ਕੀਤਾ ਜਾਵੇ, ਇਹ ਮੇਰੇ ਸਾਹਬ ਨੂੰ ਪਸੰਦ ਨਹੀਂ। ਇਸ ਲਈ ਮੈਂ ਜਿੰਨੀ ਛੇਤੀ ਹੋ ਸਕੇ ਫ਼ੋਨ ਰੱਖ ਦੇਣਾ ਚਾਹੁੰਦਾ ਸੀ। ਪਰ ਰੇਮੰਡ ਨੇ ਕਿਹਾ, 'ਲਾਈਨ ਨਾ ਕੱਟੀਂ।' ਫ਼ੋਨ ਉਸੇ ਨੇ ਇਸ ਲਈ ਕੀਤਾ ਸੀ ਕਿ ਉਸਨੇ ਕੁਝ ਹੋਰ ਵੀ ਕਹਿਣਾ ਸੀ। ਇਸ ਸੱਦੇ ਦੀ ਤਾਂ ਕੋਈ ਵਿਸ਼ੇਸ਼ ਗੱਲ ਨਹੀਂ ਸੀ, ਉਹ ਸ਼ਾਮ ਨੂੰ ਵੀ ਦੇ ਦਿੰਦਾ।

'ਗੱਲ ਇਹ ਐ ਕਿ,' ਉਹ ਕਹਿਣ ਲੱਗਾ, 'ਕੁਝ ਅਰਬ ਸਵੇਰ ਦੇ ਮੇਰਾ ਪਿੱਛਾ ਕਰ ਰਹੇ ਐ। ਜਿਸ ਕੁੜੀ ਨਾਲ ਝਗੜਾ ਹੋਇਆ ਸੀ ਨਾ, ਇਕ ਤਾਂ ਉਸਦਾ ਭਰਾ ਈ ਐ। ਘਰ ਆਉਂਦਿਆਂ ਹੋਇਆਂ ਜੇ ਨੇੜੇ-ਤੇੜੇ ਕਿਤੇ ਕੋਈ ਚੱਕਰ ਕੱਟਦਾ ਦਿਸੇ ਤਾਂ ਮੈਨੂੰ ਇਤਲਾਹ ਕਰ ਦਵੀਂ।'

ਮੈਂ ਕਿਹਾ, 'ਜ਼ਰੂਰ...ਜ਼ਰੂਰ'

ਉਸੇ ਸ਼ਾਮ ਸਾਹਬ ਦਾ ਬੁਲਾਵਾ ਆ ਗਿਆ। ਪਲ ਕੁ ਲਈ ਤਾਂ ਖਿਝ ਗਿਆ। ਹੁਣ ਕਹਿਣਗੇ ਕਿ ਆਪਣਾ ਕੰਮ ਕਰਿਆ ਕਰੋ, ਇੰਜ ਫ਼ੋਨ 'ਤੇ ਦੋਸਤਾਂ ਨਾਲ ਗੱਪਾਂ ਲੜਾਉਣ 'ਚ ਸਮਾਂ ਬਰਬਾਦ ਨਾ ਕਰਿਆ ਕਰੋ। ਪਰ ਸ਼ੁਕਰ ਏ, ਅਜਿਹਾ ਕੁਝ ਨਹੀਂ ਨਿਕਲਿਆ। ਉਹਨਾਂ ਦੇ ਦਿਮਾਗ਼ ਵਿਚ ਕੋਈ ਸਕੀਮ ਸੀ, ਉਸੇ ਬਾਰੇ ਗੱਲਬਾਤ ਕਰਨੀ ਚਾਹੁੰਦੇ ਸਨ। ਅਜੇ ਤੀਕ ਖ਼ੁਦ ਕੁਝ ਤੈਅ ਨਹੀਂ ਸੀ ਕਰ ਸਕੇ। ਗੱਲ ਇਹ ਸੀ ਕਿ ਪੈਰਿਸ ਵਿਚ ਕੰਪਨੀ ਦੀ ਇਕ ਸ਼ਾਖ ਖੋਲਣੀ ਸੀ, ਤਾਕਿ ਚਿੱਠੀ-ਪੱਤਰ ਵਿਚ ਸਮਾਂ ਬਰਬਾਦ ਨਾ ਕਰਕੇ ਵੱਡੀਆਂ-ਵੱਡੀਆਂ ਕੰਪਨੀਆਂ ਦਾ ਕੰਮ ਓਥੇ ਦਾ ਓਥੇ ਈ ਕੀਤਾ ਜਾ ਸਕੇ। ਸਾਹਬ ਜਾਣਨਾ ਚਾਹੁੰਦੇ ਸਨ ਕਿ ਕੀ ਮੈਂ ਉੱਥੇ ਜਾਣਾ ਚਾਹਾਂਗਾ ਜਾਂ ਨਹੀਂ?

ਸਾਹਬ ਬੋਲੇ, 'ਤੁਸੀਂ ਨੌਜਵਾਨ ਆਦਮੀ ਓਂ। ਮੈਨੂੰ ਪਤਾ ਏ, ਪੈਰਿਸ ਵਿਚ ਜਾ ਕੇ ਮਜ਼ੇ ਲੁੱਟਣ ਨੂੰ ਤੁਹਾਡਾ ਵੀ ਜੀਅ ਕਰਦਾ ਹੋਵੇਗਾ। ਤੇ ਹਾਂ, ਸਾਲ ਦੇ ਕੁਛ ਮਹੀਨਿਆਂ ਵਿਚ ਫਰਾਂਸ ਵਿਚ ਇੱਧਰ-ਉੱਧਰ ਵੀ ਘੁੰਮ-ਘੰਮਾਅ ਲਓਗੇ।'

ਮੈਂ ਕਹਿ ਦਿੱਤਾ ਕਿ ਜੇ ਉਹ ਕਹਿੰਦੇ ਨੇ ਤਾਂ ਚਲਾ ਜਾਵਾਂਗਾ। ਉਂਜ ਇੱਥੇ ਰਹਾਂ ਜਾਂ ਉੱਥੇ, ਮੇਰੇ ਲਈ ਇੱਕੋ ਗੱਲ ਏ।

ਉਨ੍ਹਾਂ ਨੇ ਫੇਰ ਸਵਾਲ ਕੀਤਾ, 'ਤੇਰੀ ਇੱਛਾ ਨਈਂ ਹੁੰਦੀ ਕਿ ਜ਼ਿੰਦਗੀ ਦੇ ਰਵੱਈਏ ਵਿਚ ਕੁਛ ਨਵਾਂ ਹੋਵੇ, ਪੁਰਾਣਾ ਜਾਵੇ?'

ਮੈਂ ਬੋਲਿਆ, 'ਸਾਹਬ, ਆਪਣੀ ਅਸਲੀ ਜ਼ਿੰਦਗੀ ਨੂੰ ਕੀ ਕਦੀ ਕੋਈ ਬਦਲ ਸਕਿਆ ਏ? ਜੈਸਾ ਇਕ ਗੇੜ, ਤੈਸਾ ਈ ਦੂਜਾ। ਜ਼ਿੰਦਗੀ ਦਾ ਹੁਣ ਜੋ ਰਵੱਈਆ ਜਾਂ ਗੇੜ ਏ, ਮੈਨੂੰ ਤਾਂ ਉਸ 'ਤੇ ਵੀ ਕੋਈ ਸ਼ਿਕਾਇਤ ਨਈਂ।'

ਲੱਗਿਆ, ਮੇਰੀਆਂ ਗੱਲਾਂ ਨਾਲ ਉਹਨਾਂ ਨੂੰ ਦੁੱਖ ਹੋਇਆ। ਦੱਸਦੇ ਰਹੇ ਕਿ ਮੈਂ ਹਰ ਕੰਮ ਵਿਚ ਹਮੇਸ਼ਾ ਟਾਲ-ਮਟੋਲ ਕਰਦਾ ਹਾਂ-ਕਿ ਮੇਰੇ 'ਚ ਇੱਛਾ, ਉਤਸ਼ਾਹ ਈ ਨਹੀਂ। ਤੇ ਸਾਹਬ ਦੇ ਵਿਚਾਰ ਅਨੁਸਾਰ ਧੰਦੇ ਵਿਚ ਇੱਛਾ ਤੇ ਉਤਸ਼ਾਹ ਦਾ ਨਾ ਹੋਣਾ ਜ਼ਬਰਦਸਤ ਕਮਜ਼ੋਰੀ ਏ।

ਮੈਂ ਵਾਪਸ ਆਪਣੀ ਮੇਜ਼ 'ਤੇ ਆ ਬੈਠਾ। ਸੋਚਿਆ, ਛੱਡੋ ਕਿਹੜਾ ਬਹਿਸ ਕਰੇ। ਇਸ ਨਾਲ ਉਹਨਾਂ ਦਾ ਮਿਜਾਜ਼ ਈ ਵਿਗੜੇਗਾ। ਪਰ ਆਪਣੀ ਜ਼ਿੰਦਗੀ ਦਾ ਰਵੱਈਆ ਬਦਲਣ ਦੀ ਮੈਨੂੰ ਕੋਈ ਖ਼ਾਸ ਵਜਾਹ ਦਿਖਾਈ ਨਹੀਂ ਸੀ ਦਿੱਤੀ। ਬੁਰੀ-ਭਲੀ ਜਿਹੋ-ਜਿਹੀ ਵੀ ਏ, ਠੀਕ ਈ ਏ। ਜਿਸ ਇੱਛਾ-ਉਤਸ਼ਾਹ ਜਾਂ ਹੌਸਲੇ-ਵਲਵਲੇ ਦੀ ਗੱਲ ਉਹ ਕਰਦੇ ਨੇ, ਆਪਣੇ ਵਿਦਿਆਰਥੀ ਜੀਵਨ ਵਿਚ ਉਹ ਮੇਰੇ ਵਿਚ ਭਰੇ ਪਏ ਸਨ। ਪਰ ਪੜ੍ਹਾਈ-ਲਿਖਾਈ ਛੱਡਣ ਦੇ ਨਾਲ ਈ ਇਹ ਵੀ ਸਮਝ ਵਿਚ ਆ ਗਿਆ ਕਿ ਇਹ ਸਭ ਕੋਰੀ ਬਕਵਾਸ ਏ।

ਉਸੇ ਸ਼ਾਮ ਦੀ ਗੱਲ ਏ, ਮੇਰੀ ਨੇ ਆਣ ਕੇ ਪੁੱਛਿਆ, 'ਮੇਰੀ ਨਾਲ ਸ਼ਾਦੀ ਕਰੇਂਗਾ?'

ਮੈਂ ਕਿਹਾ ਕਿ ਮੈਨੂੰ ਕੋਈ ਫਰਕ ਨਹੀਂ ਪੈਂਦਾ-ਜੇ ਉਹ ਏਨੀ ਈ ਉਤਸੁਕ ਏ ਤਾਂ ਅਸੀਂ ਸ਼ਾਦੀ ਕਰ ਲਵਾਂਗੇ।

ਇਸ ਪਿੱਛੋਂ ਉਸਨੇ ਸਵਾਲ ਕੀਤਾ, 'ਮੈਨੂੰ ਪਿਆਰ ਕਰਦਾ ਏਂ?' ਜਿਹੜਾ ਜਵਾਬ ਮੈਂ ਪਹਿਲਾਂ ਦਿੱਤਾ ਸੀ, ਉਹੀ ਇਸ ਵਾਰੀ ਵੀ ਦੇ ਦਿੱਤਾ, ਕਿ 'ਪੁੱਛਣਾ ਈ ਬੇਕਾਰ ਏ। ਕਮ-ਸੇ-ਕਮ ਇਸ ਤਰ੍ਹਾਂ ਦੇ ਸਵਾਲ ਦਾ ਕੋਈ ਅਰਥ ਨਹੀਂ। ਫੇਰ ਵੀ ਲੱਗਦਾ ਏ ਮੇਰੇ ਮਨ ਵਿਚ ਤੇਰੇ ਲਈ ਪਿਆਰ-ਪਿਉਰ ਕੁਛ ਨਹੀਂ ਏ।'

ਉਸਨੇ ਪੁੱਛਿਆ, 'ਜੇ ਇੰਜ ਏ ਤਾਂ ਸ਼ਾਦੀ ਕਿਸ ਲਈ ਕਰੇਂਗਾ?'

ਮੈਂ ਉਸਨੂੰ ਸਮਝਾਇਆ ਕਿ 'ਅਸਲ ਵਿਚ ਇਸ ਨਾਲ ਕੀ ਵਧਦਾ-ਘਟਦਾ ਏ? ਹਾਂ, ਜੇ ਸ਼ਾਦੀ ਕਰਨ ਨਾਲ ਤੈਨੂੰ ਸੁਖ ਮਿਲਦਾ ਏ, ਤਾਂ ਚਲੋ, ਹੁਣੇ ਇਸੇ ਵੇਲੇ ਕਰ ਲੈਂਦੇ ਹਾਂ। ਚਲੋ ਖ਼ੈਰ ਗੱਲ ਤੂੰ ਈ ਚਲਾਈ ਸੀ-ਮੈਂ ਤਾਂ ਸਿਰਫ਼ ਹਾਂ ਕਹਿਣ ਦਾ ਗੁਨਾਹਗਾਰ ਆਂ।'

ਇਸ 'ਤੇ ਉਹ ਦੱਸਣ ਲੱਗੀ ਕਿ ਸ਼ਾਦੀ ਦਾ ਮਾਮਲਾ ਗੰਭੀਰ ਹੁੰਦਾ ਏ-ਬਾਲਾਂ ਦੀ ਖੇਡ ਨਹੀਂ ਹੁੰਦਾ। ਮੈਂ ਬੋਲਿਆ, 'ਨਈਂ, ਇਹੋ-ਜਿਹੀ ਗੱਲ ਤਾਂ ਨਈਂ ਲੱਗਦੀ।'

ਪਹਿਲਾਂ ਤਾਂ ਉਹ ਬੜੇ ਅਜੀਬ ਢੰਗ ਨਾਲ ਮੈਨੂੰ ਘੂਰਦੀ ਰਹੀ, ਫੇਰ ਚੁੱਪ ਹੋ ਗਈ। ਕੁਝ ਚਿਰ ਬਾਅਦ ਪੁੱਛਣ ਲੱਗੀ, 'ਅੱਛਾ ਮੰਨ ਲਓ, ਮੇਰੀ ਜਗਾ ਕੋਈ ਦੂਜੀ ਕੁੜੀ ਹੁੰਦੀ ਤੇ ਜਿੰਨਾ ਕੁਛ ਤੂੰ ਮੈਥੋਂ ਚਾਹੁੰਦਾ ਏਂ, ਓਨਾ ਈ ਉਸ ਤੋਂ ਚਾਹੁੰਦਾ ਤੇ ਉਹ ਜਦੋਂ ਸ਼ਾਦੀ ਕਰਨ ਨੂੰ ਕਹਿੰਦੀ ਤਾਂ ਕੀ ਤੂੰ ਉਸਨੂੰ ਵੀ ਇੰਜ ਈ, ਹਾਂ ਕਹਿ ਦਿੰਦਾ?'

'ਬੇਸ਼ੱਕ!'

ਹੁਣ ਉਹ ਬੋਲੀ, 'ਮੈਂ ਵੀ ਅਜੇ ਤਕ ਇਸ ਧਰਮ ਸੰਕਟ ਵਿਚ ਆਂ ਕਿ ਤੈਨੂੰ ਪਿਆਰ ਵੀ ਕਰਦੀ ਆਂ ਜਾਂ ਨਈਂ।' ਇਸ ਬਾਰੇ ਮੈਂ ਉਸਨੂੰ ਦੱਸ ਈ ਕੀ ਸਕਦਾ ਸੀ? ਬਾਅਦ ਵਿਚ ਕੁਝ ਚਿਰ ਚੁੱਪ ਵਾਪਰੀ ਰਹੀ। ਇਸ ਦੌਰਾਨ ਉਹ ਮੂੰਹ ਵਿਚ ਈ ਮੇਰੇ 'ਅਜੀਬ-ਆਦਮੀ' ਹੋਣ ਨੂੰ ਲੈ ਕੇ ਕੁਝ ਕਹਿੰਦੀ ਰਹੀ। 'ਸੱਚ ਦੱਸਾਂ ਤੇਰੀਆਂ ਇਹਨਾਂ ਗੱਲਾਂ ਕਰਕੇ ਈ ਤਾਂ ਮੈਂ ਤੈਨੂੰ ਪਿਆਰ ਕਰਦੀ ਆਂ।' ਉਹ ਬੋਲੀ, 'ਹਾਂ, ਹੋ ਸਕਦਾ ਏ ਕਿਸੇ ਦਿਨ, ਇਨ੍ਹਾਂ ਗੱਲਾਂ ਕਰਕੇ ਈ ਨਫ਼ਰਤ ਵੀ ਕਰਨ ਲੱਗਾਂ।'

ਇਸ ਉੱਤੇ ਵੀ ਮੈਂ ਕੀ ਕਹਿੰਦਾ? ਚੁੱਪ ਈ ਰਿਹਾ। ਕੁਝ ਚਿਰ ਉਹ ਸੋਚ-ਸਾਗਰ ਵਿਚ ਗੋਤੇ ਲਾਉਂਦੀ ਰਹੀ ਤੇ ਫੇਰ ਉਸਦੇ ਚਿਹਰੇ 'ਤੇ ਮੁਸਕਰਾਹਟ ਆ ਗਈ। ਮੇਰੀ ਬਾਂਹ ਫੜ ਕੇ ਫੇਰ ਦੁਹਰਾਇਆ, 'ਮੈਂ ਤੈਨੂੰ ਆਪਣੇ ਦਿਲ ਦੀ ਗੱਲ ਦੱਸਦੀ ਆਂ... ਸੱਚਮੁੱਚ ਤੇਰੇ ਨਾਲ ਸ਼ਾਦੀ ਕਰਨਾ ਚਾਹੁੰਦੀ ਆਂ।'

ਮੈਂ ਬੋਲਿਆ, 'ਬੜੀ ਚੰਗੀ ਗੱਲ ਏ, ਜਦੋਂ ਚਾਹੇਂਗੀ, ਅਸੀਂ ਲੋਕ ਸ਼ਾਦੀ ਕਰ ਲਵਾਂਗੇ। ਇਹੋ-ਜਿਹੀ ਕੋਈ ਗੱਲ ਨਈਂ।' ਫੇਰ ਜਦੋਂ ਮੈਂ ਆਪਣੇ ਸਾਹਬ ਵਾਲੇ ਸੁਝਾਅ ਦਾ ਜ਼ਿਕਰ ਕੀਤਾ ਤਾਂ ਲਲਕ ਕੇ ਬੋਲੀ, 'ਪੈਰਿਸ...ਪੈਰਿਸ ਜਾਣ ਨੂੰ ਤਾਂ ਮੇਰਾ ਵੀ ਬੜਾ ਮਨ ਕਰਦਾ ਏ।'

ਇਸ 'ਤੇ ਜਦੋਂ ਮੈਂ ਦੱਸਿਆ ਕਿ ਮੈਂ ਕੁਝ ਸਮਾਂ ਪੈਰਿਸ ਵਿਚ ਵੀ ਰਿਹਾ ਹਾਂ, ਤਾਂ ਪੁੱਛਣ ਲੱਗੀ ਕਿ ਪੈਰਿਸ ਸ਼ਹਿਰ ਕੈਸਾ ਏ।

'ਮੈਨੂੰ ਤਾਂ ਬੜਾ ਕਿਚਰ-ਮਿਚਰ ਤੇ ਬੇਜਾਨ-ਜਿਹਾ ਸ਼ਹਿਰ ਲੱਗਿਆ ਸੀ। ਕਬੂਤਰਾਂ ਦੇ ਝੁੰਡ। ਹਨੇਰੇ, ਘੁਟੇ-ਘੁਟੇ ਜਿਹੇ ਚੌਕ ਤੇ ਵਿਹੜੇ, ਨੁੱਚੜੇ ਹੋਏ ਲੋਕ, ਫਿੱਕੇ-ਫਿੱਕੇ ਚਿਹਰੇ...।'

ਫੇਰ ਅਸੀਂ ਲੋਕ ਬਾਹਰ ਘੁੰਮਣ ਨਿਕਲ ਆਏ। ਮੁੱਖ ਸੜਕਾਂ ਤੋਂ ਹੁੰਦੇ ਹੋਏ ਸ਼ਹਿਰ ਦੇ ਦੂਜੇ ਸਿਰੇ ਤੀਕ ਚਲੇ ਗਏ। ਅੱਜ ਔਰਤਾਂ ਬੜੀਆਂ ਸੁੰਦਰ ਦਿਖਾਈ ਦਿੰਦੀਆਂ ਸਨ। ਮੈਂ ਮੇਰੀ ਨੂੰ ਪੁੱਛਿਆ ਕਿ ਉਸਨੂੰ ਵੀ ਲੱਗੀਆਂ ਕਿ ਨਹੀਂ...ਬੋਲੀ, 'ਹਾਂ, ਤੂੰ ਜਿਸ ਮਤਲਬ ਨਾਲ ਪੁੱਛ ਰਿਹਾ ਏਂ, ਉਹ ਮੈਨੂੰ ਪਤਾ ਏ।' ਇਸ ਪਿੱਛੋਂ ਸਾਡੇ ਵਿਚੋਂ ਕੋਈ ਕੁਝ ਨਹੀਂ ਸੀ ਬੋਲਿਆ। ਪਰ ਮੈਂ ਉਸਨੂੰ ਅਜੇ ਨਹੀਂ ਸੀ ਜਾਣ ਦੇਣਾ ਚਾਹੁੰਦਾ, ਇਸ ਲਈ ਸੁਝਾਅ ਰੱਖਿਆ ਕਿ ਚੱਲ, ਚੱਲ ਕੇ ਸੇਲੇਸਤੇ ਦੇ ਰੇਸਤਰਾਂ ਵਿਚ ਇਕੱਠੇ ਖਾਣਾ ਖਾਂਦੇ ਆਂ। ਉਹ ਕਹਿਣ ਲੱਗੀ, 'ਤੇਰੇ ਨਾਲ ਬੈਠ ਕੇ ਖਾਣ ਵਿਚ ਮੈਨੂੰ ਬੜਾ ਚੰਗਾ ਲੱਗਦਾ ਏ, ਪਰ ਅੱਜ ਮੈਂ ਕਿਸੇ ਹੋਰ ਨੂੰ ਆਖਿਆ ਹੋਇਆ ਏ।' ਹੁਣ ਅਸੀਂ ਲੋਕ ਘਰ ਕੋਲ ਆ ਗਏ ਸੀ। ਮੈਂ ਕਿਹਾ, 'ਚੰਗਾ ਫੇਰ, ਫੇਰ ਮਿਲਾਂਗੇ...' ਉਹ ਮੇਰੀਆਂ ਅੱਖਾਂ ਵਿਚ ਅੱਖਾਂ ਪਾਈ ਦੇਖਦੀ ਰਹੀ।



'ਇਹ ਵੀ ਨਈਂ ਜਾਣਨਾ ਚਾਹੁੰਦਾ ਕਿ ਅੱਜ ਰਾਤ ਮੈਨੂੰ ਕੀ ਕੰਮ ਏ?'

ਜਾਣਨਾ ਤਾਂ ਜ਼ਰੂਰ ਚਾਹੁੰਦਾ ਸੀ, ਪਰ ਉਸਨੂੰ ਪੁੱਛਣ ਦੀ ਗੱਲ ਈ ਨਹੀਂ ਸੀ ਸੁੱਝੀ। ਲੱਗਿਆ ਜਿਵੇਂ ਉਹ ਮੇਰੀ ਇਸ ਗੱਲ ਦੀ ਸ਼ਿਕਾਇਤ ਕਰ ਰਹੀ ਹੋਵੇ। ਉਸਦੀ ਇਸ ਗੱਲ 'ਤੇ ਮੈਂ ਜ਼ਰੂਰ ਬੌਂਦਲ ਗਿਆ ਹੋਵਾਂਗਾ, ਕਿਉਂਕਿ ਮੇਰੀ ਖਿੜਖਿੜ ਕਰਕੇ ਹੱਸ ਪਈ ਤੇ ਮੇਰੇ ਵੱਲ ਝੁਕ ਕੇ ਆਪਣੇ ਚੁੰਮਣ ਉਤੇਜਕ ਹੋਂਠ ਮੇਰੇ ਵੱਲ ਕਰ ਦਿੱਤੇ।

ਮੈਂ ਇਕੱਲਾ ਈ ਸੇਲੇਸਤੇ ਦੇ ਰੇਸਤਰਾਂ ਵਿਚ ਆਇਆ। ਅਜੇ ਖਾਣਾ ਸ਼ੁਰੂ ਕੀਤਾ ਸੀ ਕਿ ਇਕ ਠਿੰਗਣੀ-ਜਿਹੀ ਔਰਤ ਨੇ ਆ ਕੇ ਪੁੱਛਿਆ, 'ਤੁਹਾਡੀ ਮੇਜ਼ 'ਤੇ ਬੈਠ ਸਕਦੀ ਆਂ ਨਾ?'

'ਜ਼ਰੂਰ...ਜ਼ਰੂਰ' ਮੈਂ ਕਿਹਾ। ਔਰਤ ਦੇਖਣ ਵਿਚ ਕੁਝ ਵਿਲੱਖਣ ਈ ਸੀ-ਪੱਕੇ ਸਿਓ ਵਰਗਾ ਫੁੱਲਿਆ ਚਿਹਰਾ, ਚਮਕਦੀਆਂ ਅੱਖਾਂ ਤੇ ਕੁਝ ਅਜੀਬ ਢੰਗ ਨਾਲ ਝਟਕੇ ਦਿੰਦੀ ਹੋਈ ਚਾਲ, ਜਿਵੇਂ ਤਾਰ 'ਤੇ ਤੁਰ ਰਹੀ ਹੋਵੇ। ਆਪਣੀ ਤੰਗ ਜਾਕਟ ਲਾਹ ਕੇ ਉਹ ਕੁਰਸੀ 'ਤੇ ਜਚ ਗਈ ਤੇ ਯਕਦਮ ਸਭ ਕਾਸੇ ਵੱਲੋਂ ਅਵੇਸਲੀ ਹੋ ਕੇ ਖਾਣੇ ਦੀ ਸੂਚੀ ਨੂੰ ਗਹੁ ਨਾਲ ਵਾਚਨ ਲੱਗੀ। ਫੇਰ ਸੇਲੇਸਤੇ ਨੂੰ ਬੁਲਾ ਕੇ ਆਪਣਾ ਆਰਡਰ ਦਿੱਤਾ। ਬੋਲਦੀ ਬੜੀ ਕਾਹਲੀ ਸੀ, ਪਰ ਇਕ-ਇਕ ਸ਼ਬਦ ਸਪੱਸ਼ਟ। ਸੁਣਨ ਵਾਲਾ ਇਕ ਸ਼ਬਦ ਨਹੀਂ ਸੀ ਉੱਕਦਾ। ਜਦੋਂ ਤੱਕ ਖਾਣਾ ਪਰੋਸਣਾ ਸ਼ੁਰੂ ਹੋਇਆ, ਉਸਨੇ ਆਪਣਾ ਬੈਗ ਖੋਲਿਆ, ਕਾਗਜ਼ ਦਾ ਟੁਕੜਾ ਤੇ ਪੈਨਸਲ ਕੱਢੀ ਤੇ ਬਿੱਲ ਦੇ ਸਾਰੇ ਪੈਸੇ ਪਹਿਲਾਂ ਈ ਜੋੜ ਲਏ। ਫੇਰ ਬੈਗ ਵਿਚ ਹੱਥ ਪਾ ਕੇ ਬਟੂਆ ਕੱਢਿਆ, ਬਿੱਲ ਦੇ ਪੂਰੇ ਪੈਸੇ ਤੇ ਨਾਲ ਕੁਝ ਬਖ਼ਸ਼ੀਸ਼ ਦੇ ਪੈਸੇ ਕੱਢ ਕੇ ਸਾਹਮਣੇ ਮੇਜ਼ ਪੋਸ਼ 'ਤੇ ਰੱਖ ਲਏ।

ਉਦੋਂ ਈ ਬੈਰੇ ਨੇ ਕੋਰਸ ਦੇ ਹਿਸਾਬ ਨਾਲ ਪਹਿਲੀ ਚੀਜ਼ ਲਿਆ ਕੇ ਸਾਹਮਣੇ ਰੱਖੀ। ਔਰਤ ਭੁੱਖੀ ਬਘਿਆੜੀ ਵਾਂਗੂੰ ਉਸ ਉੱਤੇ ਟੁੱਟ ਪਈ। ਹੁਣ ਜਦੋਂ ਤੱਕ ਅਗਲੀ ਚੀਜ਼ ਆਵੇ, ਉਸਨੇ ਇਸ ਵਾਰੀ ਬੈਗ ਵਿਚੋਂ ਦੂਜੀ ਨੀਲੇ ਰੰਗ ਦੀ ਪੈਨਸਲ ਤੇ ਆਉਣ ਵਾਲੇ ਹਫ਼ਤੇ ਦੀ ਰੇਡੀਓ-ਪੱਤਰਕਾ ਕੱਢੀ ਤੇ ਕਰੀਬ-ਕਰੀਬ ਦਿਨ ਦੇ ਹਰ ਪ੍ਰੋਗਰਾਮ ਦੇ ਸਾਹਮਣੇ ਪੈਨਸਲ ਨਾਲ ਨਿਸ਼ਾਨ ਲਾਉਣੇ ਸ਼ੁਰੂ ਕਰ ਦਿੱਤੇ। ਪੱਤਰਕਾ ਕੁਲ ਬਾਰਾਂ ਪੰਨਿਆਂ ਦੀ ਸੀ। ਪਰ ਸਾਰੇ ਖਾਣੇ ਦੌਰਾਨ ਉਹ ਇਕ-ਇਕ ਪੰਨੇ ਨੂੰ ਬੜੇ ਗਹੁ ਨਾਲ ਘੋਟਦੀ ਰਹੀ। ਮੇਰਾ ਖਾਣਾ ਖ਼ਤਮ ਹੋ ਗਿਆ, ਪਰ ਉਸਦਾ, ਉਸੇ ਅਖੰਡ ਧਿਆਨ ਮੁਦਰਾ ਵਿਚ ਪ੍ਰੋਗਰਾਮਾਂ 'ਤੇ ਨਿਸ਼ਾਨੀਆਂ ਲਾਉਣਾ ਜਾਰੀ ਰਿਹਾ। ਖਾਣੇ ਪਿੱਛੋਂ ਉਹ ਉੱਠੀ, ਆਪਣੇ ਉਸੇ ਝੱਟਕੇਦਾਰ ਮਸ਼ੀਨੀ ਅੰਦਾਜ਼ ਵਿਚ ਜਾਕਟ ਪਾਈ ਤੇ ਖਟ-ਖਟ ਕਰਦੀ ਫੁਰਤੀ ਨਾਲ ਰੇਸਤਰਾਂ ਵਿਚੋਂ ਬਾਹਰ ਨਿਕਲ ਗਈ।

ਕਰਨ ਲਈ ਕੁਝ ਨਹੀਂ ਸੀ, ਇਸ ਲਈ ਮੈਂ ਕੁਝ ਦੂਰ ਤੱਕ ਉਸੇ ਦੇ ਪਿੱਛੇ-ਪਿੱਛੇ ਤੁਰਿਆ ਗਿਆ। ਪਟੜੀ ਦੇ ਕਿਨਾਰੇ-ਕਿਨਾਰੇ ਬਿਨਾਂ ਇੱਧਰ-ਉੱਧਰ ਮੁੜੇ ਜਾਂ ਪਿੱਛੇ ਦੇਖੇ ਉਹ ਨੱਕ ਦੀ ਸੇਧ ਵਿਚ ਤੁਰੀ ਜਾ ਰਹੀ ਸੀ। ਜਿਸ ਤੇਜ਼ੀ ਨਾਲ ਉਹ ਫ਼ਾਸਲਾ ਤੈਅ ਕਰ ਰਹੀ ਸੀ, ਉਹ ਉਸਦੇ ਛੋਟੇ-ਜਿਹੇ ਕੱਦ ਨੂੰ ਦੇਖਦਿਆਂ ਹੋਇਆਂ ਨਿਹਾਯਤ ਨਵੀਂ ਗੱਲ ਲੱਗਦੀ ਸੀ। ਸੱਚ ਪੁੱਛੋ ਤਾਂ ਉਸਦਾ ਸਾਥ ਬਣਾਈ ਰੱਖਣਾ ਮੇਰੇ ਲਈ ਟੇਢੀ ਖੀਰ ਬਣ ਗਿਆ ਤੇ ਦੇਖਦੇ-ਦੇਖਦੇ ਉਹ ਅੱਖਾਂ ਤੋਂ ਓਹਲੇ ਹੋ ਗਈ। ਹਾਰ ਕੇ ਮੈਂ ਘਰ ਵੱਲ ਮੁੜ ਪਿਆ। ਕੁਝ ਦੇਰ ਤੱਕ ਤਾਂ ਉਹ ਚਾਬੀ ਭਰੀ ਕਠਪੁਤਲੀ (ਘੱਟੋ-ਘੱਟ ਮੈਨੂੰ ਤਾਂ ਇੰਜ ਈ ਲੱਗੀ ਸੀ) ਮੈਨੂੰ ਕਾਫ਼ੀ ਪ੍ਰਭਾਵਿਤ ਕਰਦੀ ਰਹੀ, ਪਰ ਛੇਤੀ ਈ ਗੱਲ ਆਈ-ਗਈ ਹੋ ਗਈ।

ਜਿਵੇਂ ਈ ਮੈਂ ਆਪਣੇ ਦਰਵਾਜ਼ੇ ਵੱਲ ਮੁੜਿਆ, ਬੁੱਢੇ ਸਲਾਮਾਨੋ ਨਾਲ ਮੁੱਠਭੇੜ ਹੋ ਗਈ। ਮੈਂ ਉਸਨੂੰ ਅੰਦਰ ਕਮਰੇ ਵਿਚ ਚੱਲਣ ਲਈ ਕਿਹਾ। ਉਸਨੇ ਦੱਸਿਆ, 'ਕੁੱਤਾ ਸੱਚਮੁੱਚ ਈ ਗਵਾਚ-ਗਵੂਚ ਗਿਐ। ਪਤਾ ਕਰਨ ਲਈ ਮੈਂ ਪਸ਼ੂਵਾੜੇ ਗਿਆ ਸਾਂ, ਉੱਥੇ ਤਾਂ ਸੀ ਨਈਂ। ਉੱਥੋਂ ਵਾਲਿਆਂ ਨੇ ਇਹੋ-ਕਿਹਾ ਕਿ ਕਿਸੇ ਗੱਡੀ-ਸ਼ੱਡੀ ਹੇਠ ਆ ਗਿਆ ਲੱਗਦੈ। ਮੈਂ ਪੁੱਛਿਆ ਕਿ ਥਾਣੇ ਜਾ ਕੇ ਇਸ ਗੱਲ ਦਾ ਪਤਾ ਕਰਨ ਦਾ ਕੋਈ ਫ਼ਾਇਦਾ ਹਊ? ਉਹ ਬੋਲੇ, 'ਕਿਹੜਾ ਲਾਵਾਰਿਸ ਕੁੱਤਾ ਕਿੱਥੇ ਕੁਚਲਿਆ ਗਿਆ, ਇਨ੍ਹਾਂ ਗੱਲਾਂ ਦਾ ਲੇਖਾ ਰੱਖ ਨਾਲੋਂ ਵੱਧ ਜ਼ਰੂਰੀ ਕੰਮ ਪੁਲਸ ਨੂੰ ਹੋਰ ਬਥੇਰੇ ਹੁੰਦੇ ਐ।' ਮੈਂ ਸਲਾਹ ਦਿੱਤੀ, 'ਤੁਸੀਂ ਦੂਜਾ ਕੁੱਤਾ ਲੈ ਆਓ।' ਤਾਂ ਕਹਿਣ ਲੱਗਾ ਕਿ 'ਮੈਨੂੰ ਇਸ ਨਾਲ ਮੋਹ ਹੋ ਗਿਆ ਸੀ। ਹੁਣ ਕਿਸੇ ਦੂਜੇ ਕੁੱਤੇ ਨਾਲ ਉਹ ਗੱਲ ਥੋੜਾ ਈ ਹੋ ਸਕਦੀ ਐ...।'

ਮੈਂ ਆਪਣੀਆਂ ਲੱਤਾਂ ਇਕੱਠੀਆਂ ਕਰੀ ਮੰਜੇ ਉੱਤੇ ਬੈਠਾ ਸੀ ਤੇ ਸਲਾਮਾਨੋ ਮੇਰੇ ਸਾਹਮਣੇ ਮੇਜ਼ ਕੋਲ ਪਈ ਕੁਰਸੀ ਉੱਤੇ ਗੋਡਿਆਂ ਉੱਤੇ ਹੱਥ ਰੱਖੀ ਬੈਠਾ ਸੀ। ਘਸਿਆ-ਮੁਚੜਿਆ ਫਲੈਟ ਹੈਟ ਸਿਰ ਉੱਤੇ ਬਿਰਾਜਮਾਨ ਸੀ। ਉਹ ਆਪਣੀਆਂ ਪੀਲੀਆਂ-ਪੀਲੀਆਂ ਗੰਦੀਆਂ ਮੁੱਛਾਂ ਦੀ ਓਟ ਵਿਚ ਪਤਾ ਨਹੀਂ ਕੀ ਬੁੜਬੁੜ ਕਰੀ ਜਾ ਰਿਹਾ ਸੀ, ਮੈਨੂੰ ਉਸਦੀ ਮੌਜੂਦਗੀ ਖਾਸੀ ਅਕਾਊ-ਜਿਹੀ ਲੱਗੀ, ਪਰ ਨਾ ਤਾਂ ਨੀਂਦ ਆ ਰਹੀ ਸੀ ਤੇ ਨਾ ਈ ਕੁਝ ਕਰਨ ਲਈ ਈ ਸੀ, ਸੋ ਕੁਛ ਨਾ ਕੁਛ ਗੱਲਬਾਤ ਚਲਾਈ ਰੱਖਣ ਲਈ ਮੈਂ ਕੁੱਤੇ ਬਾਰੇ ਈ ਪੁੱਠੇ-ਸਿੱਧੇ ਸਵਾਲ ਪੁੱਛਦਾ ਰਿਹਾ-ਕਿੰਨੇ ਦਿਨਾਂ ਤੋਂ ਕੁੱਤਾ ਉਸਦੇ ਕੋਲ ਸੀ, ਆਦਿ। ਦੱਸਿਆ, 'ਘਰਵਾਲੀ ਦੇ ਮਰਨ ਪਿੱਛੋਂ ਇਹ ਕੁੱਤਾ ਈ ਉਸਦਾ ਸਾਥੀ ਰਿਹਾ ਗਿਆ ਸੀ। ਸ਼ਾਦੀ ਕਾਫ਼ੀ ਦੇਰ ਨਾਲ ਕੀਤੀ। ਜਵਾਨੀ ਦੇ ਦਿਨਾਂ ਵਿਚ ਨਾਟਕਾਂ ਵਿਚ ਜਾਣ ਦੀ ਬੜੀ ਇੱਛਾ ਸੀ। ਆਪਣੀ ਫ਼ੌਜੀ ਨੌਕਰੀ ਦੌਰਾਨ ਵੀ ਰੇਜਮੈਂਟ ਦੇ ਨਾਟਕਾਂ ਵਿਚ ਅਕਸਰ ਹਿੱਸਾ ਲਿਆ। ਕਹਿਣਾ ਤਾਂ ਸਭ ਦਾ ਇਹੋ ਸੀ ਕਿ ਕਾਫ਼ੀ ਚੰਗਾ ਕੰਮ ਕਰ ਲੈਂਦਾ ਸੀ। ਖ਼ੈਰ, ਅਖ਼ੀਰ ਵਿਚ ਰੇਲਵੇ ਵਿਚ ਨੌਕਰੀ ਕਰ ਲਈ। ਹੁਣ ਉਸਨੂੰ ਕਿਸੇ ਨਾਲ ਕੋਈ ਸ਼ਿਕਾਇਤ ਨਹੀਂ, ਕਿਉਂਕਿ ਬੱਧੀ-ਰੁੱਧੀ, ਥੋੜੀ-ਬਹੁਤ ਪੈਨਸ਼ਨ ਆ ਜਾਂਦੀ ਏ। ਪਤਨੀ ਨਾਲ ਕਦੀ ਮਨ ਨਹੀਂ ਮਿਚਿਆ, ਪਰ ਹਾਂ, ਦੋਵੇਂ ਇਕ ਦੂਜੇ ਦੇ ਹਿਸਾਬ ਨਾਲ ਢਲ ਜ਼ਰੂਰ ਗਏ ਸੀ। ਉਸਦੇ ਮਰਨ ਪਿੱਛੋਂ ਬੜਾ ਸੁੰਨਾ-ਸੁੰਨਾ ਵੀ ਲੱਗਿਆ। ਰੇਲਵੇ ਦੇ ਇਕ ਸਾਥੀ ਦੀ ਕੁੱਤੀ ਨੇ ਓਹਨੀਂ ਦਿਨੀਂ ਈ ਬੱਚੇ ਦਿੱਤੇ ਸੀ...ਉਸੇ ਨੇ ਇਹ ਕੁੱਤਾ ਲਿਆ ਦਿੱਤਾ। ਇਹੀ ਸੋਚ ਕੇ ਰੱਖ ਲਿਆ ਕਿ ਚਲੋ, ਇਕ ਸਾਥ ਹੋ ਜਾਵੇਗਾ। ਸ਼ੁਰੂ ਵਿਚ ਤਾਂ ਬੱਚਿਆਂ ਨੂੰ ਦੁੱਧ ਪਿਆਉਣ ਵਾਲੀ ਬੋਤਲ ਨਾਲ ਪਾਲਨਾ ਪਿਆ। ਕਿਉਂਕਿ ਕੁੱਤੇ ਦੀ ਉਮਰ ਆਦਮੀ ਨਾਲੋਂ ਥੋੜੀ ਹੁੰਦੀ ਏ, ਇਸ ਲਈ ਦੋਵਾਂ 'ਤੇ ਬੁਢੇਪਾ ਨਾਲੋ-ਨਾਲ ਆਇਆ।

'ਬੜੇ ਸ਼ੱਕੀ ਸੁਭਾਅ ਦਾ ਜਾਨਵਰ ਸੀ' ਸਲਾਮਾਨੋ ਨੇ ਦੱਸਿਆ, 'ਅਕਸਰ ਈ ਸਾਡੇ 'ਚ ਬਾਕਾਇਦਾ ਝਗੜਾ ਹੋ ਜਾਂਦਾ ਸੀ। ਪਰ ਸੀ ਕੁੱਤਾ ਚੰਗਾ।'

ਮੈਂ ਵੀ ਕਿਹਾ, 'ਸ਼ਕਲ ਤੋਂ ਤਾਂ ਕਿਸੇ ਚੰਗੀ ਨਸਲ ਦਾ ਲੱਗਦਾ ਸੀ।' ਇਸ 'ਤੇ ਬੁੱਢਾ ਖ਼ੁਸ਼ ਹੋ ਗਿਆ। ਬੋਲਿਆ, 'ਓ-ਜੀ ਤੁਸੀਂ ਕਿਤੇ ਇਸ ਨੂੰ ਬਿਮਾਰੀ ਤੋਂ ਪਹਿਲਾਂ ਦੇਖਿਆ ਹੁੰਦਾ। ਕੀ ਗਜਬ ਦੇ ਵਾਲ ਸੀ,...ਸੱਚ ਕਹਿਣਾ ਉਸ ਵਿਚ ਕੋਈ ਲੱਖ ਰੁਪਏ ਦੀ ਚੀਜ਼ ਸੀ ਤਾਂ ਉਹ ਸੀ ਉਸਦੇ ਵਾਲ। ਉਸਦਾ ਰੋਗ ਦੂਰ ਕਰਨ ਲਈ ਮੈਂ ਕੀ-ਕੀ ਨਈਂ ਕੀਤਾ। ਖਾਜ ਹੋਣ ਪਿੱਛੋਂ ਤਾਂ ਰਾਤ-ਰਾਤ ਭਰ ਮਲਮ ਦੀ ਮਾਲਸ਼ ਕੀਤੀ। ਪਰ ਉਸਦੀ ਅਸਲ ਬਿਮਾਰੀ ਤਾਂ ਬੁਢੇਪਾ ਸੀ ਤੇ ਇਸ ਬਿਮਾਰੀ ਦਾ ਧਰਤੀ 'ਤੇ ਕੋਈ ਇਲਾਜ ਨਈਂ ਜੀ।'

ਉਦੋਂ ਈ ਮੈਨੂੰ ਉਬਾਸੀ ਆ ਗਈ। ਸਲਾਮਾਨੋ ਨੇ ਕਿਹਾ, 'ਅੱਛਾ, ਚੱਲਦਾਂ।' ਮੈਂ ਕਿਹਾ, 'ਬੈਠੋ ਨਾ, ਸੱਚਮੁੱਚ ਤੁਹਾਡੇ ਕੁੱਤੇ ਲਈ ਮੈਨੂੰ ਬੜਾ ਦੁੱਖ ਏ।' ਇਸ 'ਤੇ ਮੈਨੂੰ ਧੰਨਵਾਦ ਦੇ ਕੇ ਦੱਸਣ ਲੱਗਾ ਕਿ ਮੇਰੀ 'ਵਿਚਾਰੀ ਮਾਂ' ਨੂੰ ਵੀ ਉਸ ਕੁੱਤੇ ਨਾਲ ਬੜਾ ਮੋਹ ਸੀ। ਉਸਨੇ ਸ਼ਾਇਦ ਇਹੀ ਸੋਚ ਕੇ ਮੇਰੀ ਮਾਂ ਦੇ ਅੱਗੇ 'ਵਿਚਰੀ' ਲਾਇਆ ਸੀ ਕਿ ਮੈਨੂੰ ਉਸਦੀ ਮੌਤ ਦਾ ਬੜਾ ਸਦਮਾ ਹੋਏਗਾ, ਜਦੋਂ ਮੈਂ ਕੁਝ ਨਾ ਬੋਲਿਆ ਤਾਂ ਬੜੀ ਕਾਹਲੀ-ਕਾਹਲੀ ਤੇ ਯਕਦਿਆਂ ਹੋਇਆਂ ਉਸਨੇ ਦੱਸਿਆ ਕਿ ਮੇਰੀ ਮਾਂ ਨੂੰ ਆਸ਼ਰਮ ਭੇਜ ਦੇਣ 'ਤੇ ਸੜਕ ਵਾਲੇ ਪਤਾ ਨਹੀਂ ਕੀ-ਕੀ ਪੁੱਠਾ-ਸਿੱਧਾ ਕਹਿ ਰਹੇ ਸੀ। 'ਪਰ ਮੈਥੋਂ ਤਾਂ ਕੋਈ ਗੱਲ ਨਈਂ ਲੁਕੀ। ਮੈਨੂੰ ਤਾਂ ਪਤਾ ਏ ਕਿ ਮਾਂ ਦੇ ਲਈ ਤੁਹਾਡੇ ਮਨ 'ਚ ਕੈਸੀ ਸ਼ਰਧਾ ਸੀ।'

ਮੈਂ ਅੱਜ ਤੱਕ ਨਹੀਂ ਜਾਣਦਾ ਕਿ ਉਸਦੀ ਇਸ ਗੱਲ ਦੇ ਜਵਾਬ ਵਿਚ ਮੈਂ ਕਿਉਂ ਇੰਜ ਕਿਹਾ ਸੀ ਕਿ ਬੜਾ ਤਾਂਜੁਬ ਏ ਮੇਰੇ ਬਾਰੇ 'ਚ ਲੋਕ ਏਨਾਂ ਬੁਰਾ ਸੋਚਦੇ ਨੇ। ਮਾਂ ਨੂੰ ਨਾਲ ਰੱਖ ਸਕਣਾ ਮੇਰੇ ਬੂਤੇ ਤੋਂ ਬਾਹਰ ਦੀ ਗੱਲ ਸੀ, ਇਸ ਲਈ ਕਿਸੇ ਨਾ ਕਿਸੇ ਆਸ਼ਰਮ ਵਿਚ ਭੇਜ ਦੇਣ ਦੇ ਸਿਵਾਏ ਕੋਈ ਚਾਰਾ ਨਹੀਂ ਸੀ। ਕਿਹਾ, 'ਚਲੋ ਖ਼ੈਰ, ਏਥੇ ਵੀ ਵਰਿਆਂ ਤੀਕ ਉਹ ਮੇਰੇ ਨਾਲ ਇਕ ਸ਼ਬਦ ਨਈਂ ਸੀ ਬੋਲੀ। ਮੈਂ ਵੀ ਦੇਖਦਾ ਸੀ ਕਿ ਕੋਈ ਗੱਲਬਾਤ ਕਰਨ ਵਾਲਾ ਨਈਂ, ਇਸ ਲਈ, ਸਾਰਾ ਦਿਨ ਝਾੜੂ-ਬੁਹਾਰੀ ਈ ਕਰਦੀ ਰਹਿੰਦੀ ਏ।'

'ਸਹੀ ਗੱਲ ਏ,' ਉਹ ਬੋਲਿਆ, 'ਆਸ਼ਰਮ ਵਿਚ ਤਾਂ ਕਈ ਯਾਰ-ਦੋਸਤ ਵੀ ਬਣ ਜਾਂਦੇ ਨੇ।'

ਉਹ ਉੱਠ ਖੜ੍ਹਾ ਹੋਇਆ। ਕਹਿਣ ਲੱਗਾ, 'ਬੜਾ ਵਕਤ ਹੋ ਗਿਆ। ਹੁਣ ਜਾ ਕੇ ਸੌਂਵਾਂਗਾ।' ਫੇਰ ਦੱਸਦਾ ਰਿਹਾ ਕਿ ਇਸ ਨਵੀਂ ਹਾਲਤ ਵਿਚ ਤਾਂ ਜ਼ਿੰਦਗੀ ਮੁਹਾਲ ਹੋ ਜਾਵੇਗੀ। ਸਲਾਮਾਨੋ ਨਾਲ ਆਪਣੀ ਜਾਣ-ਪਛਾਣ ਦੌਰਾਨ ਮੈਂ ਪਹਿਲੀ ਵਾਰੀ ਉਸ ਨਾਲ ਹੱਥ ਮਿਲਾਉਣ ਲਈ ਹੱਥ ਅੱਗੇ ਵਧਾਇਆ। ਹੁਣ ਵੀ ਮਨ ਵਿਚ ਇਕ ਸੰਕੋਚ ਤੇ ਹੱਥ ਵਧਾਉਣ ਦੇ ਢੰਗ ਵਿਚ ਬੜੀ ਝਿਜਕ ਸੀ। ਮਿਲਾਉਂਦਿਆਂ ਈ ਲੱਗਿਆ ਜਿਵੇਂ ਉਸਦੀ ਖੱਲ ਉੱਤੇ ਮੱਛੀ ਦੀ ਖੱਲ ਵਾਂਗ ਖੁਰਦਰੇ ਦਾਣੇ ਨੇ। ਦਰਵਾਜ਼ੇ 'ਚੋਂ ਬਾਹਰ ਨਿਕਲਦਾ ਹੋਇਆ ਉਹ ਪਰਤਿਆ ਤੇ ਹਲਕੀ-ਜਿਹੀ ਮੁਸਕਰਾਹਟ ਨਾਲ ਬੋਲਿਆ- 'ਚਲੋ, ਇਹ ਤਾਂ ਐ ਕਿ ਅੱਜ ਰਾਤ ਕੁੱਤੇ ਨਈਂ ਭੌਂਕਣਗੇ। ਜਦੋਂ-ਜਦੋਂ ਮੈਂ ਇਨ੍ਹਾਂ ਦਾ ਭੌਂਕਣਾ ਸੁਣਦਾਂ, ਮੈਨੂੰ ਹਮੇਸ਼ਾ ਲੱਗਦਾ ਏ ਜਿਵੇਂ ਮੇਰੇ ਕੁੱਤੇ ਦੀ ਆਵਾਜ਼ ਆ...'।

# ਲੇਖੈ ਛੋਡ ਅਲੇਖੇ ਛੂਟਹਿ



## ਸੰਤ ਸਿੰਘ ਸੇਖੋਂ

ਰਮਜ਼ਾਨ ਨੂੰ ਪੁੱਤਰ ਦੀਆਂ ਸੁੰਨਤਾਂ ਬਿਠਾਣ ਸਮੇਂ ਰੁਪਿਆਂ ਦੀ ਸਖ਼ਤ ਲੋੜ ਆ ਗਈ ਤਾਂ ਮਹਿੰਗਾ ਸਿੰਘ ਦੁਕਾਨਦਾਰ ਪਾਸੋਂ ਉਸ ਨੇ ਵੀਹ ਰੁਪਏ ਕਰਜ਼ ਚੁੱਕ ਲਏ। ਰਮਜ਼ਾਨ ਇਤਨੇ ਕੁ ਰੁਪਿਆਂ ਲਈ ਆਪਣੇ ਕਿਸੇ ਸ਼ਰੀਕ ਭਾਈ ਜਾਂ ਸਬੰਧੀ ਦਾ ਦੇਣਦਾਰ ਨਹੀਂ ਸੀ ਹੋਣਾ ਚਾਹੁੰਦਾ ਤੇ ਉਸ ਨੇ ਅੱਲਾ ਤਾਅਲਾ ਦਾ ਲੱਖ ਲੱਖ ਸ਼ੁਕਰ ਗੁਜ਼ਾਰਿਆ ਜਿਸ ਨੇ ਮਹਿੰਗਾ ਸਿੰਘ ਦੇ ਮਨ ਵਿਚ ਦਇਆ ਪਾ ਕੇ ਉਸ ਦੀ ਲੋੜ ਪੂਰੀ ਕਰ ਦਿੱਤੀ। ਹੁਣ ਰਮਜ਼ਾਨ ਦੀ ਜ਼ਬਾਨ ਉਤੇ ਸਿਆਣਿਆਂ ਦਾ ਇਹ ਕਥਨ ਮੁੜ-ਮੁੜ ਆ ਰਿਹਾ ਸੀ ਕਿ ਗੁਰੂ ਬਿਨਾਂ ਗਤ ਨਹੀਂ ਤੇ ਸ਼ਾਹ ਬਿਨਾਂ ਪਤ ਨਹੀਂ। ਗੁਰੂ ਦੀ ਗਤ ਦੀ ਲੋੜ ਤਾਂ ਉਸ ਨੂੰ ਇਸ ਜੀਵਨ ਵਿਚ ਬਹੁਤੀ ਮਹਿਸੂਸ ਨਹੀਂ ਸੀ ਹੋਈ ਤੇ ਜੇ ਹੋਈ ਵੀ ਸੀ ਤਾਂ ਉਹ ਉਸ ਦੀ ਇਕ ਦੀਨਦਾਰ ਮੁਸਲਮਾਨ ਘਰ ਵਿਚ ਪੈਦਾ ਹੋਣ ਨਾਲ ਆਪਣੇ ਆਪ ਹੀ ਪੂਰੀ ਹੋ ਗਈ ਹੋਈ ਸੀ। ਜੇ ਕਦੇ ਇਸ ਉਤੇ ਕੁਝ ਹੋਰ ਤਸੱਲੀ ਦੀ ਲੋੜ ਪੈਂਦੀ ਤਾਂ ਕਿਸੇ ਸਮੇਂ ਵੀ ਪੀਰਾਂ ਮੁਰਸ਼ਦਾਂ ਦੀ ਥੁੜ ਨਹੀਂ ਸੀ ਰਹੀ, ਸਗੋਂ ਕਈ ਵਾਰੀ ਤਾਂ ਉਸ ਨੂੰ ਇਸ ਤਰਾਂ ਮਹਿਸੂਸ ਹੋਇਆ ਸੀ ਕਿ ਪਤਾ ਨਹੀਂ ਕਿੰਨੀਵੀਂ ਪੀੜੀ ਤੋਂ ਨੁਸ਼ਹਿਰੇ ਵਾਲੇ ਪੀਰ ਉਸ ਦੇ ਖ਼ਾਨਦਾਨ ਨੂੰ ਚੰਬੜੇ ਹੋਏ ਸਨ ਤੇ ਜਿਉਂ ਜਿਉਂ ਉਸ ਦੇ ਗ਼ਰੀਬ ਕਿਰਸਾਣੇ ਖ਼ਾਨਦਾਨ ਦੀ ਪੁਸ਼ਤ ਅੱਗੇ ਚੱਲਦੀ ਰਹੀ ਸੀ, ਇਸ ਪੀਰ ਖ਼ਾਨਦਾਨ ਦਾ ਵਾਧਾ ਵੀ ਨਾਲ ਹੁੰਦਾ ਆਇਆ ਸੀ।

ਪਰ ਸ਼ਾਹੂਕਾਰ ਦੀ ਲੋੜ ਕੁਝ ਹੋਰ ਭਾਂਤ ਦੀ ਲੋੜ ਸੀ। ਇਹ ਇਤਨੀ ਡਾਢੀ ਹੁੰਦੀ ਸੀ, ਜਦੋਂ ਆ ਪੈਂਦੀ ਸਭ ਅਗਲੀਆਂ ਪਿਛਲੀਆਂ ਭੁੱਲ ਜਾਂਦੀਆਂ ਸਨ। ਅੰਗਰੇਜ਼ਾਂ ਦੇ ਆਉਣ ਤੋਂ ਪਿੱਛੋਂ ਦੀ ਗੱਲ ਸੀ ਕਿ ਉਸ ਦੇ ਪਿੰਡ ਦੀ ਜ਼ਮੀਨ ਦਾ ਸੋਲਵਾਂ ਹਿੱਸਾ ਝਾਬੇ ਦੇ ਸ਼ਾਹੂਕਾਰਾਂ ਪਾਸ ਚਲਾ ਗਿਆ ਸੀ ਤੇ ਜੇ ਅੰਗਰੇਜ਼ਾਂ ਨੂੰ ਸਮੇਂ ਸਿਰ ਸੁਰਤ ਨਾ ਆ ਜਾਂਦੀ ਤਾਂ ਕੀ ਬਾਕੀ ਦੀ ਭੋਇੰ ਵੀ ਉਨਾਂ ਸ਼ਾਹੂਕਾਰਾਂ ਦੀ ਜਾਂ ਉਨਾਂ ਦੇ ਹੀ ਹੋਰ ਭਾਈ-ਭਰਾਵਾਂ ਦੀ ਨਹੀਂ ਹੋ ਜਾਣੀ ਸੀ? 'ਅੰਗਰੇਜ਼ ਵੀ ਅਸਾਡੇ ਨਾਲ ਸ਼ਤਰੰਜ ਈ ਖੇਡਦਾ ਰਿਹਾ ਏ, ਅਸਾਨੂੰ ਮੋਹਰੇ ਬਣਾ ਕੇ,' ਬੜੀ ਵਾਰੀ ਖ਼ੁਦਾ ਦਾਦਾ ਨੇ, ਜੋ ਕੁਝ ਪੜਿਆ-ਲਿਖਿਆ ਤੇ ਬਾਹਰ-ਅੰਦਰ ਭੰਵਿਆ ਹੋਇਆ ਏ, ਇਲਾਕੇ ਦੀ ਖ਼ਿਲਾਫ਼ਤ ਕਮੇਟੀ ਦਾ ਇਕ ਸਿਰਕੱਢ ਮੋਢੀ ਸੀ, ਆਖਣਾ ਪਹਿਲਾਂ ਆਪ ਹੀ ਕਾਨੂੰਨ ਬਣਾ ਕੇ ਅਸਾਡੀਆਂ ਭੋਇੰ ਸ਼ਾਹੂਕਾਰ ਦੇ ਕਰਜ਼ਿਆਂ ਵਿਚ ਵਿਕਵਾ ਦਿੱਤੀਆਂ ਤੇ ਫਿਰ ਆਪ ਈ ਕਾਨੂੰਨ ਬਣਾ ਕੇ ਉਨਾਂ ਨੂੰ ਇਹ ਭੋਇੰ ਖ਼ਰੀਦਣ ਤੋਂ ਵਰਜ ਦਿੱਤਾ ਏ। ਕਈ ਵਾਰੀ ਤਾਂ ਰਮਜ਼ਾਨ ਜਿਹੇ ਲੋੜਵੰਦ ਕਿਰਸਾਣਾਂ ਨੂੰ ਇਉਂ ਮਹਿਸੂਸ ਹੁੰਦਾ ਕਿ ਅੰਗਰੇਜ਼ ਨੇ ਭੋਇੰ ਦੀ ਰਾਖੀ ਦਾ ਇਹ ਕਾਨੂੰਨ ਬਣਾ ਕੇ ਉਨਾਂ ਦਾ ਕੋਈ ਬਹੁਤਾ ਭਲਾ ਨਹੀਂ ਸੀ ਕੀਤਾ, ਕਿਉਂਕਿ ਹੁਣ ਜੇ ਕਦੇ ਲੋੜ ਪੈਂਦੀ ਰੁਪਏ-ਪੈਸੇ ਦੀ, ਕਿਸੇ ਮੁੰਡੇ ਦੀਆਂ ਸੁੰਨਤਾਂ ਬਹਾਣ ਵੇਲੇ ਜਾਂ ਕਿਸੇ ਵਿਆਹ-ਸ਼ਾਦੀ ਉਤੇ ਤਾਂ ਸ਼ਾਹੂਕਾਰ ਪਾਸੋਂ ਇਹ ਜ਼ਰਾ ਵਧੇਰੇ ਹੀ ਮੁਸ਼ਕਲ ਨਾਲ ਪੂਰੀ ਹੁੰਦੀ ਸੀ। 'ਵੇਖੋਂ ਨਾ ਚੌਧਰੀ, ਹੁਣ ਜੇ ਤੂੰ ਜਾਂ ਰੱਬ ਨਾ ਕਰੇ, ਤੇਰੇ ਪਿੱਛੋਂ ਤੇਰਾ ਪੁੱਤਰ ਅਸਾਡਾ ਰੁਪਿਆ ਦੇਣ ਤੋਂ ਨਾਂਹ ਕਰ ਦੇਵੇ ਤਾਂ ਅਸੀਂ ਕਿਸੇ ਦਾ ਕੀ ਫੜ ਲੈਣਾ ਏਂ। ਭੋਇੰ ਤੁਹਾਡੀ ਵੱਲ ਤਾਂ ਅੰਗਰੇਜ਼ ਤੱਕਣ ਨਹੀਂ ਦਿੰਦਾ।' ਸਦਾ ਸ਼ਾਹੂਕਾਰ ਦਾ ਪਹਿਲਾ ਨਹੋਰਾ ਹੁੰਦਾ, ਜਦੋਂ ਕੋਈ ਲੋੜਵੰਦ ਉਸ ਪਾਸ ਕਰਜ਼ੇ ਦਾ ਸਵਾਲ ਕਰਦਾ। ਪਰ ਫਿਰ ਵੀ ਅੱਲਾ ਤਾਅਲਾ ਆਪ ਸੁਣਦਾ ਹੈ ਤੇ ਕਿਸੇ ਮਹਿੰਗਾ ਸਿੰਘ ਜਿਹੇ ਦੇ ਮਨ ਮਿਹਰ ਪਾ ਕੇ ਮਹਿੰਗੀ-ਸਸਤੀ ਲੋੜ ਪੂਰੀ ਕਰਵਾ ਹੀ ਦਿੰਦਾ ਏ। ਪਰ ਇਸ ਸ਼ੁਕਰਗਜ਼ਾਰੀ ਦੇ ਮੌਕੇ ਵੀ ਰਮਜ਼ਾਨ ਨੂੰ ਇਹ ਗੱਲ ਰੜਕਣੋਂ ਨਾ ਰਹੀ ਕਿ ਮਹਿੰਗਾ ਸਿੰਘ ਸੂਦ ਦੀ ਸ਼ਰਹ ਕੁਝ ਵਧੇਰੇ ਹੀ ਲਗਾ ਰਿਹਾ ਸੀ। ਪੰਝੀ ਰੁਪਏ ਸਾਲਾਨਾ ਨਾਲ ਤਾਂ ਇਹ ਰੁਪਏ ਚੌਂਹ ਸਾਲਾਂ ਵਿਚ ਦੁੱਗਣੇ ਹੋ ਜਾਣਗੇ। 'ਪਰ ਚਾਰ ਸਾਲ ਚੌਧਰੀ, ਤੁਸੀਂ ਕੋਈ ਇਹ ਫੜੇ ਵੀਹ ਰੁਪਏ ਡੱਕ ਛੋੜਸੋ? ਅਗਲੀ ਸਾਵਣੀ ਨੂੰ ਨਹੀਂ ਤਾਂ ਹਾੜੀ ਨੂੰ ਮੋੜ ਦੇਸੋ। ਅਸੀਂ ਸੂਦ ਦੀ ਸ਼ਰਹ ਇੰਨੀ ਵੱਧ ਤਾਂ ਤੁਹਾਡੀ ਚੰਗੀ ਵਾਸਤੇ ਲਗਾਨੇ ਆਂ, ਤਾਂ ਜੋ ਤੁਸੀਂ ਜਲਦੀ ਇਹ ਕਰਜ਼ਾ ਮੋੜ ਦਿਓ।'

'ਹਾਂ, ਮੋੜਨ ਦਾ ਫ਼ਿਕਰ ਤਾਂ ਮੈਨੂੰ ਸਦਾ ਲੱਗਾ ਰਹਿੰਦਾ ਸੀ। ਸ਼ਾਹੂਕਾਰ ਦਾ ਕਰਜ਼ਾ ਜੇ ਨਰਮ ਅਮਰ ਵੇਲ ਜਿਹਾ ਹੁੰਦਾ ਏ ਤਾਂ ਵੱਧਦਾ ਵੀ ਅਮਰ ਵੇਲ ਵਾਕਰ ਏ,' ਰਮਜ਼ਾਨ ਨੇ ਸਿਆਣਪ ਭਰਿਆ ਉੱਤਰ ਦਿੱਤਾ।

'ਤੂੰ ਆਪ ਸਿਆਣਾ ਏਂ ਚੌਧਰੀ,' ਮਹਿੰਗਾ ਸਿੰਘ ਨੇ ਗੱਲ ਮੋੜੀ, 'ਤੈਨੂੰ ਕਹੀਆਂ ਕੇ ਮੱਤ ਦੇਣੀ ਏ। ਹੱਛਾ, ਮੇਰੀ ਆਦਤ ਨਹੀਂ ਲੁਕਾ ਕੇ ਰੱਖਣ ਦੀ ਕੁਝ। ਬੰਦਾ ਬੋਲ ਦਾ ਮਿੱਠਾ ਤੇ ਵਣਜ ਦਾ ਖ਼ਰਾ ਹੋਣਾ ਚਾਹੀਦਾ ਏ। ਮੈਂ ਪਹਿਲੇ ਸਾਲ ਦਾ ਵਿਆਜ ਮੂਲ ਦੇ ਨਾਲ ਹੀ ਲਗਾ ਲਵਸਾਂ। ਇਸ ਤਰਾਂ ਨਾਲ ਹਿਸਾਬ ਸਿੱਧਾ ਰਹਿੰਦਾ ਏ।'

ਰਮਜ਼ਾਨ ਸਿਆੜ ਸਿੱਧਾ ਤਾਂ ਰੱਖਣ ਜਾਣਦਾ ਸੀ ਤੇ ਜਦੋਂ ਕਦੇ ਵੀ ਉਸ ਦੇ ਨਾਲ ਦਾ ਹਾਲੀ, ਉਸ ਦਾ ਪੁੱਤਰ, ਸਿਆੜ ਡਿੰਗਾ ਕਰ ਦਿੰਦਾ ਤਾਂ ਰਮਜ਼ਾਨ ਉਸ ਦੇ ਗਲ ਪੈ ਜਾਂਦਾ ਸੀ ਤੇ ਆਪਣੇ ਅਗਲੇ ਸਿਆੜ ਵਿਚ ਉਹ ਟੇਢ ਕੱਢ ਦਿੰਦਾ ਸੀ ਪਰ ਹਿਸਾਬ ਸਿੱਧਾ ਕਿਸ ਤਰਾਂ ਰੱਖੀਦਾ ਹੈ, ਇਹ ਉਸ ਦੇ ਇਲਮ ਤੋਂ ਬਾਹਰ ਦੀ ਗੱਲ ਸੀ। ਸੋ, ਉਸ ਨੇ ਮਹਿੰਗਾ ਸਿੰਘ ਦੀ ਗੱਲ ਦਾ ਕੋਈ ਮੋੜ ਨਾ ਕਰਨਾ ਹੀ ਉਚਿਤ ਸਮਝਿਆ। ਸੁੰਨਤਾਂ ਬੈਠ ਗਈਆਂ। ਨਾਈ, ਮੁੱਲਾ, ਪੀਰ ਤੇ ਰਮਜ਼ਾਨ ਦੇ ਘਰਵਾਲੀ ਸਭੇ ਖ਼ੁਸ਼ ਸਨ ਕਿ ਇਹ ਦਿਨ-ਤਿਉਹਾਰ ਵਿਘਨ ਤੋਂ ਬਿਨਾਂ ਸੁਹਣਾ ਪੂਰਿਆ ਗਿਆ। 'ਲੋੜ ਦਾ ਕਾਈ ਮੁੱਲ ਨਹੀਂ, ਚੌਧਰੀ,' ਕਹਿ ਕੇ ਨਾਈ ਨੇ ਵੀ ਜਾਣ ਲਗੇ ਰਮਜ਼ਾਨ ਦੀ ਢਾਰਸ ਬਨਾ ਦਿੱਤੀ, ਭਾਵੇਂ ਰਮਜ਼ਾਨ ਨੂੰ ਆਪ ਵੀ ਕਰਜ਼ਾ ਚੁੱਕਣ ਦਾ ਕੋਈ ਬਹੁਤਾ ਖੇਦ ਨਹੀਂ ਸੀ।

'ਆਖ਼ਰ ਪੰਜਾਹ ਰੁਪਏ ਦਾ ਖ਼ਰਚ ਹੋਇਆ ਏ, ਤੇ ਉਧਾਰ ਤਾਂ ਕੁੱਲ ਵੀਹ ਵੀ ਮੁੜ ਜਾਸਣ ਸਾਲ ਖੰਡ ਵਿਚ,' ਰਮਜ਼ਾਨ ਦੀ ਘਰਵਾਲੀ ਨੇ ਤਸੱਲੀ ਕਰਵਾਈ। ਇਹ ਘਰੋਂ ਕੱਢੇ ਤੀਹ ਉਹ ਇਕ ਟੂਮ ਗਿਰਵੀ ਰੱਖ ਕੇ ਮਹਿੰਗਾ ਸਿੰਘ ਦੀ ਘਰਵਾਲੀ ਤੋਂ ਲਿਆਈ ਸੀ ਤੇ ਜਦੋਂ ਮਹਿੰਗਾ ਸਿੰਘ ਨੇ ਵੀਹ ਮੂਲ ਤੇ ਪੰਝੀ ਰੁਪਏ ਪਹਿਲੇ ਸਾਲ ਦਾ ਵਿਆਜ ਤੇ ਤੀਹ ਰੁਪਏ ਟੂਮ ਵਾਲੇ, ਕੁੱਲ ਪੰਝੱਤਰ ਰੁਪਏ ਉਤੇ ਰਮਜ਼ਾਨ ਦਾ ਅੰਗੂਠਾ ਲਗਵਾ ਲਿਆ ਸੀ ਤਾਂ ਮਹਿੰਗਾ ਸਿੰਘ ਦੀ ਘਰਵਾਲੀ ਨੇ ਮਹਿੰਗਾ ਸਿੰਘ ਦੀ ਸਲਾਹ ਨਾਲ ਹੀ ਉਹ ਟੂਮ ਚੁਧਰਾਣੀ ਨੂੰ ਵਾਪਸ ਕਰ ਦਿੱਤੀ ਸੀ। ਮਹਿੰਗਾ ਸਿੰਘ ਵਿਹਾਰ ਦਾ ਖ਼ਰਾ ਸੀ ਤੇ ਪਿੰਡ ਦੇ ਚੌਧਰੀਆਂ ਦੀ ਇੱਜ਼ਤ ਦਾ ਸਾਂਝੀ ਸੀ। ਉਸ ਨੇ ਵਹੀ ਉਤੇ ਰਮਜ਼ਾਨ ਤੋਂ ਅੰਗੂਠਾ ਲਗਵਾਣ ਲੱਗੇ ਵੀ ਕਿਸੇ ਤੀਜੇ ਪਾਸ ਇਸ ਗੱਲ ਦੀ ਭਾਫ਼ ਨਹੀਂ ਸੀ ਕੱਢੀ। ਸਿਰਫ਼ ਕੋਈ ਪੰਜ-ਸੱਤ ਦਿਨ ਬਾਅਦ, ਉਹ ਵੀ ਬਿਨਾਂ ਨਾਉਂ-ਥੇਹ ਦੱਸੇ, ਆਪਣੇ ਇਕ ਦੋਸਤ-ਮਿੱਤਰ ਪਾਸੋਂ ਇਸ ਲਿਖਤ ਉਤੇ ਗਵਾਹੀ ਪਵਾ ਲਈ ਸੀ। ਹੋਰ ਬਹੁਤੀਆਂ ਗਵਾਹੀਆਂ ਦੀ ਲੋੜ ਵੀ ਕਿਹੜੀ ਸੀ। ਕਰਜ਼ੇ ਤੋਂ ਮੁਕਰਨ ਦਾ ਡਰ ਤਾਂ ਰਮਜ਼ਾਨ ਦੇ ਫ਼ਰਿਸ਼ਤਿਆਂ ਪਾਸੋਂ ਵੀ ਨਹੀਂ ਸੀ।

'ਲੈ, ਚੁਧਰਾਣੀ, ਘਿੰਨ ਆਪਣੀ ਅਮਾਨਤ,' ਮਹਿੰਗਾ ਸਿੰਘ ਦੀ ਘਰਵਾਲੀ ਨੇ ਰਮਜ਼ਾਨ ਦੀ ਘਰਵਾਲੀ ਪਾਸ ਜਾ ਕੇ ਟੂਮ ਮੋੜ ਕੇ ਆਖਿਆ ਸੀ। 'ਹੁਣ ਚੌਧਰੀ, ਇਨਾਂ ਤੀਹਾਂ ਦੇ ਵੀ ਅੱਖਰ ਕਰਵਾ ਆਇਆ ਏ ਤੇ ਅਸਾਡਾ ਧਰਮ ਨਹੀਂ ਕਹਿੰਦਾ ਅਸੀਂ ਤੇਰੀ ਇਹ ਅਮਾਨਤ ਰੱਖ ਛੋੜੀਏ। ਅੰਤ ਧਰਮ ਉਤੇ ਰਹਿਣਾ ਈ ਸਹਾਈ ਹੋਸੀ, ਚੁਧਰਾਣੀ। ਜੇ ਤੁਸੀਂ ਅਸਾਡੇ ਉਤੇ ਇਤਬਾਰ ਕਰਦੇ ਓ ਤਾਂ ਸਾਡਾ ਧਰਮ ਨਹੀਂ ਤੁਹਾਡੀ ਅਮਾਨਤ ਵਿਚ ਖ਼ਿਆਨਤ ਕਰੀਏ,' ਸ਼ਾਹੂਕਾਰਨੀ ਨੇ ਲੰਮਾ ਭਾਸ਼ਨ ਝਾੜਿਆ ਸੀ। ਚੁਧਰਾਣੀ ਸ਼ਾਹੂਕਾਰਨੀ ਦੀ ਇਸ ਈਮਾਨਦਾਰੀ ਦੀ ਕਾਇਲ ਹੋ ਗਈ ਸੀ।

'ਪਰ ਚੌਧਰੀ ਨਾਲ ਕਿਸੇ ਮੌਕੇ ਗੱਲ ਕਰ ਛੋੜੋ, ਚੁਧਰਾਣੀ। ਉਸ ਅੱਖਰ ਕਰਵਾਏ ਤੇ ਉਸ ਤੋਂ ਕੋਈ ਗੱਲ ਲੁਕੀ ਨਹੀਂ ਰਹਿਣੀ ਚਾਹੀਦੀ।'

'ਚੰਗੀ ਗੱਲ,' ਚੁਧਰਾਣੀ ਨੇ ਆਖ ਦਿੱਤਾ ਸੀ ਤੇ ਕਿਸੇ ਯੋਗ ਸਮੇਂ ਚੌਧਰੀ ਪਾਸ ਇਹ ਗੱਲ ਵੀ ਖੋਲ ਦਿੱਤੀ ਸੀ। ਚੌਧਰੀ ਨੇ ਉਸ ਨੂੰ ਕੀ ਆਖਣਾ ਸੀ? ਉਸ ਨੇ ਕੋਈ ਵਾਧੂ ਫ਼ਜ਼ੂਲ ਖ਼ਰਚੀ ਤਾਂ ਨਹੀਂ ਸੀ ਕੀਤੀ।

ਤਿੰਨ ਸਾਲ ਪਿੱਛੋਂ ਹਿਸਾਬ ਸਿੱਧਾ ਹੋ ਕੇ ਨਵੇਂ ਅੱਖਰ ਕਰਵਾਏ ਗਏ ਤਾਂ ਪੰਝੱਤਰ ਰੁਪਏ ਮੂਲ ਤੇ ਪੰਝੱਤਰ ਰੁਪਏ ਤਿੰਨ ਸਾਲ ਦਾ ਵਿਆਜ ਰਲ਼ਾ ਕੇ ਮਹਿੰਗਾ ਸਿੰਘ ਦੇ ਰਮਜ਼ਾਨ ਨੂੰ ਕਰਜ਼ ਦਿੱਤੇ ਪੰਜਾਹ ਰੁਪਏ ਇਕ ਸੌ ਪੰਜਾਹ ਬਣ ਚੁੱਕੇ ਸਨ।

ਮਹਿੰਗਾ ਸਿੰਘ ਦਾ ਹਿਸਾਬ ਕੁਝ ਇਸ ਕਿਸਮ ਦਾ ਸਿੱਧਾ ਸਿਰਤੋੜ ਸੀ ਕਿ ਸੋਲਾਂ ਕੁ ਸਾਲਾਂ ਵਿਚ ਰਮਜ਼ਾਨ ਦੇ ਅੰਗੂਠੇ ਉਤੇ ਉਸ ਦੀ ਵਹੀ ਵਿਚ ਪੰਦਰਾਂ ਸੌ ਰੁਪਏ ਦੀ ਰਕਮ ਬਣੀ ਖੜੀ ਸੀ। ਹੁਣ ਰਮਜ਼ਾਨ ਨੂੰ ਮਹਿੰਗਾ ਸਿੰਘ ਦੀ ਮਹਿੰਗਾਈ ਤੇ ਉਸ ਦੇ ਸਿੱਧੇ ਹਿਸਾਬ ਦੀ ਹੇਰਾਫ਼ੇਰੀ ਦਾ ਤਿੱਖਾ ਤੇ ਦੁਖਦਾਈ ਅਨੁਭਵ ਹੋ ਰਿਹਾ ਸੀ। ਉਹ ਆਖ ਕੁਝ ਨਹੀਂ ਸੀ ਸਕਦਾ। ਹਿਸਾਬ ਕਰਨ ਤੋਂ ਉਸ ਨੂੰ ਡਰ ਆਉਂਦਾ ਸੀ, ਮਤਾਂ ਇਹ ਚਾਲਾਕ ਸ਼ਾਹੂਕਾਰ ਜੋ ਹਰ ਰੋਜ਼ ਗੁਰਦੁਆਰੇ ਵਿਚ 'ਲੇਖੈ ਛੋਡਿ ਅਲੇਖੈ ਛੂਟਹਿ ਹਮ ਨਿਰਗੁਣ ਲੇਹੁ ਉਬਾਰੀ' ਦੀ ਰਟ ਲਗਾਂਦਾ ਸੀ, ਪੰਦਰਾਂ ਸੌ ਦਾ ਦੋ ਹਜ਼ਾਰ ਹੀ ਕਰ ਵਿਖਾਵੇ। ਹੁਣ ਰਮਜ਼ਾਨ ਨੂੰ ਮਹਿੰਗਾ ਸਿੰਘ ਬਹੁਤ ਬੁਰਾ ਲਗਦਾ ਸੀ। ਉਸ ਨੂੰ ਮਹਿੰਗਾ ਸਿੰਘ ਪਾਸੋਂ ਕਿਸੇ ਹਨੇਰੀ ਕੋਠੜੀ ਵਾਂਗ ਡਰ ਆਉਂਦਾ ਸੀ। ਉਸ ਨੂੰ ਇਹ ਪਤਾ ਸੀ ਕਿ ਅੰਗਰੇਜ਼ ਨੇ ਅਜਿਹਾ ਕਾਨੂੰਨ ਬਣਾਇਆ ਹੋਇਆ ਸੀ, ਜਿਸ ਦੇ ਅਧੀਨ ਮਹਿੰਗਾ ਸਿੰਘ ਪੰਦਰਾਂ ਸੌ ਕੀ, ਪੰਦਰਾਂ ਹਜ਼ਾਰ ਕਰ ਲਵੇ, ਉਹ ਉਸ ਦੀ ਭੋਇੰ ਨਹੀਂ ਸੀ ਖੋਹ ਸਕਦਾ ਪਰ ਪਿੰਡ ਵਿਚ ਹਰ ਕਿਸੇ ਨੂੰ ਪਤਾ ਹੋਣਾ ਕਿ ਰਮਜ਼ਾਨ ਦੇ ਮੁੰਡਿਆਂ ਦੇ ਉਨਾਂ ਦੀਆਂ ਚਾਰੇ-ਫੁਫੀ ਧੀਆਂ ਨਾਲ ਨਿਕਾਹ ਹੋਣੇ ਵੀ ਅਸੰਭਵ ਹੋ ਰਹੇ ਸਨ। ਤੇ ਫਿਰ ਕੀ ਪਤਾ ਕਿ ਇਹ ਰੁਪਿਆ ਵਸੂਲ ਕਰਨ ਲਈ ਅਦਾਲਤਾਂ ਮਹਿੰਗਾ ਸਿੰਘ ਨੂੰ ਕੀ-ਕੀ ਅਧਿਕਾਰ ਦੇ ਦੇਣ? ਆਖ਼ਿਰ ਪੰਦਰਾਂ ਸੌ ਰੁਪਏ ਉਤੇ ਉਸ ਦਾ ਅੰਗੂਠਾ



ਤੇ ਉਹ ਅੱਖਰ ਕੋਈ ਖੇਡਣ ਲਈ ਤਾਂ ਨਹੀਂ ਸਨ ਕਰਵਾਏ ਹੋਏ। ਉਸ ਪਾਸ ਉਨਾਂ ਨੂੰ ਵਸੂਲ ਕਰਨ ਦਾ ਢੰਗ ਵੀ ਕੋਈ ਜ਼ਰੂਰ ਹੋਵੇਗਾ, ਭਾਵੇਂ ਆਮ ਲੋਕ ਇਹ ਆਖ ਰਹੇ ਸਨ ਕਿ ਦਿੱਲੀ ਕੋਲ ਰੋਹਤਕ ਵੱਲ ਦਾ ਇਕ ਜਾਣੀਜਾਣ ਵਜ਼ੀਰ, ਛੋਟੂ ਰਾਮ ਜੱਟਾਂ ਦੇ ਸਭ ਕਰਜ਼ਿਆਂ ਉਤੇ ਲੀਕ ਮਰਵਾਣ 'ਤੇ ਤੁਲਿਆ ਹੋਇਆ ਸੀ। ਹੁਣ ਰਮਜ਼ਾਨ ਮਹਿੰਗਾ ਸਿੰਘ ਨਾਲ ਗੱਲ ਕਰੇ ਤਾਂ ਕੀ, ਉਸ ਦੇ ਮੱਥੇ ਲੱਗਣ ਤੋਂ ਵੀ ਝਕਦਾ ਸੀ, ਕਤਰਾਂਦਾ ਸੀ ਉਹ। ਉਸ ਨੂੰ ਪਤਾ ਨਹੀਂ ਸੀ ਲਗਦਾ ਕਿ ਓੜਕ ਇਸ ਭਾਰ ਤੋਂ ਉਸ ਦੀ ਖ਼ੁਲਾਸੀ ਕਿਵੇਂ ਹੋਵੇਗੀ। ਇਹ ਪੰਦਰਾਂ ਸੌ ਰੁਪਿਆ ਨਹੀਂ ਸੀ, ਵਹੀ ਉਤੇ ਲਿਖਿਆ ਹੋਇਆ, ਉਸ ਦੀ ਗਰਦਨ ਉਤੇ ਪੰਦਰਾਂ ਧੜੀਆਂ ਮਿੱਟੀ ਰੱਖੀ ਹੋਈ ਸੀ ਜਿਸ ਹੇਠਾਂ ਉਸ ਦੀ ਗਰਦਨ ਮਚਕੋੜੀ ਜਾ ਰਹੀ ਸੀ। ਉਸ ਦੀਆਂ ਲੱਤਾਂ ਥਿੜਕ ਰਹੀਆਂ ਸਨ ਤੇ ਉਸ ਦਾ ਸਾਹ ਘੁਟ ਰਿਹਾ ਸੀ। ਇਸ ਹਨੇਰੇ ਵਿਚ ਇਕੋ-ਇਕ ਚਾਨਣ ਦੀ ਕਿਰਨ ਸੀ, ਤਾਂ ਉਹ ਮਹਿੰਗਾ ਸਿੰਘ ਦਾ ਉੱਨੀ ਵੀਹ ਵਰੇ ਦਾ ਪੁੱਤਰ ਕਰਤਾਰ ਸਿੰਘ, ਜੋ ਅੰਮ੍ਰਿਤਸਰ ਦੇ ਕਾਲਜ ਵਿਚ ਕਿਸੇ ਵੱਡੀ ਜਮਾਤ ਵਿਚ ਪੜਦਾ ਸੀ। ਉਹ ਭਾਵੇਂ ਮਹਿੰਗਾ ਸਿੰਘ ਦਾ ਪੁੱਤਰ ਸੀ ਪਰ ਉਸ ਦੇ ਮਨ ਵਿਚ, ਨਵੀਂ ਉਮਰ ਦਾ ਸਦਕਾ ਗ਼ਰੀਬ ਲਈ, ਦੇਣਦਾਰ ਲਈ ਦਇਆ ਦਾ ਦਰਿਆ ਹੀ ਤਾਂ ਵਗ ਰਿਹਾ ਸੀ। ਉਹ ਕਈ ਵਾਰੀ ਚੌਕ 'ਚ ਬੈਠਾ ਕਿਰਸਾਣਾਂ ਦੀ ਗ਼ਰੀਬੀ ਤੇ ਮੰਦੀ ਹਾਲਤ ਦੀਆਂ ਗੱਲਾਂ ਕਰਦਾ, ਬਾਹਰਲੇ ਦੇਸ਼ਾਂ ਵਿਚ ਕਿਸੇ ਹੋਰ ਤਰਾਂ ਦੇ ਰਾਜ-ਪ੍ਰਬੰਧ ਦੀਆਂ ਕਹਾਣੀਆਂ ਸੁਣਾਂਦਾ, ਜਿਥੇ ਵਿਆਜ, ਵਟਾਈ ਤੇ ਚੁਕੌਤੇ ਦਾ ਨਾਉਂ ਵੀ ਨਹੀਂ ਸੀ ਰਹਿ ਗਿਆ, ਤੇ ਉਸ ਜਾਟ ਵਜ਼ੀਰ ਛੋਟੂ ਰਾਮ ਦੀ ਬੜੀ ਵਡਿਆਈ ਕਰਦਾ। ਰਮਜ਼ਾਨ ਸੋਚਦਾ, ਜੇ ਮੈਂ ਕਦੇ ਕਰਤਾਰ ਸਿੰਘ ਪਾਸ ਆਪਣਾ ਦੁੱਖ ਫੋਲਾਂ ਤਾਂ ਸ਼ਾਇਦ ਇਹ ਆਪਣੇ ਬੋਲਾਂ ਜਿਹਾ ਹੀ ਸੱਚਾ ਨਿਕਲ ਪਵੇ ਤੇ ਮਹਿੰਗਾ-ਸਸਤਾ ਆਪਣੇ ਪਿਓ ਪਾਸੋਂ ਮੇਰਾ ਛੁਟਕਾਰਾ ਕਰਵਾ ਦੇਵੇ।

ਸੋ, ਹੁਣ ਜਦੋਂ ਵੀ ਕਰਤਾਰ ਸਿੰਘ ਛੁੱਟੀ ਕਰ ਕੇ ਪਿੰਡ ਆਇਆ ਹੁੰਦਾ ਤਾਂ ਰਮਜ਼ਾਨ ਉਸ ਦੀ ਸੰਗਤ ਵਿਚ ਆ ਕੇ ਬੈਠਦਾ, ਉਸ ਦੀਆਂ ਗੱਲਾਂ ਨੂੰ ਬੜੇ ਗਹੁ ਨਾਲ ਸੁਣਦਾ ਤੇ ਕਦੇ-ਕਦਾਈਂ ਉਸ ਨਾਲ ਕੋਈ ਸਵਾਲ-ਜਵਾਬ ਵੀ ਕਰਦਾ। ਪਰ ਆਪਣੇ ਬਾਰੇ, ਆਪਣੀ ਪੰਦਰਾਂ ਸੌ ਰੁਪਏ ਦੀ ਕਰਜ਼ੇ ਦੀ ਪੰਡ ਬਾਰੇ, ਹਾਲੇ ਵੀ ਉਸ ਦਾ ਕਰਤਾਰ ਸਿੰਘ ਨਾਲ ਕੋਈ ਜ਼ਿਕਰ ਕਰਨ ਦਾ ਹੌਸਲਾ ਨਾ ਪੈਂਦਾ। ਛੇਕੜ ਇਕ ਦਿਨ ਜਦੋਂ ਸੰਗਰਾਂਦ ਜਾਂ ਹੋਰ ਦਿਹਾੜਾ ਮੰਨਾਉਣ ਉਪਰੰਤ ਕਰਤਾਰ ਸਿੰਘ ਤੇ ਹੋਰ ਕਈ ਸਿੱਖ ਗੁਰਦੁਆਰੇ ਵਿਚੋਂ ਬਾਹਰ ਆਏ ਤਾਂ ਰਮਜ਼ਾਨ ਨੇ ਕਰਤਾਰ ਸਿੰਘ ਨੂੰ ਠਹਿਰਾ ਕੇ ਜ਼ਰਾ ਉਸ ਦੀ ਅਰਜ਼ ਸੁਣਨ ਲਈ ਬੇਨਤੀ ਕੀਤੀ।

'ਕੀ ਅਰਜ਼ ਕਰਨੀ ਏਂ ਤੂੰ, ਰਮਜ਼ਾਨ, ਮੇਰੇ ਅੱਗੇ?' ਕਰਤਾਰ ਸਿੰਘ ਨੇ ਖਿੜੇ ਮੱਥੇ ਰਮਜ਼ਾਨ ਪਾਸੋਂ ਪੁੱਛਿਆ। 'ਮੈਂ ਕਿਹੜਾ ਕੋਈ ਵੱਡਾ ਅਫ਼ਸਰ ਹਾਂ। ਮੈਂ ਤੇਰਾ ਕੀ ਸੰਵਾਰ ਸਕਦਾ ਹਾਂ?'

'ਵੱਡਾ ਅਫ਼ਸਰ ਵੀ ਅੱਲਾ ਤਾਅਲਾ ਬਣਾ ਛੋੜਸੀ ਕਿਸੇ ਦਿਹਾੜੇ। ਉਸ ਦੇ ਘਰ ਕਿਸੇ ਸ਼ੈਅ ਦਾ ਘਾਟਾ ਏ, ਛੋਟੇ ਸਰਦਾਰ' ਰਮਜ਼ਾਨ ਨੇ ਮਿਰਾਸੀਆਂ ਵਾਂਗਰ ਅਸੀਸ ਦਿੱਤੀ।

'ਅੱਛਾ ਬਈ, ਜੇ ਮਨ ਵਿਚ ਮੇਰੇ ਲਈ ਅਜਿਹੀਆਂ ਨੇਕ ਖ਼ਾਹਿਸ਼ਾਂ ਹੈਨ ਤਾਂ ਮੈਂ ਵੀ ਤੇਰੀ ਗੱਲ ਕਿਉਂ ਨਾ ਸੁਣਸਾਂ?' ਕਰਤਾਰ ਸਿੰਘ ਨੇ ਉਤਰ ਵਿਚ ਆਖਿਆ।

'ਹੇ ਜੋ, ਤੁਸੀਂ ਗਾ ਰਹੇ ਸਾਓ ਲੇਖੇ ਛੋਡਣ ਬਾਬਤ, ਹੇ ਕੇਹ ਸਾਈ, ਸਰਦਾਰ, ਮੈਨੂੰ ਸੁਣਾਏਂ ਨਾ ਜ਼ਰਾ ਠਾਹਰ ਨਾਲ!'

'ਲੇਖੇ ਛੱਡਣ ਵਾਲੀ ਕੇ ਗੱਲ ਸੀ?' ਕਰਤਾਰ ਸਿੰਘ ਨੇ ਜਾਣੋ ਆਪਣੇ ਸਾਥੀਆਂ ਪਾਸੋਂ ਪੁੱਛਿਆ।

'ਏ ਜੋ ਭਜਨ ਗਾ ਰਹੇ ਸਾਓ ਤੁਸਾਂ ਸੁਣਿਆ,' ਰਮਜ਼ਾਨ ਨੇ ਦੁਹਰਾਇਆ।

'ਅੱਛਾ, ਜਿਹੜਾ ਸ਼ਬਦ ਪੜਿਆ ਸੀ ਗ੍ਰੰਥੀ ਹੋਰਾਂ, 'ਲੇਖੈ ਛੋਡ ਅਲੇਖੈ ਛੁਟਹਿ',' ਕਰਤਾਰ ਸਿੰਘ ਨੇ ਜ਼ਰਾ ਬੋਲ ਲਮਕਾ ਕੇ ਆਖਿਆ।

'ਹਾਂ, ਈਹਾਂ,' ਰਮਜ਼ਾਨ ਨੂੰ ਜਾਣੋ ਹਨੇਰੇ ਵਿਚ ਰਾਹ ਲੱਭਦਾ ਦਿਸਿਆ।

'ਹਾਂ, ਇਹ ਸ਼ਬਦ ਏ ਜਿਹੜਾ ਗ੍ਰੰਥੀ ਹੋਰਾਂ ਗਾਇਆ ਸੀ,' ਕਰਤਾਰ ਸਿੰਘ ਨੇ ਹਾਲੀ ਇਸ ਸ਼ਬਦ ਦਾ ਰਮਜ਼ਾਨ ਦੀ ਅਰਜ਼ ਨਾਲ ਕੋਈ ਸਬੰਧ ਸਹੀ ਨਹੀਂ ਸੀ ਕੀਤਾ।

'ਮੈਂ ਤੇ ਈਹਾਂ ਤੁਹਾਡੇ ਕੋਲੂੰ, ਤੇਰੇ ਪਿਉ ਕੋਲੂੰ, ਮੰਗਨਾ ਵਾਂ, ਨਿੱਕੇ ਸਰਦਾਰ, ਜੋ ਤੁਸੀਂ ਅੱਲਾ ਤਾਅਲਾ, ਆਪਣੇ ਵਾਹਿਗੁਰੂ ਕੋਲੂੰ ਮੰਗਦੇ ਓ। ਆਖ ਸੂ ਆਪਣੇ ਪਿਓ ਨੂੰ, ਲੇਖਾ ਛੋਡੇ ਹੁਣ ਤੇ ਕਿਸੇ ਭਾ ਮਹਿੰਗਾ-ਸਸਤਾ ਮੇਰੀ ਖੁਲਾਸੀ ਕਰੇ। ਮੇਰੇ ਘਰ ਇਸ ਸਮੇਂ ਮੱਝ ਨਵੀਂ ਸੂਈ ਹੋਈ ਏ, ਪਹਿਲੇ ਸੂ। ਉਹਦੀ ਮਾਂ ਹੇਠਾਂ ਪੰਦਰਾਂ ਸੇਰ ਦੁੱਧ ਹਾਈ ਤੇ ਸੇਰ ਪੱਕਾ ਮੱਖਣ। ਹੇ ਮੱਝ ਵੀ ਉਜੇਹੀ ਦੁੱਧ ਘਿਓ ਨੂੰ ਬਹੁੰ ਚੰਗੀ ਹੋਸੀ। ਤੇ ਮੇਰੇ ਕੋਲੂੰ ਲਵੇ ਤੇ ਮੇਰੀ ਖੁਲਾਸੀ ਕਰੇ। ਮੈਂ ਤੁਹਾਡੇ ਸਿਰਾਂ ਨੂੰ ਦੁਆਈਂ ਦੇਸਾਂ ਤੇ ਤੁਸੀਂ ਹਿੱਸੇ ਦਾ ਦੁੱਧ ਪੀਵਿਆ ਜੇ ਰੱਜ ਰੱਜ ਕੇ,' ਰਮਜ਼ਾਨ ਨੇ ਕਰਤਾਰ ਸਿੰਘ ਨੂੰ ਜ਼ਰਾ ਕਾਹਲਾ ਪੈਂਦਾ ਜਾਂਚ ਦੇ ਗੱਲ ਮੁਕਾਈ।

'ਹੱਛਾ! ਕਰਾ ਦੇਸਾਂ ਊਂ ਫ਼ੈਸਲਾ ਇਨਾਂ ਦਿਨਾਂ ਅੰਦਰ ਈ,' ਕਰਤਾਰ ਸਿੰਘ ਨੇ ਰਮਜ਼ਾਨ ਨੂੰ ਤਸੱਲੀ ਦੇ ਕੇ ਉਸ ਪਾਸੋਂ ਆਪਣਾ ਪੱਲਾ ਛੁਡਵਾਇਆ ਪਰ ਰਮਜ਼ਾਨ ਜਿਸ ਦੀ ਗਰਦਨ ਉਤੇ ਪੰਦਰਾਂ ਸੌ ਦੀ ਇਹ ਪੰਡ ਰੱਖੀ ਹੋਈ ਸੀ, ਕਰਤਾਰ ਸਿੰਘ ਦੇ ਪਿੱਛੇ ਲੱਗਾ ਰਿਹਾ। ਹਰ ਦੂਜੇ-ਤੀਜੇ ਉਹ ਕਰਤਾਰ ਸਿੰਘ ਦਾ ਰਾਹ ਰੋਕ ਕੇ ਖੜਾ ਹੋ ਜਾਂਦਾ, ਉਸ ਨੂੰ ਅਸੀਸਾਂ ਦਿੰਦਾ ਤੇ ਉਸ ਅੱਗੇ ਆਪਣੀ ਬੇਨਤੀ ਦੁਹਰਾਂਦਾ।

'ਮੇਰੇ ਪੁੱਤਰ ਜਲਾਲ ਦਾ ਨਿਕਾਹ ਤਦੇ ਹੋ ਸਕਦਾ ਏ ਨੂਰ ਮੁਹੰਮਦ ਦੀ ਧੀਊ ਆਇਸ਼ਾਂ ਨਾਲ, ਸਰਦਾਰਾ! ਜੇ ਤੇਰੇ ਪਿਓ ਦੀ ਵਹੀ ਉਤੇ ਲੀਕ ਫਿਰ ਜਾਏ। ਨਹੀਂ ਤਾਂ ਉਹ ਆਇਸ਼ਾਂ ਨੂੰ ਹੋਰ ਕਿਧਰੇ ਦੇ ਦੇਸੀ ਤੇ ਮੇਰਾ ਪੁੱਤਰ ਹਮੇਸ਼ਾ ਲਈ ਕੰਵਾਰਾ ਰਹਿ ਜਾਸੀ। ਤੈਥੋਂ ਕੀ ਲੁਕਾ ਏ, ਸਰਦਾਰ। ਜਲਾਲ ਤੇ ਆਇਸ਼ਾਂ ਦਾ ਬਹੁੰ ਪਿਆਰ ਏ ਆਪਸ ਵਿਚ', ਰਮਜ਼ਾਨ ਨੇ ਜਾਣੋ ਆਪਣੇ ਵੀਹ ਸਾਲ ਦੇ ਪੁੱਤਰ ਜਲਾਲ ਤੇ ਆਪਣੇ ਚਚੇਰੇ ਭਾਈ ਦੀ ਅਠਾਰਾਂ ਸਾਲ ਦੀ ਧੀ ਆਇਸ਼ਾਂ ਦੇ ਇਸ਼ਕ ਦਾ ਵਾਸਤਾ ਪਾਇਆ।

ਕਰਤਾਰ ਸਿੰਘ ਦੀਆਂ ਅੱਖਾਂ ਅੱਗਿਓਂ ਛੇ ਫੁੱਟ ਲੰਮੇ ਜਲਾਲ ਅਤੇ ਸਾਢੇ ਪੰਜ ਫੁੱਟ ਲੰਮੀ ਆਇਸ਼ਾਂ ਦੀਆਂ ਤਸਵੀਰਾਂ ਸਿਨਮੇ ਦੀ ਫ਼ਿਲਮ ਵਾਂਗਰ ਲੰਘ ਗਈਆਂ। ਆਇਸ਼ਾਂ ਜਿਸ ਦੀ ਖ਼ੂਬਸੂਰਤੀ ਦੀ ਉਪਮਾ ਉਹ ਕਾਲਜ ਵਿਚ ਆਪਣੇ ਜਮਾਤੀਆਂ, ਦੋਸਤਾਂ-ਮਿੱਤਰਾਂ ਪਾਸ ਕਰਦਾ ਨਹੀਂ ਸੀ ਥੱਕਦਾ, ਤੇ ਜਲਾਲ ਜਿਹੜਾ ਸੌਂਚੀ ਲਈ ਨੇੜ ਪਰੀਹੇ ਵਿਚ ਧੁੰਮਿਆ ਹੋਇਆ ਸੀ, ਜਿਸ ਦੇ ਮੂੰਹ ਦੀ ਨੁਹਾਰ ਉਸ ਨੂੰ ਸਿਕੰਦਰ ਮਹਾਂ ਵਿਜਈ ਦੀ ਯਾਦ ਕਰਵਾਂਦੀ ਸੀ ਤੇ ਜਿਸ ਦਾ ਸੀਨਾ ਉਸ ਦੇ ਲੱਕ ਤੋਂ ਦੁੱਗਣਾ ਚੌੜਾ ਸੀ। ਕੀ ਇਨਾਂ ਦੋਹਾਂ ਦੇ ਨਿਕਾਹ ਦਾ ਭੇਤ ਉਸ ਦੇ ਪਿਉ ਦੀ ਵਹੀ ਵਿਚ ਲਿਖਿਆ ਹੋਇਆ ਸੀ? ਉਸ ਨੇ ਸੋਚਿਆ।

'ਅੱਛਾ ਰਮਜ਼ਾਨ, ਘਬਰਾ ਨਾ। ਮੈਂ ਕਰਾ ਦੇਸਾਂ ਤੇਰਾ ਕੰਮ,' ਉਸ ਨੇ ਰਮਜ਼ਾਨ ਨੂੰ ਫੇਰ ਦਿਲਾਸਾ ਦਿੱਤਾ।

'ਤੇਰੀਆਂ ਛੁੱਟੀਆਂ ਈ ਨਾ ਭੈੜੀਆਂ ਬੀਤ ਜਾਵਣ ਮੇਰਾ ਕੰਮ ਕਰਾਂਦੇ-ਕਰਾਂਦੇ ਦੀਆਂ, ਸਰਦਾਰ! ਤੈਨੂੰ ਆਪਣੀ ਪੱਗ ਦੀ ਸਹੁੰ ਈ ਮੇਰੀ ਖੁਲਾਸੀ ਕਰਵਾ ਕੇ ਜਾਵੇਂ। ਅੱਲਾ ਤਾਅਲਾ ਤੇਰੇ ਪਿਉ ਨੂੰ ਵੀ ਆਇਸ਼ਾਂ ਜਿਹੀ ਨੂੰਹ ਦੇਸੀ,' ਰਮਜ਼ਾਨ ਨੇ ਕਰਤਾਰ ਸਿੰਘ ਦੇ ਮਨ ਤੱਕ ਕੰਘੀ ਮਾਰ ਕੇ ਆਖਿਆ।

ਪਤਾ ਨਹੀਂ ਕਰਤਾਰ ਸਿੰਘ ਨੂੰ ਕਿਤਨੀ ਵਾਰ ਆਪਣੇ ਪਿਤਾ ਮਹਿੰਗਾ ਸਿੰਘ ਨਾਲ ਬਹਿਸਣਾ ਤੇ ਝਗੜਨਾ ਪਿਆ ਪਰ ਉਸ ਨੇ ਕਾਲਜ ਨੂੰ ਵਾਪਸ ਜਾਣ ਤੋਂ ਦੋ ਦਿਨ ਪਹਿਲਾਂ ਰਮਜ਼ਾਨ ਦਾ ਫ਼ੈਸਲਾ ਕਰਵਾ ਦਿੱਤਾ। ਰਮਜ਼ਾਨ ਦੀ ਪਹਿਲਣ ਝੋਟੀ ਜਿਸ ਨੇ ਆਪਣੀ ਮਾਂ ਵਾਂਗਰ ਪੰਦਰਾਂ ਸੇਰ ਪੱਕਾ ਦੁੱਧ ਦੇਣਾ ਸੀ ਤੇ ਇਸ ਦੇ ਨਾਲ-ਨਾਲ ਚੁਧਰਾਣੀ ਦੀ ਉਹ ਟੂਮ, ਜੋ ਇਸੇ ਜਲਾਲ ਦੀਆਂ ਸੁੰਨਤਾਂ ਵੇਲੇ ਸ਼ਾਹੂਕਾਰਨੀ ਨੇ ਉਸ ਨੂੰ ਮੋੜ ਦਿੱਤੀ ਸੀ ਤੇ ਇਕ ਹੋਰ ਟੂਮ ਜੋ ਕਿਸੇ ਸਮੇਂ ਚੁਧਰਾਣੀ ਨੇ ਔਖੀ ਭਾਰੀ ਹੋ ਕੇ ਬਣਵਾਈ ਸੀ, ਇਹ ਵੀ ਮਹਿੰਗਾ ਸਿੰਘ ਦੇ ਘਰ ਆ ਗਈਆਂ ਤੇ ਉਸ ਨੇ ਆਪਣੀ ਵਹੀ ਦੇ ਲੇਖੇ ਉਤੇ ਲੀਕ ਮਾਰ ਦਿੱਤੀ।

'ਹੁਣ ਜਲਾਲ ਦੇ ਨਿਕਾਹ 'ਤੇ ਕੋਈ ਕਰਜ਼ ਨਾ ਲਵੇਂ, ਰਮਜ਼ਾਨ,' ਕਰਤਾਰ ਸਿੰਘ ਨੇ ਦੂਜੇ ਦਿਨ ਰਮਜ਼ਾਨ ਨੂੰ ਸਮਝਾਉਣਾ ਚਾਹਿਆ।

'ਹੋਰ ਕੇ ਕਰਸਾਂ, ਸਰਦਾਰ?' ਰਮਜ਼ਾਨ ਦਾ ਉਤਰ ਸੀ।

('ਅੱਧੀ ਵਾਟ')

# ਪੰਜਾਬੀਆਂ ਦੀ ਮਾਂ ਬੋਲੀ ਤੋਂ ਦੂਰੀ ਕਿਉਂ ?

**ਜਸਵਿੰਦਰ ਸਿੰਘ ਬਹੋੜੂ**

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਐਲਾਨੇ ਹਾਲੀਆ ਨਤੀਜਿਆਂ ਵਿਚ ਪੰਜਾਬ ਦੇ 23 ਜ਼ਿਲਿਆਂ ਵਿਚੋਂ 4510 ਵਿਦਿਆਰਥੀ ਪੰਜਾਬੀ ਭਾਸ਼ਾ ਵਿਚੋਂ ਫੇਲ ਹੋ ਗਏ ਹਨ ਜੋ ਬੇਹੱਦ ਚਿੰਤਾ ਤੇ ਚਿੰਤਨ ਦਾ ਵਿਸ਼ਾ ਹੈ। ਚੋਣਵੇਂ ਪੰਜਾਬੀ (ਇਲੈਕਟਿਵ ਪੰਜਾਬੀ) ਵਿਸ਼ੇ ਵਿਚੋਂ 1424 ਵਿਦਿਆਰਥੀ ਫੇਲ ਹੋਏ ਹਨ। ਗੱਲ ਅੱਗੇ ਤੋਰਨ ਤੋਂ ਪਹਿਲਾਂ ਅਸੀਂ ਪੰਜਾਬੀ ਸਾਹਿਤ ਜਗਤ ਦੇ ਮਹਾਨ ਲੇਖਕ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਪੁਸਤਕ 'ਜ਼ਿੰਦਗੀ ਦੀ ਰਾਸ' ਦੇ ਨਿਬੰਧ 'ਮਾਂ-ਬੋਲੀ' 'ਚੋਂ ਉਨਾਂ ਦੀਆਂ ਲਿਖੀਆਂ ਸਤਰਾਂ ਦਾ ਜ਼ਿਕਰ ਕਰਾਂਗੇ ਜਿਨਾਂ ਤੋਂ ਮਾਂ-ਬੋਲੀ ਦੀ ਮਹੱਤਤਾ ਦੇ ਨਾਲ-ਨਾਲ ਹੋਰ ਭਾਸ਼ਾਵਾਂ ਦੇ ਗਿਆਨ ਹੋਣ ਦੀ ਅਹਿਮੀਅਤ ਦਾ ਵੀ ਪਤਾ ਲੱਗਦਾ ਹੈ। ਉਹ ਲਿਖਦੇ ਹਨ :- 'ਮਨੁੱਖ-ਬੋਲੀ ਮੇਰਾ ਸਿਮਰਨ ਹੈ ਤੇ ਮਾਂ-ਬੋਲੀ ਦੇ ਸ਼ਬਦ ਮੇਰੀ ਮਾਲਾ ਹਨ। ਜਿਨਾਂ ਨੇ ਆਪਣੀ ਮਾਂ-ਬੋਲੀ ਨੂੰ ਪਿਆਰਿਆ ਹੈ, ਉਹ ਹਰ ਕਿਸੇ ਦੀ ਮਾਂ-ਬੋਲੀ ਦਾ ਸਤਿਕਾਰ ਕਰਦੇ ਹਨ। ਇਕ ਵਾਰੀ ਇਕ ਸੌ ਅੱਠ ਮੁਲਕਾਂ ਤੋਂ ਆਏ ਅਠਾਰਾਂ ਸੌ ਪ੍ਰਤੀਨਿਧਾਂ ਦੇ ਸਾਹਮਣੇ ਬੋਲਣ ਦਾ ਮੌਕਾ ਮੈਨੂੰ ਵਿਆਨਾ, ਆਸਟ੍ਰੀਆ ਦੀ ਰਾਜਧਾਨੀ ਵਿਚ ਮਿਲਿਆ ਸੀ। ਹਰ ਤਕਰੀਰ ਦਾ ਤਰਜਮਾ ਪੰਜ ਜ਼ਬਾਨਾਂ ਵਿਚ ਹੋਣਾ ਹੁੰਦਾ ਸੀ ਤੇ ਸੈਂਕੜੇ ਤਕਰੀਰਾਂ ਸਨ। ਤਰਜਮਾ ਕਰਨ ਵਾਲੀਆਂ ਕੁੜੀਆਂ 'ਤੇ ਬੜਾ ਭਾਰ ਸੀ। ਉਹ ਮੈਨੂੰ ਥੱਕੀਆਂ-ਥੱਕੀਆਂ ਦਿੱਸਦੀਆਂ ਸਨ। ਉਨਾਂ ਦਾ ਇਰ ਤਰਜਮਾ ਬਚਾਣ ਲਈ, ਮੈਂ ਫ਼ੈਸਲਾ ਕੀਤਾ ਕਿ ਅੰਗਰੇਜ਼ੀ 'ਚ ਹੀ ਬੋਲ ਦਿਆਂਗਾ। ਮੇਰੇ ਇਸ ਫ਼ੈਸਲੇ 'ਤੇ ਅੰਗਰੇਜ਼ਾਂ ਤੇ ਅਮਰੀਕਨਾਂ ਨੇ ਖੁਸ਼ੀ ਦੀਆਂ ਤਾਲੀਆਂ ਵਜਾਈਆਂ ਪਰ ਜਦੋਂ ਮੈਂ ਆਖਿਆ ਕਿ ਇਹ ਵੀ ਮੈਂ ਸਹਾਰ ਨਹੀਂ ਸਕਾਂਗਾ ਕਿ ਆਪਣੀ ਮਾਂ-ਬੋਲੀ ਦੇ ਸ਼ਬਦ ਐਨੇ ਮੁਲਕਾਂ ਦੇ ਚੰਗੇ ਲੋਕਾਂ ਦੇ ਕੰਨੀਂ ਪੁਆਉਣ ਦਾ ਮੌਕਾ ਮੈਂ ਹੱਥੋਂ ਗੁਆ ਲਵਾਂ, ਇਸ ਲਈ ਆਪਣੀ ਤਕਰੀਰ ਦਾ ਅਖ਼ੀਰਲਾ ਹਿੱਸਾ ਮੈਂ ਪੰਜਾਬੀ 'ਚ ਹੀ ਬੋਲਾਂਗਾ। ਇਹਦੇ ਉਤੇ ਸਰੋਤਿਆਂ ਨੇ ਪ੍ਰਸੰਸਾ ਦੀਆਂ ਤਾਲੀਆਂ ਵਜਾਈਆਂ ਅ ਤੇ ਜਦੋਂ ਮੈਂ ਆਪਣੀ ਬੋਲੀ ਵਿਚ ਬੋਲ ਹਟਿਆ ਤਾਂ ਸਾਰੇ ਦੇ ਸਾਰੇ ਸਰੋਤੇ ਉਠ ਕੇ ਖਲੋ ਗਏ। ਪ੍ਰਧਾਨਗੀ ਮੰਡਲ ਦੇ ਮੰਚ ਤੋਂ ਹੇਠਾਂ ਆਣ ਕੇ ਕਈਆਂ ਨੇ ਮੈਨੂੰ ਜੱਫੀ ਵਿਚ ਲੈ ਲਿਆ। ਕਈ ਮੇਰੇ ਨਾਲ ਤੁਰ ਕੇ ਮੈਨੂੰ ਮੇਰੇ ਸਥਾਨ 'ਤੇ ਬਿਠਾਉਣ ਆਏ ਤੇ ਮੇਰੇ ਦਸਤਖਤ ਲਏ। ਇਹ ਮੇਰੀ ਪ੍ਰਸੰਸਾ ਨਹੀਂ ਸੀ, ਮੇਰੀ ਮਾਂ-ਬੋਲੀ ਲਈ ਆਪਣੀ ਮਾਂ-ਬੋਲੀ ਦੇ ਪਿਆਰਿਆਂ ਦਾ ਸਤਿਕਾਰ ਭਰਿਆ ਇਜ਼ਹਾਰ ਸੀ। ਉਸ ਵੇਲੇ ਮੇਰੀ ਅਵਸਥਾ ਓਦੋਂ ਵਰਗੀ ਹੋ ਗਈ ਜਦੋਂ ਮੈਂ ਕਿਸੇ ਨੂੰ ਆਪਣੀ ਮਾਂ ਦੇ ਪੈਰਾਂ ਦੀ ਛੂਹ ਆਪਣੀਆਂ ਅੱਖਾਂ ਨੂੰ ਲਾਉਂਦਿਆਂ ਵੇਖਦਾ ਹਾਂ।'

ਮਾਂ-ਬੋਲੀ ਤੋਂ ਦਿਨ-ਬ-ਦਿਨ ਦੂਰ ਹੋ ਰਹੇ ਪੰਜਾਬੀ ਇਹ ਭੁੱਲ ਰਹੇ ਹਨ ਕਿ ਸਾਡੇ ਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜਿਨਾਂ ਨੂੰ ਹਰ ਰੋਜ਼ ਉਠਦਿਆਂ ਬੈਠਦਿਆਂ ਅਸੀਂ ਨਤਮਸਤਕ ਹੁੰਦੇ ਹਾਂ, ਉਹ ਦਾ ਪਰਮਾਤਮਾ ਨਾਲ ਜੁੜਨ ਦਾ ਸੁਨੇਹਾ ਗੁਰਮੁਖੀ ਲਿਪੀ ਹੈ। ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਡੇ ਸਾਰੇ ਗੁਰੂ ਸਾਹਿਬਾਨ ਨੇ ਗੁਰਮੁਖੀ ਵਿਚ ਹੀ ਕੁਦਰਤ ਨਾਲ ਜੁੜਨ ਤੇ ਕੁਦਰਤ ਕੇ ਸਭ ਬੰਦੇ ਮਿਸ਼ਨ ਨੂੰ ਲੈ ਕੇ ਸੱਚੇ-ਸੁੱਚੇ ਇਨਸਾਨ ਬਣਨ ਦਾ ਸੁਨੇਹਾ ਦਿੱਤਾ।

ਦੁੱਖ ਦੀ ਗੱਲ ਹੈ ਕਿ ਮਾਂ-ਬੋਲੀ ਵਿਚ ਫੇਲ ਹੋਣ ਵਾਲੇ ਉਹ ਬੱਚੇ ਹਨ ਜਿਨਾਂ ਨੂੰ ਇਸੇ ਮਾਂ-ਬੋਲੀ 'ਚ ਹੀ ਗੁੜਤੀ ਮਿਲੀ। ਇਹ ਅਸਫ਼ਲਤਾ ਪੰਜਾਬੀ ਹਿਤੈਸ਼ੀਆਂ ਲਈ ਕਿਸੇ ਨਮੋਸ਼ੀ ਤੋਂ ਘੱਟ ਨਹੀਂ। ਇਹ ਦੇ ਲਈ ਜਿਥੇ ਸਮੇਂ ਦੀਆਂ ਸਰਕਾਰਾਂ, ਸਾਡੀ ਸਿੱਖਿਆ ਨੀਤੀ, ਮਾਂ-ਬੋਲੀ ਨੂੰ ਭੁਲਣ ਵਾਲੇ ਅਧਿਆਪਕ, ਨਿੱਜੀ ਸਕੂਲਾਂ ਦੇ ਪ੍ਰਬੰਧਕ ਕਿਸੇ ਨਾ ਕਿਸੇ ਪੱਖ ਤੋਂ ਜ਼ਿੰਮੇਵਾਰ ਮੰਨੇ ਜਾ ਸਕਦੇ ਹਨ ਉਥੇ ਸਿਆਸਤਦਾਨ ਵੀ ਜ਼ਿੰਮੇਵਾਰ ਹਨ ਜਿਨਾਂ ਨੇ ਮਾਂ-ਬੋਲੀ ਦੇ ਵਿਕਾਸ ਲਈ ਕੁਝ ਨਹੀਂ ਕੀਤਾ, ਜੇ ਕੀਤਾ ਵੀ, ਉਹ ਲਾਗੂ ਨਹੀਂ ਹੋਇਆ। ਸ਼ਾਇਦ ਸਾਡੇ ਰਾਜਨੀਤੀਵਾਨ ਇਹ ਜਾਣਦੇ ਹਨ ਕਿ ਉਨਾਂ ਦੇ ਵਢੇਰਿਆਂ ਨੇ ਪੰਜਾਬੀ ਸੂਬੇ ਦੀ ਪਛਾਣ ਤੇ ਮਾਂ-ਬੋਲੀ ਨੂੰ ਜਿਉਂਦਾ ਰੱਖਣ ਲਈ ਕਿੰਨੀ ਜਦੋ-ਜਹਿਦ ਕੀਤੀ ਅਤੇ ਇਸੇ ਕਰਕੇ ਪੰਜਾਂ ਦਰਿਆਵਾਂ ਦੀ ਧਰਤੀ ਪੰਜਾਬ ਇਕ 'ਸੂਬੀ' ਬਣ ਕੇ ਰਹਿ ਗਿਆ ਜਿਸ ਨੂੰ ਅਜੇ ਵੀ ਖਰੋਚਿਆ ਜਾ ਰਿਹਾ ਹੈ।

ਕਿਸੇ ਦਾ ਨਾਮ ਕੀ ਲੈਣਾ, ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਮਾਂ-ਬੋਲੀ ਪੰਜਾਬੀ ਨੂੰ ਸਕੂਲਾਂ ਕਾਲਜਾਂ 'ਚ ਬਣਦਾ ਸਥਾਨ ਦੇਣ ਲਈ ਕੋਈ ਕ੍ਰਾਂਤੀਕਾਰੀ ਕਦਮ ਨਹੀਂ ਚੁੱਕਿਆ, ਕੇਵਲ ਯੂਨੀਵਰਸਿਟੀਆਂ, ਕਾਲਜਾਂ 'ਚ ਸੈਮੀਨਾਰਾਂ 'ਚ ਵੱਡੇ-ਵੱਡੇ ਦਾਅਵੇ ਹੀ ਕੀਤੇ ਹਨ।

ਸਕੂਲਾਂ ਵਿਚ ਪੰਜਾਬੀ ਭਾਸ਼ਾ ਦੀ ਉਨੀ ਕਦਰ ਨਹੀਂ ਜਿੰਨੀ ਮਾਂ-ਬੋਲੀ ਦੀ ਬਣਦੀ ਹੈ, ਹੋਵੇ ਕੀ ਕਿਦਾਂ ਜਦੋਂ ਅਸੀਂ ਫਰਲ-ਫਰਲ ਅੰਗਰੇਜ਼ੀ ਬੋਲਣ ਦੇ ਹੱਕ 'ਵਿਚ ਹੋਈਏ, ਕੀ ਯੂਨੀਵਰਸਿਟੀਆਂ ਵੱਲੋਂ ਕਰਵਾਈ ਜਾਂਦੀ ਪੰਜਾਬੀ ਭਾਸ਼ਾ ਦੀ 'ਗਿਆਨੀ' ਦੀ ਪ੍ਰੀਖਿਆ ਦੀ ਕੋਈ ਵੁੱਕਤ ਹੈ। ਕੀ ਇਹ ਦੇ ਸਹਾਰੇ ਤੁਸੀਂ ਭਾਸ਼ਾ ਟੀਚਰ ਲੱਗ ਸਕਦੇ ਹੋ, ਕਦਾਚਿਤ ਨਹੀਂ। ਕੀ ਪੰਜਾਬੀ ਭਾਸ਼ਾ ਦੀ ਦਿਨੋ-ਦਿਨ ਵਿਗੜਦੀ ਹਾਲਤ ਲਈ ਸਾਡਾ ਸਿੱਖਿਆ ਤਾਣਾ-ਬਾਣਾ ਜ਼ਿੰਮੇਵਾਰ ਤਾਂ ਨਹੀਂ ਜੋ ਜਾਣਬੁੱਝ ਕੇ ਪੰਜਾਬੀ ਨੂੰ ਹੇਠਲੇ ਦਰਜੇ 'ਚ ਰੱਖ ਰਿਹਾ ਹੈ। ਇਸ ਨੂੰ ਘੋਖਣ ਦੀ ਲੋੜ ਹੈ ਅਤੇ ਮਾਂ-ਬੋਲੀ ਪੰਜਾਬੀ ਨੂੰ ਸਮੂਹ ਪੰਜਾਬੀਆਂ ਦੀ ਬੋਲੀ ਬਣਾਉਣ ਦੀ ਲੋੜ ਹੈ। ਹੁਣ ਵੀ ਜੇਕਰ ਸਕੂਲ, ਕਾਲਜ, ਯੂਨੀਵਰਸਿਟੀਆਂ ਆਦਿ ਸੁਹਿਰਦਤਾ ਵਿਖਾਉਣ ਤਾਂ ਮਾਂ-ਬੋਲੀ ਨੂੰ ਬਣਦਾ ਸਤਿਕਾਰ ਮਿਲ ਸਕਦਾ ਹੈ ਤੇ ਗਿਆਨ ਦਾ ਵਸੀਲਾ ਬਣਾਇਆ ਜਾ ਸਕਦਾ ਹੈ। ਇਹ ਸਚਾਈ ਹੈ ਕਿ ਅੰਗਰੇਜ਼ੀ ਜੋ ਕਿ ਅੰਤਰ-ਰਾਸ਼ਟਰੀ ਭਾਸ਼ਾ ਮੰਨੀ ਜਾਂਦੀ ਹੈ, ਤੋਂ ਬਗੈਰ ਪਾੜਿਆਂ ਦੀ ਵੁੱਕਤ ਨਹੀਂ ਪੈਂਦੀ ਪਰ ਵਿਦੇਸ਼ੀ ਭਾਸ਼ਾ ਲਈ ਆਪਣੀ ਮਾਂ-ਬੋਲੀ ਦੀ ਕੁਰਬਾਨੀ ਦੇਣਾ ਵੀ ਸਹੀ ਨਹੀਂ।

## ਆਓ ਕੁਝ ਕਰੀਏ

ਵੱਡੀ ਤਰਾਸਦੀ ਹੈ ਕਿ ਮਾਂ-ਬੋਲੀ ਪੰਜਾਬੀ 'ਚ ਗੱਲਬਾਤ ਕਰਨੀ ਹੇਠੀ ਸਮਝੀ ਜਾਂਦੀ ਹੈ ਤੇ ਠੇਠ ਪੰਜਾਬੀ 'ਚ ਗੱਲ ਕਰਨ ਵਾਲੇ ਨੂੰ ਝੱਲਾ ਸਮਝਿਆ ਜਾਣ ਲੱਗਾ ਹੈ। ਸ਼ਹਿਰੀ ਤਬਕੇ ਦੀ ਗੱਲ ਛੱਡੋ, ਬਹੁਤੇ ਪਿੰਡਾਂ ਵਾਲੇ ਲੋਕ ਵੀ ਪੰਜਾਬੀ 'ਚ ਗੱਲ ਕਰਨ ਤੋਂ ਹਿਚਕਚਾਉਂਦੇ ਹਨ। ਪੰਜਾਬ ਦੇ ਸਕੂਲਾਂ, ਕਾਲਜਾਂ ਜਿਥੇ ਸਾਡੇ ਭਵਿੱਖ ਦੀ ਅਗਵਾਈ ਕਰਨ ਵਾਲੇ ਨੌਜਵਾਨ ਮੁੰਡੇ-ਕੁੜੀਆਂ ਵਿਦਿਆ ਗ੍ਰਹਿਣ ਕਰ ਰਹੇ ਹਨ, ਮਾਂ-ਬੋਲੀ ਪੰਜਾਬੀ ਤੋਂ ਦੂਰ ਹੱਟਦੇ ਜਾ ਰਹੇ ਹਨ। ਉਹ ਪੰਜਾਬੀ ਦੇ ਪੀਰੀਅਡ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ ਤੇ ਇਹ ਨੂੰ ਖੇਡਣ-ਮੱਲਣ ਜਾਂ ਥੋੜਾ ਪੜਾਈ ਤੋਂ ਰਾਹਤ ਲੈਣ ਵਾਲੇ ਸਮਝਦੇ ਹਨ। ਸਕੂਲਾਂ 'ਚ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ 'ਚ ਪਰਪੱਕ ਬਣਾਉਣਾ ਅਧਿਆਪਕਾਂ ਦੀ ਜ਼ਿੰਮੇਵਾਰੀ ਹੈ। ਵਿਦਿਆਰਥੀਆਂ ਨੂੰ ਇਹ ਗੱਲ ਚਿੱਥਣੀ ਪੈਣੀ ਕਿ ਉਹ ਪੰਜਾਬੀ ਵਿਆਕਰਨ, ਵਰਨ ਬੋਧ, ਸ਼ਬਦ-ਬੋਧ, ਸ਼ਬਦ-ਜੋੜ, ਸ਼ਬਦ ਰਚਨਾ, ਉਤਪੰਨ ਸ਼ਬਦ (ਅਗੇਤਰ, ਪਿਛੇਤਰ), ਅਰਥ-ਬੋਧ (ਵਿਰੋਧੀ ਸ਼ਬਦ, ਸਮਾਨਾਰਥਕ, ਬਹੁ-ਅਰਥਕ ਸ਼ਬਦ) ਨਾਂਵ, ਲਿੰਗ, ਪੁਲਿੰਗ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਕਾਲ, ਕਿਰਿਆ-ਵਿਸ਼ੇਸ਼ਣ,ਸੰਬੰਧਕ, ਯੋਜਕ, ਵਿਸਮਿਕ, ਵਿਸਰਾਮ ਚਿੰਨਾਂ ਆਦਿ ਨੂੰ ਡੂੰਘਿਆਈ ਨਾਲ ਪੜਨ ਤੇ ਪੰਜਾਬੀ ਅਧਿਆਪਕ ਵੀ ਬੱਚਿਆਂ ਨੂੰ ਪੰਜਾਬੀ ਭਾਸ਼ਾ ਨੂੰ ਪੜਨ ਤੋਂ ਇਲਾਵਾ ਵਿਆਕਰਣ ਦਾ ਸਮੁੱਚਾ ਗਿਆਨ ਦੇਣ ਅਤੇ ਇਹ ਦੱਸਣ ਕਿ ਇਸ ਦੇ ਸਹਾਰੇ ਅੰਗਰੇਜ਼ੀ ਭਾਸ਼ਾ ਦੀਆਂ ਵਿਆਕਰਨਕ ਬਾਰੀਕੀਆਂ ਨੂੰ ਬਾਖ਼ੂਬੀ ਸਮਝਿਆ ਜਾ ਸਕਦਾ।

## ਸੱਦਾ

ਮਾਂ-ਬੋਲੀ ਪੰਜਾਬੀ ਦੇ ਵਿਕਾਸ ਲਈ ਅਤੇ ਇਸ ਰੁਜ਼ਗਾਰ ਦਾ ਵਸੀਲਾ ਬਣਾਉਣ ਲਈ ਸਰਕਾਰਾਂ, ਬੁੱਧੀਜੀਵੀਆਂ, ਪੰਜਾਬੀ ਹਿਤੈਸ਼ੀਆਂ, ਪੰਜਾਬੀ ਅਧਿਆਪਕਾਂ, ਲੈਕਚਰਾਰਾਂ, ਪੰਜਾਬੀ ਸਾਹਿਤਕਾਰਾਂ ਅਤੇ ਸਮੂਹ ਪੰਜਾਬੀ ਪਰਿਵਾਰਾਂ ਨੂੰ ਆਪੋ-ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੋ ਸਾਡੀ ਨਵੀਂ ਪੀੜੀ ਸ਼ੁੱਧ ਪੰਜਾਬੀ ਲਿਖਣ, ਬੋਲਣ ਦੇ ਸਮਰੱਥ ਬਣ ਸਕੇ।



## 1. ਸੁਰਜੀਤ ਪਾਤਰ

ਧੁੱਪ ਸੂਰਜ ਦੀ ਦਿਖਾਵੇ ਹੋਰ ਰਾਹ,
ਧੁੱਪ ਸੂਰਜ ਦੀ ਦਿਖਾਵੇ ਹੋਰ ਰਾਹ,
ਚਾਨਣੀ ਵਿਚ ਹੋਰ ਰਸਤੇ ਚਮਕਦੇ,
ਹੋਰ ਮੰਜ਼ਿਲ ਦੱਸਦਾ ਘਰ ਦਾ ਚਿਰਾਗ,
ਸਿਵਿਆਂ ਲੋਏ ਹੋਰ ਪਗ-ਚਿੰਨ ਸੁਲਗਦੇ।
ਇਹ ਸਿਵਾ, ਇਹ ਚੰਨ, ਸੂਰਜ, ਇਹ ਚਿਰਾਗ,
ਵੱਖੋ ਵੱਖਰੇ ਰਸਤਿਆਂ ਵੱਲ ਖਿੱਚਦੇ,
ਮੈਂ ਚੁਰਾਹੇ 'ਤੇ ਖੜਾ ਹਾਂ ਸੋਚਦਾ,
ਕਿੰਨੇ ਟੋਟੇ ਕਰ ਦਿਆਂ ਇਕ ਹੋਂਦ ਦੇ,
ਐ ਮਨਾ ਤੂੰ ਬੇਸੁਰਾ ਏਂ ਸਾਜ਼ ਕਿਉਂ,
ਏਨੀ ਗੰਧਲੀ ਹੈ ਤੇਰੀ ਆਵਾਜ਼ ਕਿਉਂ,
ਸੁਰ ਨਹੀਂ ਹੁੰਦਾ ਤੂੰ ਕਿਉਂ ਕੀ ਗੱਲ ਹੈ,
ਇਲਮ ਦੇ ਮਸਲੇ ਨੇ ਜਾਂ ਇਖਲਾਕ ਦੇ।
ਮਨ ਹੈ ਇਕ ਪੁਸਤਕ ਜਿਵੇਂ ਲਿਖ ਹੋ ਰਹੀ,
ਜਿਸ ਦਾ ਕੋਈ ਆਦ ਹੈ ਨਾ ਅੰਤ ਹੈ,
ਇਕ ਇਬਾਰਤ ਹੈ ਜੋ ਅੰਦਰ ਤੜਪਦੀ,
ਵਾਕ ਨੇ ਇਕ ਦੂਸਰੇ ਨੂੰ ਕੱਟਦੇ।

## 2. ਕਾਫ਼ੀਆਂ ਬਾਬਾ ਬੁੱਲ੍ਹੇ ਸ਼ਾਹ

ਮੇਰੇ ਕਿਉਂ ਚਿਰ ਲਾਇਆ ਮਾਹੀ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਨੀ ਮੈਂ ਉਸ ਤੋਂ ਘੋਲ-ਘੁਮਾਈ।
ਦਰਦ ਫ਼ਿਰਾਕ ਬਥੇਰਾ ਕਰਿਆ,
ਇਹ ਦੁੱਖ ਮੈਥੋਂ ਜਾਏ ਨਾ ਜਰਿਆ,
ਟਮਕ ਅਸਾਡੇ ਸਿਰ ਤੇ ਧਰਿਆ,
ਡੋਈ ਬੁਗਚਾ ਲੋਹ ਕੜਾਹੀ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਜਾਗਦਿਆਂ ਮੈਂ ਘਰ ਵਿਚ ਮੁੱਠੀ,
ਕਦੀ ਨਹੀਂ ਸਾਂ ਬੈਠੀ ਉੱਠੀ,
ਜਿਸ ਦੀ ਸਾਂ ਮੈਂ ਓਸੇ ਕੁੱਠੀ,
ਹੁਣ ਕੀ ਕਰ ਲਿਆ ਬੇਪ੍ਰਵਾਹੀ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਬੁੱਲਾ ਸ਼ਹੁ ਤੇਰੇ ਤੋਂ ਵਾਰੀ,
ਮੈਂ ਬਲਿਹਾਰੀ ਲੱਖ ਲੱਖ ਵਾਰੀ,
ਤੇਰੀ ਸੂਰਤ ਬਹੁਤ ਪਿਆਰੀ,
ਮੈਂ ਵੇ ਬਿਚਾਰੀ ਘੋਲ ਘੁਮਾਈ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਮੇਰੇ ਮਾਹੀ ਦੇ ਪੰਜ ਪੀਰ ਪਨਾਹੀ,
ਢੂੰਡਣ ਉਸ ਨੂੰ ਵਿਚ ਲੋਕਾਈ,
ਮੇਰੇ ਮਾਹੀ ਤੇ ਫ਼ਜ਼ਲ ਇਲਾਹੀ,
ਜਿਸ ਨੇ ਗੈਬੋਂ ਤਾਰ ਹਿਲਾਈ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਕੁਨ ਫ਼ੈਕੁਨ ਆਵਾਜ਼ਾ ਆਇਆ,
ਤਖ਼ਤ ਹਜ਼ਾਰਿਉਂ ਰਾਂਝਾ ਧਾਇਆ,
'ਚੂਚਕ' ਦਾ ਉਸ ਚਾਕ ਸਦਾਇਆ,
ਉਹ ਆਹਾ ਸਾਹਿਬ ਸਫ਼ਾਈ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਚੱਲ ਰਾਂਝਾ ਮੁਲਤਾਨ ਚਲਾਹੇਂ,
ਗੌਂਸ਼ ਬਹਾਵਲ ਪੀਰ ਮਨਾਵੇਂ,
ਆਪਣੀ ਤੁਰਤ ਮੁਰਾਦ ਲਿਆਵੇਂ,
ਮੇਰਾ ਜੀ ਰੱਬ ਮੌਲਾ ਚਾਹੀ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਜਿੱਥੇ ਇਸ਼ਕ ਡੇਰਾ ਘਤ ਬਹਿੰਦਾ,
ਓਥੇ ਸਬਰ ਕਰਾਰ ਨਾ ਰਹਿੰਦਾ,
ਕੋਈ ਛੁਟਕਣ ਐਵੇਂ ਕਹਿੰਦਾ,
ਗਲ ਪਈ ਪ੍ਰੇਮ ਦੀ ਫਾਹੀ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਆ ਜੰਞ ਖੇੜਿਆਂ ਦੀ ਢੁਕੀ,
ਮੈਂ ਹੁਣ ਹੀਰ ਨਿਮਾਣੀ ਮੁੱਕੀ,
ਮੇਰੀ ਰੱਤ ਸਰੀਰੋਂ ਸੁੱਕੀ,
ਵਲ ਵਲ ਮਾਰੇ ਬਿਰਹੋਂ ਖਾਹੀ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਖੇੜਾ ਭੁੱਲ ਘੋੜੇ ਤੇ ਚੜਿਆ,
ਫੱਕਰ ਧੂੜ ਗਰਦ ਵਿਚ ਰਲਿਆ,
ਏਡਾ ਮਾਣ ਕਿਉਂ ਕੂੜਾ ਕਰਿਆ,
ਉਸ ਕੀਤੀ ਬੇਪ੍ਰਵਾਹੀ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਚੜ ਕੇ ਪੀਰ ਖੇੜਿਆਂ ਦਾ ਆਇਆ,
ਉਸ ਨੇ ਕੇਹਾ ਸ਼ੋਰ ਮਚਾਇਆ,
ਮੈਨੂੰ ਮਾਹੀ ਨਜ਼ਰ ਨਾ ਆਇਆ,
ਤਾਂਹੀਏਂ ਕੀਤੀ ਹਾਲ ਦੁਹਾਈ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਮੈਂ ਮਾਹੀ ਦੀ ਮਾਹੀ ਮੇਰਾ,
ਗੋਸ਼ਤ ਪੋਸਤ ਬੇਰਾ-ਬੇਰਾ,
ਦਿਨ ਹਸ਼ਰ ਦੇ ਕਰਸਾਂ ਝੇੜਾ,
ਜਦ ਦੇਸੀ ਦਾਦ ਇਲਾਹੀ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਚੂਚਕ ਕਾਜ਼ੀ ਸਦ ਬਹਾਇਆ,
ਮੈਂ ਮਨ ਰਾਂਝੂ ਮਾਹੀ ਭਾਇਆ,
ਧੱਕੋ ਧੱਕ ਨਿਕਾਹ ਪੜਾਇਆ,
ਉਸ ਕੀਤਾ ਫ਼ਰਜ਼ ਅਦਾਈ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਤੇਲ ਵਟਨਾ ਕੰਧੇ ਮਲਿਆ,
ਚੋਇਆ ਚੰਦਨ ਮੱਥੇ ਰਲਿਆ,
ਮਾਹੀ ਮੇਰਾ ਬੇਲੇ ਵੜਿਆ,
ਮੈਂ ਕੀ ਕਰਨੀ ਕੰਡਣ ਬਾਹੀ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਹੋਰ ਸੱਭੋ ਕੁਝ ਦੱਸਣ ਕਰਿਆ,
ਇਹ ਦੁੱਖ ਜਾਏ ਨਾ ਮੈਥੋਂ ਜਰਿਆ,
ਟਮਕ ਰਾਂਝਣ ਦੇ ਸਿਰ ਤੇ ਧਰਿਆ,
ਮੋਢੇ ਬੁਗਚਾ ਲੋਹ ਕੜਾਹੀ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਟਮਕ ਸੁੱਟ ਟਿੱਲੇ ਵਲ ਜਾਵੇ,
ਬੈਠਾ ਉਸ ਦਾ ਨਾਮ ਧਿਆਵੇ,
ਕੰਨ ਪੜਵਾ ਕੇ ਮੁੰਦਰਾਂ ਪਾਵੇ,
ਗੁੜ ਲੈ ਕੇ ਦੋ ਸੇਰ ਸ਼ਾਹੀ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਗੁਰ ਗੋਰਖ ਨੂੰ ਪੀਰ ਮਨਾਵੇ,
ਹੀਰੇ ਹੀਰੇ ਕਰ ਕੁਰਲਾਵੇ,
ਜਿਸ ਦੇ ਕਾਰਨ ਮੁੰਡ ਮੁੰਡਾਵੇ,
ਉਹ ਮੂੰਹ ਪੀਲਾ ਜ਼ਰਦ ਮਲਾਹੀ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਜੋਗੀ ਜੋਗ ਸਿਧਾਰਨ ਆਇਆ,
ਸਿਰ ਦਾੜੀ ਮੂੰਹ ਮੋਨ ਮੁਨਾਇਆ,
ਇਸ ਤੇ ਭਗਵਾਂ ਭੇਸ ਵਟਾਇਆ,
ਕਾਲੀ ਸਿਹਲੀ ਗਲ ਵਿਚ ਪਾਈ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਜੋਗੀ ਸ਼ਹਿਰ ਖੇੜਿਆਂ ਦੇ ਆਵੇ,
ਜਿਸ ਘਰ ਮਤਲਬ ਸੋ ਘਰ ਪਾਵੇ,
ਬੂਹੇ ਜਾ ਕੇ ਨਾਦ ਬਜਾਵੇ,
ਆਪੇ ਹੋਇਆ ਫ਼ਜ਼ਲ ਇਲਾਹੀ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਬੂਹੇ ਪੇ ਖੁੜਬਿਆਂ ਧਙਾਣੇ,
ਟੁੱਟ ਪਿਆ ਖੱਪਰ ਡੁੱਲ ਪੇ ਦਾਣੇ,
ਇਸ ਦੇ ਵਲ ਛਲ ਕੌਣ ਪਛਾਣੇ,
ਚੀਣਾ ਰੁੱਲ ਗਿਆ ਵਿਚ ਪਾਹੀ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਚੀਣਾ ਚੁਣ ਚੁਣ ਝੋਲੀ ਪਾਵੇ,
ਬੈਠਾ ਹੀਰੇ ਤਰਫ਼ ਤਕਾਵੇ,
ਜੋ ਕੁਝ ਲਿਖਿਆ ਲੇਖ ਸੋ ਪਾਵੇ,
ਰੋ ਰੋ ਲੜਦੇ ਨੈਣ ਸਿਪਾਹੀ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਇਹ ਗੱਲ ਸਹਿਤੀ ਨਣਦ ਪਛਾਤੀ,
ਦੋਹਾਂ ਦੀ ਵੇਦਨ ਇੱਕੋ ਜਾਤੀ,
ਉਹ ਵੀ ਆਹੀ ਸੀ ਮਦਮਾਤੀ,
ਓਥੇ ਦੋਹਵਾਂ ਸੱਥਰ ਪਾਹੀ।
ਮੇਰੇ ਕਿਉਂ ਚਿਰ ਲਾਇਆ ਮਾਹੀ।
ਬੁੱਲਾ ਸਹਿਤੀ ਫੰਦ ਚਲਾਇਆ,
ਹੀਰ ਸਲੇਟੀ ਨਾਗ ਲੜਾਇਆ,
ਜੋਗੀ ਮੰਤਰ ਝਾੜਨ ਆਇਆ,
ਦੁਹਾਂ ਦੀ ਆਸ ਮੁਰਾਦ ਪੁਚਾਈ।
ਮੇਰੇ ਕਿਉਂ ਚਿਰ ਲਾਇਆ ਮਾਹੀ।

## 3. ਕਾਫ਼ੀਆਂ ਸ਼ਾਹ ਹੁਸੈਨ
## (101-166)

101. ਨਾਲ ਸੱਜਣ ਦੇ ਰਹੀਏ
ਨਾਲ ਸੱਜਣ ਦੇ ਰਹੀਏ।
ਝਿੜਕਾਂ ਝੰਬਾਂ ਤੇ ਤਕਸੀਰਾਂ,
ਸੋ ਭੀ ਸਿਰ ਤੇ ਸਹੀਏ।
ਜੇ ਸਿਰ ਕੱਟ ਲੈਣ ਧੜ ਨਾਲੋਂ,
ਤਾਂ ਭੀ ਆਹ ਨ ਕਹੀਏ।
ਚੰਦਨ ਰੁੱਖ ਲਗਾ ਵਿਚ ਵੇਹੜੇ,
ਜ਼ੋਰ ਧਿਙਾਣੇ ਖਹੀਏ।
ਮਰਣ ਮੂਲ ਤੇ ਜੀਵਣ ਲਾਹਾ,
ਦਿਲਗੀਰੀ ਕਿਉਂ ਰਹੀਏ।
ਕਹੈ ਹੁਸੈਨ ਫ਼ਕੀਰ ਸਾਈਂ ਦਾ,
ਰੱਬ ਦਾ ਦਿੱਤਾ ਸਹੀਏ।

## 4. ਨਵਾਂ ਘੱਲੂਘਾਰਾ

ਸੁਣ ਰਾਹੀਆ ਕਰਮਾਂ ਵਾਲਿਆ,
ਮੈਂ ਬੇਕਰਮੀ ਦੀ ਬਾਤ।
ਮੇਰਾ ਚੜ੍ਹਦਾ ਸੂਰਜ ਡੁਬਿਆ
ਮੇਰੇ ਦਿਨ ਨੂੰ ਖਾ ਗਈ ਰਾਤ।
ਮੇਰੀ ਸਾਵੀ ਕੁੱਖ ਜਨਮਾ ਚੁੱਕੀ
ਜਿਹੜੀ ਗੁਰੂ ਸਿਆਣੇ ਵੀਰ।
ਅੱਜ ਤਪਦੀ ਭੱਠੀ ਬਣ ਗਈ
ਤੇ ਉਹਦੀ ਵੇਖ ਅਸੀਰ।
ਅੱਜ ਤਪਦੀ ਭੱਠੀ ਬਣ ਗਈ
ਮੇਰੀ ਸਾਵੀ ਕੁੱਖ ਅਖ਼ੀਰ।
ਵਿਚ ਫੁਲਿਆਂ ਵਾਂਗੂੰ ਖਿੜ ਪਏ
ਮੇਰੇ ਸ਼ੇਰ ਜਵਾਨ ਤੇ ਪੀਰ।
ਅੱਜ ਤਪਦੀ ਭੱਠੀ ਬਣ ਗਈ
ਮੇਰੀ ਮਹਿਕਾਂ ਵੰਡਦੀ ਕੁੱਖ।
ਅੱਜ ਮੇਰੇ ਥਣਾਂ 'ਚੋਂ ਚੁੰਘਦੇ
ਮੇਰੇ ਬਚੇ ਲਹੂ ਤੇ ਦੁੱਖ।
ਅੱਜ ਤਪਦੀ ਭੱਠੀ ਬਣ ਗਈ
ਮੇਰੀ ਸੱਤ ਸਮੁੰਦਰ ਅੱਖ।
ਅੱਜ ਝੱਲੀ ਜਾਏ ਨਾ ਜੱਗ ਤੋਂ
ਮੇਰੀ ਸ਼ਹੀਦਾਂ ਵਾਲੀ ਦੱਖ।
ਅੱਜ ਤਪਦੀ ਭੱਠੀ ਬਣ ਗਈ
ਮੇਰੀ ਚੂੜੇ ਵਾਲੀ ਬਾਂਹ।
ਅੱਜ ਵਿੱਚ ਸ਼ਹੀਦੀ ਝੰਡਿਆਂ
ਹੈ ਮੇਰਾ ਝੰਡਾ 'ਤਾਂਹ।
ਅੱਜ ਤਪਦੀ ਭੱਠੀ ਬਣ ਗਿਆ
ਮੇਰਾ ਸਗਲੇ ਵਾਲਾ ਪੈਰ।
ਅੱਜ ਵੈਰੀਆਂ ਕੱਢ ਵਿਖਾਲਿਆ
ਹੈ ਪੰਜ ਸਦੀਆਂ ਦਾ ਵੈਰ।
ਅੱਜ ਤਪਦੀ ਭੱਠੀ ਬਣ ਗਈ
ਮੇਰੀ ਦੁੱਧਾਂ ਵੰਡਦੀ ਛਾਤ।
ਮੈਂ ਆਪਣੀ ਰੱਤ ਵਿੱਚ ਡੁੱਬ ਗਈ
ਪਰ ਬਾਹਰ ਨਾ ਮਾਰੀ ਝਾਤ।
ਅੱਜ ਤਪਦੀ ਭੱਠੀ ਬਣ ਗਿਆ
ਮੇਰਾ ਮੱਖਣ ਜਿਹਾ ਸਰੀਰ
ਮੈਂ ਕੁੱਖ ਸੜੀ ਵਿੱਚ ਸੜ ਮਰੇ
ਮੇਰਾ ਰਾਂਝਾ ਮੇਰੀ ਹੀਰ।
ਅੱਜ ਤਪਦੀ ਭੱਠੀ ਬਣ ਗਿਆ
ਮੇਰਾ ਡਲਕਾਂ ਮਾਰਦਾ ਰੰਗ।
ਮੈਂ ਮਰ ਜਾਣੀ ਵਿੱਚ ਸੜ ਗਿਆ
ਅੱਜ ਮੇਰਾ ਇੱਕ ਇੱਕ ਅੰਗ।
ਅੱਜ ਤਪਦੀ ਭੱਠੀ ਬਣ ਗਈ
ਮੇਰੇ ਵਿਹੜੇ ਦੀ ਹਰ ਇੱਟ।
ਜਿਥੇ ਦੁਨੀਆਂ ਮੱਥਾ ਟੇਕਦੀ
ਓਹ ਬੂਟਾਂ ਛੱਡੀ ਭਿੱਟ।
ਮੇਰੇ ਬੁਰਜ ਮੁਨਾਰੇ ਢਾਹ ਦਿੱਤੇ
ਢਾਹ ਦਿੱਤਾ ਤਖ਼ਤ ਅਕਾਲ।
ਮੇਰਾ ਸੋਨੇ ਰੰਗ ਰੰਗ ਅੱਜ
ਮੇਰੇ ਲਹੂ ਨਾ' ਲਾਲੋ ਲਾਲ।
ਮੇਰੀਆਂ ਖੁੱਥੀਆਂ ਟੈਂਕਾਂ ਮੀਢੀਆਂ
ਮੇਰੀ ਲੂਹੀ ਬੰਬਾਂ ਗੁੱਤ।
ਮੇਰੇ ਕੁੱਛੜ ਅੰਨੀਆਂ ਗੋਲੀਆਂ
ਭੁੰਨ ਸੁੱਟੇ ਮੇਰੇ ਪੁੱਤ।
ਮੇਰਾ ਚੂੜਾ ਰਾਤ ਸੁਹਾਗ ਦਾ
ਹੋਇਆ ਏਦਾਂ ਲੀਰੋ ਲੀਰ।
ਜਿੱਦਾਂ ਕਿਰਚੀ ਕਿਰਚੀ ਹੋ ਗਈ
ਮੇਰੀ ਸ਼ੀਸ਼ੇ ਦੀ ਤਸਵੀਰ।
ਮੇਰਾ ਸ਼ੇਰ ਬਹਾਦਰ ਸੂਰਮਾ
ਜਰਨੈਲਾਂ ਦਾ ਜਰਨੈਲ।
ਉਸ ਮੌਤ ਵਿਆਹੀ ਹੱਸ ਕੇ
ਓਹਦੇ ਦਿਲ 'ਤੇ ਰਤਾ ਨਾ ਮੈਲ।
ਪਰ ਕੋਈ ਨਾ ਉਹਨੂੰ ਬਹੁੜਿਆ
ਉਹਨੂੰ ਵੈਰੀਆਂ ਮਾਰਿਆ ਘੇਰ।
ਉੱਝ ਡੱਕੇ ਰਹਿ ਗਏ ਘਰਾਂ 'ਚ
ਮੇਰੇ ਲੱਖਾਂ ਪੁੱਤਰ ਸ਼ੇਰ।
ਸੁਣ ਰਾਹੀਆ ਕਰਮਾਂ ਵਾਲਿਆ,
ਮੈਂ ਬੇਕਰਮੀ ਦੀ ਬਾਤ।
ਮੇਰਾ ਚੜ੍ਹਦਾ ਸੂਰਜ ਡੁਬਿਆ
ਮੇਰੇ ਦਿਨ ਨੂੰ ਖਾ ਗਈ ਰਾਤ।
ਮੇਰੇ ਲੂੰ ਲੂੰ 'ਚੋਂ ਪਈ ਵਗਦੀ
ਭਾਵੇਂ ਲਹੂ ਦੀ ਇਕ ਇਕ ਨਹਿਰ।
ਮੈਂ ਅਜੇ ਜਿਉਂਦੀ ਜਾਗਦੀ
ਮੈਂ ਝੱਲ ਗਈ ਸਾਰਾ ਕਹਿਰ।
ਮੈਂ ਮਰ ਨਹੀਂ ਸਕਦੀ ਕਦੇ ਵੀ
ਭਾਵੇਂ ਵੱਢਣ ਅੱਠੇ ਪਹਿਰ।
ਭਾਵੇਂ ਦੇਣ ਤਸੀਹੇ ਰੱਜ ਕੇ
ਭਾਵੇਂ ਰੱਜ ਪਿਆਲਣ ਜ਼ਹਿਰ।
ਮੇਰੇ ਪੁੱਤਰ ਸਾਗਰ ਜ਼ੋਰ ਦਾ
ਹਰ ਹਰ ਬਾਂਹ ਇਕ ਇਕ ਲਹਿਰ।
ਮੇਰੇ ਪੁੱਤਰ ਪਿੰਡੋ ਪਿੰਡ ਨੇ
ਮੇਰੇ ਪੁੱਤਰ ਸ਼ਹਿਰੋ-ਸ਼ਹਿਰ।
ਮੇਰੀ ਉਮਰ ਕਿਤਾਬ ਦਾ ਵੇਖ ਲੈ
ਤੂੰ ਹਰ ਹਰ ਵਰਕਾ ਪੜ।
ਜਦੋਂ ਭਾਰੀ ਬਣੀ ਹੈ ਮਾਂ 'ਤੇ
ਮੇਰੇ ਪੁੱਤਰ ਆਏ ਚੜ।
ਪੜ, ਕਿੰਨੀ ਵਾਰੀ ਮਾਂ ਤੋਂ
ਉਨਾਂ ਵਾਰੀ ਆਪਣੀ ਜਾਨ।
ਪੜ, ਕਿਸ ਦਿਨ ਆਪਣੀ ਮਾਂ ਦਾ
ਉਨਾਂ ਨਹੀਂ ਸੀ ਰੱਖਿਆ ਮਾਣ।
ਸੁਣ ਰਾਹੀਆ ਰਾਹੇ ਜਾਂਦਿਆ,
ਤੂੰ ਲਿਖ ਰੱਖੀਂ ਇਹ ਬਾਤ।
ਮੇਰਾ ਡੁੱਬਿਆ ਸੂਰਜ ਚੜ੍ਹੇਗਾ,
ਓੜਕ ਮੁੱਕੇਗੀ ਇਹ ਰਾਤ।

**ਅਫ਼ਜ਼ਲ ਅਹਿਸਨ ਰੰਧਾਵਾ**

## 5. ਤੱਕੜੀ

ਕਦੇ ਤਾਂ ਤੱਕੜੀ ਫ਼ੜ ਲਿਆ ਕਰ ਓਏ,
ਨਾਪ ਤੋਲ ਜਿਆ ਕਰ ਲਿਆ ਕਰ ਓਏ,
ਕਦੇ ਤਾਂ ਤੱਕੜੀ ......।
ਪਾਪ ਪੁੰਨ ਤੋਂ, ਵੱਧ ਗਿਆ ਲੱਗਦੈ,
ਜ਼ਰਾ ਕੁ ਸਾਂਵਾਂ ਕਰ ਲਿਆ ਕਰ ਓਏ,
ਕਦੇ ਤਾਂ ਤੱਕੜੀ .....।
ਜੇ ਸ਼ਬਦ ਕੋਈ, ਤੇਰੀ ਮੈਂ ਨੂੰ ਮਾਰੇ,
ਮੰਨ ਜਿਆ ਮਾਰ ਕੇ, ਮਰ ਲਿਆ ਕਰ ਓਏ,
ਕਦੇ ਤਾਂ ਤੱਕੜੀ ......।
ਆਉਣ ਜਾਣ, ਤੇਰਾ ਰੱਬ ਨਈਓ ਗਿਣਦਾ,
ਨੀਅਤਾਂ ਵਿਚ, ਸੱਚ ਧਰ ਲਿਆ ਕਰ ਓਏ,
ਕਦੇ ਤਾਂ ਤੱਕੜੀ ......।
ਮੁੰਦਰੀਆਂ ਦੇ ਵਿਚ, ਨਗਾਂ ਨੂੰ ਜੜਦੈਂ,
ਮੰਨ ਵਿੱਚ ਵੀ ਰੱਬ ਜੜ ਲਿਆ ਕਰ ਓਏ,
ਕਦੇ ਤਾਂ ਤੱਕੜੀ ......।
ਝੂਠ ਮਿੱਠੇ ਨੂੰ, ਹੱਸ ਹੱਸ ਜਰਦੈਂ,
ਸੱਚ ਕੌੜਾ ਵੀ ਜਰ ਲਿਆ ਕਰ ਓਏ,
ਕਦੇ ਤਾਂ ਤੱਕੜੀ ......।
ਮੰਦਰ ਮਸੀਤੀਂ, 'ਅਸ਼ਕ' ਕੀ ਲੱਭਦੈਂ,
ਰੱਬ ਲੱਭਣੈਂ, ਖੁਦ ਵਿਚ ਵੜ ਲਿਆ ਕਰ ਓਏ
ਕਦੇ ਤਾਂ ਤੱਕੜੀ.....।

**ਸੁਰਜੀਤ ਸਿੰਘ ਅਸ਼ਕ**



# ਕਾਵਿ ਸੰਸਾਰ

# ਪੂੰਜੀਵਾਦੀ ਪ੍ਰਬੰਧ ਵਿੱਚ ਕੂੜੇ ਦੀ ਪੈਦਾਵਾਰ



**ਸੁਖਵੰਤ ਹੁੰਦਲ**

ਸੁਪਰਮਾਰਕੀਟਾਂ ਵਿੱਚ ਖਾਣਾ ਅੰਞਾਈ ਨਸ਼ਟ ਹੋਣ ਦਾ ਇਕ ਕਾਰਨ ਇਹ ਹੈ ਕਿ ਸੁਪਰਮਾਰਕੀਟਾਂ ਹਮੇਸ਼ਾਂ ਹੀ ਖਾਣੇ ਦਾ ਲੋੜ ਤੋਂ ਵੱਧ ਸਟਾਕ ਰੱਖਦੀਆਂ ਹਨ ਕਿਉਂਕਿ ਪਰਚੂਨ ਪੱਧਰ 'ਤੇ ਖਾਣਾ ਵੇਚਣ ਵਾਲੀ ਸਨਅਤ ਵਿੱਚ ਇਹ ਧਾਰਨਾ ਪ੍ਰਚੱਲਤ ਹੈ ਕਿ ਗਾਹਕ ਭਰੀਆਂ ਹੋਈਆਂ ਸ਼ੈਲਫਾਂ ਦੇਖਣਾ ਪਸੰਦ ਕਰਦੇ ਹਨ। ਭਰੀਆਂ ਹੋਈਆਂ ਸ਼ੈਲਫਾਂ ਗਾਹਕਾਂ ਨੂੰ ਬਹੁਲਤਾ ਦਾ ਅਹਿਸਾਸ ਕਰਵਾਉਂਦੀਆਂ ਹਨ ਅਤੇ ਇਸ ਕਾਰਨ ਉਹ ਜ਼ਿਆਦਾ ਚੀਜ਼ਾਂ ਖ੍ਰੀਦਦੇ ਹਨ। ਇਸ ਲੋੜ ਤੋਂ ਵੱਧ ਰੱਖੇ ਸਟਾਕ ਵਿੱਚੋਂ ਜਿਹੜੀਆਂ ਵਸਤਾਂ ਸਮੇਂ ਸਿਰ ਵਿਕਣੋ ਰਹਿ ਜਾਂਦੀਆਂ ਹਨ, ਉਹ ਸੁੱਟ ਦਿੱਤੀਆਂ ਜਾਂਦੀਆਂ ਹਨ। ਆਮ ਤੌਰ 'ਤੇ ਇਹ ਵਰਤਾਰਾ ਸੁਪਰਮਾਰਕੀਟਾਂ ਦੇ ਮੱਛੀਆਂ ਅਤੇ ਹੋਰ ਸਮੁੰਦਰੀ ਜੀਵਾਂ ਅਤੇ ਫਲਾਂ ਅਤੇ ਸਬਜ਼ੀਆਂ ਦੇ ਸੈਕਸ਼ਨਾਂ ਵਿੱਚ ਵਾਪਰਦਾ ਹੈ। ਕਈ ਵਾਰੀ ਸੁਪਰਮਾਰਕੀਟਾਂ ਕੁੱਝ ਚੀਜ਼ਾਂ ਦੇ ਪੂਰੇ ਸਟਾਕ ਦੇ ਨਾ ਵਿਕਣ ਬਾਰੇ ਜਾਣਦਿਆਂ ਹੋਇਆਂ ਵੀ ਉਨਾਂ ਚੀਜ਼ਾਂ ਨੂੰ ਵਾਧੂ ਸਟਾਕ ਕਰਦੀਆਂ ਹਨ ਕਿਉਂਕਿ ਉਨਾਂ ਦੀ ਨੁਮਾਇਸ਼ ਗਾਹਕ ਦੇ ਮਨ ਨੂੰ ਭਾਉਂਦੀ ਹੈ। ਉਦਾਹਰਨ ਲਈ ਵੇਸਟਡ: ਹਾਉ ਅਮਰੀਕਾ ਇਜ਼ ਲੂਜ਼ਿੰਗ ਅੱਪ ਟੂ 40 ਪਰਸੈਂਟ ਆਫ ਇਟਸ ਫੂਡ ... ਨਾਮੀ ਰਿਪੋਰਟ ਅਨੁਸਾਰ ਸੁਪਰਮਾਰਕੀਟਾਂ ਵਿੱਚ ਰੱਖੀਆਂ ਗਈਆਂ ਪੂਰੀਆਂ ਮੱਛੀਆਂ ਦਾ 26% ਹਿੱਸਾ ਨਹੀਂ ਵਿਕਦਾ, ਪਰ ਫਿਰ ਵੀ ਉਨਾਂ ਨੂੰ ਸਟੋਰ ਵਿੱਚ ਰੱਖਿਆ ਜਾਂਦਾ ਹੈ ਕਿਉਂਕਿ ਉਹ ਸਜ਼ਾਵਟ ਦੇ ਪੱਖ ਤੋਂ ਸੁਹਣੀਆਂ ਲਗਦੀਆਂ ਹਨ।

ਅੱਜਕੱਲ ਵਿਕਸਤ ਦੇਸ਼ਾਂ ਵਿੱਚ ਬਹੁਤ ਸਾਰੀਆਂ ਸੁਪਰਮਾਰਕੀਟਾਂ ਅਤੇ ਕਨਵੀਨੀਐਂਸ ਸਟੋਰ ਖਾਣ ਨੂੰ ਤਿਆਰ ਖਾਣਾ- ਜਿਵੇਂ ਸੈਂਡਵਿਚ, ਫਰਾਈਡ ਚਿਕਨ, ਰੋਸਟ ਚਿਕਨ, ਹਾਟ ਡੌਗ, ਸੂਸ਼ੀ ਅਤੇ ਇਸ ਤਰਾਂ ਦੀਆਂ ਹੋਰ ਚੀਜ਼ਾਂ- ਰੱਖਦੇ ਹਨ। ਫਲਾਂ ਅਤੇ ਸਬਜ਼ੀਆਂ ਵਾਂਗ ਹੀ ਇਹ ਸਟੋਰ ਇਹਨਾਂ ਖਾਣਿਆਂ ਦਾ ਫੁੱਲ ਸਟਾਕ ਰੱਖਦੇ ਹਨ ਅਤੇ ਇਹ ਪੱਕਾ ਕਰਦੇ ਹਨ ਕਿ ਇਹ ਚੀਜ਼ਾਂ ਤਾਜ਼ੀਆ ਹੋਣ। ਇਹਨਾਂ ਵਿੱਚੋਂ ਜਿਹੜੇ ਖਾਣੇ ਸਮੇਂ ਸਿਰ ਨਹੀਂ ਵਿਕਦੇ ਉਹ ਸੁੱਟ ਦਿੱਤੇ ਜਾਂਦੇ ਹਨ। ਪਹਿਲਾਂ ਜ਼ਿਕਰ ਵਿੱਚ ਆ ਚੁੱਕੀ ਰਿਪੋਰਟ ਵੇਸਟਡ: ਹਾਉ ਅਮਰੀਕਾ ਇਜ਼ ਲੂਜ਼ਿੰਗ ਅੱਪ ਟੂ 40 ਪਰਸੈਂਟ ਆਫ ਇਟਸ ਫੂਡ... ਅਨੁਸਾਰ ਸੁਪਰਮਾਰਕੀਟਾਂ ਵਿੱਚ ਰੱਖੇ ਰੋਸਟ ਚਿਕਨਾਂ ਨੂੰ ਨਾ ਵਿਕਣ 'ਤੇ ਤਕਰੀਬਨ ਚਾਰ ਘੰਟਿਆਂ ਬਾਅਦ ਸੁੱਟ ਦਿੱਤਾ ਜਾਂਦਾ ਹੈ। ਇਸ ਰਿਪੋਰਟ ਵਿੱਚ ਇਕ ਗ੍ਰੌਸਰੀ ਸਟੋਰ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਉਸ ਸਟੋਰ ਵਿੱਚੋਂ ਤਕਰੀਬਨ 50% ਰੋਸਟ ਚਿਕਨ ਅੰਞਾਈ ਸੁੱਟ ਦਿੱਤੇ ਜਾਂਦੇ ਹਨ। ਬਹੁਤ ਸਾਰੇ ਸਟੋਰ ਦਿਨ ਦੇ ਅੰਤ 'ਤੇ ਨਾ ਵਿਕਣ ਵਾਲੇ ਸੈਂਡਵਿਚਾਂ ਨੂੰ ਕੂੜੇ ਦੇ ਢੇਰ 'ਤੇ ਸੁੱਟ ਦਿੰਦੇ ਹਨ। ਅਮਰੀਕਨ ਵੇਸਟਲੈਂਡ... ਵਿੱਚ ਅਮਰੀਕਾ ਦੀ ਯੂਨੀਵਰਸਿਟੀ ਆਫ ਐਰੀਜ਼ੋਨਾ ਦੇ ਐਂਥਰੋਪੌਲੌਜੀ ਵਿਭਾਗ ਨਾਲ ਰਹਿ ਚੁੱਕੇ ਇਕ ਖੋਜੀ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਅਮਰਕਿਾ ਵਿੱਚ ਕਨਵੀਨੀਐਂਸ ਸਟੋਰ ਆਪਣੇ ਖਾਣਿਆਂ ਦਾ 26% ਹਿੱਸਾ ਅੰਞਾਈ ਨਸ਼ਟ ਕਰਦੇ ਹਨ। ਇਸ ਹਿਸਾਬ ਨਾਲ ਪੂਰੇ ਅਮਰੀਕਾ ਭਰ ਵਿੱਚ ਇਸ ਤਰਾਂ ਨਸ਼ਟ ਹੁੰਦੇ ਖਾਣੇ ਦੀ ਮਾਤਰਾ ਹਰ ਰੋਜ਼ ਦੇ ੫੦ ਲੱਖ (੫ ਮਿਲੀਅਨ) ਪੌਂਡ ਦੇ ਬਰਾਬਰ ਬਣਦੀ ਹੈ। ਇਹਨਾਂ ਖਾਣਿਆਂ ਨੂੰ ਓਵਰਸਟਾਕ ਕਰਨ ਦਾ ਇਕ ਕਾਰਨ ਤਾਂ ਗਾਹਕਾਂ ਨੂੰ ਬਹੁਲਤਾ ਦਾ ਪ੍ਰਭਾਵ ਦੇਣਾ ਹੈ, ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ। ਦੂਸਰਾ ਕਾਰਨ ਇਹ ਹੈ ਕਿ ਸਟੋਰਾਂ ਵਾਲੇ ਇਸ ਗੱਲੋਂ ਡਰਦੇ ਹਨ ਕਿ ਗਾਹਕ ਖਾਲੀ ਟ੍ਰੇਅ ਜਾਂ ਸ਼ੈਲਫ ਦੇਖ ਕੇ ਕਿਸੇ ਦੂਸਰੇ ਸਟੋਰ 'ਤੇ ਨਾ ਚਲਿਆ ਜਾਵੇ। ਗਾਹਕ ਗਵਾਉਣ ਦੀ ਥਾਂ ਉਹ ਅਣਵਿਕੇ ਖਾਣੇ ਨੂੰ ਕੂੜੇ 'ਤੇ ਸੁੱਟਣ ਦਾ ਖਤਰਾ ਲੈਣ ਨੂੰ ਤਰਜੀਹ ਦਿੰਦੇ ਹਨ ਕਿਉਂਕਿ ਖਾਣੇ ਦੀ ਲਾਗਤ, ਖਾਣਾ ਵਿਕਣ ਕਾਰਨ ਹੋਣ ਵਾਲੇ ਮੁਨਾਫੇ ਤੋਂ ਬਹੁਤ ਘੱਟ ਹੁੰਦੀ ਹੈ। ਵੇਸਟ: ਅਨਕਵਰਿੰਗ ਦੀ ਗਲੋਬਲ ਵੇਸਟ ਸਕੈਂਡਲ ਦਾ ਲੇਖਕ ਟ੍ਰਿਸਟਰਮ ਸਟੂਅਰਟ ਦੱਸਦਾ ਹੈ ਕਿ ਯੂ ਕੇ ਵਿੱਚ ਸੁਪਰਮਾਰਕੀਟਾਂ ਨੂੰ 200 ਗ੍ਰਾਮ ਦਾ ਇਕ ਸੈਂਡਵਿੱਚ ਬਣਾਉਣ ਦੀ ਲਾਗਤ ਇਕ ਪੈਂਸ ਦੇ ਬਰਾਬਰ ਪੈਂਦੀ ਹੈ। ਇਸ ਸੈਂਡਵਿੱਚ ਦੇ ਵਿਕਣ ਨਾਲ ਹੋਣ ਵਾਲਾ ਮੁਨਾਫਾ ਇਸ ਤੋਂ 100 ਗੁਣਾਂ ਤੱਕ ਹੋ ਸਕਦਾ ਹੈ। ਇਸ ਲਈ ਸੁਪਰਮਾਰਕੀਟਾਂ ਵਾਧੂ ਸਟਾਕ ਰੱਖਣ ਅਤੇ ਅਣਵਿਕੇ ਸੈਂਡਵਿੱਚਾਂ ਨੂੰ ਸੁੱਟਣ ਨੂੰ ਤਰਜੀਹ ਦਿੰਦੀਆਂ ਹਨ, ਕਿਉਂਕਿ ਸੈਂਡਵਿੱਚ ਨੂੰ ਕੂੜੇ 'ਤੇ ਸੁੱਟਣ ਨਾਲ ਉਨਾਂ ਨੂੰ ਕੋਈ ਵੱਡਾ ਨੁਕਸਾਨ ਨਹੀਂ ਹੁੰਦਾ।

ਲੋੜ ਤੋਂ ਵਾਧੂ ਸਟਾਕ ਰੱਖਣ ਤੋਂ ਇਲਾਵਾ ਸੁਪਰਮਾਰਕੀਟਾਂ ਵਿੱਚ ਕਾਫੀ ਸਾਰਾ ਖਾਣਾ ਇਸ ਲਈ ਸੁੱਟ ਦਿੱਤਾ ਜਾਂਦਾ ਹੈ ਕਿਉਂਕਿ ਉਸ ਦੀ ਪੈਕਜਿੰਗ ਨੁਕਸਾਨੀ ਗਈ ਹੁੰਦੀ ਹੈ। ਬਹੁਤੀ ਵਾਰੀ ਪੈਕਜਿੰਗ ਨੂੰ ਨੁਕਸਾਨ ਹੋਣ ਨਾਲ ਉਸ ਦੇ ਅੰਦਰਲੇ ਖਾਣੇ ਦੀ ਕੁਆਲਟੀ 'ਤੇ ਕੋਈ ਅਸਰ ਨਹੀਂ ਪੈਂਦਾ, ਪਰ ਫਿਰ ਵੀ ਉਸ ਖਾਣੇ ਨੂੰ ਸੁੱਟ ਦਿੱਤਾ ਜਾਂਦਾ ਹੈ। ਵੇਸਟ: ਅਨਕਵਰਿੰਗ ਦੀ ਗਲੋਬਲ ਵੇਸਟ ਸਕੈਂਡਲ ਵਿੱਚ ਪੇਸ਼ ਜਾਣਕਾਰੀ ਮੁਤਾਬਕ ਕਈ ਵਾਰੀ ਇਸ ਤਰਾਂ ਹੁੰਦਾ ਹੈ ਕਿ ਜੇ ਕਿਸੇ ਵੱਡੇ ਪੈਕਟ ਵਿੱਚ ਪੈਕ ਕੀਤੇ ਗਏ ਨਗਾਂ ਵਿੱਚੋਂ ਕਿਸੇ ਇਕ ਨਗ ਵਿੱਚ ਕੋਈ ਨੁਕਸ ਹੋਵੇ, ਉਦਾਹਰਨ ਲਈ ਕਈ ਸੇਬਾਂ ਦੇ ਪੈਕਟ ਵਿੱਚੋਂ ਇਕ ਸੇਬ 'ਤੇ ਦਾਗ ਹੋਵੇ ਜਾਂ ਦਰਜਨ ਜਾਂ ਉਸ ਤੋਂ ਵੱਧ ਦੇ ਆਂਡਿਆਂ ਦੇ ਕਾਰਟਨ ਵਿੱਚੋਂ ਇਕ ਆਂਡਾ ਟੁੱਟਿਆ ਹੋਇਆ ਹੋਵੇ, ਤਾਂ ਸਾਰੇ ਪੈਕਟ ਜਾਂ ਕਾਰਟਨ ਨੂੰ ਸੁੱਟ ਦਿੱਤਾ ਜਾਂਦਾ ਹੈ।

ਪਰਚੂਨ ਪੱਧਰ 'ਤੇ ਖਾਣਾ ਵੇਚਣ ਵਾਲੀਆਂ ਸੁਪਰਮਾਰਕੀਟਾਂ ਵਿੱਚ ਖਾਣਾ ਅੰਞਾਈ ਨਸ਼ਟ ਕੀਤੇ ਜਾਣ ਦੇ ਹੋਰ ਕਾਰਨਾਂ ਵਿੱਚ ਕੁੱਝ ਕਾਰਨ ਇਸ ਪ੍ਰਕਾਰ ਹਨ: ਖਾਣੇ 'ਤੇ ਲਿਖੀ ਖਾਣੇ ਦੀ ਮਿਆਦ ਦੀ ਤਰੀਕ ਤੋਂ ਦੋ ਜਾਂ ਤਿੰਨ ਦਿਨ ਪਹਿਲਾਂ ਹੀ ਖਾਣੇ ਨੂੰ ਸੁੱਟ ਦੇਣਾ, ਕਿਸੇ ਖਾਸ ਛੁੱਟੀ ਜਾਂ ਤਿਉਹਾਰ ਲਈ ਕਿਸੇ ਖਾਸ ਖਾਣੇ ਨੂੰ ਓਵਰਸਟਾਕ ਕਰਨਾ ਅਤੇ ਉਹ ਛੁੱਟੀ ਜਾਂ ਤਿਉਹਾਰ ਲੰਘਣ ਬਾਅਦ ਅਣਵਿਕੇ ਖਾਣੇ ਨੂੰ ਨਵੇਂ ਆ ਰਹੇ ਸਟਾਕ ਲਈ ਥਾਂ ਬਣਾਉਣ ਲਈ ਸੁੱਟ ਦੇਣਾ। ਸੁਪਰਮਾਰਕੀਟਾਂ ਦੇ ਪ੍ਰਬੰਧਕਾਂ ਵੱਲੋਂ ਪਰਚੂਨ ਪੱਧਰ 'ਤੇ ਖਾਣਾ ਅੰਞਾਈ ਨਸ਼ਟ ਹੋਣ ਦੇ ਵਰਤਾਰੇ ਨੂੰ ਇਕ ਆਮ ਵਰਤਾਰਾ ਮੰਨਿਆ ਜਾਂਦਾ ਹੈ ਅਤੇ ਇਸ ਨੂੰ "ਕੌਸਟ ਆਫ ਡੂਇੰਗ ਬਿਜ਼ਨਿਸ ਭਾਵ ਕਾਰੋਬਾਰ ਕਰਨ ਦੀ ਲਾਗਤ" ਦੇ ਤੌਰ 'ਤੇ ਦੇਖਿਆ ਜਾਂਦਾ ਹੈ। ਅਸਲ ਵਿੱਚ ਸੁਪਰਮਾਰਕੀਟਾਂ ਦੀ ਚੇਨ ਦੇ ਜਿਸ ਸਟੋਰ ਵਿੱਚ ਖਾਣਾ ਅੰਞਾਈ ਨਸ਼ਟ ਹੋਣ ਦੀ ਮਾਤਰਾ ਘੱਟ ਹੋਵੇ, ਉਸ ਚੇਨ ਦੇ ਉਪਰਲੇ ਪ੍ਰਬੰਧਕਾਂ ਵੱਲੋਂ ਉਸ ਸਟੋਰ ਦੀ ਕਾਰਗੁਜਾਰੀ 'ਤੇ ਸ਼ੱਕ ਕੀਤਾ ਜਾਂਦਾ ਹੈ ਕਿ ਉਸ ਸਟੋਰ ਦੀ ਕਾਰਗੁਜ਼ਾਰੀ ਠੀਕ ਨਹੀਂ ਹੈ। ਨੈਚਰੁਲ ਰਿਸੋਰਸਜ਼ ਡਿਫੈਂਸ ਕਾਉਂਸਲ ਦੀ ਵੇਸਟਡ: ਹਾਉ ਅਮਰੀਕਾ ਇਜ਼ ਲੂਜ਼ਿੰਗ ਅੱਪ ਟੂ 40 ਪਰਸੈਂਟ ਆਫ ਇਟਸ ਫੂਡ ... ਨਾਮੀ ਰਿਪੋਰਟ ਵਿੱਚ ਅਮਰੀਕਾ ਦੀ ਗ੍ਰੌਸਰੀ ਸਟੋਰਾਂ ਦੀ ਚੇਨ, ਟਰੇਡਰ ਜੋਅਜ਼, ਦਾ ਸਾਬਕਾ ਪ੍ਰੈਜ਼ੀਡੈਂਟ ਇਸ ਬਾਰੇ ਇਸ ਤਰਾਂ ਕਹਿੰਦਾ ਹੈ, "ਅਸਲੀਅਤ ਇਹ ਹੈ ਕਿ ਗ੍ਰੌਸਰੀ ਸਟੋਰਾਂ ਦੇ ਇਲਾਕਾਈ ਮੈਨੇਜਰ ਵੱਜੋਂ, ਜਦੋਂ ਤੁਸੀਂ ਇਹ ਦੇਖਦੇ ਹੋ ਕਿ ਕਿਸੇ ਸਟੋਰ ਵਿੱਚ ਛੇਤੀਂ ਖਰਾਬ ਹੋਣ ਵਾਲੀਆਂ ਵਸਤਾਂ (ਫਲ, ਸਬਜ਼ੀਆਂ ਆਦਿ) ਦੇ ਅੰਞਾਈ ਨਸ਼ਟ ਹੋਣ ਦੀ ਦਰ ਘੱਟ ਹੈ, ਤਾਂ ਇਹ ਤੁਹਾਡੇ ਲਈ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ। ਕਿਸੇ ਸਟੋਰ ਵਿੱਚ ਅੰਞਾਈ ਨਸ਼ਟ ਹੋਣ ਵਾਲੀਆਂ ਵਸਤਾਂ ਦੀ ਮਾਤਰਾ ਦਾ ਘੱਟ ਹੋਣਾ ਇਸ ਗੱਲ ਦਾ ਸੰਕੇਤ ਹੁੰਦਾ ਹੈ ਕਿ ਉਸ ਸਟੋਰ ਵਿੱਚ ਪੂਰਾ ਸਟਾਕ ਨਹੀਂ ਹੈ ਅਤੇ ਗਾਹਕਾਂ ਨੂੰ ਮਾੜਾ ਤਜਰਬਾ ਹੋ ਰਿਹਾ ਹੈ।"

ਪੱਛਮੀ ਵਿਕਸਤ ਮੁਲਕਾਂ ਵਿੱਚ ਖਾਣਾ ਅੰਞਾਈ ਨਸ਼ਟ ਹੋਣ ਦੀਆਂ ਰਿਪੋਰਟਾਂ ਇਹ ਦਸਦੀਆਂ ਹਨ ਕਿ ਇਹਨਾਂ ਮੁਲਕਾਂ ਵਿੱਚ ਇਕੱਲੇ ਇਕੱਲੇ ਘਰਾਂ ਵਿੱਚ ਵੀ ਕਾਫੀ ਖਾਣਾ ਅੰਞਾਈ ਨਸ਼ਟ ਹੁੰਦਾ ਹੈ। ਇਸ ਬਾਰੇ ਅਮਰੀਕਾ, ਕੈਨੇਡਾ ਅਤੇ ਯੂ. ਕੇ. ਬਾਰੇ ਕੁੱਝ ਤੱਥ ਪੇਸ਼ ਹਨ:

* ਸਾਇੰਸ ਡੇਲੀ ਦੇ ਵੈੱਬਸਾਈਟ 'ਤੇ 23 ਜਨਵਰੀ 2020 ਨੂੰ ਛਪੀ ਇਕ ਰਿਪੋਰਟ ਦਸਦੀ ਹੈ ਕਿ ਅਮਰੀਕਾ ਦਾ ਇਕ ਘਰ ਜਿੰਨਾ ਖਾਣਾ ਖ੍ਰੀਦਦਾ ਹੈ, ਉਸ ਵਿੱਚੋਂ ਇਕ ਤਿਹਾਈ ਹਿੱਸੇ ਦੇ ਕਰੀਬ ਖਾਣਾ ਕੂੜੇਦਾਨ ਵਿੱਚ ਸੁੱਟਿਆ ਜਾਂਦਾ ਹੈ। ਅੰਞਾਈ ਨਸ਼ਟ ਕੀਤੇ ਇਸ ਖਾਣੇ ਦੀ ਸਾਲਾਨਾ ਲਾਗਤ 240 ਅਰਬ (ਬਿਲੀਅਨ) ਡਾਲਰ ਬਣਦੀ ਹੈ ਜੋ ਕਿ ਇਕ ਘਰ ਮਗਰ ਔਸਤਨ 1866 ਡਾਲਰ ਪ੍ਰਤੀ ਸਾਲ ਦੇ ਕਰੀਬ ਹੈ।

* ਸੰਨ 2019 ਵਿੱਚ ਛਪੀ ਯੂਨਾਈਟਿਡ ਨੇਸਨਜ ਦੀ ਇਕ ਰਿਪੋਰਟ ਅਨੁਸਾਰ ਕੈਨੇਡਾ ਦੇ ਇਕ ਘਰ ਵਿੱਚ ਸਾਲਾਨਾ ਖਾਣਾ ਅੰਞਾਈ ਨਸਟ ਹੋਣ ਦੀ ਔਸਤਨ ਮਾਤਰਾ 79 ਕਿਲੋਗ੍ਰਾਮ ਹੈ। ਇਸ ਹਿਸਾਬ ਨਾਲ ਕੈਨੇਡਾ ਦੇ ਸਾਰੇ ਘਰਾਂ ਵਿੱਚ ਇਕ ਸਾਲ ਵਿੱਚ ਅੰਞਾਈ ਖਾਣਾ ਨਸਟ ਹੋਣ ਦੀ ਕੁੱਲ ਮਾਤਰਾ 29.4 ਲੱਖ (2.94 ਮਿਲੀਅਨ) ਮੀਟਰਕ ਟਨ ਦੇ ਬਰਾਬਰ ਹੋ ਜਾਂਦੀ ਹੈ ?

*ਯੂ ਕੇ ਤੋਂ ਨਿਕਲਦੇ ਅਖਬਾਰ ਗਾਰਡੀਅਨ ਵਿੱਚ 24 ਜਨਵਰੀ 2020 ਨੂੰ ਛਪੀ ਇਕ ਰਿਪੋਰਟ ਅਨੁਸਾਰ ਯੂ ਕੇ ਦੇ ਸਾਰੇ ਘਰਾਂ ਵਿੱਚ ਹਰ ਸਾਲ ਕੁੱਲ ਮਿਲਾ ਕੇ 4੫ ਲੱਖ (4.੫ ਮਿਲੀਅਨ) ਟਨ ਖਾਣਾ ਅੰਞਾਈ ਨਸ਼ਟ ਹੁੰਦਾ ਹੈ।

ਇਹਨਾਂ ਮੁਲਕਾਂ ਦੇ ਘਰਾਂ ਵਿੱਚ ਖਾਣਾ ਅੰਞਾਈ ਨਸ਼ਟ ਕੀਤੇ ਜਾਣ ਦਾ ਇਕ ਵੱਡਾ ਕਾਰਨ ਇਹ ਹੈ ਕਿ ਇੱਥੇ ਲੋਕਾਂ ਵੱਲੋਂ



ਆਪਣੀ ਘਰੇਲੂ ਲੋੜ ਤੋਂ ਵੱਧ ਖਾਣਾ ਖ੍ਰੀਦਣਾ ਇਕ ਆਮ ਵਰਤਾਰਾ ਹੈ। ਲੋੜ ਤੋਂ ਵੱਧ ਖ੍ਰੀਦਿਆ ਗਿਆ ਖਾਣਾ ਕੁੱਝ ਦੇਰ ਘਰਾਂ ਦੀਆਂ ਫਰਿੱਜਾਂ ਵਿੱਚ ਰਹਿ ਕੇ ਕੂੜੇਦਾਨ ਵਿੱਚ ਚਲਾ ਜਾਂਦਾ ਹੈ। ਬੀ ਬੀ ਸੀ ਦੇ ਸਾਈਟ 'ਤੇ ਛਪੇ ਲੇਖ ਹਾਉ ਡੂ ਸੁਪਮਾਰਕੀਟਸ ਟੈਂਪਟ ਯੂ ਟੂ ਸਪੈਂਡ ਮੋਰ ਮਨੀ ਅਤੇ ਸੈਂਟਰ ਫਾਰ ਸਾਇੰਸ ਇਨ ਦਾ ਪਬਲਿਕ ਇਨਟ੍ਰੈਸਟ ਦੇ ਸਾਈਟ 'ਤੇ ਛਪੇ ਲੇਖ 8 ਵੇਅਜ਼ ਸੁਪਰਮਾਰੀਕਟਸ ਮੇਕ ਯੂ ਬਾਈ ਮੋਰ ਅਨੁਸਾਰ ਇਹਨਾਂ ਮੁਲਕਾਂ ਦੀਆਂ ਸੁਪਰਮਾਰਕੀਟਾਂ ਲੋਕਾਂ ਨੂੰ ਲੋੜ ਤੋਂ ਵੱਧ ਖਾਣਾ ਖ੍ਰੀਦਣ ਲਈ ਉਕਸਾਉਣ ਲਈ ਮਾਰਕੀਟਿੰਗ ਦੇ ਕਈ ਤਰਾਂ ਦੇ ਢੰਗ ਵਰਤਦੀਆਂ ਹਨ। ਇਕ ਚੀਜ਼ ਖ੍ਰੀਦੋ, ਦੂਜੀ ਮੁਫਤ ਲਵੋ ਜਾਂ ਇਕ ਦੀ ਕੀਮਤ 'ਤੇ ਦੋ ਚੀਜ਼ਾਂ ਖ੍ਰੀਦੋ, ਨਮੂਨੇ ਦੇ ਤੌਰ 'ਤੇ ਮੁਫਤ ਚੀਜ਼ਾਂ (ਫ੍ਰੀ ਸੈਂਪਲ) ਦੇਣ, ਸਟੋਰਾਂ ਵਿੱਚ ਧੀਮਾ ਸੰਗੀਤ ਵਜਾ ਕੇ ਲੋਕਾਂ ਨੂੰ ਸਟੋਰਾਂ ਵਿੱਚ ਜ਼ਿਆਦਾ ਦੇਰ ਰਹਿਣ ਲਈ ਉਤਸ਼ਾਹਿਤ ਕਰਨ, ਸਟੋਰ ਵਿੱਚ ਖਾਸ ਤਰਾਂ ਦੀ ਮਹਿਕ ਦੀ ਵਰਤੋਂ ਕਰਕੇ ਕੁੱਝ ਖਾਸ ਚੀਜ਼ਾਂ ਦੀ ਵਿਕਰੀ ਵਧਾਉਣ, ਕੈਸ਼ੀਅਰ ਦੇ ਕਾਊਂਟਰਾਂ ਨੇੜੇ ਕੈਂਡੀਆਂ, ਚਾਕਲੇਟਾਂ, ਸੋਡੇ, ਆਦਿ ਵਰਗੀਆਂ ਚੀਜ਼ਾਂ ਰੱਖ ਕੇ ਸੁਪਰਮਾਰਕੀਟਾਂ ਗ੍ਰਾਹਕਾਂ ਨੂੰ ਲੋੜ ਤੋਂ ਵੱਧ ਚੀਜ਼ਾਂ ਖ੍ਰੀਦਣ ਲਈ ਉਤਸ਼ਾਹਿਤ ਕਰਦੀਆਂ ਹਨ। ਉਦਾਹਰਨ ਲਈ ਕਿਸੇ ਸੁਪਰਮਾਰਕੀਟ ਦੀ ਬੇਕਰੀ 'ਚੋਂ ਤਾਜ਼ਾ ਬੇਕ ਕੀਤੀ ਬ੍ਰੈੱਡ ਦੀ ਮਹਿਕ ਤੁਹਾਨੂੰ ਅੱਧੀ ਦਰਜਨ ਕਰਸਾਂਟ ਖੀਦਣ ਲਈ ਪ੍ਰੇਰਿਤ ਕਰ ਸਕਦੀ ਹੈ। ਇਸ ਹੀ ਤਰਾਂ ਫ੍ਰੀ ਸੈਂਪਲ ਵਜੋਂ ਦਿੱਤਾ ਪੀਜ਼ੇ ਦਾ ਇਕ ਛੋਟਾ ਜਿਹਾ ਟੁੱਕੜਾ ਤੁਹਾਡੇ ਮਨ ਵਿੱਚ ਪੂਰਾ ਪੀਜ਼ਾਂ ਖ੍ਰੀਦਣ ਦਾ ਖਿਆਲ ਲਿਆ ਸਕਦਾ ਹੈ।

ਇਹਨਾਂ ਹੀ ਲੇਖਾਂ ਅਨੁਸਾਰ ਬਹੁਤੀ ਵਾਰੀ ਸੁਪਰਮਾਰਕੀਟ ਵਿੱਚ ਦੁੱਧ, ਬ੍ਰੈੱਡ ਅਤੇ ਆਂਡਿਆਂ ਵਰਗੀਆਂ ਜ਼ਰੂਰੀ ਚੀਜ਼ਾਂ ਖ੍ਰੀਦਣ ਗਿਆ ਗਾਹਕ ਹੋਰ ਬਹੁਤ ਸਾਰੀਆਂ ਚੀਜ਼ਾਂ ਖ੍ਰੀਦ ਲਿਆਉਂਦਾ ਹੈ। ਇਸ ਦਾ ਇਕ ਕਾਰਨ ਹੈ ਸੁਪਰਮਾਰਕੀਟਾਂ ਵਿੱਚ ਚੀਜ਼ਾਂ ਰੱਖਣ ਦੀ ਤਰਤੀਬ। ਬਹੁਤੀਆਂ ਸੁਪਰਮਾਰਕੀਟਾਂ ਵਿੱਚ ਦੁੱਧ, ਬ੍ਰੈੱਡ ਅਤੇ ਆਂਡਿਆਂ ਵਰਗੀਆਂ ਜ਼ਰੂਰੀ ਚੀਜ਼ਾਂ ਸੁਪਰਮਾਰਕੀਟ ਦੇ ਪਿਛਲੇ ਹਿੱਸੇ ਵਿੱਚ ਰੱਖੀਆਂ ਹੁੰਦੀਆਂ ਹਨ। ਨਤੀਜੇ ਵੱਜੋਂ ਇਹ ਜ਼ਰੂਰੀ ਚੀਜ਼ਾਂ ਖ੍ਰੀਦ ਕੇ ਇਕਦਮ ਬਾਹਰ ਆ ਜਾਣ ਦੇ ਮਕਸਦ ਨਾਲ ਸੁਪਰਮਾਰਕੀਟ ਦੇ ਅੰਦਰ ਗਏ ਗਾਹਕ ਨੂੰ ਇਹ ਚੀਜ਼ਾਂ ਲੈਣ ਲਈ ਤਕਰੀਬਨ ਸਾਰੀ ਸੁਪਰਮਾਰਕੀਟ ਦਾ ਗੇੜਾ ਲਾਉਣਾ ਪੈਂਦਾ ਹੈ। ਇਹ ਗੇੜਾ ਦੇਣ ਦੌਰਾਨ ਉਸ ਦਾ ਵਾਹ ਸਪੈਸ਼ਲ ਆਫਰਾਂ 'ਤੇ ਲਾਈਆਂ ਚੀਜ਼ਾਂ ਨਾਲ ਪੈਂਦਾ ਹੈ। ਇਸ ਲਈ ਸਾਰੀ ਮਾਰਕੀਟ ਦਾ ਗੇੜਾ ਦੇਣ ਸਮੇਂ ਉਹ ਅਜਿਹੀਆਂ ਚੀਜ਼ਾਂ ਚੁੱਕ ਕੇ ਆਪਣੀ ਬੱਘੀ ਵਿੱਚ ਰੱਖ ਲੈਂਦਾ ਹੈ, ਜਿਨਾਂ ਨੂੰ ਲੈਣ ਦਾ ਉਸ ਦਾ ਕੋਈ ਇਰਾਦਾ ਨਹੀਂ ਹੁੰਦਾ। ਇਸ ਹੀ ਤਰਾਂ ਬਹੁਤੀ ਵਾਰ ਸੇਲ 'ਤੇ (ਸਸਤੀਆਂ) ਲਾਈਆਂ ਚੀਜ਼ਾਂ ਵੀ ਸਟੋਰ ਦੇ ਪਿਛਲੇ ਹਿੱਸੇ ਵਿੱਚ ਰੱਖੀਆਂ ਹੁੰਦੀਆਂ ਹਨ। ਜੇ ਸਟੋਰ ਨੇ ਇਕ ਤੋਂ ਵੱਧ ਚੀਜ਼ਾਂ ਸੇਲ 'ਤੇ ਲਾਈਆਂ ਹੋਣ ਤਾਂ ਉਹ ਚੀਜ਼ਾਂ ਸਟੋਰ ਦੇ ਵੱਖਰੇ ਵੱਖਰੇ ਹਿੱਸਿਆਂ ਵਿੱਚ ਰੱਖੀਆਂ ਹੁੰਦੀਆਂ ਹਨ। ਨਤੀਜੇ ਵਜੋਂ ਸੇਲ 'ਤੇ ਲਾਈਆਂ ਗਈਆਂ ਚੀਜ਼ਾਂ ਲੱਭਣ ਲਈ ਗਾਹਕ ਨੂੰ ਸਾਰੇ ਸਟੋਰ ਦਾ ਗੇੜਾ ਕੱਢਣਾ ਪੈਂਦਾ ਹੈ ਅਤੇ ਨਤੀਜਾ ਉਸ ਵੱਲੋਂ ਉਹ ਚੀਜ਼ਾਂ ਖ੍ਰੀਦਣ ਵਿੱਚ ਨਿਕਲਦਾ ਹੈ ਜਿਹੜੀਆਂ ਚੀਜ਼ਾਂ ਉਹ ਲੈਣ ਨਹੀਂ ਗਿਆ ਸੀ। ਇਸ ਦੇ ਨਾਲ ਹੀ ਕਈ ਚੀਜ਼ਾਂ ਨੂੰ ਇਕ ਦੂਸਰੇ ਦੇ ਨਾਲ ਨਾਲ ਰੱਖਿਆ ਜਾਂਦਾ ਹੈ ਤਾਂ ਕਿ ਇਕ ਚੀਜ਼ ਖ੍ਰੀਦਣ ਸਮੇਂ ਗਾਹਕ ਦੂਜੀ ਚੀਜ਼ ਵੀ ਖ੍ਰੀਦੇ। ਉਦਾਹਰਨ ਲਈ ਚਿਪਸਾਂ ਅਤੇ ਸੋਡੇ ਨੂੰ ਨਾਲ ਨਾਲ ਰੱਖਿਆ ਜਾਂਦਾ ਹੈ ਅਤੇ ਪੈਸਤਾ ਅਤੇ ਪਰਮੇਸਾਨ ਪਨੀਰ ਨੂੰ ਇਕੱਠੇ ਰੱਖਿਆ ਜਾਂਦਾ ਹੈ। ਕਈ ਸਟੋਰਾਂ ਵਿੱਚ ਸਟੋਰ ਦੀਆਂ ਉਨਾਂ ਥਾਂਵਾਂ ਦੀ ਫਰਸ਼ 'ਤੇ ਨਿੱਕੀਆਂ ਟਾਈਲਾਂ ਲਾਈਆਂ ਹੁੰਦੀਆਂ ਹਨ, ਜਿੱਥੇ ਸਟੋਰ ਦੇ ਮਾਲਕ/ਮੈਨੇਜਰ ਚਾਹੁੰਦੇ ਹਨ ਕਿ ਗਾਹਕ ਜ਼ਿਆਦਾ ਚਿਰ ਰਹੇ। ਜਦੋਂ ਗਾਹਕ ਨਿੱਕੀਆਂ ਟਾਈਲਾਂ ਦੀ ਫਰਸ਼ ਤੋਂ ਬੱਘੀ ਲੈ ਕੇ ਤੁਰਦਾ ਹੈ ਤਾਂ ਨਿੱਕੀਆਂ ਟਾਈਲਾਂ ਕਾਰਨ ਉਸ ਨੂੰ ਜਾਪਦਾ ਹੈ ਕਿ ਉੱਥੇ ਉਸ ਦੀ ਬੱਘੀ ਤੇਜ਼ੀ ਨਾਲ ਲੰਘਦੀ ਜਾ ਰਹੀ ਹੈ, ਇਸ ਲਈ ਉਹ ਆਪਣੀ ਬੱਘੀ ਨੂੰ ਹੋਲੀ ਕਰ ਲੈਂਦਾ ਹੈ ਅਤੇ ਉਸ ਇਲਾਕੇ ਵਿੱਚ ਲੋੜ ਨਾਲੋਂ ਵੱਧ ਸਮਾਂ ਬਿਤਾਉਂਦਾ ਹੈ। ਇਹ ਅਤੇ ਇਸ ਤਰਾਂ ਦੇ ਹੋਰ ਬਹੁਤ ਸਾਰੇ ਢੰਗ ਵਰਤ ਕੇ ਸੁਪਰਮਾਰਕੀਟਾਂ ਗਾਹਕਾਂ ਨੂੰ ਲੋੜ ਤੋਂ ਵੱਧ ਅਤੇ ਉਹ ਖਾਣਾ ਖ੍ਰੀਦਣ ਲਈ ਪ੍ਰਭਾਵਿਤ ਕਰਦੀਆਂ ਹਨ ਜਿਨਾਂ ਦੀ ਗਾਹਕਾਂ ਨੂੰ ਲੋੜ ਨਹੀਂ ਹੁੰਦੀ ਹੈ। ਇਸ ਦੇ ਨਾਲ ਹੀ ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਇਸ ਤਰਾਂ ਦੇ ਢੰਗ ਲੱਭਣ ਲਈ ਕੀਤੀਆਂ ਜਾਂਦੀਆਂ ਖੋਜਾਂ 'ਤੇ ਸੁਪਰਮਾਰਕੀਟਾਂ ਦੇ ਮਾਲਕ ਹਰ ਸਾਲ ਲੱਖਾਂ ਡਾਲਰ ਖਰਚ ਕਰਦੇ ਹਨ।

ਖਾਣਾ ਉਗਾਉਣ, ਖਾਣਾ ਵੇਚਣ ਅਤੇ ਖਾਣੇ ਦੀ ਖਪਤ ਤੱਕ ਦੇ ਵੱਖ ਵੱਖ ਪੜਾਵਾਂ 'ਤੇ ਖਾਣਾ ਅੰਞਾਈ ਨਸ਼ਟ ਹੋਣ ਬਾਰੇ ਉਪਰਲੀ ਗੱਲਬਾਤ ਇਹ ਦਿਖਾਉਂਦੀ ਹੈ ਕਿ ਪੂੰਜੀਵਾਦੀ ਪ੍ਰਬੰਧ ਵਿੱਚ ਖਾਣਾ ਵੇਚਣ/ਖ੍ਰੀਦਣ/ਖਪਤ ਦਾ ਅਮਲ ਚੰਗੇ ਭਲੇ ਖਾਣੇ ਦੀ ਕਾਫੀ ਵੱਡੀ ਮਾਤਰਾ ਨੂੰ ਕੂੜੇ ਵਿੱਚ ਤਬਦੀਲ ਕਰ ਦਿੰਦਾ ਹੈ। ਅਜਿਹਾ ਹੋਣ ਦਾ ਮੁੱਖ ਕਾਰਨ ਇਹ ਹੈ ਕਿ ਇਸ ਪ੍ਰਬੰਧ ਵਿੱਚ ਖਾਣੇ ਨੂੰ ਮਨੁੱਖੀ ਜ਼ਿੰਦਗੀ ਦੀ ਇਕ ਮੁੱਢਲੀ ਲੋੜ ਦੀ ਥਾਂ ਇਸ ਨੂੰ ਮੁਨਾਫਾ ਕਮਾਉਣ ਵਾਲੀ ਇਕ ਜਿਨਸ ਸਮਝਿਆ ਜਾਂਦਾ ਹੈ। ਵੇਸਟ: ਅਨਕਵਰਿੰਗ ਦੀ ਗਲੋਬਲ ਵੇਸਟ ਸਕੈਂਡਲ ਦੇ ਲੇਖਕ ਟ੍ਰਿਸਟਰਮ ਸਟੂਅਰਟ ਦੇ ਸ਼ਬਦਾਂ ਵਿੱਚ, 'ਵਿਕਸਿਤ ਦੇਸ਼ਾਂ ਵਿੱਚ ਖਾਣੇ ਨੂੰ ਉਸ ਦੀ ਪੈਦਾਵਾਰ ਦੇ ਸਮਾਜ ਅਤੇ ਵਾਤਾਵਰਨ ਨਾਲ ਸੰਬੰਧਿਤ ਅਸਰਾਂ ਤੋਂ ਨਿਖੇੜ ਕੇ ਇਕ ਸੁੱਟਣਯੋਗ ਜਿਨਸ ਵਜੋਂ ਦੇਖਿਆ ਜਾਂਦਾ ਹੈ।' ਇਹ ਨਜ਼ਰੀਆ ਦੁਨੀਆ ਵਿੱਚ ਉਗਾਏ ਜਾਂਦੇ ਕੁੱਲ ਖਾਣੇ ਦੇ ਇਕ ਤਿਹਾਈ ਦੇ ਕਰੀਬ ਖਾਣੇ ਨੂੰ ਕੂੜੇ 'ਤੇ ਸੁੱਟੇ ਜਾਣ ਦਾ ਕਾਰਨ ਬਣਦਾ ਹੈ।

ਪੂੰਜੀਵਾਦੀ ਪ੍ਰਬੰਧ ਵਿੱਚ ਹੁੰਦੀ ਕੂੜੇ ਦੀ ਪੈਦਾਵਾਰ ਬਾਰੇ ਗੱਲ ਨੂੰ ਅੱਗੇ ਤੋਰਨ ਲਈ ਹੁਣ ਅਸੀਂ ਫੈਸ਼ਨ ਦੀ ਸਨਅਤ 'ਤੇ ਧਿਆਨ ਕੇਂਦਰਿਤ ਕਰਾਂਗੇ। ਇਸ ਸਨਅਤ ਵਿੱਚ ਹਰ ਸਾਲ ਵੱਡੀ ਪੱਧਰ 'ਤੇ ਚੰਗੀਆਂ ਭਲੀਆਂ ਪਰ ਅਣਵਿਕੀਆਂ ਵਸਤਾਂ-ਕੱਪੜੇ, ਗਹਿਣੇ, ਘੜੀਆਂ ਆਦਿ- ਨੂੰ ਨਸ਼ਟ ਕਰ ਦਿੱਤਾ ਜਾਂਦਾ ਹੈ। ਨਸ਼ਟ ਕੀਤੀਆਂ ਜਾਣ ਵਾਲੀਆਂ ਇਹਨਾਂ ਵਸਤਾਂ ਬਾਰੇ ਗੱਲ ਕਰਨ ਤੋਂ ਪਹਿਲਾਂ ਇਹ ਜਾਣਨਾ ਫਾਇਦੇਮੰਦ ਹੋਵੇਗਾ ਕਿ ਫੈਸ਼ਨ ਸਨਅਤ ਦੋ ਪੱਧਰਾਂ 'ਤੇ ਕੰਮ ਕਰਦੀ ਹੈ। ਪਹਿਲੀ ਪੱਧਰ ਨੂੰ 'ਫਾਸਟ ਫੈਸ਼ਨ' ਦਾ ਨਾਂ ਦਿੱਤਾ ਗਿਆ ਹੈ ਅਤੇ ਦੂਸਰੀ ਪੱਧਰ ਨੂੰ 'ਹਾਈ ਇੰਡ ਫੈਸ਼ਨ' ਦਾ। 'ਫਾਸਟ ਫੈਸ਼ਨ" ਵਿੱਚ ਚੀਜ਼ਾਂ ਦਾ ਫੈਸ਼ਨ ਸਾਲ-ਛਿਮਾਹੀ ਬਦਲਣ ਦੀ ਥਾਂ ਕੁੱਝ ਹਫਤਿਆਂ ਬਾਅਦ ਬਦਲਦਾ ਰਹਿੰਦਾ ਹੈ। ਇਸ ਫੈਸ਼ਨ ਦਾ ਨਿਸ਼ਾਨਾ ਆਮ ਪੱਧਰ ਦੇ ਲੋਕ ਹੁੰਦੇ ਹਨ। ਇਸ ਵਿੱਚ ਵੇਚੀਆਂ ਜਾਂਦੀਆਂ ਚੀਜ਼ਾਂ ਮਾੜੀ ਕੁਆਲਟੀ ਦੀਆਂ ਪਰ ਸਸਤੀਆਂ ਹੁੰਦੀਆਂ ਹਨ। ਉਦਾਹਰਨ ਲਈ ਇਸ ਪੱਧਰ 'ਤੇ ਵੇਚੇ ਜਾਂਦੇ ਕੱਪੜੇ ਕੁੱਝ ਕੁ ਧੋਅ ਹੀ ਕੱਢਦੇ ਹਨ। ਇਸ ਫੈਸ਼ਨ ਨਾਲ ਚੱਲਣ ਲਈ ਲੋਕਾਂ ਨੂੰ 'ਫਾਸਟ ਫੂਡ' ਵਾਂਗ ਇਹ ਚੀਜ਼ਾਂ ਲਗਾਤਾਰ ਖ੍ਰੀਦਦੇ ਰਹਿਣਾ ਪੈਂਦਾ ਹੈ। ਉਹ ਇਹਨਾਂ ਚੀਜ਼ਾਂ ਨੂੰ ਇਕ ਜਾਂ ਕੁਝ ਵਾਰ ਵਰਤ ਕੇ ਸੁੱਟ ਦਿੱਤੀਆਂ ਜਾਣ ਵਾਲੀਆਂ ਹੋਰ 'ਡਿਸਪੋਜ਼ੇਬਲ' ਵਸਤਾਂ ਵਾਂਗ ਹੀ ਸਮਝਦੇ ਹਨ। ਉਦਾਹਰਨ ਲਈ ਸੰਨ 2015 ਵਿੱਚ ਯੂ.ਕੇ. ਵਿੱਚ ਕੱਪੜਿਆਂ ਦੇ ਪਹਿਨਣ ਬਾਰੇ ਕੀਤੇ ਇਕ ਸਰਵੇ ਵਿੱਚ ਹਿੱਸਾ ਲੈਣ ਵਾਲੀਆਂ ਔਰਤਾਂ ਨੇ ਦੱਸਿਆ ਸੀ ਕਿ ਉਹ ਔਸਤ ਤੌਰ 'ਤੇ ਇਕ ਕੱਪੜੇ ਨੂੰ 7 ਵਾਰ ਪਹਿਨਦੀਆਂ ਹਨ। ਇਹਨਾਂ ਵਿੱਚ 33% ਫੀਸਦੀ ਔਰਤਾਂ ਦਾ ਮੰਨਣਾ ਸੀ ਕਿ ਵੱਧ ਤੋਂ ਵੱਧ ਤਿੰਨ ਵਾਰ ਪਹਿਨਣ ਤੋਂ ਬਾਅਦ ਕੱਪੜੇ ਪੁਰਾਣੇ ਹੋ ਜਾਂਦੇ ਹਨ।

'ਹਾਈ ਇੰਡ ਫੈਸ਼ਨ' ਵਿੱਚ ਚੀਜ਼ਾਂ ਚੰਗੀ ਕੁਆਲਟੀ ਦੀਆਂ ਅਤੇ ਮਹਿੰਗੀਆਂ ਹੁੰਦੀਆਂ ਹਨ। ਇਹ ਫੈਸ਼ਨ ਅਮੀਰ ਲੋਕਾਂ ਵੱਲ ਕੇਂਦਰਿਤ ਹੁੰਦਾ ਹੈ। ਇਸ ਫੈਸ਼ਨ ਨਾਲ ਸੰਬੰਧਿਤ ਚੀਜ਼ਾਂ ਵਿਅਕਤੀ ਨੂੰ ਸਮਾਜ ਵਿੱਚ ਵੱਡੇ ਰੁਤਬੇ ਵਾਲਾ ਵਿਅਕਤੀ ਹੋਣ ਦਾ ਅਹਿਸਾਸ ਕਰਵਾਉਂਦੀਆਂ ਹਨ।

(ਚਲਦਾ...)

# ਦੁਨੀਆ ਦਾ ਸਭ ਤੋਂ ਤਾਕਤਵਰ ਤੇ ਵਿਵਾਦਤ ਤਾਂਤਰਿਕ-ਚੰਦਰਾਸਵਾਮੀ

**ਅਸ਼ੋਕ ਸੋਨੀ, ਕਾਲਮਨਵੀਸ**
**ਮੋ. ੯੮੭੨੭੦੫੦੭੮**

1949 ’ਚ ਰਾਜਸਥਾਨ ਦੇ ਪਿੰਡ ‘ਬਹਰੋਰ’ ਦੇ ਗਰੀਬ ਘਰ ’ਚ ਜੰਮਿਆ, ਲਗਭਗ ਅਨਪੜ, ਪਰ ਬੇਹੱਦ ਚੁਸਤ-ਚਲਾਕ ‘ਨੇਮੀ ਚੰਦ ਜੈਨ’ ਜਦੋਂ ਬਾਬਾ ‘ਚੰਦਰਾਸਵਾਮੀ’ ਬਣਿਆ ਤਾਂ ਉਹ ਭਾਰਤ ਦਾ ਹੀ ਨਹੀਂ, ਦੁਨੀਆ ਦਾ ਹੁਣ ਤੱਕ ਦਾ ਸਭ ਤੋਂ ਤਾਕਤਵਰ ਤਾਂਤਰਿਕ ਸਾਬਤ ਹੋਇਆ। ਉਸਦੇ ਚੇਲਿਆਂ ’ਚ ਕੁੱਝ ਨਾਮ ਦੇਖ ਲਓ, ਭਾਰਤ ਦੇ ਤਿੰਨ ਸਾਬਕਾ ਪ੍ਰਧਾਨ ਮੰਤਰੀ ਨਰਸਿਮਾ ਰਾਓ, ਇੰਦਰਾ ਗਾਂਧੀ ਤੇ ਚੰਦਰਸ਼ੇਖਰ, ਬ੍ਰਿਟੇਨ ਦੀ ਸਾਬਕਾ ਪੀ ਐਮ ਮਾਰਗਰੇਟ ਥਰੇਚਰ, ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਨਿਕਸਨ, ਸਾਉਦੀ ਅਰਬ ਤੋਂ ਦੁਨੀਆ ’ਚ ਹਥਿਆਰਾਂ ਦਾ ਸੌਦਾਗਰ ਅਦਨਾਨ ਖੁਸ਼ੋਗੀ, ਯਾਸਿਰ ਅਰਾਫਾਤ, ਡਾਨ ਦਾਉਦ ਇਬ੍ਰਾਹਿਮ, ਹਾਲੀਵੁੱਡ ਸਟਾਰ ਏਲਿਜਾਬੇਥ ਟੇਲਰ, ਬਹਰੀਨ ਦਾ ਸੁਲਤਾਨ ਤੇ ਸਾਡੇ ਦੇਸ਼ ਦੀ ਹਰੇਕ ਰਾਜਨੀਤਕ ਪਾਰਟੀਆਂ ਦੇ, ਬਾਲੀਵੁੱਡ ਦੇ, ਖੇਡਾਂ ਦੇ, ਮੀਡੀਆ ਦੇ, ਉਦਯੋਗ ਜਗਤ ਦੇ, ਵੱਡੇ-ਵੱਡੇ ਧੁਰੰਧਰ ਹੀ ਨਹੀਂ ਸਗੋਂ ਲਗਭਗ ਪੂਰੀ ਦੁਨੀਆ ਤੋਂ ਹਰੇਕ ਖੇਤਰ ਦੀਆਂ ਵੱਡੀਆਂ ਹਸਤੀਆਂ ਉਸਦਾ ਪਾਣੀ ਭਰਦੀਆਂ ਸੀ। ਕਿਸੇ ਸਮੇਂ ਗਲੀਆਂ ’ਚ ਰੁਲਦੇ ਨੇਮੀਚੰਦ ਦੀ ਮਾਂ ਦੇ ਭੋਗ ਤੇ 8 ਰਾਜਾਂ ਦੇ ਮੁੱਖ ਮੰਤਰੀ, 12 ਕੇਂਦਰੀ ਮੰਤਰੀ, ਬਾਲੀਵੁੱਡ ਤੇ ਹਾਲੀਵੁੱਡ ਦੇ ਸੁਪਰ ਸਟਾਰਾਂ ਸਣੇ, ਪੂਰੀ ਦੁਨੀਆ ਤੋਂ ਹਰੇਕ ਖੇਤਰ ਦੀਆਂ ਮਸ਼ਹੂਰ ਹਸਤੀਆਂ ਤੇ 50000 ਲੋਕਾਂ ਦੀ ਭੀੜ ਸੀ, ਜਿਨਾਂ ਨੂੰ ਉਸ ਸਮੇਂ, ਉਸਨੇ ਮਹਿੰਗੀਆਂ ਘੜੀਆਂ ਵੰਡੀਆਂ ਸਨ।

ਉਸਦਾ ਪਰਿਵਾਰ ਉਸਦੇ ਜਨਮ ਤੋਂ ਕੁੱਝ ਸਮੇਂ ਬਾਅਦ ਹੀ ਹੈਦਰਾਬਾਦ ਚਲਾ ਗਿਆ ਸੀ ਤੇ 16 ਸਾਲ ਤੱਕ ਦੇ ਹੁੰਦਿਆਂ-ਹੁੰਦਿਆਂ ਉਸਨੇ ਘੋਸ਼ਣਾ ਕਰ ਦਿੱਤੀ ਕਿ ਉਹ ਤਾਂਤਰਿਕ ਵਿਦਿਆ ਦਾ ਮਾਹਿਰ ਹੋ ਗਿਆ ਏ ਤੇ ਉਹ ਹੁਣ ‘ਚੰਦਰਾਸਵਾਮੀ’ ਹੈ। ਹੌਲੀ-ਹੌਲੀ ਉਹ ਉਸ ਸਮੇਂ ਦੇ ਮੁੱਖ ਮੰਤਰੀ ਪੀਵੀ ਨਰਸਿਮਾ ਰਾਓ ਦੇ ਨੇੜੇ ਹੋਇਆ ਪਰ ਉਸਨੂੰ ਪਤਾ ਸੀ ਭਾਰਤ ਦੀ ਰਾਜਨੀਤੀ ਦਿੱਲੀ ’ਚੋਂ ਚਲਦੀ ਹੈ। ਕਿਸੇ ਤਰਾਂ ਉਸਨੇ ਬਿਹਾਰ ਦੇ ਇਕ ਐਮ ਪੀ ‘ਪ੍ਰਸਾਦ’ ਦੇ ਦਿੱਲੀ ਦੇ ਸਰਕਾਰੀ ਘਰ ਦੇ ਸਰਵੈਂਟ ਕਵਾਟਰ ਦੇ ਇਕ ਕਮਰੇ ’ਚ ਰਹਿੰਦਿਆਂ, ਉਸਨੇ ਭਾਰਤ ਦੀ ਹਰੇਕ ਰਾਜਨੀਤਕ ਪਾਰਟੀ ਦੇ ਵੱਡੇ-ਵੱਡੇ ਲੀਡਰਾਂ ਨੂੰ ਉਨਾਂ ਦਾ ਭਵਿੱਖ ਦੱਸਣ ਦੇ ਬਹਾਨੇ, ਉਨਾਂ ਤੱਕ ਪਹੁੰਚ ਬਣਾ ਲਈ, ਹਾਲਾਂਕਿ ਉਹ ਜੋਤਿਸ਼ ਦਾ ੳ ਅ ਵੀ ਨੀਂ ਸੀ ਜਾਣਦਾ ਪਰ ਉਹ ਬੇਹੱਦ ਚਲਾਕ ਤੇ ਸੰਮੋਹਨ ਦਾ ਜਬਰਦਸਤ ਖਿਲਾੜੀ ਸੀ। ਦਿੱਲੀ ਤੋਂ ਛੱਪਦੇ ‘ਹਿੰਦੁਸਤਾਨ ਸਮਾਚਾਰ’ ’ਚ ਜੋਤਿਸ਼ ਲਿਖਣ ਵਾਲੇ, ਮਾਹਿਰ ‘ਰਾਮਰੂਪ ਗੁਪਤ’ ਕੋਲ ਉਹ ਵੱਡੇ ਲੀਡਰਾਂ ਦੀਆਂ ਕੁੰਡਲੀਆਂ ਲੈ ਜਾਂਦਾ ਤੇ ਉਸਤੋਂ ਜਾਣਕਾਰੀ ਲੈ ਕੇ, ਆਪਣੇ ਤਰੀਕੇ ਨਾਲ ਦੱਸਕੇ ਵੱਡੇ ਬੰਦਿਆਂ ਨੂੰ ਕੀਲ ਲੈਂਦਾ ਸੀ। ਉਸਦੀ ਅਸਲ ਚੜਾਈ ਰਾਜੀਵ ਗਾਂਧੀ ਦੇ ਕਤਲ ਤੋਂ ਬਾਅਦ ਨਰਸਿਮਾ ਰਾਓ ਦੇ ਪ੍ਰਧਾਨ ਮੰਤਰੀ ਬਣਨ ’ਤੇ ਹੋਈ ਸੀ। ਉਸ ਨੂੰ ਕਦੇ ਵੀ ਪ੍ਰਧਾਨ ਮੰਤਰੀ ਨੂੰ ਮਿਲਣ ਲਈ ਸਮਾਂ ਨਹੀਂ ਸੀ ਲੈਣਾ ਪੈਂਦਾ। ਇੱਥੇ ਇਹ ਵੀ ਦੱਸਣਯੋਗ ਹੈ ਕਿ ਰਾਜੀਵ ਗਾਂਧੀ ਦੇ ਕਤਲ ਦੀ ਸਾਜਿਸ਼ ਵਿਚ ਉਸਦਾ ਨਾਮ ਮੁੱਖ ਤੌਰ ’ਤੇ ਆਇਆ ਸੀ। ਅੰਡਰਵਰਲਡ ਡਾਨ ਦਾਉਦ ਇਬ੍ਰਾਹਿਮ ਉਸਦਾ ਖਾਸਮਖਾਸ ਸੀ, ਹਾਲਾਂਕਿ ਬਾਅਦ ਵਿਚ ਦੇਸ਼ ਦੇ ਸਭ ਤੋਂ ਵੱਡੇ ਅਗਵਾਕਾਰ ਤੇ ਦਾਉਦ ਇਬ੍ਰਾਹਿਮ ਦੇ ਸਾਬਕਾ ਸਾਥੀ ‘ਬਬਲੂ ਸ੍ਰੀਵਾਸਤਵ’ ਨੇ ਫੜੇ ਜਾਣ ’ਤੇ ਦੱਸਿਆ ਸੀ ਕਿ ਚੰਦਰਾਸਵਾਮੀ ਨੂੰ ਦਾਉਦ ਨੇ ਬਹੁਤ ਵੱਡੀ ਰਕਮ ਹਥਿਆਰ ਕਾਰੋਬਾਰੀ ਅਦਨਾਨ ਖਸ਼ੋਗੀ ਨਾਲ ਸੌਦਾ ਕਰਾਉਣ ਵਜੋਂ ਦਿੱਤੀ ਹੈ ਜੋ ਸਵਾਮੀ ਨੇ ਹਵਾਲਾ ਰਾਹੀਂ ਬਾਹਰ ਮੁਲਕਾਂ ’ਚ ਐਡਜਸਟ ਕੀਤੀ ਹੈ।

1975 ’ਚ ਜਦੋਂ ਬ੍ਰਿਟੇਨ ਦੀ ਸਾਬਕਾ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ, ਵਿਪੱਖ ਦੀ ਲੀਡਰ ਸੀ ਤਾਂ ਚੰਦਰਾਸਵਾਮੀ ਨੂੰ ‘ਨਟਵਰ ਸਿੰਘ’ ਰਾਹੀਂ ਉਸ ਨਾਲ ਦਸ ਮਿੰਟ ਦੀ ਮੀਟਿੰਗ ਮਿਲੀ ਪਰ ਉਸਨੇ ਦਸ ਮਿੰਟ ’ਚ ਥੇਚਰ ’ਤੇ ਜਾਦੂ ਕਰ ਦਿੱਤਾ। ਹਾਲਾਂਕਿ ਉਸਨੂੰ ਅੰਗ੍ਰੇਜ਼ੀ ਨਹੀਂ ਆਉਂਦੀ ਸੀ ਤੇ ਨਟਵਰ ਸਿੰਘ ਨੇ ਦੁਭਾਸ਼ੀਏ ਦਾ ਰੋਲ ਨਿਭਾਇਆ ਸੀ ਪਰ ਅਗਲੇ ਮੰਗਲਵਾਰ ਦੁਪਹਿਰ ਢਾਈ ਵਜੇ ਮਾਰਗਰੇਟ ਥੇਚਰ ਆਪ ਨਟਵਰ ਸਿੰਘ ਦੇ ਘਰ ਚੰਦਰਾਸਵਾਮੀ ਤੋਂ ਭਵਿੱਖ ਜਾਣਨ ਆਈ ਸੀ। ਉਸਦੀ ਤਾਕਤ ਦੇਖੋ, ਦੇਸ਼ ’ਚ ਆਰਥਿਕ ਮੰਦੀ ਆ ਗਈ, ਪ੍ਰਧਾਨ ਮੰਤਰੀ ਨਰਸਿਮਾ ਰਾਓ ਨੇ ਚੰਦਰਾਸਵਾਮੀ ਨੂੰ ਕਿਹਾ ਤਾਂ ਉਸਨੇ ਕਿਹਾ, ‘ਤੂੰ



ਫਿਕਰ ਨਾ ਕਰ, ‘ਬਰੁਨਈ ਦੇ ਸੁਲਤਾਨ’ ਨੂੰ ਮੈਂ ਕਹਿ ਦਿੱਤਾ ਏ, ਜਹਾਜ ਭੇਜ ਜਿੰਨਾ ਮਰਜੀ ਰੁਪਈਆ ਲੈ ਆਓ’। ਮਜੇ ਆਲੀ ਗੱਲ ਦੇਖੋ, ਪੀਐਮ ਰਾਓ ਨੇ ਬਰੁਨਈ ਭੇਜਣ ਲਈ ਜਹਾਜ ਵੀ ਤਿਆਰ ਕਰਵਾ ਲਏ, ਪੂਰੀ ਅਫ਼ਸਰਸ਼ਾਹੀ ’ਚ ਹੜਕੰਪ ਮੱਚ ਗਿਆ ਤੇ ਬੜੀ ਮੁਸ਼ਕਿਲ ਨਾਲ ਪ੍ਰਧਾਨ ਮੰਤਰੀ ਨੂੰ ਮਨਾਇਆ ਗਿਆ ਕਿ ਇਵੇਂ ਨਹੀਂ ਕਰ ਸਕਦੇ, ਇਹ ਦੇਸ਼ ਦਾ ਮਸਲਾ ਹੈ। ਕਹਿੰਦੇ ਨੇ ਕਿ ਹਰਸ਼ਦ ਮੇਹਤਾ ਨੇ ਵੀ ਚੰਦਰਾਸਵਾਮੀ ਰਾਹੀਂ ਨਰਸਿਮਾ ਰਾਓ ਨਾਲ ਸੈਟਿੰਗ ਕੀਤੀ ਸੀ। 1982 ’ਚ ਮਿਸ ਇੰਡੀਆ ਬਣੀ, ‘ਪਾਮੇਲਾ ਚੌਧਰੀ’ ਜੋ ਕਿਸੇ ਸਮੇਂ ਬਾਬੇ ਦੀ ਖਾਸ ਚੇਲੀ ਸੀ, ਉਸਨੇ ‘ਡੇਲੀ ਮੇਲ’ ਨੂੰ ਦਿੱਤੀ ਇੰਟਰਵਿਊ ਵਿਚ ਆਪ ਦਸਿਆ ਸੀ ਕਿ ਚੰਦਰਾਸਵਾਮੀ ਤੇ ਅਦਨਾਨ ਖੁਸ਼ੋਗੀ, ਉਸਨੂੰ ਆਪਣੇ ਸੌਦਿਆਂ ਲਈ ਵੱਡੀ-ਵੱਡੀ ਹਸਤੀਆਂ ਅੱਗੇ ਪਰੋਸਦੇ ਰਹੇ ਹਨ। ਅਸਲ ਵਿਚ ਦਿੱਲੀ ’ਚ ਆਪਣੇ ਬਹੁਤ ਵੱਡੇ ਫਾਰਮ ਹਾਉਸ ’ਚ ਰਹਿੰਦੇ ਚੰਦਰਾਸਵਾਮੀ ਨੇ ਪਾਵਰ, ਹਥਿਆਰ, ਸੈਕਸ ਤੇ ਪੈਸੇ ਦਾ ਇੰਟਰਨੈਸ਼ਨਲ ਪੱਧਰ ਦਾ ਅਜਿਹਾ ਮਿਲਗੋਭਾ ਤਿਆਰ ਕਰ ਲਿਆ ਸੀ, ਜਿਸਨੂੰ ਪੁੱਟਣਾ ਬੇਹੱਦ ਮੁਸ਼ਕਲ ਸੀ।

ਅੱਤ ਦਾ ਅੰਤ ਨਿਸ਼ਚਿਤ ਹੈ। ਕਾਂਗਰਸ ਵਿੱਚ ਰਾਜੇਸ਼ ਪਾਇਲਟ ਦੀ ਤਾਕਤ ਵੱਧਦੀ ਗਈ ਤੇ ਨਰਸਿਮਾ ਰਾਓ ਹਾਸ਼ੀਏ ’ਤੇ ਜਾਣ ਲੱਗਾ। ਪਾਇਲਟ ਨੂੰ ਬਾਬੇ ਦੀਆਂ ਕਰਤੂਤਾਂ ਦੀ ਜਾਣਕਾਰੀ ਸੀ, ਉਹ ਗ੍ਰਹਿ ਰਾਜ ਮੰਤਰੀ ਸੀ, ਇਸੇ ਸਮੇਂ ਗੁਜਰਾਤ ਦੇ ਵਪਾਰੀ ਲੱਖੂਭਾਈ ਪਟੇਲ ਨੇ ਚੰਦਰਾਸਵਾਮੀ ਵੱਲੋਂ 1 ਲੱਖ ਪੌਂਡ ਦੀ ਹੇਰਾਫੇਰੀ ਦੀ ਸ਼ਿਕਾਇਤ ਕੀਤੀ। ਪਾਇਲਟ ਨੇ ਈਡੀ ਨੂੰ ਸਵਾਮੀ ਮਗਰ ਲਾ ਦਿੱਤਾ, ਅਖੀਰ 2 ਮਈ 1996 ਨੂੰ ਉਸ ਨੂੰ ਕਲਕੱਤਾ ਦੇ ਇਕ ਹੋਟਲ ਤੋਂ ਗ੍ਰਿਫਤਾਰ ਕਰਕੇ ਤਿਹਾੜ ਜੇਲ ਲਿਆਂਦਾ ਗਿਆ। ਹਾਲਾਂਕਿ ਉਸ ਹੋਟਲ ’ਚ ਉਸ ਰਾਤ ਮੌਜੂਦਾ ਵੱਡੇ ਬੀਜੇਪੀ ਨੇਤਾ ਤੇ ਵਕੀਲ ਸੁਬਰਾਮਣੀਅਮ ਸਵਾਮੀ ਵੀ ਬਾਬੇ ਦੀ ਗ੍ਰਿਫਤਾਰੀ ਰੋਕਣ ਪਹੁੰਚੇ ਸਨ ਪਰ ਰੋਕ ਨਾ ਸਕੇ। ਬਾਬੇ ਨੇ ਤਿਹਾੜ ਜੇਲ ’ਚ ਵੀ ਸਭ ਨੂੰ ਕੀਲ ਲਿਆ। ਕਹਿੰਦੇ ਹਨ ਕਿ ਇੱਥੇ ਵੀ ਉਸਦੇ ਨਜ਼ਾਰੇ ਹੀ ਰਹੇ ਤੇ ਅਖੀਰ ਆਪਣੀ ਤਿਕੜਮ ਰਾਹੀਂ ਜਮਾਨਤ ’ਤੇ ਬਾਹਰ ਆ ਕੇ ਫੇਰ ਆਪਣੇ ਆਲੀਸ਼ਾਨ ਫਾਰਮ ਹਾਉਸ ਵਿਚ ਰਹਿੰਦਾ ਰਿਹਾ। ਹਾਲਾਂਕਿ ਬਾਅਦ ਵਿਚ ਰਾਜੀਵ ਗਾਂਧੀ ਕਤਲ ਕੇਸ ਕਾਰਨ ਉਸਦੇ ਵਿਦੇਸ਼ ਜਾਣ ’ਤੇ ਰੋਕ ਲੱਗ ਗਈ। ਈਡੀ ਵੱਲੋਂ ਵੀ ਉਸਨੂੰ 9 ਕਰੋੜ ਦਾ ਜੁਰਮਾਨਾ ਕੀਤਾ ਗਿਆ, ਉਹ ਹੁਣ ਬਦਨਾਮ ਹੋ ਚੁੱਕਾ ਸੀ। ਇਸ ਲਈ ਹੁਣ ਵੱਡੀਆਂ ਹਸਤੀਆਂ ਨੇ ਉਸਤੋਂ ਕਿਨਾਰਾ ਕਰ ਲਿਆ ਤੇ ਅਖੀਰ ਲੰਬੀ ਬੀਮਾਰੀ ਤੋਂ ਬਾਅਦ 23 ਮਈ 20 17 ਨੂੰ ਦੇਸ਼-ਵਿਦੇਸ਼ ਦੇ ਸਭ ਤੋਂ ਤਾਕਤਵਰ ਤਾਂਤਰਿਕ ਰਹੇ ਚੰਦਰਾਸਵਾਮੀ ਦਾ ਅੰਤ ਹੋ ਗਿਆ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE

FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE




YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




## ਪਾਠਕਾਂ ਦਾ ਨਜ਼ਰੀਆ

### ਪੰਜਾਬ ਦਾ ਦੁਖਾਂਤ ਅਣਸੁਲਝੇ ਮੁੱਦੇ

ਪੰਜਾਬ ਦੇ ਕੁਝ ਇਕ ਅਣਸੁਲਝੇ ਮੁੱਦਿਆਂ ਬਾਰੇ ਮੇਰੀ ਅਪਣੀ ਸਮਝ ਹੈ ਜੋ ਕਈਆਂ ਨੂੰ ਅਜੀਬ ਨਹੀਂ ਤਾਂ ਵਿਲੱਖਣ ਜ਼ਰੂਰ ਵਿਖਾਈ ਦੇ ਸਕਦੀ ਹੈ ।ਮੇਰਾ ਮੰਨਣਾ ਹੈ ਕਿ ਪੰਜਾਬ ਨਾਲ ਸਬੰਧਤ ਸਮਸਿਆਵਾਂ ਦੀ ਜੜ ਵਿਚ ਨਹਿਰੂ ਦਾ ਇਕ 'ਮਾਸਟਰ ਪਲਾਨ' ਪਿਆ ਹੈ ਜਿਸ ਉਪਰ ਇੰਦਰਾ ਗਾਂਧੀ ਅਤੇ ਉਸ ਦੇ ਉਤਰ-ਅਧਿਕਾਰੀ ਲਗਾਤਾਰ ਪਹਿਰਾ ਦਿੰਦੇ ਆ ਰਹੇ ਹਨ ।

ਨਹਿਰੂ ਹਿੰਦੂ ਸਲਤਨਤ ਦੀ ਪਕਿਆਈ ਦੇ ਹਿਤਾਂ ਵਿਚ ਪੰਜਾਬ ਵਿਚ ਸਿੱਖਾਂ ਨੂੰ ਅਤੇ ਬੰਬੇ ਪਰੇਜ਼ੀਡੈਂਨਸੀ ਖੇਤਰ ਦੇ ਮਰਾਠਿਆਂ ਨੂੰ ਦਿੱਲੀ ਦੇ ਗੋਡੇ ਹੇਠ ਰਖਣਾ ਜ਼ਰੂਰੀ ਸਮਝਦਾ ਸੀ । ਬਿਨਾ ਸ਼ਕ ਨਹਿਰੂ ਕਦੇ ਵੀ ਫਿਰਕੂ ਭਾਸ਼ਾ ਨਹੀਂ ਵਰਤਦਾ ਸੀ। ਉਸ ਦੇ ਫਿਰਕੂ ਭਾਸ਼ਾ ਨਾ ਵਰਤਣ ਦਾ ਕਾਰਨ ਸਿੱਖਾਂ ਅੰਦਰ ਵਿਕਾਊ ਵਰਗਾਂ ਦੀ ਉਪਲਬਧੀ ਸੀ ਜਿਨਾਂ ਨੂੰ ਉਹ ਪੰਜਾਬ ਵਿਰੁਧ ਲਗਾਤਾਰ ਖਰੀਦਦਾ ਰਿਹਾ ਹੈ।

ਇਸ ਲਈ ਨਹਿਰੂ ਦੀ ਨਜ਼ਰ ਅਜ਼ਾਦੀ ਦੇ ਮੁਢਲੇ ਦਿਨਾਂ ਤੋਂ ਹੀ ਉਪਰੋਕਤ ਦੋਵਾਂ ਖੇਤਰੀ ਤਾਕਤਾਂ ਦੀ ਰੀੜ ਦੀ ਹੱਡੀ-ਪੰਜਾਬ ਦੇ ਦਰਿਆਵਾਂ ਅਤੇ ਬੰਬੇ ਦੇ ਸਰਮਾਏ-ਉਪਰ ਰਹੀ ਹੈ। ਇਸੇ ਸੋਚ ਅਧੀਨ ਉਸ ਨੇ, ਪਹਿਲ ਦੇ ਆਧਾਰ 'ਤੇ, ਦਿੱਲੀ ਦੇ ਵਿਸ਼ਾਲ ਹਿਤਾਂ ਵਿਚ, ਪੰਜਾਬ ਦਾ ਪਾਣੀ ਕਾਬੂ ਕੀਤਾ ।ਉਹ ਪੰਜਾਬ ਅਤੇ ਮਹਾਰਾਸ਼ਟਰ ਦੇ ਭਾਸ਼ਾਈ ਮੁੜ ਸੰਗਠਨ ਦਾ ਦ੍ਰਿੜ ਵਿਰੋਧੀ ਸੀ, ਕਿਉਂਕਿ ਉਸ ਨੂੰ ਡਰ ਸੀ ਕਿ ਇਨਾਂ ਦੋਵਾਂ ਤਾਕਤਵਰ ਖੇਤਰਾਂ ਅੰਦਰ ਕਿਧਰੇ 'ਪ੍ਰੰਪਰਾਗਤ ਰਾਸ਼ਟਰਵਾਦ' ਦਾ ਮੁੜ-ਉਭਰ ਨਾ ਹੋ ਜਾਵੇ।

ਜਦ ਪੰਜਾਹਵਿਆਂ ਵਿਚ ਭਾਸ਼ਾਈ ਮੁੜਸੰਗਠਨ ਦੀ ਤਹਿਰੀਕ ਨੇ ਤਾਕਤ ਫੜੀ ਅਤੇ ਕਈ ਪ੍ਰਾਂਤਾਂ ਵਿਚ ਦੰਗਿਆਂ ਵਰਗੀ ਹਾਲਤ ਪੈਦਾ ਹੋ ਗਈ ਅਤੇ ਅੱਧਰਾ ਦਾ ਮੁੜ ਸੰਗਠਨ ਟਾਲਿਆ ਨਾ ਜਾ ਸਕਿਆ। ਇਸ ਪਿਛੋਂ ਮਹਾਰਾਸ਼ਟਰ ਵਿਚੋਂ ਗੁਜਰਾਤ ਵੱਖ ਕਰਨਾ ਵੀ ਅਟਲ ਵਿਖਾਈ ਦਿੱਤਾ ਤਾਂ ਨਹਿਰੂ ਦਾ ਅੰਤਮ ਯਤਨ ਸੀ ਕਿ ਘੱਟੋ ਘੱਟ ਸਰਮਾਏ ਦੀ ਉਸ ਰਾਜਧਾਨੀ ਨੂੰ 'ਮਰਾਠਾਲੈਂਡ' ਵਿਚ ਜਾਣੋਂ ਰੋਕ ਦਿੱਤਾ ਜਾਵੇ।

ਪੰਜਾਬੀ ਸੂਬੇ ਦੇ ਵਿਰੋਧ ਲਈ ਜਿਵੇਂ ਕੇਂਦਰ ਨੇ ਪੰਜਾਬ ਵਿਚ ਆਰੀਆ ਸਮਾਜੀ ਅਤੇ ਜਨ ਸੰਘੀ ਵਪਾਰੀਆਂ ਨੂੰ ਵਰਤਿਆ, ਇੰਜ ਹੀ ਬੰਬੇ ਨੂੰ ਵਖਰੀ ਸਟੇਟ ਵਜੋਂ ਉਭਾਰਨ ਜਾਂ ਯੂ.ਟੀ. ਬਣਾਉਣ ਲਈ ਜੇ.ਆਰ.ਡੀ. ਟਾਟਾ ਅਤੇ ਗੁਜਰਾਤੀ ਵਪਾਰੀ ਲਾਬੀ ਨੂੰ ਹਰਕਤ ਵਿਚ ਲਿਆਂਦਾ , ਪਰ ਦੇਸ਼ ਦੇ ਹਾਲਾਤ ਅਤੇ ਮਰਾਠਿਆਂ ਦੇ ਵਿਰੋਧ ਨੇ ਨਹਿਰੂ ਦੀ ਬੰਬੇ ਵਾਲੀ ਗੇਮ ਫੇਲ ਕਰ ਦਿੱਤੀ ।

ਮਰਾਠਿਆਂ ਹੱਥੋਂ ਹੋਈ ਹਾਰ ਪਿਛੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਮਰਾਠਾ ਆਗੂ ਯਸ਼ਵੰਤ ਰਾਉ ਚਵਾਨ ਨੂੰ ਪੰਜਾਬ ਵਿਰੁਧ ਵਰਤਣਾ ਸ਼ੁਰੂ ਕਰ ਦਿੱਤਾ । ਉਸ ਨੂੰ ਡਿਫੈਂਸ ਵਿਭਾਗ ਦਿਤਾ। ਚਵਾਨ ਦੇ ਨਾਮਜ਼ਦ, ਪਾਵਟੇ ਨਾਂ ਦੇ ਅਧਿਆਪਕ ਨੂੰ, ਪੰਜਾਬ ਦਾ ਗਵਰਨਰ ਲਾਇਆ। ਪੰਜਾਬ ਦੇ ਮੁੜਸੰਗਠਨ ਨੂੰ ਟਾਲੇ ਨਾ ਜਾ ਸਕਣ ਕਾਰਨ ਇੰਦਰਾ ਗਾਂਧੀ ਦੀਆਂ ਸ਼ੈਤਾਨੀ ਚਾਲਾਂ ਦਾ ਦੌਰ ਆਰੰਭ ਹੁੰਦਾ ਹੈ ਅਤੇ ਪਾਵਟੇ ਉਨੀਂ ਸਾਲ ਪੰਜਾਬ ਦੀ ਗਵਰਨਰੀ ਕਰਦਾ ਹੈ।

ਚੰਡੀਗੜ ਅਤੇ ਹਾਈ ਕੋਰਟ ਸਮੇਤ, ਪੰਜਾਬ ਅਤੇ ਹਰਿਆਣਾ ਵਿਚਕਾਰ ਸਾਂਝੀਆਂ ਕੜੀਆਂ ਰੱਖਣ ਪਿਛੇ ਮੂਲ ਗੇਮ ਪੰਜਾਬ ਨੂੰ ਸਦਾ ਲਈ ਰਾਜਧਾਨੀ ਵਿਹੂਣਾ ਕਰਨਾ ਨਹੀਂ ਸੀ, ਬਲਕਿ, ਮੇਰੇ ਵਿਚਾਰ ਵਿਚ, ਪੰਜਾਬ ਦਾ ਸਿਰਫ ਪਾਣੀ ਹਥਿਆਉਣਾ ਸੀ। 1966 ਪਿਛੋਂ ਪ੍ਰਧਾਨ ਮੰਤਰੀ ਦੇ ਧਿਆਨ ਦਾ ਕੇਂਦਰ ਬਿੰਦੂ ਹਾਈ ਕੋਰਟ ਅਤੇ ਪੰਜਾਬ ਰਹੇ ਹਨ। ਗੱਲ ਵਧੇਰੇ ਸਪੱਸ਼ਟਤਾ ਨਾਲ ਕੀਤੀ ਜਾਵੇ ਤਾਂ ਕੇਂਦਰ ਅਤੇ ਉਸ ਦੀਆਂ ਏਜੰਸੀਆਂ ਨੇ ਉਨੀਂ ਸਾਲ ਪੰਜਾਬ ਦੇ ਮੁੱਖ ਮੰਤਰੀ ਅਤੇ ਹਾਈ ਕੋਰਟ ਦੁਆਲੇ ਘੇਰਾ ਘੱਤੀ ਰਖਿਆ। ਹਰਿਆਣੇ ਦਾ ਮੁੱਖ ਮੰਤਰੀ ਬੰਸੀ ਲਾਲ ਐਸਵਾਈਐਲ ਦੇ ਸਰਵੇਖਣ ਲਈ ਕੁਝ ਸਰਵੇਅਰ ਰੋਪੜ ਜ਼ਿਲੇ ਵਿਚ ਭੇਜਦਾ ਹੈ, ਪੰਜਾਬ ਦਾ ਅਕਾਲੀ ਮੁਖ ਮੰਤਰੀ ਜਸਟਿਸ ਗੁਰਨਾਮ ਸਿੰਘ ਬੰਸੀ ਲਾਲ ਦੀ ਹਰਕਤ ਦਾ ਜਵਾਬ ਸਰਵੇਅਰਾਂ ਨੂੰ ਗ੍ਰਿਫਤਾਰ ਕਰਨ ਦੀ ਧਮਕੀ ਨਾਲ ਦਿੰਦਾ ਹੈ। ਪ੍ਰਧਾਨ ਮੰਤਰੀ ਆਪਣੇ ਰਾਅ ਮੁਖੀ ਆਰ. ਐਨ.ਕਾਉ ਨੂੰ ਚੰਡੀਗੜ ਭੇਜਦੀ ਹੈ। ਉਹ ਗੁਰਨਾਮ ਸਿੰਘ ਨੂੰ ਮਿਲਕੇ ਉਸ ਦੇ ਮਨਸ਼ਿਆਂ ਦਾ ਜਾਇਜ਼ਾ ਲੈਣ ਦਾ ਯਤਨ ਕਰਦਾ ਹੈ। ਗੁਰਨਾਮ ਸਿੰਘ ਕਾਉ ਨੂੰ ਆਪਣੀ 10 ਸੈਕਟਰ ਵਾਲੀ ਕੋਠੀ ਵਿਚੋਂ ਬੇਇਜ਼ਤ ਕਰ ਕੇ ਬਾਹਰ ਕੱਢ ਦਿੰਦਾ ਹੈ। ਇੰਜ ਇਨਾਂ ਘਟਨਾਵਾਂ ਪਿਛੋਂ ਕੇਂਦਰ ਵਿਧਾਇਕਾਂ ਦੀ ਖਰੀਦੋ ਫਰੋਖਤ ਅਤੇ ਅਕਾਲੀ ਸਰਕਾਰਾਂ ਨੂੰ ਅਸਥਿਰ ਕਰਨ ਦਾ ਰਾਹ ਫੜਦਾ ਹੈ ਤਾਂ ਜੋ ਪੰਜਾਬ 1966 ਦੇ ਮੁੜਸੰਗਠਨ ਐਕਟ ਨੂੰ ਵੰਗਾਰ ਨਾ ਸਕੇ।

ਸਬੱਬ ਕਹੋ ਜਾਂ ਕੋਈ ਸ਼ੈਤਾਨੀ ਮਨ ਦੀ ਵਿਉਂਤਬੰਦੀ, 1967 ਤੋਂ ਬਾਅਦ ਪੰਜਾਬ ਦੋ ਵੰਨਗੀਆਂ ਦੀਆਂ ਸਰਕਾਰਾਂ ਦਾ ਧਿਰਕਾਰਿਆ ਚਲਦਾ ਆ ਰਿਹਾ ਹੈ। ਇਕ ਵੰਨਗੀ ਭ੍ਰਿਸ਼ਟ, ਬੇਈਮਾਨ ਅਤੇ ਲਾਲਚੀਆਂ ਦੀ ਹੈ, ਦੂਜੀ ਡਫਰਾਂ ਅਤੇ ਭੌਂਦੂਆਂ ਦੀ ।ਦੋਵੇਂ ਪੰਜਾਬ ਨੂੰ ਸਸਤੇ ਵਿਚ ਵੇਚਦੇ ਆ ਰਹੇ ਹਨ । ਅਜਿਹਾ ਬੰਦੋਬਸਤ ਹੋਇਆ ਕਿ ਇਨਾਂ ਦੋਵਾਂ ਵੰਨਗੀਆਂ ਨੇ ਉਸ ਪੰਜਾਬ ਦੁਸ਼ਮਣ ਐਕਟ ਨੂੰ ਕਦੇ ਵੀ ਦਿਲੋਂ ਵੰਗਾਰਿਆ ਨਹੀਂ। ਉਨੀਂ ਸਾਲਾਂ ਦੌਰਾਨ ਨਿਆਂਪਾਲਿਕਾ ਅੰਦਰ ਰਾਜਨੀਤੀ ਦੀ ਅੱਜ ਵਰਗੀ ਘੁਸਪੈਠ ਨਹੀਂ ਸੀ।

ਸੈਂਟਰ ਨੂੰ ਪੰਜਾਬ ਦੀਆਂ ਇਹੀ ਦੋ ਵੰਨਗੀਆਂ ਵਾਲੀਆਂ ਸਰਕਾਰਾਂ ਪੁਗਦੀਆਂ ਹਨ । ਜਦ ਦਿਲੀ ਵਾਲੇ ਵੇਖਦੇ ਹਨ ਸਰਕਾਰਾਂ ਦੇ ਵਿਰੋਧ ਵਿਚਲਿਆਂ ਵਿਚੋਂ ਵੀ ਵਧੇਰੇ ਉਘ ਦੀਆਂ ਪਤਾਲ ਮਾਰਨ ਵਾਲੇ ਹਨ, ਉਨਾਂ ਦੀ ਖੁਸ਼ੀ ਅਤੇ ਸਵੈ-ਸੰਤੁਸ਼ਟੀ ਦੀ ਕੋਈ ਸੀਮਾ ਨਹੀਂ ਰਹਿੰਦੀ ।

ਦਿੱਲੀ ਦਾ ਮੂਲ ਉਦੇਸ਼ ਪਾਣੀ ਸੀ, ਪਾਣੀ ਹੈ ਅਤੇ ਪਾਣੀ ਰਹਿਣਾ ਹੈ। ਸਾਂਝੀ ਰਾਜਧਾਨੀ ਪਾਣੀ ਵਾਲੇ ਪ੍ਰੋਜੈਕਟ ਦੀ ਪੂਰਤੀ ਦੇ ਸਾਧਨ ਵਜੋਂ ਵਰਤਿਆ ਆਰਜ਼ੀ ਹੱਥਕੰਡਾ ਸੀ। ਪਰ ਜਦ ਪੰਜਾਬ ਦੀ ਨਾਲਾਇਕ ਲੀਡਰਸ਼ਿਪ 100 ਗੰਢੇ ਅਤੇ 100 ਛਿੱਤਰ ਦੋਵੇਂ ਖਾਣ ਲਈ ਤਿਆਰ ਬੈਠੀ ਹੋਵੇ ਤਾਂ ਦੁਸ਼ਮਣ ਨੂੰ ਅਜਿਹਾ ਸੌਦਾ ਰੱਬ ਦੇਵੇ ।

**ਸੁਖਦੇਵ ਸਿੰਘ ਚੰਡੀਗੜ**
**ਸੀਨੀਅਰ ਪੱਤਰਕਾਰ**

### ਸਿੱਖਾਂ ਦਾ ਈਸਾਈਕਰਨ

ਇਤਿਹਾਸ ਵਿਚ ਆਉਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਵੇਲੇ ਸਿੱਖਾਂ ਦੀ ਅਬਾਦੀ ਇਕ ਕਰੋੜ ਤੋਂ ਵੱਧ ਸੀ ਪਰ ਅੰਗਰੇਜ਼ਾਂ ਵੇਲੇ 1881 ਈਸਵੀ ਦੀ ਮਰਦਮਸ਼ੁਮਾਰੀ ਵਿਚ ਸਿੱਖਾਂ ਦੀ ਗਿਣਤੀ ਘੱਟ ਕੇ ਮਹਿਜ਼ 18 ਲੱਖ ਦੇ ਲਗਭਗ ਰਹਿ ਗਈ ਸੀ। ਇਕ ਪਾਸੇ ਆਰੀਆ ਸਮਾਜ ਲਹਿਰ ਆਪਣਾ ਜ਼ੋਰ ਫੜ ਰਹੀ ਸੀ ਅਤੇ ਦੂਜੇ ਪਾਸੇ ਇਸਾਈਅਤ ਸਿੱਖਾਂ ਨੂੰ ਆਪਣੇ ਵੱਲ ਖਿੱਚਣ ਲਈ ਸਰਗਰਮ ਸੀ। ਇਸੇ ਹੀ ਸਮੇਂ ਦੌਰਾਨ ਇੰਗਲੈਂਡ ਦੇ ਅਖ਼ਬਾਰਾਂ ਨੇ ਇੱਥੋਂ ਤੱਕ ਲਿਖਣਾ ਸ਼ੁਰੂ ਕਰ ਦਿੱਤਾ ਸੀ ਕਿ ਆਉਂਦੇ 25 ਸਾਲਾਂ ਤੱਕ ਸਿੱਖਾਂ ਦੇ ਦਰਸ਼ਨ ਸਿਰਫ਼ ਅਜਾਇਬ-ਘਰਾਂ ਵਿਚ ਹੀ ਹੋਇਆ ਕਰਨਗੇ।

ਸੰਨ 1873 ਦੌਰਾਨ ਅੰਗਰੇਜ਼ਾਂ ਵਲੋਂ ਆਪਣੀ ਸਿੱਖਿਆ ਪ੍ਰਣਾਲੀ ਜ਼ਰੀਏ ਇਸਾਈਅਤ ਦਾ ਪ੍ਰਚਾਰ ਏਨਾ ਤੇਜ਼ ਕਰ ਦਿੱਤਾ ਸੀ ਕਿ ਮਿਸ਼ਨ ਸਕੂਲ ਅੰਮ੍ਰਿਤਸਰ ਦੇ ਚਾਰ ਸਿੱਖ ਵਿਦਿਆਰਥੀਆਂ ਨੇ ਇਸਾਈ ਧਰਮ ਧਾਰਨ ਕਰਨ ਦਾ ਫ਼ੈਸਲਾ ਕਰ ਲਿਆ ਸੀ। ਇਸ ਘਟਨਾ ਨਾਲ ਸਮੁੱਚੀ ਸਿੱਖ ਕੌਮ ਦੀ ਰੂਹ ਕੰਬ ਉੱਠੀ। ਕਿਉਂਕਿ ਸਿੱਖ ਇਤਿਹਾਸ 'ਚ ਕਿਸੇ ਸਿੱਖ ਵਲੋਂ ਧਰਮ ਛੱਡਣ ਦੀ ਇਹ ਪਹਿਲੀ ਘਟਨਾ ਸੀ ਜਦੋਂਕਿ ਪੁਰਬਲੇ ਸਿੱਖਾਂ ਨੇ ਤਾਂ ਆਪਣੇ ਅਕੀਦੇ 'ਤੇ ਦ੍ਰਿੜ ਰਹਿੰਦਿਆਂ ਬੰਦ-ਬੰਦ ਕਟਵਾਉਣ, ਖੋਪਰ ਲੁਹਾਉਣ ਅਤੇ ਹੋਰ ਅਸਹਿ ਤੇ ਅਕਹਿ ਸ਼ਹਾਦਤਾਂ ਦਾ ਇਤਿਹਾਸ ਸਿਰਜਿਆ ਸੀ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਸਾਕੇ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿਚ ਉਸ ਦੇ ਚਾਰ ਸਾਲਾ ਪੁੱਤਰ ਦਾ ਕਾਲਜਾ ਕੱਢ ਕੇ ਤੁੰਨਣ ਦੀ ਘਟਨਾ, ਸਿੱਖਾਂ ਅੰਦਰ ਆਪਣੇ ਅਕੀਦੇ ਪ੍ਰਤੀ ਦ੍ਰਿੜਤਾ ਸੰਬੰਧੀ, ਦੁਨੀਆ ਦੇ ਇਤਿਹਾਸ ਵਿਚ ਹੋਰ ਕਿਤੇ ਨਾ ਮਿਲਣ ਵਾਲੀ ਮਿਸਾਲ ਹੈ। ਜਦੋਂ ਸਿੱਖਾਂ ਦੀ ਤਵਾਰੀਖ਼ ਹੀ ਧਰਮ ਅਤੇ ਆਪਣੇ ਅਕੀਦੇ 'ਤੇ ਦ੍ਰਿੜ ਰਹਿਣ ਖ਼ਾਤਰ ਅਦੁੱਤੀ ਸ਼ਹਾਦਤਾਂ ਨਾਲ ਭਰੀ ਪਈ ਹੋਵੇ, ਤਾਂ ਅਜਿਹੀ ਹਾਲਤ ਵਿਚ ਚਾਰ ਸਿੱਖ ਵਿਦਿਆਰਥੀਆਂ ਵਲੋਂ ਕੇਸ ਕਤਲ ਕਰਵਾ ਕੇ ਇਸਾਈ ਬਣਨ ਦੀ ਘਟਨਾ ਦਾ ਸਮੁੱਚੀ ਕੌਮ ਨੂੰ ਝੰਜੋੜਨਾ ਸੁਭਾਵਿਕ ਸੀ। ਸਮਕਾਲੀ ਸਿੱਖ ਆਗੂਆਂ ਨੇ ਇਸ ਘਟਨਾ ਨੂੰ ਇਕ ਗੰਭੀਰ ਕੌਮੀ ਚੁਣੌਤੀ ਵਜੋਂ ਲਿਆ ਅਤੇ ਇਸ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਕੇ ਉਨਾਂ ਦੇ ਹੱਲ ਵੱਲ ਤੇਜ਼ੀ ਨਾਲ ਕਦਮ ਅੱਗੇ ਵਧਾਏ। ਪਹਿਲਾਂ ਸਿੰਘ ਸਭਾ ਲਹਿਰ ਅਤੇ ਫਿਰ ਚੀਫ਼ ਖ਼ਾਲਸਾ ਦੀਵਾਨ ਵਰਗੇ ਸੰਗਠਨ ਹੋਂਦ ਵਿਚ ਆਏ। ਪ੍ਰੋਫ਼ੈਸਰ ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਵਰਗੇ ਸਿੱਖ ਵਿਦਵਾਨਾਂ ਨੇ ਨਿੱਠ ਕੇ ਸਿੱਖ ਨੌਜਵਾਨਾਂ ਅੰਦਰ ਗੁਰਮਤਿ ਦੀ ਅਲਖ ਜਗਾਉਣ ਲਈ ਕੰਮ ਕੀਤਾ। ਨਤੀਜੇ ਵਜੋਂ, ਇਸਾਈ ਅਤੇ ਆਰੀਆ ਸਮਾਜੀ ਬਣੇ ਸਿੱਖ, ਮੁੜ ਗੁਰਸਿੱਖੀ ਦੀ ਫੁਲਵਾੜੀ ਦਾ ਹਿੱਸਾ ਬਣ ਗਏ। ਅੱਗੋਂ ਜਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਸਿੱਖ ਸੰਸਥਾਵਾਂ ਵੀ ਸਿੱਖ ਕੌਮ ਅੰਦਰ ਧਰਮ ਪ੍ਰਚਾਰ ਦੇ ਜਜ਼ਬੇ ਨੂੰ ਸਦ-ਜਾਗਤ ਰੱਖਣ ਲਈ ਹੋਂਦ ਵਿਚ ਆਈਆਂ।

ਅੱਜ ਲਗਭਗ ਇਕ ਸਦੀ ਬਾਅਦ ਮੁੜ ਸਿੱਖ ਕੌਮ ਧਰਮ ਪਰਿਵਰਤਨ ਵਰਗੀ ਚੁਣੌਤੀ ਦੇ ਰੂ-ਬ-ਰੂ ਹੈ। ਲੰਘੇ 'ਘੱਲੂਘਾਰਾ ਦਿਵਸ' ਮੌਕੇ ਦਿੱਤੇ ਇਤਿਹਾਸਕ ਸੰਦੇਸ਼ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਸਿੱਖਾਂ ਅੰਦਰ ਹੋ ਰਹੇ ਧਰਮ ਪਰਿਵਰਤਨ 'ਤੇ ਚਿੰਤਾ ਜਤਾਉਂਦਿਆਂ ਇਸ ਨੂੰ ਕੌਮੀ ਚੁਣੌਤੀ ਐਲਾਨ ਚੁੱਕੇ ਹਨ। ਪਿਛਲੇ ਦਿਨੀਂ ਕੌਮੀ ਘੱਟਗਿਣਤੀ ਕਮਿਸ਼ਨ ਨਾਲ ਹੋਈ ਬੈਠਕ ਵਿਚ ਵੀ ਸ਼੍ਰੋਮਣੀ ਕਮੇਟੀ ਦੇ ਵਫ਼ਦ ਨੇ ਇਹ ਮੁੱਦਾ ਚੁੱਕਿਆ ਸੀ। ਮਹਾਰਾਸ਼ਟਰ, ਝਾਰਖੰਡ, ਕਰਨਾਟਕ, ਮੱਧ ਪ੍ਰਦੇਸ਼, ਗੁਜਰਾਤ, ਬੰਗਾਲ ਅਤੇ ਹਰਿਆਣਾ ਦੇ ਦੂਰ-ਵਰਤੀ ਇਲਾਕਿਆਂ 'ਚ ਵਸਦੇ ਪੱਛੜੇ ਅਤੇ ਗ਼ਰੀਬ ਸਿੱਖਾਂ ਅਤੇ ਗੁਰੂ ਨਾਨਕ ਨਾਮ ਲੇਵਾ ਭਾਈਚਾਰਿਆਂ ਦਾ, ਲਾਲਚਵੱਸ ਜਾਂ ਗੁੰਮਰਾਹ ਕਰਕੇ ਧਰਮ ਪਰਿਵਰਤਨ ਕਰਵਾਉਣ ਤੋਂ ਇਲਾਵਾ, ਪੰਜਾਬ ਦੇ ਮਾਝਾ ਖੇਤਰ ਵਿਚ ਵੀ ਇਹ ਲਹਿਰ ਜ਼ੋਰਾਂ 'ਤੇ ਚੱਲ ਰਹੀ ਹੈ। ਬੇਸ਼ੱਕ ਹਰੇਕ ਧਰਮ ਦੇ ਲੋਕਾਂ ਨੂੰ ਆਪਣੇ ਅਕੀਦੇ 'ਤੇ ਪਹਿਰਾ ਦੇਣ ਅਤੇ ਉਸ ਦੇ ਅਸੂਲਾਂ ਦਾ ਪ੍ਰਚਾਰ-ਪ੍ਰਸਾਰ ਕਰਨ ਦਾ ਹੱਕ ਹੈ ਪਰ ਪਿਛਲੇ ਅਰਸੇ ਤੋਂ ਕਿਸੇ ਧਰਮ ਵਿਸ਼ੇਸ਼ ਨਾਲ ਜੁੜੇ ਪ੍ਰਚਾਰਕਾਂ ਵਲੋਂ ਗ਼ਰੀਬ ਅਤੇ ਪਛੜੇ ਸਿੱਖਾਂ ਦੀ ਅਬਾਦੀ ਵਾਲੇ ਇਲਾਕਿਆਂ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾ ਕੇ ਅਜਿਹੇ ਧਾਰਮਿਕ ਸਮਾਗਮ ਰਚਾਏ ਜਾ ਰਹੇ ਹਨ, ਜਿਨਾਂ ਵਿਚ ਸਿੱਖੀ ਸਰੂਪ ਵਾਲੇ ਕਮਜ਼ੋਰ ਅਤੇ ਬਿਮਾਰੀਆਂ ਤੋਂ ਪੀੜਤ ਵਿਅਕਤੀਆਂ ਨੂੰ ਕੁਝ ਖ਼ਾਸ ਪ੍ਰਚਾਰਕਾਂ ਦੁਆਰਾ ਛੂਹਣ ਅਤੇ ਮੰਤਰ ਪੜ ਕੇ ਚਮਤਕਾਰੀ ਢੰਗ ਨਾਲ ਠੀਕ ਕਰਨ ਅਤੇ ਬੁਰੀਆਂ ਆਤਮਾਵਾਂ ਤੋਂ ਛੁਟਕਾਰਾ ਦਿਵਾਉਣ ਦੇ ਦਿਖਾਵੇ ਅਤੇ ਦਾਅਵੇ ਕੀਤੇ ਜਾਂਦੇ ਹਨ।

ਸੰਨ 1990 ਵਿਚ ਸਿੰਘਾਪੁਰ ਦੇ 'ਮਲਾਇਆ ਸਮਾਚਾਰ' ਅਖ਼ਬਾਰ ਵਿਚ ਇਕ ਖ਼ਬਰ ਛਪੀ ਸੀ ਕਿ ਉੱਥੇ 125 ਸਿੱਖ ਨੌਜਵਾਨ ਇਸਾਈ ਬਣ ਗਏ ਹਨ। ਜਦੋਂ ਇਸ ਘਟਨਾ ਸੰਬੰਧੀ ਜ਼ਿੰਮੇਵਾਰ ਸਿੱਖ ਆਗੂਆਂ ਨੇ ਨੌਜਵਾਨਾਂ ਨਾਲ ਗੱਲਬਾਤ ਕੀਤੀ ਤਾਂ ਉਨਾਂ ਨੌਜਵਾਨਾਂ ਨੇ ਕਿਹਾ ਕਿ ਸਾਨੂੰ ਤਾਂ ਧਰਮ ਦੀ ਕੋਈ ਸਿੱਖਿਆ-ਦੀਖਿਆ ਹੀ ਨਹੀਂ ਦਿੱਤੀ ਗਈ। ਉਨਾਂ ਦੱਸਿਆ ਸੀ ਕਿ ਅਸੀਂ ਤਾਂ ਬੱਸ ਇਹੀ ਵੇਖਿਆ ਹੈ ਕਿ ਸਾਡੇ ਤੋਂ ਵੱਡੀ ਪੀੜੀ ਸਿਰਫ਼ ਗੁਰਦੁਆਰਿਆਂ ਦੀਆਂ ਕਮੇਟੀਆਂ ਪਿੱਛੇ ਹੀ ਲੜੀ ਜਾਂਦੀ ਹੈ। ਨਾ ਤਾਂ ਸਾਨੂੰ ਦਸ ਗੁਰੂ ਸਾਹਿਬਾਨ ਦੇ ਬਾਰੇ ਵਿਚ ਕੁਝ ਦੱਸਿਆ ਗਿਆ ਅਤੇ ਨਾ ਹੀ ਅਸੀਂ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਤੋਂ ਜਾਣੂ ਹਾਂ।

ਧਰਮ ਪਰਿਵਰਤਨ ਰੋਕਣ ਲਈ ਸਿੱਖ ਕੌਮ ਅੰਦਰ ਆਪਣੇ ਅਕੀਦੇ, ਗੁਰਬਾਣੀ ਅਤੇ ਲਾ-ਮਿਸਾਲੀ ਸ਼ਹਾਦਤਾਂ ਨਾਲ ਭਰੇ ਗੌਰਵਮਈ ਇਤਿਹਾਸ ਪ੍ਰਤੀ ਚੇਤਨਾ ਅਤੇ ਪਰਪੱਕਤਾ ਜਗਾਉਣ ਲਈ ਜਿਨਾਂ ਨੀਤੀਆਂ 'ਤੇ ਚੱਲਣ ਦੀ ਲੋੜ ਹੈ, ਸ਼ਾਇਦ ਉਸ ਪਾਸੇ ਧਿਆਨ ਕੇਂਦਰਿਤ ਕਰਨ ਲਈ ਅਜੇ ਤੱਕ ਸਿੱਖ ਕੌਮ ਦੀਆਂ ਸੰਸਥਾਵਾਂ ਜ਼ਮੀਨੀ ਅਤੇ ਮਾਨਸਿਕ ਪੱਧਰ 'ਤੇ ਤਿਆਰ ਹੀ ਨਹੀਂ ਹਨ। ਧਰਮ ਪਰਿਵਰਤਨ ਦੀ ਚੁਣੌਤੀ ਪਿੱਛੇ ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਦੀ ਨਾਲਾਇਕੀ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਅੱਜ ਸਿੱਖ ਜਥੇਬੰਦੀਆਂ ਆਪਣੇ ਧਰਮ ਦੇ ਅਸੂਲਾਂ ਦਾ ਨਤੀਜਾਮੁਖੀ ਪ੍ਰਚਾਰ-ਪ੍ਰਸਾਰ ਕਰਨ ਦੀ ਬਜਾਏ ਆਪਸ ਵਿਚ ਵਿਚਾਰਧਾਰਕ ਮਤਭੇਦਾਂ ਅਤੇ ਵਿਵਾਦਾਂ ਵਿਚ ਹੀ ਉਲਝੀਆਂ ਦਿਖਾਈ ਦੇ ਰਹੀਆਂ ਹਨ। ਵੱਖ-ਵੱਖ ਮੱਤਾਂ, ਡੇਰਿਆਂ ਅਤੇ ਸੰਪਰਦਾਵਾਂ ਨਾਲ ਵਿਚਾਰਧਾਰਕ ਜਾਂ ਧਾਰਮਿਕ ਟਕਰਾਅ ਵਿਚ ਪੈਣ ਦੀ ਬਜਾਏ ਸਿੱਖ ਸੰਸਥਾਵਾਂ ਨੂੰ, ਛੋਟੀ ਲਕੀਰ ਨੂੰ ਮਿਟਾਉਣ ਦੀ ਥਾਂ, ਉਸ ਤੋਂ ਵੱਡੀ ਲਕੀਰ ਖਿੱਚ ਕੇ ਗੁਰੂ ਨਾਨਕ ਸਾਹਿਬ ਦੇ 'ਸਰਬੱਤ ਦੇ ਭਲੇ' ਦੇ ਸੰਕਲਪ 'ਤੇ ਧਰਮ ਪ੍ਰਚਾਰ ਦੀ ਦਸ਼ਾ ਤੇ ਦਿਸ਼ਾ ਨਿਰਧਾਰਿਤ ਕਰਨੀ ਚਾਹੀਦੀ ਹੈ। ਨੌਜਵਾਨੀ ਦੇ ਮਨੋਭਾਵਾਂ, ਲੋੜਾਂ ਅਤੇ ਮਿਜਾਜ਼ ਨੂੰ ਸਮਝ ਕੇ ਉਨਾਂ ਅੰਦਰ ਆਪਣੇ ਧਰਮ ਪ੍ਰਤੀ ਗੌਰਵ-ਦ੍ਰਿੜਤਾ ਅਤੇ ਦੂਜਿਆਂ ਦੀ ਆਸਥਾ ਦਾ ਸਤਿਕਾਰ ਕਰਨ ਦੀ ਭਾਵਨਾ ਪ੍ਰਚੰਡ ਕਰਨ ਦੀ ਲੋੜ ਹੈ। ਧਰਮ ਪ੍ਰਚਾਰ ਲਈ ਅਜਿਹੇ ਧਰਮ ਪ੍ਰਚਾਰਕਾਂ ਦੀ ਲੋੜ ਹੈ, ਜੋ ਨੌਜਵਾਨ ਪੀੜੀ ਦੇ ਨਾਲ ਬੈਠ ਕੇ ਸੰਵਾਦ ਰਚਾ ਸਕਣ। ਗਿਆਨੀ ਦਿੱਤ ਸਿੰਘ ਅਤੇ ਪ੍ਰੋਫ਼ੈਸਰ ਗੁਰਮੁਖ ਸਿੰਘ ਵਰਗੇ ਸਿੱਖ ਵਿਦਵਾਨਾਂ ਨੂੰ ਅੱਗੇ ਲਿਆਂਦਾ ਜਾਵੇ ਅਤੇ ਸਿੱਖ ਜਗਤ ਵਿਚ ਬੌਧਿਕ ਅਤੇ ਅਕਾਦਮਿਕ ਪੱਧਰ 'ਤੇ ਆ ਚੁੱਕੀ ਖੜੋਤ ਨੂੰ ਦੂਰ ਕਰਕੇ ਵਿਸ਼ਵ ਪ੍ਰਸੰਗ ਵਿਚ ਸਿੱਖ ਫ਼ਲਸਫ਼ੇ ਦੀ ਪ੍ਰਸੰਗਿਕਤਾ ਅਤੇ ਵਿਹਾਰਕਤਾ ਨੂੰ ਉਭਾਰਨ ਲਈ ਵਿਆਪਕ ਨੀਤੀਗਤ ਏਜੰਡਾ ਤੈਅ ਕਰਨਾ ਪਵੇਗਾ।

**ਤਲਵਿੰਦਰ ਸਿੰਘ ਬੁੱਟਰ**

### ਭ੍ਰਿਸ਼ਟਾਚਾਰ ਤੋਂ ਮੁਕਤ ਪੰਜਾਬ ਦਾ ਸੁਪਨਾ

ਇਨਕਲਾਬੀ ਬਦਲਾਅ ਲਿਆਉਣ ਦੇ ਵਾਅਦੇ ਨਾਲ ਬਣੀ ਭਗਵੰਤ ਮਾਨ ਸਰਕਾਰ ਨੇ ਵੀ ਪੰਜਾਬ ਦੇ ਲੋਕਾਂ ਨੂੰ ਸੁਨੇਹਾ ਦਿੱਤਾ ਹੈ ਕਿ ਉਹ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਲਈ ਵਚਨਬੱਧ ਹਨ। ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਦੀ ਛੇੜੀ ਮੁਹਿੰਮ ਵਿਚ ਵਿਜੀਲੈਂਸ ਬਿਊਰੋ ਤੋਂ ਇਲਾਵਾ ਪੰਜਾਬ ਸਰਕਾਰ ਦੇ ਹਰ ਵਿਭਾਗ ਦੀ ਮਹੱਤਵਪੂਰਨ ਭੂਮਿਕਾ ਹੋਵੇਗੀ। ਇਸੇ ਲਈ ਪੰਜਾਬ ਸਰਕਾਰ ਨੇ ਵੱਖ-ਵੱਖ ਵਿਭਾਗਾਂ ਦੇ ਕੰਮਕਾਰ ਉੱਤੇ ਚੌਕਸੀ ਰੱਖਣ ਲਈ 189 ਅਧਿਕਾਰੀਆਂ ਦੀ ਸੂਚੀ ਜਾਰੀ ਕੀਤੀ ਹੈ ਜੋ ਆਪੋ-ਆਪਣੇ ਵਿਭਾਗ ਵਿਚ ਬਤੌਰ ਮੁੱਖ ਚੌਕਸੀ ਅਧਿਕਾਰੀ ਕੰਮ ਕਰਨਗੇ। ਆਪਣੇ ਵਿਭਾਗ ਵਿਚ ਚੱਲ ਰਹੀਆਂ ਭ੍ਰਿਸ਼ਟ ਗਤੀਵਿਧੀਆਂ ਨੂੰ ਪੰਜਾਬ ਸਰਕਾਰ ਅਤੇ ਪੰਜਾਬ ਦੇ ਲੋਕਾਂ ਦੇ ਰੂਬਰੂ ਲਿਆਉਣ ਲਈ ਜ਼ਿੰਮੇਵਾਰ ਹੋਣਗੇ। ਇਨਾਂ ਅਧਿਕਾਰੀਆਂ ਦੇ ਨਾਮ, ਅਹੁਦਾ, ਵਿਭਾਗ ਦਾ ਨਾਮ, ਸਰਕਾਰੀ ਐਡਰੈੱਸ, ਸਰਕਾਰੀ ਫੋਨ ਨੰਬਰ ਅਤੇ ਈਮੇਲ ਐਡਰੈੱਸ ਜਨਤਕ ਕੀਤੇ ਗਏ ਹਨ ਤਾਂ ਕਿ ਲੋਕ ਇਨਾਂ ਨਾਲ ਲੋੜ ਪੈਣ 'ਤੇ ਸੰਪਰਕ ਕਰ ਸਕਣ। ਇਸੇ ਤਰਾਂ ਵਿਜੀਲੈਂਸ ਬਿਊਰੋ ਨੇ ਵੀ ਆਪਣੇ 57 ਅਧਿਕਾਰੀਆਂ ਦੇ ਨਾਮ, ਅਹੁਦਾ, ਫੋਨ ਨੰਬਰ ਅਤੇ ਈਮੇਲ ਐਡਰੈੱਸ ਵੀ ਲੋਕਾਂ ਨਾਲ ਸਾਂਝੇ ਕੀਤੇ ਹਨ ਜੋ ਵਿਜੀਲੈਂਸ ਬਿਊਰੋ ਦੇ ਉਦੇਸ਼ 'ਸੁਚਿ ਹੋਵੈ ਤਾ ਸਚੁ ਪਾਈਐ' ਅਤੇ ਇਮਾਨਦਾਰੀ ਨਾਲ ਭ੍ਰਿਸ਼ਟਾਚਾਰ ਵਿਰੁੱਧ ਚੌਕਸੀ ਕਰਨ ਲਈ ਵਚਨਬੱਧ ਹਨ। ਜ਼ਿਕਰਯੋਗ ਹੋਵੇਗਾ ਕਿ ਪੰਜਾਬ ਵਿਚ 1955 ਵਿਚ ਭ੍ਰਿਸ਼ਟਾਚਾਰ ਰੋਕੂ ਦਸਤਾ ਸਥਾਪਤ ਕੀਤਾ ਗਿਆ। ਇਸ ਤੋਂ ਬਾਅਦ ਵਿਜੀਲੈਂਸ ਕਮਿਸ਼ਨ ਅਤੇ ਸਪੈਸ਼ਲ ਇਨਕੁਆਇਰੀ ਏਜੰਸੀ ਹੋਂਦ ਵਿਚ ਲਿਆਂਦੀ ਗਈ। ਸੰਨ 1967 'ਚ ਵਿਜੀਲੈਂਸ ਕਮਿਸ਼ਨ ਖ਼ਤਮ ਕਰ ਕੇ ਵਿਜੀਲੈਂਸ ਵਿਭਾਗ ਬਣਾਇਆ ਗਿਆ ਤੇ ਸਪੈਸ਼ਲ ਇਨਕੁਆਇਰੀ ਏਜੰਸੀ ਨੂੰ ਇਸ ਵਿਭਾਗ ਅਧੀਨ ਲਿਆਂਦਾ ਗਿਆ। ਮਗਰੋਂ 1972 ਵਿਚ ਸਪੈਸ਼ਲ ਇਨਕੁਆਇਰੀ ਏਜੰਸੀ ਦਾ ਨਾਮ ਬਦਲ ਕੇ ਵਿਜੀਲੈਂਸ ਬਿਊਰੋ ਰੱਖਿਆ ਗਿਆ ਜੋ ਹੁਣ ਪੰਜਾਬ ਵਿਚ ਪੀ ਸੀ ਐਕਟ (ਭ੍ਰਿਸ਼ਟਾਚਾਰ ਰੋਕੂ ਕਾਨੂੰਨ) 1988 ਤਹਿਤ ਪੰਜਾਬ ਰਾਜ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ (ਸਮੇਤ ਸੰਵਿਧਾਨਕ ਬੋਰਡ/ਨਿਗਮ, ਨਗਰ ਨਿਗਮ ਅਤੇ ਟਰੱਸਟ) ਵਿਰੁੱਧ ਦੋਸ਼ਾਂ ਦੀ ਜਾਂਚ ਦਾ ਅਧਿਕਾਰ ਰੱਖਦੀ ਹੈ। ਆਮ ਤੌਰ 'ਤੇ ਵਿਜੀਲੈਂਸ ਬਿਊਰੋ ਅਗਿਆਤ ਸ਼ਿਕਾਇਤਾਂ ਉੱਤੇ ਸਿੱਧੇ ਤੌਰ 'ਤੇ ਕਾਰਵਾਈ ਨਹੀਂ ਕਰਦੀ ਸਗੋਂ ਸਬੰਧਤ ਵਿਭਾਗ ਪਾਸੋਂ ਪੜਤਾਲੀਆ ਰਿਪੋਰਟ ਵਿਚ ਦੋਸ਼ ਸਾਬਤ ਹੋਣ ਦੀ ਸੂਰਤ ਵਿਚ ਸ਼ੱਕੀ ਵਿਰੁੱਧ ਵਿਜੀਲੈਂਸ ਜਾਂਚ ਜਾਂ ਮੁਕੱਦਮਾ ਪੀ ਸੀ ਐਕਟ ਅਧੀਨ ਦਰਜ ਕਰਦਾ ਹੈ। ਵਿਜੀਲੈਂਸ ਬਿਊਰੋ ਦੇ ਕੰਮ ਮੁੱਖ ਤੌਰ 'ਤੇ ਭ੍ਰਿਸ਼ਟਾਚਾਰ ਅਤੇ ਭ੍ਰਿਸ਼ਟ ਅਧਿਕਾਰੀ/ ਕਰਮਚਾਰੀ ਦੇ ਕੰਮਕਾਰ ਸਬੰਧੀ ਖ਼ੁਫ਼ੀਆ ਜਾਣਕਾਰੀ ਇਕੱਠੀ ਕਰਨਾ, ਸ਼ਿਕਾਇਤਾਂ ਦੀ ਪੜਤਾਲ, ਫ਼ੌਜਦਾਰੀ ਕੇਸ ਦਰਜ ਕਰਨੇ ਅਤੇ ਤਫ਼ਤੀਸ਼ ਕਰਨੀ, ਭ੍ਰਿਸ਼ਟ ਕਰਮਚਾਰੀ ਨੂੰ ਫੜਨ ਲਈ ਛਾਪੇਮਾਰੀ ਕਰਨੀ ਅਤੇ ਸਬੂਤਾਂ ਸਮੇਤ ਰੰਗੇ ਹੱਥੀਂ ਮੌਕੇ ਉੱਤੇ ਫੜਨਾ, ਰਾਜ ਸਰਕਾਰ ਨੂੰ ਭ੍ਰਿਸ਼ਟਾਚਾਰ ਦੇ ਕੇਸਾਂ/ਸ਼ਿਕਾਇਤਾਂ ਸਬੰਧੀ ਸੂਚਨਾ ਦੇਣਾ, ਅਪਰਾਧਕ ਅੰਕੜੇ ਅਤੇ ਰਿਪੋਰਟਾਂ ਪੇਸ਼ ਕਰਨੀਆਂ ਹਨ। ਇਹੀ ਨਹੀਂ, ਵੱਖ-ਵੱਖ ਵਿਭਾਗਾਂ ਵਿਚ ਭ੍ਰਿਸ਼ਟਾਚਾਰ ਰੋਕਣ ਲਈ ਸੁਝਾਅ ਦੇਣੇ ਤੇ ਸਬੰਧਤ ਵਿਭਾਗਾਂ ਵੱਲੋਂ ਸੌਂਪੇ ਗਏ ਸਰਕਾਰੀ ਮੁਲਾਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਤੇ ਵਿਭਾਗੀ ਕਾਰਵਾਈ 'ਤੇ ਚੌਕਸੀ ਰੱਖਣੀ, ਵੱਖ-ਵੱਖ ਵਿਭਾਗਾਂ ਵਿੱਚ ਚੱਲ ਰਹੀਆਂ ਸਕੀਮਾਂ/ ਪ੍ਰਾਜੈਕਟਾਂ ਦੀ ਸੰਯੁਕਤ ਜਾਂਚ ਕਰਵਾਉਣੀ ਆਦਿ ਵੀ ਉਸ ਦੇ ਕੰਮ ਹਨ। ਸਰਕਾਰ ਵੱਲੋਂ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਰਾਜ ਬਣਾਉਣ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਵਿਜੀਲੈਂਸ ਬਿਊਰੋ ਨੇ ਆਪਣੇ ਪੋਰਟਲ ਰਾਹੀਂ ਲੋਕਾਂ ਨੂੰ ਭ੍ਰਿਸ਼ਟਾਚਾਰ ਵਿਰੁੱਧ ਜਾਗਰੂਕ ਕਰਨ ਅਤੇ ਮੁਹਿੰਮ ਨੂੰ ਸਫਲ ਬਣਾਉਣ ਲਈ ਲੋਕਾਂ ਪਾਸੋਂ ਪ੍ਰਤੀਕਰਮ ਅਤੇ ਸੁਝਾਅ ਵੀ ਮੰਗੇ ਹਨ। ਮੁੱਖ ਮੰਤਰੀ, ਪੰਜਾਬ ਵੱਲੋਂ ਐਂਟੀ ਕੁਰੱਪਸ਼ਨ ਐਕਸ਼ਨ ਲਾਈਨ ਨੰ 9501200200 ਜਾਰੀ ਕੀਤਾ ਗਿਆ ਹੈ ਜਿੱਥੇ ਲੋਕਾਂ ਵੱਲੋਂ ਹਜ਼ਾਰਾਂ ਦੀ ਗਿਣਤੀ ਵਿਚ ਸ਼ਿਕਾਇਤਾਂ ਅਤੇ ਸੁਝਾਅ ਦਿੱਤੇ ਗਏ ਹਨ। ਵਿਜੀਲੈਂਸ ਬਿਊਰੋ ਦੀਆਂ 9 ਰੇਂਜਾਂ (ਅੰਮ੍ਰਿਤਸਰ, ਬਠਿੰਡਾ, ਫਿਰੋਜ਼ਪੁਰ, ਜਲੰਧਰ, ਲੁਧਿਆਣਾ, ਪਟਿਆਲਾ, ਰੂਪਨਗਰ, ਆਰਥਿਕ ਅਪਰਾਧ ਸ਼ਾਖਾ, ਉੱਡਣ ਦਸਤਾ ਪੰਜਾਬ) ਵੱਲੋਂ ਮਿਤੀ 30 ਅਪ੍ਰੈਲ 2022 ਤੱਕ ਲਗਭਗ 458 ਐੱਫਆਈਆਰਜ਼ ਦੀਆਂ ਤਫ਼ਤੀਸ਼ਾਂ ਅਤੇ 252 ਚੌਕਸੀ ਪੜਤਾਲਾਂ ਕੀਤੀਆਂ ਜਾ ਰਹੀਆਂ ਹਨ। ਵਿਜੀਲੈਂਸ ਬਿਊਰੋ ਵੱਲੋਂ ਆਪਣੀ ਕਾਰਗੁਜ਼ਾਰੀ ਨਾਲ ਸਬੰਧਤ ਸਾਲ 2017 ਤੋਂ 30 ਅਪ੍ਰੈਲ 2022 ਤੱਕ ਦੇ ਅੰਕੜੇ ਲੋਕਾਂ ਨਾਲ ਸਾਂਝੇ ਕੀਤੇ ਗਏ ਹਨ। ਇਸ ਸਮੇਂ ਦੌਰਾਨ ਸਭ ਤੋਂ ਵੱਧ ਕੇਸ ਗ਼ੈਰ ਸਰਕਾਰੀ ਸੰਸਥਾਵਾਂ ਵਿਰੁੱਧ ਦਰਜ ਕੀਤੇ ਗਏ ਹਨ, ਦੂਜੇ ਨੰਬਰ ਤੇ ਪ੍ਰਾਈਵੇਟ ਪਾਰਟੀਆਂ ਵਿਰੁੱਧ ਅਤੇ ਤੀਜੇ ਨੰਬਰ 'ਤੇ ਸਰਕਾਰੀ ਅਮਲੇ ਵਿਰੁੱਧ ਕੇਸ ਦਰਜ ਕੀਤੇ ਗਏ ਹਨ। ਹਰੇਕ ਸਾਲ ਔਸਤਨ 46 ਵਿਜੀਲੈਂਸ ਇਨਕੁਆਇਰੀਆਂ ਕੀਤੀਆਂ ਗਈਆਂ ਹਨ। ਵਿਜੀਲੈਂਸ ਬਿਊਰੋ ਦਾ ਕਨਵਿਕਸ਼ਨ ਰੇਟ ਸਾਲ 2020 ਵਿਚ 18% ਅਤੇ ਸਾਲ 2021 ਵਿਚ 30% ਰਿਹਾ ਹੈ। ਪੰਜਾਬ ਵਿੱਚੋਂ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨਾ ਸਿਰਫ਼ ਮੁੱਖ ਮੰਤਰੀ ਪੰਜਾਬ ਦਾ ਹੀ ਸੁਪਨਾ ਨਹੀਂ ਹੈ ਸਗੋਂ ਸਾਰੇ ਪੰਜਾਬੀਆਂ ਦਾ ਸੁਪਨਾ ਹੈ ਜਿਸ ਨੂੰ ਹਕੀਕਤ ਵਿਚ ਬਦਲਣ ਲਈ ਸਭ ਨੂੰ ਪ੍ਰਤੀਬੱਧਤਾ ਅਤੇ ਇਮਾਨਦਾਰੀ ਦਿਖਾਉਣੀ ਹੋਵੇਗੀ। ਭ੍ਰਿਸ਼ਟਾਚਾਰ ਰੋਕੂ ਕਾਨੂੰਨ 1988 ਦੇ ਨਾਲ-ਨਾਲ ਸੂਚਨਾ ਦਾ ਅਧਿਕਾਰ ਕਾਨੂੰਨ 2005 ਨੂੰ ਵੀ ਅਸਰਦਾਰ ਬਣਾਉਣਾ ਹੋਵੇਗਾ। ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਪੰਜਾਬ ਦੀ ਅਫ਼ਸਰਸ਼ਾਹੀ ਦੇ ਨਾਲ-ਨਾਲ ਪੰਜਾਬ ਦੇ ਮੰਤਰੀ, ਐੱਮਪੀ, ਐੱਮਐੱਲਏ ਵੀ ਸੂਚਨਾ ਦੇ ਅਧਿਕਾਰ ਕਾਨੂੰਨ ਅਧੀਨ ਆਪਣੀ ਮਰਜ਼ੀ ਨਾਲ ਹਰ ਮਹੀਨੇ ਆਪਣੀ ਕਾਰਗੁਜ਼ਾਰੀ ਪੰਜਾਬ ਦੇ ਲੋਕਾਂ ਨਾਲ ਸਾਂਝੀ ਕਰਨ। ਸੂਚਨਾ ਦਾ ਅਧਿਕਾਰ ਕਾਨੂੰਨ 2005 ਅਧੀਨ ਲੋਕਾਂ ਪ੍ਰਤੀ ਜਵਾਬਦੇਹ ਨਾ ਹੋਣਾ ਅਤੇ ਆਪਣੀ ਕਾਰਗੁਜ਼ਾਰੀ ਵਿਚ ਪਾਰਦਰਸ਼ਿਤਾ ਨਾ ਦਿਖਾਉਣੀ ਵੀ ਭ੍ਰਿਸ਼ਟਾਚਾਰ ਨੂੰ ਉਤਸ਼ਾਹਿਤ ਕਰਨ ਦੇ ਬਰਾਬਰ ਹੈ।

**ਤਰਲੋਚਨ ਸਿੰਘ ਭੱਟੀ**
**ਸਾਬਕਾ ਪੀਸੀਐੱਸ ਅਫ਼ਸਰ**

# ਅੰਮ੍ਰਿਤਸਰ ’ਚ ਮਿੱਟੀ ਹੁੰਦੀ ਮਹਾਨ ਵਿਰਾਸਤ

**ਮਾਈਕਲ,**
**ਸ੍ਰੀ ਅੰਮ੍ਰਿਤਸਰ ਸਾਹਿਬ**



ਜ਼ਿਲਾ ਅੰਮ੍ਰਿਤਸਰ ਸਾਹਿਬ ਦੀ ਤਹਿਸੀਲ ਅਜਨਾਲਾ ਦੇ ਪਿੰਡ ਰਾਨੇਵਾਲੀ ਵਿੱਚ ਮੌਜੂਦ ਘਰਾਟਾਂ ਨਾਲ ਚਲਦੀ ਆਟਾ ਚੱਕੀ ਜੋ ਕਿ ਲਾਹੌਰ ਬ੍ਰਾਂਚ ਨਹਿਰ (ਯੂ ਬੀ ਡੀ ਕੈਨਾਲ) ਦੇ ਬਿਲਕੁਲ ਉੱਤੇ ਤੱਤਕਾਲੀਨ ਬ੍ਰਿਟਿਸ਼ ਇੰਡੀਆ ਹਕੂਮਤ ਵੱਲੋਂ ਸਾਲ 1911 ਵਿੱਚ ਬਣਵਾਈ ਗਈ ਸੀ। ਮੌਜੂਦਾ ਸਮੇਂ ਪੰਜਾਬ ਸਰਕਾਰ ਦੀ ਸਾਲਾਂ ਤੋਂ ਅਣਗਿਹਲੀ ਕਰਕੇ ਇਸਦੀ ਹੋਂਦ ਖ਼ਤਰੇ ਵਿੱਚ ਹੈ। ਤਕਰੀਬਨ ਇੱਕ ਸਾਲ ਤੋਂ ਆਟਾ ਚੱਕੀ ਨਹੀਂ ਚੱਲ ਪਾ ਰਹੀ। ਜਿਸ ਦਾ ਮੁੱਖ ਕਾਰਨ ਇਮਾਰਤ ਦਾ ਖ਼ਸਤਾ ਹੋਣਾ ਹੈ ਅਤੇ ਦੂਜਾ ਨਹਿਰ ਨੂੰ ਪੱਕੀ ਕਰਨ ਦਾ ਕੰਮ ਚਲ ਰਿਹਾ ਸੀ, ਹਾਲਾਂਕਿ ਉਹ ਮੁਕੰਮਲ ਹੋ ਚੁੱਕਾ ਹੈ। ਪਰ ਜੇਕਰ ਇਸ ਆਟਾ ਚੱਕੀ ਦੀ ਇਮਾਰਤ ਦੀ ਸਰਕਾਰੀ ਸਹਿਯੋਗ ਨਾਲ ਮੁਰੰਮਤ ਹੋ ਜਾਵੇ ਅਤੇ ਆਟਾ ਚੱਕੀ ਦੀ ਮਸ਼ੀਨ ਨੂੰ ਚਲਾਉਣ ਲਈ ਵੀ ਸਰਕਾਰੀ ਸਹਿਯੋਗ ਮਿਲੇ ਤਾਂ ਇਹ ਬਹੁਤ ਵਧੀਆ ਕਦਮ ਹੋਵੇਗਾ।

ਪੁਰਾਣੇ ਬਜ਼ੁਰਗ ਦੱਸਦੇ ਹਨ ਕਿ ਇਸ ਆਟਾ ਚੱਕੀ ਦਾ ਆਟਾ ਬਹੁਤ ਹੀ ਵਧੀਆ ਕੁਆਲਿਟੀ ਦਾ ਹੁੰਦਾ। ਪ੍ਰੋਟੀਨ ਹੁੰਦਾ ਕਾਫ਼ੀ, ਇਸ ਮਸ਼ੀਨ ਦੀ ਬਣਤਰ ਹੀ ਅਜਿਹੀ ਹੁੰਦੀ। ਅੱਜ ਆਪਣੇ ਵੱਡੇ ਵੀਰ ਦੀਪਕ ਕੁਮਾਰ ਨਾਲ ਇਸ ਪਿੰਡ ਜਾਣ ਦਾ ਮੌਕਾ ਮਿਲਿਆ। ਪਹਿਲਾ ਅਸੀਂ ਸੋਚਿਆ ਸੀ ਕਿ ਇਥੇ ਆਟਾ ਚੱਕੀ ਚੱਲਦੀ ਹੋਵੇਗੀ। ਇਸ ਪਿੰਡ ਜਾਕੇ ਜਿਵੇਂ ਇੱਕ ਅਲਗ ਹੀ ਨਜ਼ਾਰਾ ਸੀ, ਪਤਾ ਹੀ ਨਹੀਂ ਲੱਗਾ ਕਿਵੇਂ ਸਮਾਂ ਬੀਤ ਗਿਆ। ਇੱਕ ਅਲੱਗ ਹੀ ਦੁਨੀਆਂ ਹੈ ਇੱਥੇ, ਇੱਕ ਪਾਸੇ ਨਹਿਰ ਹੈ, ਨਾਲ ਹੀ ਘਰਾਟਾਂ ਨਾਲ ਚਲਦੀ ਆਟਾ ਚੱਕੀ ਮਸ਼ੀਨ ਅਤੇ ਦੂਜੇ ਪਾਸੇ ਅੰਬਾ ਦੇ ਬਾਗ਼। ਹਰ ਇੱਕ ਸਾਹ ਜਿਵੇਂ ਪੰਜਾਬ ਦੀ ਸੋਹਣੀ ਹਵਾ ਨਾਲ ਭਰ ਰਿਹਾ ਸੀ।

ਇਸ ਆਟਾ ਚੱਕੀ ਅਤੇ ਇਮਾਰਤ ਦੀ ਮੁਰੰਮਤ ਕਰਵਾਉਣ ਲਈ ਮੌਜ਼ੂਦਾ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਤੱਕ ਵੀ ਪਹੁੰਚ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਬਾਰੇ ਮੈਂ ਮਸਲਾ ਕੁੱਝ ਵਧੀਆ ਲੋਕਾਂ ਤੱਕ ਪਹੁੰਚਾ ਦਿੱਤਾ ਹੈ। ਇਹ ਘਰਾਟਾਂ ਨਾਲ ਚਲਦੀ ਆਟਾ ਚੱਕੀ ਪੰਜਾਬ ਵਿੱਚ ਬਾਹਰੋ ਆਉਂਦੇ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣ ਸਕਦੀ ਹੈ। ਅਜੇ ਇਸ ਬਾਰੇ ਜਿਨਾਂ ਨੂੰ ਪਤਾ ਹੈ, ਉਹ ਉਚੇਚੇ ਤੌਰ ’ਤੇ ਇੱਥੇ ਹੋਕੇ ਆਉਂਦੇ ਹਨ, ਹਾਲਾਂਕਿ ਨਿਰਾਸ਼ ਹੋ ਕੇ ਵਾਪਸ ਮੁੜਦੇ ਹਨ। ਇਹ ਵੀ ਮੈਂ ਪੜਿਆ ਹੈ ਕਿ ਜ਼ਿਲਾ ਅੰਮ੍ਰਿਤਸਰ ਵਿੱਚ ਹੀ ਕਿਤੇ ਅਜਿਹੀ ਹੋਰ ਘਰਾਟਾਂ ਨਾਲ ਚਲਦੀ ਆਟਾ ਚੱਕੀ ਦੀਆਂ ਮਸ਼ੀਨਾਂ ਹਨ ਜੋ ਕਿ ਬੰਦ ਹੋ ਚੁੱਕੀਆਂ ਹਨ। ਜੇਕਰ ਪੰਜਾਬ ਖ਼ਾਸ ਤੌਰ ’ਤੇ ਜ਼ਿਲਾ ਅੰਮ੍ਰਿਤਸਰ ਵਿੱਚ ਇਸ ਮਹਾਨ ਮਿੱਟੀ ਹੁੰਦੀ ਵਿਰਾਸਤ ਨੂੰ ਅੱਜ ਬਚਾਉਣ ਲਈ ਕੁੱਝ ਕੀਤਾ ਨਾ ਗਿਆ ਤਾਂ ਆਉਂਦੇ ਦਿਨਾਂ ’ਚ ਇਹ ਵੀ ਬੰਦ ਹੋ ਜਾਣੀਆਂ ਹਨ। ਪੂਰੇ ਜ਼ਿਲਾ ਅੰਮ੍ਰਿਤਸਰ ਸਾਹਿਬ ਵਿੱਚ ਇਹ ਇਕੱਲੀ ਹੀ ਘਰਾਟਾਂ ਨਾਲ ਚਲਦੀ ਆਟਾ ਚੱਕੀ ਮਸ਼ੀਨ ਰਹਿ ਗਈ ਹੈ ਜਿਸ ਦੀ ਅੱਜ ਇਹ ਹਾਲਤ ਵੇਖ ਨਿਰਾਸ਼ਾ ਹੋਈ।

ਉੱਮੀਦ ਕਰਦੇ ਹਾਂ ਕਿ ਆਉਂਦੇ ਦਿਨਾਂ ਵਿਚ ਇਸ ਘਰਾਟਾਂ ਨਾਲ ਚਲਦੀ ਆਟਾ ਚੱਕੀ ਮਸ਼ੀਨ ਦੀ ਹੋਂਦ ਨੂੰ ਬਚਾਉਣ ਲਈ ਕੋਈ ਬੇਹਤਰ ਸਰਕਾਰੀ ਕੋਸ਼ਿਸ਼ ਹੋਵੇਗੀ। ਇਸ ਘਰਾਟਾਂ ਨਾਲ ਚਲਦੀ ਆਟਾ ਚੱਕੀ ਇੱਕ ਚੱਕੀ ਨਾ ਰਹਿ ਕੇ ਪੰਜਾਬ ਦੇ ਸੈਰ ਸਪਾਟਾ ਨੂੰ ਨਵੀਂ ਦਿਸ਼ਾ ਦੇ ਸਕਦੀ। ਜੇਕਰ ਪੰਜਾਬ ਵਿੱਚ ਸੈਰ ਸਪਾਟਾ ਦਾ ਕਿਸੇ ਕੋਲ ਵੀ ਵਿਜਨ ਹੈ ਤਾਂ ਅਜਿਹੀ ਥਾਵਾਂ ਨੂੰ ਬਚਾਉਣ ਦੀ ਲੋੜ ਹੈ ਅਤੇ ਇਨਾਂ ਥਾਵਾਂ ਨੂੰ ਸੈਰ ਸਪਾਟਾ ਕੇਂਦਰ ਵੱਜੋਂ ਵਿਕਸਿਤ ਕਰਨ ਦੀ ਵੱਡੀ ਲੋੜ ਹੈ। ਬਾਕੀ ਸਾਡੀ ਕੋਸ਼ਿਸ਼ ਹਮੇਸ਼ਾ ਜਾਰੀ ਰਹੇਗੀ ਕਿ ਅੰਮ੍ਰਿਤਸਰ ਸਾਹਿਬ ਅਤੇ ਪੰਜਾਬ ਵਿੱਚ ਰੁਲਦੀ ਅਮੀਰ ਵਿਰਾਸਤ ਨੂੰ ਬਚਾਇਆ ਜਾ ਸਕੇ।

# ਯਾਦਾਂ ਦੇ ਝਰੋਖੇ ’ਚ ਰੌਣਕੀ ਬੰਦੇ-3

**ਹਰਵਿੰਦਰ ਸਿੰਘ ਭੱਟੋਂ**

ਸਾਡਾ ਮਰਹੂਮ ਮਿੱਤਰ ਪੰਮਾ ਬਾਈ ਯਾਰਾਂ ਦਾ ਯਾਰ ਤੇ ਫ਼ੱਕਰ ਬੰਦਾ ਸੀ ਉਹਦੀ ਬੇਪ੍ਰਵਾਹੀ ਦੇ ਕਿੰਨੇ ਹੀ ਕਿੱਸੇ ਨੇ ..ਚਾਹੇ ਕਿੰਨਾ ਹੀ ਲੰਮਾ ਫ਼ਾਸਲਾ ਕਿਉਂ ਨਾ ਹੋਵੇ ਪ੍ਰਵਾਹ ਨਹੀਂ ਸੀ ਕਰਦਾ ਆਉਣ ਜਾਣ ਦੀ, ਉਨਾਂ ਵਿੱਚੋਂ ਇੱਕ ਹੋਰ ਯਾਦ ਤੁਹਾਡੇ ਨਾਲ ਸਾਂਝੀ ਕਰਦਾ ਹਾਂ।

ਇੱਕ ਵਾਰ ਅਸੀਂ ਸਾਰੇ ਯੂਨੀਵਰਸਿਟੀ ਪੰਜਾਬੀ ਡਿਪਾਰਟਮੈਂਟ ਵਾਲੀ ਹੱਟ ਤੇ ਬੈਠੇ..ਦੁਪਹਿਰ ਦਾ ਸਮਾਂ ਸੀ। ਅਸੀਂ 15-20 ਜਣੇ ਬੈਠੇ ਸੀ..। ਸਾਰਿਆਂ ਨੇ ਫੈਸਲਾ ਕੀਤਾ ਕਿ ਹੋਸਟਲ ਜਾ ਕੇ ਸਾਰੇ ਖਾਣਾ ਖਾਨੇ ਆਂ, ਅਸੀਂ ਸਾਰੇ ਕੰਟੀਨਾਂ ਦੇ ਮਗਰ ਦੀ ਤੁਰ ਕੇ ਚਾਰ ਨੰਬਰ ਹੋਸਟਲ ਵੱਲ ਨੂੰ ਹੋ ਲਏ। ਪੰਮੇ ਬਾਈ ਨੇ ਸਾਡੇ ਨਾਲ ਦੇ ਇੱਕ ਸਾਥੀ ਨੂੰ ਆਪਣੇ ਚੇਤਕ ਸਕੂਟਰ ’ਤੇ ਮਗਰ ਬਠਾ ਲਿਆ ਕਿ ਅਸੀਂ ਆਏ ਬੱਸ..। ਤੁਹਾਡੇ ਮਗਰ ਹੀ ਹੋਸਟਲ ਚਲੋ ਤੁਸੀਂ, ਅਸੀਂ ਸੋਚਿਆ ਯੂਨੀਵਰਸਿਟੀ ਅੰਦਰ ਹੀ ਕੋਈ ਕੰਮ ਹੋਣੈ, ਪਰ ਪੰਮਾ ਬਾਈ ਤੇ ਉਹ ਸਾਥੀ ਦੂਜੇ ਦਿਨ ਸ਼ਾਮ ਨੂੰ ਮਿਲੇ...।




ਅਸੀਂ ਨਾਲ ਦੇ ਨੂੰ ਪੁੱਛਿਆ ਕਿ ਕਿੱਧਰ ਲੰਘ ਗਏ ਸੀ ਤੁਸੀਂ, ਕਹਿੰਦਾ ਪੁੱਛੋ ਨਾ ਬੱਸ ਕੱਲ ਪੰਮੇ ਬਾਈ ਦਾ ਸਕੂਟਰ ਪਹਿਲਾਂ ਯੂਨੀਵਰਸਿਟੀ ਦਾ ਗੇਟ ਲੰਘ ਕੇ ਬਾਹਰ ਮੁਹਾਲੀ ਵੱਲ ਨੂੰ ਹੋ ਗਿਆ, ਮੈਂ ਕੁਝ ਨਹੀਂ ਬੋਲਿਆ, ਬੈਠਾ ਰਿਹਾ ਪਿੱਛੇ। ਫੇਰ ਹੌਲੀ ਹੌਲੀ ਚੰਡੀਗੜ ਖਤਮ ਹੋ ਕੇ ਮੁਹਾਲੀ ਵੀ ਲੰਘ ਗਈ। ਜਦੋਂ ਖਰੜ ਵੀ ਲੰਘ ਗਏ ਤਾਂ ਮੈਂ ਪੁੱਛਿਆ ਕਿ ਬਾਈ ਜੇ ਕਿਤੇ ਥੋੜਾ ਦੂਰ ਜਾਣਾ ਸੀ ਤਾਂ ਆਪਾਂ ਰੋਟੀ ਤਾਂ ਖਾ ਆਉਂਦੇ। ਬਾਈ ਹੱਸ ਕੇ ਜੇ ਸਕੂਟਰ ਚਲਾਈ ਗਿਆ ਮੈਂ ਕੁਝ ਟਾਇਮ ਬਾਅਦ ਪੁੱਛਿਆ ਕਿ ਬਾਈ ਆਪਾਂ ਵੈਸੇ ਚੱਲੇ ਕਿੱਥੇ ਆਂ। ਬੱਸ ਯਾਰ ਆਪਾਂ ਫਿਰੋਜ਼ਪੁਰ ਤੱਕ ਜਾਣ ਆਉਣ ਹੀ ਕਰਨਾ। ਉਹ ਨਾਲ ਵਾਲਾ ਕਹਿੰਦਾ, ਮੈਂ ਰੌਲਾ ਪਾ ਲਿਆ ਕਿ ਬਾਈ ਫ਼ਿਰੋਜ਼ਪੁਰ ਕਿਤੇ ਨੇੜੇ ਹੀ ਆ, ਚੰਡੀਗੜ ਤੋਂ ਫ਼ਿਰੋਜ਼ਪੁਰ 220-225 ਕਿਲੋਮੀਟਰ ਦੂਰ ਆ। ਆਪਾਂ ਯਾਰ ਕਿਸੇ ਨਾਲ ਦੇ ਦੀ ਕਾਰ ਮੰਗ ਕੇ ਲੈ ਆਉਂਦੇ, ਕਹਿੰਦਾ ਪੰਮਾ ਬਾਈ ਕਹਿੰਦਾ..ਮਲਕੇ ਬਾਬੇ ਤੂੰ ਬੈਠਾ ਰਹਿ ਕੈਮ ਹੋ ਕੇ..ਬੱਸ ਤੈਨੂੰ ਲੁਧਿਆਣਾ ਲੰਘ ਕੇ ਚਾਹ ਪਿਲਾਉਨਾ ਮੈਂ ਕਿਸੇ ਢਾਬੇ ਤੋਂ।

ਕਹਿੰਦਾ ਅਸੀਂ ਇੱਕ ਕੁ ਵਜੇ ਦੇ ਚੱਲੇ ਦਿਨ ਛਿਪੇ ਜਿਹੇ ਜਾ ਪਹੁੰਚੇ ਫ਼ਿਰੋਜ਼ਪੁਰ। ਉੱਥੇ ਪੰਮੇ ਬਾਈ ਨੇ ਕਿਸੇ ਤੋਂ ਉਧਾਰ ਦਿੱਤੇ ਪੈਸੇ ਵਾਪਸ ਲੈਣੇ ਸੀ। ..ਉਧਾਰ ਲੈਣ ਵਾਲਾ ਚੰਡੀਗੜ ਆਉਂਦਾ ਹੀ ਨਹੀਂ ਸੀ ਪੈਸੇ ਮੋੜਨ ਦਾ ਮਾਰਾ। ਬਾਈ ਉਹਨੂੰ ਕਹਿੰਦਾ ਸਾਨੂੰ ਦੱਸ ਕਿੱਥੋਂ ਪੈਸੇ ਲੈ ਕੇ ਜਾਣੇ ਨੇ ਹੁਣ ਤਾਂ, ਉਹਨੇ ਅੱਧੇ ਕੁ ਪੈਸੇ ਸਾਨੂੰ ਦੇ ਦਿੱਤੇ, ਘੰਟੇ ਕੁ ਵਿੱਚ ਲਿਆ ਕੇ, ਮੈਨੂੰ ਸੀ ਕਿ ਬਾਈ ਹੁਣ ਉਹਨੂੰ ਕਹੂਗਾ ਅਸੀਂ ਤੇਰੇ ਕੋਲ ਰਾਤ ਰਹਾਂਗੇ, ਪਰ ਬਾਈ ਤਾਂ ਫਤਿਹ ਬੁਲਾ ਕੇ ਵਾਪਸ ਚੱਲ ਪਿਆ ਚੰਡੀਗੜ ਨੂੰ। ਯਾਰ ਪੁੱਛੋ ਨਾ ਬੱਸ, ਸਾਰੀ ਰਾਤ ਫੇਰ ਸਕੂਟਰ ਤੇ ਲੰਘ ਗਈ, ਸਵੇਰੇ ਜਿਹੇ 4-5 ਵਜੇ ਆ ਕੇ ਵੜੇ ਆ ਹੋਸਟਲ।

ਅਗਲੇ ਦਿਨ ਅਸੀਂ ਸਾਰੇ ਪੰਮੇ ਬਾਈ ਨੂੰ ਕਹੀ ਜਾਈਏ ਕਿ ਬਾਈ ਤੂੰ ਕਾਰ ਲੈ ਜਾਂਦਾ, ਆਪਣੇ ਵਿੱਚੋਂ ਕਿਸੇ ਦੀ ਜੇ ਇੰਨੀ ਦੂਰ ਜਾਣਾ ਸੀ। ਹੱਸ ਕੇ ਜਿਹੇ ਕਹਿੰਦਾ ਬਾਬੇ ਬੱਸ ਮੂਡ ਜਿਹਾ ਬਣ ਗਿਆ ਕਿ ਗੇੜਾ ਮਾਰ ਆਉਂ ਆਹ ਤਾਂ ਪਿਆ ਫ਼ਿਰੋਜ਼ਪੁਰ।

**(ਸਮਾਪਤ)**

Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

## ਸਾਵਣੁ ਸਰਸ ਮਨਾ ਘਣ...

ਜਗਿਆਸੂ ਕਣ ਕਣ ਵਿਚੋਂ ਰਬੀ ਅਨੁਭਵ ਦਾ ਆਨੰਦ ਮਾਣਦਾ ਹੈ। ਜਗਿਆਸੂ ਜੀਵ ਇਸਤਰੀ ਦਾ ਮਨ ਪ੍ਰਭੂ ਮਿਲਾਪ ਲਈ ਤੜਪਦਾ ਹੈ ਤੇ ਮਿਲਾਪ ਉਸ ਦੀ ਬਖ਼ਸ਼ਿਸ਼ ਸਦਕਾ ਹੀ ਸੰਭਵ ਹੁੰਦਾ ਹੈ। ਜਿਨਾਂ ਨੂੰ ਇਹ ਬਖ਼ਸ਼ਿਸ਼ ਪ੍ਰਾਪਤ ਹੋ ਜਾਂਦੀ ਹੈ ਉਹ ਆਦਰਸ਼ ਮਨੁਖ ਬਣ ਜਾਂਦੇ ਹਨ ਕਿਉਂਕਿ ਉਹ ਆਪਣੀ ਬਖਸ਼ਿਸ਼ ਸਦਕਾ ਹੀ ਉਨਾਂ ਨੂੰ ਆਪਣੇ ਸ਼ਬਦ ਦੀ ਸੋਝੀ ਰਾਹੀਂ ਸੰਵਾਰ ਦਿੰਦਾ ਹੈ। ਗੁਰੂ ਜੀ ਫਰਮਾਉਂਦੇ ਹਨ ਕਿ ਸਾਵਣ ਦੇ ਮਹੀਨੇ ਵਿਚ ਉਹੀ ਜੀਵ ਇਸਤਰੀਆਂ ਸੁਹਾਗਣਾਂ ਵਾਂਗ ਆਪਣੇ ਪਤੀ ਦੇ ਮਿਲਾਪ ਨੂੰ ਮਾਣਦੀਆਂ ਹਨ ਜਿਨਾਂ ਦੇ ਹਿਰਦੇ ਰੂਪ ਗਲ ਵਿਚ ਉਸਦੇ ਨਾਮ ਦੀ ਮਾਲਾ ਪੈ ਜਾਂਦੀ ਹੈ : ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿਹਾਰੁ॥ (ਉਹੀ,ਪੰਨਾ ੧੩੪)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਆਪਣੇ ਉਚਾਰਨ ਕੀਤੇ ਹੋਏ ਬਾਰਹ ਮਾਹਾ ਵਿਚ ਸਾਵਣ ਮਹੀਨੇ ਦੇ ਪਰਥਾਏ ਉਚਾਰਨ ਕਰਦੇ ਹਨ ਕਿ :

ਤਾਲ ਭਰੇ ਜਲ ਪੂਰਨ ਸੋ
ਅਰ ਸਿੰਧ ਮਿਲੀ ਸਰਿਤਾ ਸਭ ਜਾਈ॥
ਤੈਸੇ ਘਟਾਨਿ ਛਟਾਨਿ ਮਿਲੀ
ਅਤਿ ਹੀ ਪਪੀਹਾ ਪੀਯ ਟੇਰ ਲਗਾਈ॥
ਸਾਵਣ ਮਾਹਿ ਲਗਿਓ ਬਰਸਾਵਨ ਭਾਵਨ ਨਾਹਿ ਹਾ ਹਾ ਘਰ ਮਾਈ॥੯੧੮॥

ਗੁਰੂ ਸਾਹਿਬ ਪ੍ਰਕਿਰਤੀ ਚਿਤਰਨ ਦੇ ਨਾਲ ਗੁਰਸਿਖਾਂ ਦੀ ਆਤਮਿਕ ਅਵਸਥਾ ਦਾ ਵੀ ਜਿਕਰ ਕਰਦੇ ਹਨ ਕਿ ਗੁਰੂ ਰੂਪੀ ਸਾਗਰ ਵਿਚ ਸਿੱਖ ਰੂਪ ਨਦੀਆਂ ਸ਼ਬਦ ਅਭਿਆਸ ਸਦਕਾ ਰਲੀਆਂ ਹਨ ਅਤੇ ਅਭੇਦ ਹੋ ਗਈਆਂ ਹਨ।ਹੁਣ ਉਨਾਂ ਨੂੰ ਪੰਚ ਸ਼ਬਦ ਦਾ ਨਾਦ ਸੁਣਾਈ ਦੇ ਰਿਹਾ ਹੈ ਅਤੇ ਪ੍ਰਭੂ ਜੋਤਿ ਦਾ ਪ੍ਰਕਾਸ਼ ਨਜਰ ਆ ਰਿਹਾ ਹੈ ਪਰ ਜਿਨਾਂ ਉਤੇ ਪ੍ਰਭੂ ਬਖਸ਼ਿਸ਼ ਹੋਵੇ ਉਹ ਹੀ ਇਸ ਮਿਲਾਪ ਅਤੇ ਨਾਦ ਦੇ ਯੋਗ ਹੋਏ ਹਨ ਅਤੇ ਨਿਰੰਤਰ ਬਬੀਹੇ ਵਾਂਗ ਤੂੰ ਤੂੰ ਦੀ ਧੁਨੀ ਵਿਚ ਮਸਤ ਹੋਏ ਹਨ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਜਿਵੇਂ ਸਾਵਣ ਦਾ ਮੀਂਹ ਸਾਰਿਆਂ ਤੇ ਪੈਂਦਾ ਹੈ ਉਸੇ ਤਰਾਂ ਪ੍ਰਭੂ ਦੀ ਬਖਸ਼ਿਸ਼ ਤਾਂ ਸਾਰਿਆਂ ਤੇ ਹੁੰਦੀ ਹੈ ਪਰ ਜਿਨਾਂ ਨੇ ਮਨ ਪ੍ਰਭੂ ਨੂੰ ਛੱਡ ਕੇ ਹੋਰ ਕਿਸੇ ਨਾਲ ਲਾ ਲਿਆ ਹੈ ਉਨਾਂ ਨੂੰ ਇਹ ਰਸ ਪ੍ਰਾਪਤ ਨਹੀਂ ਹੁੰਦਾ ਤੇ ਜਿਨਾਂ ਦੇ ਹਿਰਦੇ ਵਿਚ ਪ੍ਰਭੂ ਮਿਲਾਪ ਦੀ ਕਸਕ ਹੁੰਦੀ ਹੈ ਉਨਾਂ ਨੂੰ ਇਹ ਬਖ਼ਸ਼ਿਸ਼ ਪ੍ਰਾਪਤ ਹੋ ਜਾਂਦੀ ਹੈ। ਗੁਰੂ ਸਾਹਿਬਾਨ ਨੇ ਸਾਵਣ ਦੇ ਮਹੀਨੇ ਵਿਚ ਸੁਹਾਗਣ ਅਤੇ ਦੁਹਾਗਣਾਂ ਦੇ ਦ੍ਰਿਸ਼ਟਾਂਤ ਰਾਹੀਂ ਜੀਵਾਂ ਦੇ ਅੰਦਰ ਦੀ ਅਵਸਥਾ ਦਾ ਜਿਕਰ ਕੀਤਾ ਹੈ ਅਤੇ ਸਾਨੂੰ ਉਪਦੇਸ਼ ਕੀਤਾ ਹੈ ਕਿ ਸਾਵਣ ਦਾ ਮਹੀਨਾ ਆਇਆ ਹੈ ਤੇ ਆਪਣੇ ਆਪ ਨੂੰ ਪ੍ਰਭੂ ਬਖਸ਼ਿਸ਼ ਦੇ ਪਾਤਰ ਬਣਾਓ ਅਤੇ ਨਾਮ ਨੂੰ ਅਮਲ ਵਿਚ ਲਿਆਓ :

ਸਾਵਣੁ ਸਰਸ ਮਨਾ ਘਣ ਵਰਸੈ ਰੁਤਿ ਆਇ॥ (ਉਹੀ, ਪੰਨਾ ੧੧੦੭)

## ਜੋਤੀ ਜੋਤਿ ਰਲੀ

ਗੁਰਬਾਣੀ ਦੇ 'ਜੋਤੀ ਜੋਤਿ' ਵਾਲੇ ਸ਼ਬਦਾਂ ਤੋ ਇਹ ਸਿੱਧ ਹੁੰਦਾ ਹੈ ਕਿ ਸਾਡੇ ਸਾਰੇ ਗੁਰੂ ਸਾਹਿਬਾਨ ਤੇ ਜਿਨਾਂ ਭਗਤਾਂ ਦੀ ਵੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਅਤੇ ਬਾਬਾ ਬੁੱਢਾ ਜੀ ਵਰਗੇ ਹੋਰ ਮਹਾਂਪੁਰਖ, ਉਹ ਸਾਰੇ ਹੀ ਆਪਣੇ ਜੀਵਨ ਕਾਲ ਵਿੱਚ ਹੀ ਅਕਾਲ ਪੁਰਖ ਦੀ ਜੋਤ ਵਿੱਚ ਲੀਨ ਸਨ । ਇਸੇ ਕਰਕੇ ਹੀ ਤਾਂ ਉਹ ਸਾਨੂੰ ਅਕਾਲ ਪੁਰਖ ਦੀ ਸੋਝੀ ਦੇਂਦੇ ਸਨ, ਅਤੇ ਅਸੀਂ ਉਨਾਂ ਨੂੰ ਰੱਬ ਦਾ ਰੂਪ ਵੀ ਆਖਦੇ ਹਾਂ। ਜਿਵੇਂ ਗੁਰਮਤਿ ਅਨੁਸਾਰ ਇਨਸਾਨ ਨੇ ਆਪਣੇ ਜਿਉਂਦਿਆਂ ਜੀਅ ਹੀ ਮੁਕਤੀ ਪ੍ਰਾਪਤ ਕਰਨੀ ਹੈ, ਨਾਕਿ ਸਰੀਰਕ ਮੌਤ ਹੋਣ ਦੇ ਬਾਅਦ, ਇੰਝ ਹੀ ਸਿੱਖ ਧਰਮ ਵਿੱਚ ਜਿਉਂਦੇ ਜੀਅ ਹੀ 'ਜੋਤੀ ਜੋਤਿ ਸਮਾਉਣ' ਬਾਰੇ ਉਪਦੇਸ਼ ਹੈ।

## ਸਿੱਖ ਇਤਿਹਾਸਕਾਰੀ ਦਾ...

ਹਾਲਾਂਕਿ ਸਾਡੀਆਂ ਪ੍ਰਚਲਤ ਇਤਿਹਾਸਕ ਪੁਸਤਕਾਂ ਇਸ ਬਾਰੇ ਬਿਲਕੁਲ ਚੁਪ ਹਨ ਤੇ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ 20 ਸਾਲ ਬਕਾਲੇ ਵਿਖੇ ਤਪ ਕਰਦੇ ਰਹੇ. ਪ੍ਰੰਤੂ ਭੱਟ ਵਹੀਆਂ ਦਸਦੀਆਂ ਹਨ ਕਿ ਗੁਰੂ ਸਾਹਿਬ ਨੇ 11 ਹਾੜ, ਸੰਮਤ 1713 ਨੂੰ ਲੰਮੀ ਯਾਤਰਾ 'ਤੇ ਜਾਣ ਦੀ ਤਿਆਰੀ ਕੀਤੀ : ਗੁਰੂ ਤੇਗ ਬਹਾਦਰ ਜੀ ਬੇਟਾ ਗੁਰੂ ਹਰਿਗੋਬਿੰਦ ਜੀ ਮਹਲ ਛਟੇ ਕਾ, ਪੋਤਾ ਗੁਰੂ ਅਰਜਨ ਕਾ ਸੋਢੀ ਖਤਰੀ ਬਾਸੀ ਕੀਰਤਪੁਰ ਪ੍ਰਗਣਾ ਕਹਿਲੂਰ ਸੰਮਤ ਸਤ੍ਰਾਂ ਸੈ ਤੇਰਾਂ ਅਸਾਢ ਪ੍ਰਵਿਸ਼ਟੇ ਗਿਆਰਾਂ ਤੀਰਥ ਯਾਤਰਾ ਜਾਨੇ ਕੀ ਤਿਆਰੀ ਕੀ। ਗੈਲੋਂ ਮਾਤਾ ਨਾਨਕੀ ਜੀ ਆਈ ਇਸਤ੍ਰੀ ਗੁਰੂ ਹਰਿਗੋਬਿੰਦ ਜੀ ਕੀ, ਮਾਤਾ ਨੇਤੀ ਜੀ ਆਈ ਇਸਤ੍ਰੀ ਗੁਰੂ ਗੁਰਦਿਤਾ ਜੀ ਕੀ, ਮਾਤਾ ਹਰੀ ਜੀ ਆਈ ਇਸਤ੍ਰੀ ਗੁਰੂ ਸੂਰਜ ਮਲ ਕੀ, ਬਾਵਾ ਬਾਲੂ ਹਸਨਾ ਤੇ ਬਾਵਾ ਅਲਮਸਤ ਜੀ ਆਏ, ਚੇਲੇ ਗੁਰੂ ਗੁਰਦਿਤਾ ਜੀ ਕੇ। ਮਾਤਾ ਗੁਜਰੀ ਜੀ ਆਈ ਇਸਤ੍ਰੀ ਗੁਰੂ ਤੇਗ ਬਹਾਦਰ ਜੀ ਕੀ। ਕ੍ਰਿਪਾਲ ਚੰਦ ਆਇਆ ਬੇਟਾ ਬਾਬਾ ਲਾਲ ਚੰਦ ਸੁਭਿਖੀ ਕਾ, ਦੀਵਾਨ ਦਰਗਹ ਮਲ ਆਇਆ ਬੇਟਾ ਦੁਆਰਕਾ ਦਾਸ ਛਿਬਰ ਬ੍ਰਾਹਮਨ ਕਾ, ਸਾਧੂਰਾਮ ਆਇਆ ਬੇਟਾ ਧਰਮਚੰਦ ਖੋਸਲੇ ਕਾ, ਦੁਰਗਾ ਦਾਸ ਆਇਆ ਬੇਟਾ ਪਦਮ ਰਾਇ ਹਜ਼ਾਬਤ ਚੌਹਾਨ ਕਾ, ਦਰੀਆ ਆਇਆ ਬੇਟਾ ਮੂਲ ਚੰਦ ਜਲਾਨੇ ਪੁਆਰ ਕਾ, ਦਿਆਲ ਦਾਸ ਆਇਆ ਬੇਟਾ ਮਾਈਦਾਸ ਪੁਆਰ ਬਲਊਤ ਕਾ, ਚਉਪਤਿ ਰਾਇ ਆਇਆ ਬੇਟਾ ਪੇਰਾ ਰਾਮ ਛਿਬਰ ਕਾ। ਹੋਰ ਸਿੱਖ ਫਕੀਰ ਆਏ। (ਭੱਟ ਵਹੀ ਤਲਉਂਢਾ ਪਰਗਣਾ ਜੀਂਦ)

ਇਸ ਤਰਾਂ ਅਸੀਂ ਦੇਖਦੇ ਹਾਂ ਕਿ ਭੱਟ ਵਹੀਆਂ ਵਿਚ ਅਨੇਕ ਅਜਿਹੇ ਵਾਕਿਆਤ ਹਨ ਜਿਹੜੇ ਸਿੱਖ ਇਤਿਹਾਸਕਾਰੀ ਲਈ ਲਾਹੇਵੰਦ ਹੋ ਸਕਦੇ ਹਨ ਪ੍ਰੰਤੂ ਬੜੇ ਦੁੱਖ ਦੀ ਗੱਲ ਇਹ ਹੈ ਕਿ ਮੌਜੂਦਾ ਸਮੇਂ ਤੱਕ ਇਸ ਮੁਲਵਾਨ ਦਸਤਾਵੇਜ ਨੂੰ ਕਿਸੇ ਵੀ ਵਿਦਵਾਨ ਨੇ ਸੰਪਾਦਿਤ ਨਹੀਂ ਕੀਤਾ, ਜਿਸ ਕਰਕੇ ਇਸ ਖਜਾਨੇ ਤੋਂ ਲੋੜੀਂਦਾ ਲਾਭ ਨਹੀਂ ਲਿਆ ਗਿਆ।

## ਮੀਰੀ ਪੀਰੀ : 12 ਜੂਨ, 1606

ਜੇ ਇਹ ਮੰਤਰ ਨਹੀਂ ਤਾਂ ਸੰਸਾਰ ਵਿਚ ਹਰ ਚੀਜ਼ ਦੀ ਥੁੜ ਹੈ। ਅੰਤਿਕਾ : ਹੇ ਪ੍ਰਭੂ ! ਸਾਰੀ ਸ੍ਰਿਸ਼ਟੀ ਦਿਨ ਰਾਤ ਤੇਰੀ ਹੀ ਸੇਵਾ ਭਗਤੀ ਕਰਦੀ ਹੈ। ਤੂੰ ਹਰੇਕ ਜੀਵ ਦੀ ਅਰਦਾਸ ਸੁਣਦਾ ਹੈ। ਹੇ ਭਾਈ, ਮੈਂ ਸਾਰੀ ਲੋਕਾਈ ਨੂੰ ਚੰਗੀ ਤਰਾਂ ਪਰਖ ਕੇ ਵੇਖ ਲਿਆ ਹੈ, ਜਿਨਾਂ ਜਿਨਾਂ ਨੂੰ ਵਿਕਾਰਾਂ ਤੋਂ ਛੁਡਾਇਆ ਹੈ, ਪ੍ਰਭੂ ਨੇ ਆਪ ਹੀ ਪ੍ਰਸੰਨ ਹੋ ਕੇ ਛੁਡਾਇਆ ਹੈ। ਜਿਸ ਜਿਸ 'ਤੇ ਪ੍ਰਭੂ ਦੀ ਮਿਹਰ ਹੋਈ ਹੈ, ਉਹ ਸਾਰੀ ਲੋਕਾਈ ਅੰਤਰ ਆਤਮੇ, ਆਤਮਿਕ ਆਨੰਦ ਵਿਚ ਵਸ ਰਹੀ ਹੈ। ਹਰੇਕ ਦੇ ਅੰਦਰ ਇਹ ਨਿਮਰਤਾ ਦਾ ਰਾਜ ਹੋ ਗਿਆ ਹੈ। ਮਿਹਰਬਾਨ ਪ੍ਰਭੂ ਦਾ ਹੁਣ ਐਸਾ ਹੁਕਮ ਵਰਤਿਆ ਹੈ ਕਿ ਕੋਈ ਵੀ ਕਾਮਾਦਿਕ ਵਿਕਾਰ ਸ਼ਰਨ ਆਏ ਕਿਸੇ ਨੂੰ ਵੀ ਦੁਖੀ ਨਹੀਂ ਕਰ ਸਕਦਾ। ਹੇ ਪ੍ਰਭੂ ! ਹੇ ਮੇਰੇ ਖਸਮ, ਮੈਂ ਭੀ ਤੇਰੀ ਪ੍ਰੇਰਨਾ ਨਾਲ ਤੇਰੀ ਸਿਫ਼ਤ ਸਲਾਹ ਦੇ ਬੋਲ ਬੋਲ ਰਿਹਾਂ ਹਾਂ। ਆਤਮਿਕ ਅਡੋਲਤਾ ਪੈਦਾ ਕਰ ਕੇ ਮੇਰਾ ਨਾਮ-ਅੰਮ੍ਰਿਤ ਮੇਰੇ ਅੰਦਰ ਵਰਖਾ ਕਰ ਰਿਹਾ ਹੈ। ਮੈਂ ਤੇਰੇ 'ਤੇ ਹੀ ਮਾਣ ਕਰਦਾ ਆਇਆ ਹਾਂ। ਮੈਨੂੰ ਨਿਸ਼ਚਾ ਹੈ ਕਿ ਤੂੰ ਆਪ ਹੀ ਮੈਨੂੰ ਕਬੂਲ ਕਰ ਲਵੇਂਗਾ। ਹੇ ਪ੍ਰਭੂ ! ਮੇਰੀ ਭੀ ਇਹ ਤਾਂਘ ਪੂਰੀ ਕਰ। ਹੇ ਸੁੱਖਾਂ ਦੇਣ ਵਾਲੇ ਪ੍ਰਭੂ ! ਮੈਨੂੰ ਆਪਣਾ ਦਰਸ਼ਨ ਦੇਹ, ਮੈਨੂੰ ਆਪਣੇ ਗਲ਼ ਨਾਲ ਲਾ ਲੈ। ਹੇ ਪ੍ਰਭੂ ! ਤੂੰ ਸਾਰੇ ਦੇਸ਼ਾਂ, ਸਾਰੇ ਭਵਨਾਂ ਵਿਚ ਤੇ ਪਤਾਲਾਂ ਵਿਚ ਵਸਦਾ ਹੈਂ। ਤੇਰੇ ਬਰਾਬਰ ਦਾ ਕੋਈ ਹੋਰ ਕਿਤੇ ਭੀ ਨਹੀਂ ਲੱਭਦਾ। ਹੇ ਪ੍ਰਭੂ ! ਤੂੰ ਹਰੇਕ ਵਿਚ ਵਿਆਪਕ ਹੈ। ਹੇ ਨਾਨਕ ! ਪ੍ਰਭੂ ਦੀ ਭਗਤੀ ਕਰਨ ਵਾਲਿਆਂ ਬੰਦਿਆਂ ਨੂੰ ਸਦਾ ਥਿਰ ਪ੍ਰਭੂ ਦਾ ਨਾਮ ਹੀ ਜੀਵਨ ਲਈ ਸਹਾਰਾ ਹੈ। ਅੰਗ 742

## ਸਮਾਜ ਵਿਚ ਬੀਬੀਆਂ ਦੇ...

ਇਸ ਸਭ ਦੇ ਬਾਵਜੂਦ ਅੱਜ ਔਰਤਾਂ ਨੂੰ ਦੂਹਰੀ ਮੁਸ਼ੱਕਤ ਕਰਨੀ ਪੈ ਰਹੀ ਹੈ ਦਫ਼ਤਰ ਦੇ ਕੰਮ ਦੇ ਨਾਲ ਨਾਲ ਉਨਾਂ ਨੂੰ ਆਪਣੇ ਪਰਿਵਾਰ ਦੀ ਵੀ ਪੂਰੀ ਸੰਭਾਲ ਕਰਨੀ ਪੈਂਦੀ ਹੈ। ਉਨਾਂ ਲਈ ਮਿਹਨਤ ਜ਼ਿਆਦਾ ਅਤੇ ਆਰਾਮ ਘੱਟ ਹੈ, ਪਰ ਅਜੇ ਵੀ ਕਈ ਘਟੀਆ ਸੋਚ ਵਾਲੇ ਬੰਦੇ ਆਪਣੀ ਪਤਨੀ ਨੂੰ ਤਾਅਨਾ ਦਿੰਦੇ ਹਨ-'ਤੂੰ ਸਾਰੀ ਦਿਹਾੜੀ ਕਰਦੀ ਹੀ ਕੀ ਹੈ ?' ਇੱਥੇ ਪੁਰਸ਼ਾਂ ਨੂੰ ਆਪਣੀ ਸੋਚ ਬਦਲ ਕੇ ਆਪਣੀਆਂ ਔਰਤਾਂ ਨਾਲ ਘਰ ਦੇ ਕੰਮਾਂ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ।

ਇੱਕ ਵਾਰੀ ਕਿਸੇ ਨੇ ਆਪਣੇ ਦੋਸਤ ਨੂੰ ਪੁੱਛਿਆ ਕਿ ਪਾਣੀ ਦੀ ਕੀ ਅਹਿਮੀਅਤ ਹੈ ? ਉਸ ਨੇ ਉੱਤਰ ਦਿੱਤਾ ਕਿ ਇੱਕ ਦਿਨ ਪਾਣੀ ਨਾ ਪੀ, ਆਪੇ ਕੀਮਤ ਪਤਾ ਲੱਗ ਜਾਵੇਗੀ। ਔਰਤ ਤੋਂ ਬਿਨਾਂ ਪੁਰਸ਼ ਅਧੂਰਾ ਹੈ। ਔਰਤ ਤੋਂ ਬਿਨਾਂ ਸੰਸਾਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਔਰਤ ਨਾਲ ਹੀ ਪਰਿਵਾਰ ਬਣਦਾ ਹੈ। ਜੇ ਇੱਕ ਦਿਨ ਵੀ ਪਤਨੀ ਪੇਕੇ ਚਲੀ ਜਾਏ ਤਾਂ ਸਾਰਾ ਘਰ ਹੀ ਉਲਟ ਪੁਲਟ ਹੋ ਜਾਂਦਾ ਹੈ। ਬੰਦੇ ਨੂੰ ਆਪਣੇ ਕੱਪੜੇ ਹੀ ਨਹੀਂ ਲੱਭਦੇ। ਸਾਰਾ ਘਰ ਭੂਤਵਾੜਾ ਬਣ ਜਾਂਦਾ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੇ ਘਰ ਵਿੱਚ ਗੁਣਵੰਤੀ ਨਾਰ ਹੋਏ ਤਾਂ ਉਹ ਪਤੀ ਅਤੇ ਪਰਿਵਾਰ ਦੇ ਭਾਗ ਬਦਲ ਕੇ ਰੱਖ ਦਿੰਦੀ ਹੈ। ਗੁਣਵੰਤੀ ਨਾਰ ਨਾਲ ਘਰ ਵਿੱਚ ਖ਼ੁਸ਼ਹਾਲੀ ਅਤੇ ਸੁੱਖ ਸ਼ਾਤੀ ਆਉਂਦੀ ਹੈ। ਔਰਤ ਮਮਤਾ ਦੀ ਮੂਰਤ ਹੈ। ਪਰਿਵਾਰ ਵਿੱਚ ਉਹ ਸਭ ਨੂੰ ਅਥਾਹ ਪਿਆਰ ਵੰਡਦੀ ਹੈ। ਔਰਤ ਤੋਂ ਬਿਨਾਂ ਘਰ ਨਹੀਂ ਬਣਦਾ। ਬੰਦੇ ਭਾਵੇਂ ਚਾਰ, ਪੰਜ ਜਾਂ ਇਸ ਤੋਂ ਵੀ ਜ਼ਿਆਦਾ ਹੋ ਜਾਣ, ਪਰ ਉਨਾਂ ਨੂੰ ਪਰਿਵਾਰ ਨਹੀਂ ਕਿਹਾ ਜਾ ਸਕਦਾ। ਉਹ ਛੜੇ ਮਲੰਗ ਹੀ ਅਖਵਾਉਂਦੇ ਹਨ। ਉਨਾਂ ਵਿੱਚ ਇੱਕ ਵੀ ਔਰਤ ਰਲ ਜਾਏ ਤਾਂ ਉਹ ਪਰਿਵਾਰ ਬਣ ਜਾਂਦਾ ਹੈ। ਔਰਤ ਸੁੰਦਰਤਾ ਦੀ ਦੇਵੀ ਅਤੇ ਸ਼ਕਤੀ ਦੀ ਪ੍ਰਤੀਕ ਹੈ। ਉਸ ਦੀ ਇੱਕ ਮੁਸਕਰਾਹਟ ਹੀ ਬੰਦੇ ਦੇ ਮਨ ਨੂੰ ਮੋਹ ਲੈਂਦੀ ਹੈ। ਉਹ ਮੋਮ ਦੀ ਤਰਾਂ ਨਰਮ ਵੀ ਹੈ ਅਤੇ ਚੰਡੀ ਦੀ ਤਰਾਂ ਤਾਕਤਵਰ ਵੀ ਹੈ।

ਇੱਥੇ ਇੱਕ ਗੱਲ ਹੋਰ ਵੀ ਹੈ ਕਿ ਆਪਣੀ ਕੁੱਖ ਵਿੱਚੋਂ ਸੰਤਾਨ ਪੈਦਾ ਕਰਨ ਦੀ ਦਾਤ ਪਰਮਾਤਮਾ ਨੇ ਕੇਵਲ ਔਰਤ ਨੂੰ ਹੀ ਦਿੱਤੀ ਹੈ। ਪੁਰਸ਼ ਭਾਵੇਂ ਜਿੰਨਾ ਮਰਜ਼ੀ ਮਹਾਨ ਕੰਮ ਕਰ ਲਏ, ਪਰ ਉਹ ਆਪਣੇ ਪੇਟ ਵਿੱਚੋਂ ਸੰਤਾਨ ਪੈਦਾ ਨਹੀਂ ਕਰ ਸਕਦਾ। ਇਹ ਖ਼ੁਸ਼ੀ ਪ੍ਰਮਾਤਮਾ ਨੇ ਕੇਵਲ ਔਰਤ ਨੂੰ ਹੀ ਦਿੱਤੀ ਹੈ।

ਆਪਣੀ ਮਹਾਨ ਉਨਤੀ ਕਾਰਨ ਔਰਤਾਂ ਨੂੰ ਆਪਣੇ 'ਤੇ ਮਾਣ ਤਾਂ ਜ਼ਰੂਰ ਹੋਣਾ ਚਾਹੀਦਾ ਹੈ, ਪਰ ਘੁਮੰਡ ਨਹੀਂ ਹੋਣਾ ਚਾਹੀਦਾ। ਪਰਿਵਾਰਕ ਮਰਿਆਦਾ ਨੂੰ ਧਿਆਨ ਵਿੱਚ ਰੱਖਦੇ ਹੋਏ ਰਿਸ਼ਤਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਬੇਸ਼ੱਕ ਸਰਕਾਰ ਨੇ ਔਰਤ ਦੀ ਰੱਖਿਆ ਅਤੇ ਸਨਮਾਨ ਲਈ ਕਈ ਕਾਨੂੰਨ ਬਣਾਏ ਹਨ, ਪਰ ਉਹ ਬੇਅਸਰ ਸਾਬਤ ਹੋ ਕੇ ਰਹਿ ਗਏ ਹਨ। ਅੱਜ ਵੀ ਦੇਸ਼ ਵਿੱਚ ਔਰਤਾਂ ਦਾ ਸ਼ੋਸ਼ਣ ਹੋ ਰਿਹਾ ਹੈ। ਕਈ ਵਾਰੀ ਜਦੋਂ ਕੋਈ ਔਰਤ ਘਰੋਂ ਇਕੱਲੀ ਬਾਹਰ ਜਾ ਰਹੀ ਹੋਵੇ ਤਾਂ ਉਸ ਨੂੰ ਘਟੀਆ ਪੁਰਸ਼ਾਂ ਦੀਆਂ ਕਾਮੁਕ ਨਜ਼ਰਾਂ ਦਾ ਅਤੇ ਨੰਗੇ ਫ਼ਿਕਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਛੋਟੀਆਂ ਛੋਟੀਆਂ ਬਾਲੜੀਆਂ ਨਾਲ ਬਲਾਤਕਾਰ ਕਰਕੇ ਉਨਾਂ ਨੂੰ ਜਾਨੋਂ ਮਾਰ ਦਿੱਤਾ ਜਾਂਦਾ ਹੈ ਤਾਂ ਕਿ ਵਹਿਸ਼ੀ ਦਰਿੰਦਿਆਂ ਦਾ ਕੋਈ ਸਬੂਤ ਨਾ ਰਹੇ। ਇੱਥੇ ਪੁਲਿਸ ਅਤੇ ਕਾਨੂੰਨ ਵੀ ਬੇਬੱਸ ਹੋ ਕੇ ਰਹਿ ਜਾਂਦੀ ਹੈ। ਫਿਰ ਵੀ ਨਾਰੀ ਇਨਾਂ ਜ਼ੁਲਮਾਂ ਨੂੰ ਸਹਿੰਦੀ ਹੋਈ ਅੱਗੇ ਵਧਦੀ ਜਾ ਰਹੀ ਹੈ ਅਤੇ ਆਪਣੀ ਹੋਂਦ ਦਾ ਪ੍ਰਗਟਾਵਾ ਕਰ ਰਹੀ ਹੈ।

ਇਸ ਇੰਟਰਨੈੱਟ ਦੇ ਯੁੱਗ ਵਿੱਚ ਵੀ ਕੁਝ ਔਰਤਾਂ ਖਾਸ ਕਰ ਕੇ ਨੀਵੇਂ ਤਬਕੇ ਦੀਆਂ ਲਈ ਬੜਾ ਕੁਝ ਕਰਨ ਦੀ ਲੋੜ ਹੈ। ਗ਼ਰੀਬ ਔਰਤਾਂ ਬਗਲੀ ਵਿੱਚ ਛੋਟੇ ਛੋਟੇ ਬੱਚਿਆਂ ਨੂੰ ਪਾਈ ਸਿਰਾਂ 'ਤੇ ਇੱਟਾਂ ਅਤੇ ਗਾਰੇ ਦੇ ਵੱਡੇ ਵੱਡੇ ਢੇਰ ਢੋਂਹਦੀਆਂ ਨਜ਼ਰ ਆਉਂਦੀਆਂ ਹਨ। ਉਹ ਸੜਕਾਂ ਅਤੇ ਰੇਲਵੇ ਸਟੇਸ਼ਨਾਂ 'ਤੇ ਭੀਖ ਮੰਗਦੀਆਂ ਨਜ਼ਰ ਆਉਂਦੀਆਂ ਹਨ। ਉਨਾਂ ਦਾ ਪੱਧਰ ਉੱਚਾ ਚੁੱਕਣ ਲਈ ਅਤੇ ਵਿਦਿਆ ਦੇਣ ਲਈ ਵਿਸ਼ੇਸ਼ ਉਪਰਾਲੇ ਕਰਨ ਦੀ ਲੋੜ ਹੈ ਤਾਂ ਕਿ ਉਹ ਹੋਣਹਾਰ ਬੱਚਿਆਂ ਨੂੰ ਜਨਮ ਦੇ ਕੇ ਦੇਸ਼ ਦੇ ਵਿਕਾਸ ਵਿੱਚ ਹਿੱਸਾ ਪਾ ਸਕਣ।

ਗਿਆਨ ਦਾ ਕੋਈ ਅੰਤ ਨਹੀਂ। ਹਰ ਕੰਮ ਵਿੱਚ ਸੁਧਾਰ ਦੀ ਗੁੰਜਾਇਸ਼ ਰਹਿੰਦੀ ਹੈ। ਅੱਗੇ ਵਧਣਾ ਹੀ ਜ਼ਿੰਦਗੀ ਦਾ ਨਿਯਮ ਹੈ। ਇਸ ਲਈ ਇਹ ਕਦੀ ਨਹੀਂ ਕਿਹਾ ਜਾ ਸਕਦਾ ਕਿ ਔਰਤ ਨੇ ਅੰਤਿਮ ਮੰਜ਼ਿਲ ਨੂੰ ਛੂਹ ਲਿਆ ਹੈ ਅਤੇ ਹੁਣ ਉਸ ਨੂੰ ਹੋਰ ਅੱਗੇ ਵਧਣ ਦੀ ਜ਼ਰੂਰਤ ਨਹੀਂ। ਪਰਿਵਰਤਨ ਜ਼ਿੰਦਗੀ ਦਾ ਨਿਯਮ ਹੈ। ਸੁਹਜ ਸੁਆਦ ਮਨੁੱਖ ਦੀ ਫਿਤਰਤ ਹੈ। ਇਨਾਂ ਦੋਹਾਂ ਗੱਲਾਂ ਕਰ ਕੇ ਹੀ ਮਨੁੱਖ ਨੇ ਪੱਥਰ ਯੁੱਗ ਤੋਂ ਅੱਜ ਤੱਕ ਦਾ ਸਫ਼ਰ ਤੈਅ ਕੀਤਾ ਹੈ। ਮੰਜ਼ਿਲਾਂ ਤਾਂ ਹੋਰ ਵੀ ਅੱਗੇ ਤੋਂ ਅੱਗੇ ਹਨ। ਹਾਲੀ ਪੁਲਾੜ ਵਿੱਚ ਅਤੇ ਹੋਰ ਖਿੱਤਿਆਂ ਵਿੱਚ ਬਹੁਤ ਖੋਜ ਹੋਣੀ ਹੈ। ਕਈ ਭਿਆਨਕ ਬਿਮਾਰੀਆਂ ਦੇ ਇਲਾਜ ਲੱਭੇ ਜਾਣੇ ਹਨ ਜਿਸ ਵਿੱਚ ਔਰਤਾਂ ਦੀ ਵੱਡੀ ਭਾਗੀਦਾਰੀ ਦੀ ਲੋੜ ਪਵੇਗੀ।

## ਕੀ ਅਗਲੇ ਦੋ-ਤਿੰਨ ਸਾਲਾਂ

ਗੋਟਾਬਾਯਾ ਵਰਗਾ ਰਵੱਈਆ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿਰਫ਼ ਇਕ ਵਾਰ ਦਿਖਾਇਆ ਹੈ, ਜਦੋਂ ਉਨਾਂ ਨੇ ਅਚਾਨਕ ਨੋਟਬੰਦੀ ਦਾ ਐਲਾਨ ਕੀਤਾ ਸੀ। ਇਸ ਤੁਗ਼ਲਕੀ ਫ਼ਰਮਾਨ ਨਾਲ ਸਾਡੀ ਅਰਥਵਿਵਸਥਾ ਅਜੇ ਤੱਕ ਨਹੀਂ ਉੱਭਰ ਸਕੀ, ਪਰ ਦੂਜੇ ਪਾਸੇ ਭਾਰਤ ਦੇ ਸੱਤਾਧਾਰੀਆਂ ਨੇ ਆਰਥਿਕ ਸੰਕਟ ਨਾਲ ਆਮ ਲੋਕਾਂ 'ਤੇ ਪੈਣ ਵਾਲੇ ਪ੍ਰਭਾਵ ਨਾਲ ਘਟਣ ਵਾਲੀ ਮਕਬੂਲੀਅਤ ਨੂੰ ਭਾਂਪ ਕੇ ਇਕ ਵਿਸ਼ਾਲ ਸਬਸਿਡੀ ਤੰਤਰ ਵੀ ਵਿਕਸਿਤ ਕੀਤਾ ਹੈ, ਜੋ ਵੱਖ-ਵੱਖ ਯੋਜਨਾਵਾਂ ਅਤੇ ਬੈਂਕਾਂ 'ਚ ਖਾਤੇ ਖੁੱਲਵਾਉਣ ਜ਼ਰੀਏ ਗ਼ਰੀਬਾਂ ਤੱਕ ਕੁਝ ਨਾ ਕੁਝ ਆਰਥਿਕ ਰਾਹਤ ਪਹੁੰਚਾਉਂਦਾ ਰਹਿੰਦਾ ਹੈ। ਇਸ ਪ੍ਰਕਿਰਿਆ 'ਚ ਇਕ ਵੱਡਾ ਲਾਭਪਾਤਰੀ ਵਰਗ ਪੈਦਾ ਹੋਇਆ ਹੈ, ਜੋ ਸਰਕਾਰ ਨੂੰ ਵੋਟ ਦੇਵੇ ਜਾਂ ਨਾ ਦੇਵੇ, ਪਰ ਉਸ ਦਾ ਗੁੱਸਾ ਸੜਕ 'ਤੇ ਨਿਕਲ ਕੇ ਵਿਰੋਧ ਪ੍ਰਦਰਸ਼ਨ ਦੀ ਹੱਦ ਤੱਕ ਨਹੀਂ ਪਹੁੰਚਦਾ।

ਭਾਰਤੀ ਅਰਥਵਿਵਸਥਾ ਸ੍ਰੀਲੰਕਾ ਵਰਗੇ ਚੱਕਰ ਵਿਚ ਉਦੋਂ ਫਸੇਗੀ, ਜਦੋਂ ਇਹ ਵਿਸ਼ਾਲ ਸਬਸਿਡੀ ਤੰਤਰ ਵੀ ਲੋਕਾਂ ਦੇ ਗੁੱਸੇ ਨੂੰ ਕੰਟਰੋਲ ਕਰ ਸਕਣ ਵਿਚ ਅਸਫਲ ਹੋ ਜਾਵੇਗਾ। ਜਿਵੇਂ ਹੀ ਅਜਿਹਾ ਹੋਵੇਗਾ, ਮਹਿੰਗਾਈ ਅਤੇ ਬੇਰੁਜ਼ਗਾਰੀ ਨੂੰ ਚੋਣਾਵੀ ਮੁੱਦਾ ਬਣਨ ਤੋਂ ਨਹੀਂ ਰੋਕਿਆ ਜਾ ਸਕੇਗਾ। ਉਸ ਸਮੇਂ ਲੋਕਾਂ ਦਾ ਗੁੱਸਾ ਸਰਕਾਰ ਖ਼ਿਲਾਫ਼ ਵੋਟ ਪਾਉਣ ਵਿਚ ਫੁੱਟ ਸਕਦਾ ਹੈ। ਜੇਕਰ ਅਜਿਹੇ ਹਾਲਾਤ ਨੇ ਮਹਿੰਗਾਈ ਅਤੇ ਬੇਰੁਜ਼ਗਾਰੀ ਖ਼ਿਲਾਫ਼ ਕਿਸੇ ਵੱਡੇ ਜਨ ਅੰਦੋਲਨ ਨੂੰ ਜਨਮ ਦੇ ਦਿੱਤਾ, ਤਾਂ ਗੁੱਸੇ ਵਿਚ ਆਈ ਜਨਤਾ ਦੀ ਪ੍ਰਤੀਕਿਰਿਆ ਇਸ ਅੰਦੋਲਨ ਪ੍ਰਤੀ ਸਰਕਾਰ ਦੇ ਰਵੱਈਏ 'ਤੇ ਨਿਰਭਰ ਕਰੇਗੀ।

## ਵਿਸ਼ਵ ਗੁਰੂ-ਅੱਗਾ ਦੌੜ...

ਬਿਨਾਂ ਸ਼ੱਕ ਸਾਡੇ ਗੁਆਂਢੀ ਦੇਸ਼ਾਂ ਦਾ ਬੁਰਾ ਹਾਲ ਹੈ। ਪਾਕਿਸਤਾਨ ਵਿਚ ਅਸਥਿਰਤਾ ਹੈ। ਉਥੇ ਸਰਕਾਰਾਂ ਨਿੱਤ ਬਦਲਦੀਆਂ ਹਨ। ਉਸ ਨਾਲ ਨਿਵੇਸ਼ ਨਹੀਂ ਵਧਦਾ। ਵਾਧਾ ਦਰ ਅਤੇ ਭੁਗਤਾਨ ਦਾ ਸੰਤੁਲਿਨ ਖ਼ਰਾਬ ਹੋ ਗਿਆ ਹੈ। ਉਥੇ ਆਮ ਜਨ ਜੀਵਨ ਦੇ ਮੁਕਾਬਲੇ ਸੈਨਾ ਉਤੇ ਖ਼ਰਚਾ ਵੱਧ ਰਿਹਾ ਹੈ। ਇਸ ਲਈ ਉਥੇ ਗਰੀਬੀ ਬਣੀ ਰਹਿੰਦੀ ਹੈ। ਅੱਜ ਪਾਕਿਸਤਾਨ ਆਈ.ਐਮ. ਐਫ. ਅਤੇ ਸਾਊਦੀ ਅਰਬ ਤੋਂ ਮਦਦ ਮੰਗ ਰਿਹਾ ਹੈ। ਮਹਾਂਮਾਰੀ ਕਾਰਨ ਸ੍ਰੀਲੰਕਾ ਵਿਚ ਟੂਰਿਜ਼ਮ ਠੱਪ ਹੋ ਗਿਆ। ਵਿਦੇਸ਼ੀ ਮੁਦਰਾ ਆਉਣੀ ਬੰਦ ਹੋ ਗਈ। ਲੰਕਾ ਦਾ ਰੁਪਿਆ ਕੰਮਜ਼ੋਰ ਹੋਣ ਲੱਗਾ। ਅਚਾਨਕ ਆਰਗੈਨਿਕ ਖੇਤੀ ਵੱਲ ਉਨਾਂ ਦਾ ਤੁਰਨਾ ਚੰਗਾ ਫ਼ੈਸਲਾ ਸਾਬਤ ਨਾ ਹੋਇਆ। ਉਥੇ ਭੁੱਖਮਰੀ ਦੀ ਨੌਬਤ ਆ ਗਈ। ਇਸੇ ਤਰਾਂ ਸ੍ਰੀਲੰਕਾ ਵਿਚ ਇਸਾਈ, ਮੁਸਲਿਮ, ਤਾਮਿਲ ਆਦਿ ਦਾ ਧਰੁਵੀਕਰਨ ਹੋਇਆ। ਚੋਣਾਂ 'ਚ ਭ੍ਰਿਸ਼ਟਾਚਾਰ ਵੀ ਹੋਇਆ। ਭਾਰਤ ਵੀ ਉਤੇ ਰਸਤੇ 'ਤੇ ਹੈ। ਭਾਰਤ ਸੈਕੂਲਰ ਦੇਸ਼ ਹੋਣ ਦੇ ਬਾਵਜੂਦ ਮੌਜੂਦਾ ਹਕੂਮਤ ਦੀ ਬਦੌਲਤ ਧਰਮਾਂ ਦੇ ਧਰੁਵੀਕਰਨ ਵੱਲ ਵੱਧ ਰਿਹਾ ਹੈ। ਕੀ ਇਹ ਵਿਸ਼ਵ ਗੁਰੂ ਲਈ ਚੰਗਾ ਸੰਕੇਤ ਹੈ ?

ਪਿਛਲੇ ਸਾਲ ਭਾਰਤੀ ਸੰਸਦ ਵਿੱਚ ਮੈਂਬਰਾਂ ਨੂੰ ਇਹ ਦੱਸਿਆ ਗਿਆ ਸੀ ਕਿ ਕੇਂਦਰ ਸਰਕਾਰ ਦੇ ਸਾਰੇ ਵਿਭਾਗਾਂ ਵਿੱਚ 8,72,000 ਅਸਾਮੀਆਂ ਸਰਕਾਰੀ ਖੇਤਰ ਵਿੱਚ ਖਾਲੀ ਪਈਆਂ ਹਨ। ਰਾਸ਼ਟਰੀ ਨਮੂਨਾ ਸਰਵੇਖਣ ਦਫ਼ਤਰ ਦੀ ਰਿਪੋਰਟ ਅਨੁਸਾਰ 2017-18 ਵਿੱਚ ਬੇਰੁਜ਼ਗਾਰੀ ਦਰ ਚਾਰ ਦਹਾਕਿਆਂ ਦੇ ਉੱਚੇ ਪੱਧਰ 'ਤੇ ਰਹੀ। ਕਰੋਨਾ ਕਾਲ ਵਿੱਚ ਉਦਯੋਗ ਜਗਤ ਵਿਚ ਰੁਜ਼ਗਾਰ ਘਟਿਆ। ਭਾਵੇਂ 2020 'ਚ ਆਤਮ ਨਿਰਭਰ ਭਾਰਤ ਅਤੇ ਮੇਕ ਇਨ ਇੰਡੀਆ ਮੁਹਿੰਮ ਨਾਲ ਅਰਥ ਵਿਵਸਥਾ ਨੂੰ ਪਟੜੀ ਉਤੇ ਲਿਆਉਣ ਦੇ ਨਾਲ-ਨਾਲ ਆਮਦਨੀ, ਮੰਗ, ਉਤਪਾਦਨ ਅਤੇ ਉਪਭੋਗ ਵਿੱਚ ਵਾਧੇ ਨਾਲ ਰੁਜ਼ਗਾਰ ਦੀ ਚਣੌਤੀ ਘੱਟ ਕਰਨ ਦੀ ਕੋਸ਼ਿਸ਼ ਹੋਈ ਪਰ ਪੂਰਨਬੰਦੀ ਅਤੇ ਹੋਰ ਪਾਬੰਦੀਆਂ ਕਾਰਨ ਉਪਜੀ ਬੇਰੁਜ਼ਗਾਰੀ ਦਾ ਅਸਰ ਹੁਣ ਵੀ ਕਾਇਮ ਹੈ ਅਤੇ ਇਹ ਉਦਯੋਗ ਵਪਾਰ 'ਚ ਮੰਦੀ ਨਾਲ ਵਧਦਾ ਜਾ ਰਿਹਾ ਹੈ। ਦੁਨੀਆ ਦੇ 'ਥਾਣੇਦਾਰ ਦੇਸ਼' ਅਮਰੀਕਾ ਦਾ ਵੀ ਹਾਲ ਇਹੋ ਹੈ, ਉਥੇ ਮੰਦੀ ਹੈ, ਬੇਰੁਜ਼ਗਾਰੀ ਹੈ, ਪਰ ਉਹ ਇੱਕ ਅਮੀਰ ਦੇਸ਼ ਹੈ। ਉਹ ਕਦੇ ਵੀ 'ਵਿਸ਼ਵ ਗੁਰੂ' ਬਣਨ ਦੀ ਦਾਅਵੇਦਾਰੀ ਨਹੀਂ ਕਰਦਾ, ਪਰ ਸਾਡੇ ਦੇਸ਼ ਦੇ ਸਾਸ਼ਕ ਪਤਾ ਨਹੀਂ ਕਿਸ ਬਲਬੂਤੇ 'ਤੇ ਆਪਣੇ ਦੇਸ਼ ਨੂੰ ਵਿਸ਼ਵ ਗੁਰੂ ਦਾ ਖ਼ਿਤਾਬ ਦੇਣ ਵਿਚ ਮਾਣ ਮਹਿਸੂਸ ਕਰਦੇ ਹਨ ?

## ਸਿੱਧੂ ਮੂਸੇਵਾਲਾ ਦਾ ਮੂਸਾ...

ਲਾਰੈਂਸ ਬਿਸ਼ਨੋਈ ਨੇ ਹੀ ਸਿੱਧੂ ਮੂਸੇਵਾਲਾ ਨੂੰ ਮਾਰਨ ਦਾ ਸਾਜ਼ਿਸ਼ ਰਚੀ ਸੀ। ਪਰ ਹੁਣ ਤੱਕ ਇਸ ਮਾਮਲੇ ਵਿਚ ਵਰਤੇ ਗਏ ਹਥਿਆਰਾਂ ਨੂੰ ਪੁਲਿਸ ਬਰਾਮਦ ਨਹੀਂ ਕਰ ਸਕੀ। ਪੰਜਾਬ ਪੁਲਿਸ ਨੇ ਇਸ ਮਾਮਲੇ 'ਚ ਹੁਣ ਤੱਕ 18 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਸਿੱਧੂ ਦੀ ਬੀਤੀ 29 ਮਈ ਨੂੰ ਗੋਲ਼ੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

### ਲਾਰੈਂਸ ਨੂੰ ਪੁਲਿਸ ਵੱਲੋਂ ਸੁਪਰ ਸੁਰੱਖਿਆ

ਸਿੱਧੂ ਮੂਸੇਵਾਲਾ ਦੀ ਹੱਤਿਆ ਦੀ ਸਾਜ਼ਿਸ਼ ਰਚਣ ਵਿਚ ਸ਼ਾਮਲ ਲਾਰੈਂਸ ਬਿਸ਼ਨੋਈ ਨੂੰ ਪੁਲਿਸ ਵੱਲੋਂ ਸੁਪਰ ਸੁਰੱਖਿਆ ਦਿੱਤੀ ਜਾ ਰਹੀ ਹੈ। ਉਸ ਨੂੰ ਅਦਾਲਤ ਵਿਚ ਪੇਸ਼ੀ ਲਈ ਲਿਜਾਣ ਲਈ 200 ਦੇ ਕਰੀਬ ਅਧਿਕਾਰੀ ਤੇ ਪੁਲਿਸ ਮੁਲਾਜ਼ਮ ਡਿਊਟੀ ਨਿਭਾਅ ਰਹੇ ਹਨ। ਦੋ ਬੁਲਟ ਪਰੂਫ ਗੱਡੀਆਂ ਵੀ ਨਾਲ ਚੱਲਦੀਆਂ ਹਨ। ਲਾਰੈਂਸ ਨੂੰ ਸੁਰੱਖਿਆ ਦੇ ਕੇ ਗਲੈਮਰਾਈਜ਼ ਕਰਨ ਦਾ ਮੁੱਦਾ ਪੰਜਾਬ ਵਿਧਾਨ ਸਭਾ ਵਿਚ ਆਪ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਵੀ ਉਠਾ ਚੁੱਕੇ ਹਨ।

## ਨਫ਼ਰਤੀ ਭਾਸ਼ਣਾਂ ਵਿਰੁਧ...

੯ ਅਕਤੂਬਰ, 2010 ਨੂੰ ਅਖ਼ਬਾਰ 'ਗਾਰਡੀਅਨ' (ਯੂਕੇ) ਦੀ ਰਿਪੋਰਟ ਸੀ ਕਿ ਪਾਕਿਸਤਾਨ ਦੇ ਕਬਾਇਲੀ ਵਜ਼ੀਰਿਸਤਾਨ ਇਲਾਕੇ ਵਿਚ ਅਮਰੀਕੀ ਡਰੋਨ ਹਮਲਿਆਂ ਜਿਨਾਂ 'ਚ 411 ਲੋਕ ਮਾਰੇ ਗਏ ਸਨ, ਤੋਂ ਫ਼ੈਜ਼ਲ ਬਹੁਤ ਗੁੱਸੇ ਵਿਚ ਸੀ।

ਇਸਲਾਮਿਕ ਸਟੇਟ ਦੀ ਹਿੰਸਾ ਦੇ ਤਫ਼ਸੀਲੀ ਅਧਿਐਨ ਤੋਂ ਵੀ ਪਤਾ ਲੱਗਿਆ ਹੈ ਕਿ ਧਰਮ ਦੀ ਬਜਾਇ ਉਨਾਂ ਦਾ ਪ੍ਰਾਪੇਗੰਡਾ ਇੰਨਾ ਦਿਲਕਸ਼ ਸੀ ਜਿਸ ਦੇ ਆਧਾਰ 'ਤੇ ਸੌਖਿਆਂ ਭਰਤੀ ਹੁੰਦੀ ਸੀ। 2020 ਵਿਚ ਇੰਟਰਨੈਸ਼ਨਲ ਸੈਂਟਰ ਫਾਰ ਦਿ ਸਟੱਡੀ ਆਫ ਵਾਇਲੈਂਟ ਐਕਸਟ੍ਰੀਮਿਜ਼ਮ ਵੱਲੋਂ 'ਜਰਨਲ ਆਫ ਸਟ੍ਰੈਟਜਿਕ ਸਕਿਓਰਿਟੀ' ਵਿਚ ਵੱਖ ਵੱਖ ਮੁਲਕਾਂ ਵਿਚ ਇਸਲਾਮਿਕ ਸਟੇਟ ਤੋਂ ਭਗੌੜੇ ਹੋਏ ਅਤੇ ਇਸ ਦੀ ਕੈਦ ਵਿਚ ਰਹੇ 220 ਵਿਅਕਤੀਆਂ ਬਾਰੇ ਲੇਖ ਪ੍ਰਕਾਸ਼ਤ ਕੀਤਾ ਗਿਆ ਸੀ। 2015 ਤੋਂ 2019 ਵਿਚਕਾਰ 41 ਨਸਲੀ ਸਮੂਹਾਂ ਦੇ ਇਸ ਅਧਿਐਨ ਤੋਂ ਇਹ ਸੰਕੇਤ ਮਿਲਿਆ ਸੀ ਕਿ ਜ਼ਿਆਦਾ ਬੇਰੁਜ਼ਗਾਰੀ ਵਾਲੇ ਮੁਲਕਾਂ, ਅਪਰਾਧਿਕ ਪਿਛੋਕੜ, ਨਸ਼ਿਆਂ ਦਾ ਸੇਵਨ, ਪਰਿਵਾਰਕ ਉਲਝਣਾਂ ਜਾਂ ਕਲੇਸ਼, ਮਾਪਿਆਂ ਵੱਲੋਂ ਬੇਧਿਆਨੀ, ਵਿਤਕਰਾ ਅਤੇ ਪੱਛਮੀ ਸਮਾਜਾਂ ਅੰਦਰ ਪਰਵਾਸੀਆਂ ਪ੍ਰਤੀ ਤ੍ਰਿਸਕਾਰ ਜਿਹੇ ਕਾਰਕਾਂ ਕਰ ਕੇ 'ਆਈਐੱਸ' ਵਿਚ ਜ਼ਿਆਦਾ ਭਰਤੀ ਹੋਈ ਸੀ। ਇਸ ਤਰਾਂ ਦੇ ਬਹੁਤ ਸਾਰੇ ਲੋਕ ਇਸਲਾਮਿਕ ਸਟੇਟ ਦੇ ਨਫ਼ਰਤ ਭਰੇ ਪ੍ਰਾਪੇਗੰਡਾ ਦਾ ਸ਼ਿਕਾਰ ਬਣ ਗਏ। ਇਸ ਕਰ ਕੇ ਹੀ ਸੰਯੁਕਤ ਰਾਸ਼ਟਰ ਨੇ ਮਈ 20 19 ਵਿਚ ਨਫ਼ਰਤੀ ਭਾਸ਼ਣ ਬਾਰੇ ਰਣਨੀਤੀ ਅਤੇ ਕਾਰਜ ਯੋਜਨਾ ਉਲੀਕੀ ਸੀ। ਸਕੱਤਰ ਜਨਰਲ ਨੇ ਆਖਿਆ ਸੀ ਕਿ ਦੁਨੀਆ ਅੰਦਰ ਦੂਜੇ ਭਾਈਚਾਰਿਆਂ ਪ੍ਰਤੀ ਡਰ, ਨਸਲਪ੍ਰਸਤੀ ਤੇ ਅਸਹਿਣਸ਼ੀਲਤਾ ਦਾ ਵੱਡਾ ਉਭਾਰ ਦੇਖਣ ਨੂੰ ਮਿਲ ਰਿਹਾ ਹੈ ਜਿਸ ਤਹਿਤ ਯਹੂਦੀਆਂ ਤੇ ਮੁਸਲਮਾਨਾਂ ਪ੍ਰਤੀ ਨਫ਼ਰਤ ਅਤੇ ਈਸਾਈਆਂ ਖਿਲਾਫ਼ ਅਤਿਆਚਾਰ ਵਿਚ ਵਾਧਾ ਹੋ ਰਿਹਾ ਹੈ। ਅਖ਼ਬਾਰ ਨੇ ਲਿਖਿਆ ਕਿ ਕੌਮਾਂਤਰੀ ਕਾਨੂੰਨ ਤਹਿਤ ਵਿਤਕਰੇ, ਵੈਰ-ਭਾਵ ਤੇ ਹਿੰਸਾ ਨੂੰ ਉਕਸਾਉਣ ਦੀ ਮਨਾਹੀ ਹੈ। ਇਸ ਤੋਂ ਇਲਾਵਾ ਨਫ਼ਰਤੀ ਭਾਸ਼ਣ ਬਹੁਤ ਜ਼ਿਆਦਾ ਖ਼ਤਰਨਾਕ ਹੁੰਦਾ ਹੈ ਕਿਉਂਕਿ ਇਸ ਨਾਲ ਵਿਤਕਰੇ, ਵੈਰ-ਭਾਵ ਅਤੇ ਹਿੰਸਾ ਨੂੰ ਜਾਣ-ਬੁੱਝ ਕੇ ਭੜਕਾਇਆ ਜਾਂਦਾ ਹੈ ਜਿਸ ਤਹਿਤ ਦਹਿਸ਼ਤਵਾਦ ਅਤੇ ਦਮਨਕਾਰੀ ਅਪਰਾਧ ਵੀ ਆਉਂਦੇ ਹਨ।

ਸੰਯੁਕਤ ਰਾਸ਼ਟਰ ਦੀ ਕਾਰਜ ਯੋਜਨਾ ਦੇ 13 ਨੁਕਤੇ ਹਨ ਜਿਨਾਂ 'ਤੇ ਸੰਯੁਕਤ ਰਾਸ਼ਟਰ ਅਤੇ ਇਸ ਦੇ ਮੈਂਬਰ ਮੁਲਕਾਂ ਨੂੰ ਕਾਰਵਾਈ ਕਰਨ ਦੀ ਸਲਾਹ ਦਿੱਤੀ ਗਈ ਹੈ। ਇਸ ਵਿਚ ਪੀੜਤਾਂ ਲਈ ਇਨਸਾਫ਼ ਦੀ ਪੈਰਵੀ ਅਤੇ ਰਸਾਈ ਜ਼ਰੀਏ ਨਫ਼ਰਤੀ ਭਾਸ਼ਣ ਦੇ ਅਸਰ ਨੂੰ ਘਟਾਉਣਾ ਸ਼ਾਮਲ ਹੈ। ਇਸ ਮੁਤੱਲਕ ਮਨ ਵਿਚ ਇੱਕ ਖਿਆਲ ਉੱਠਦਾ ਹੈ : ਦਿੱਲੀ ਪੁਲਿਸ ਨੂਪੁਰ ਸ਼ਰਮਾ ਖਿਲਾਫ਼ ਕਾਰਵਾਈ ਕਰਨ ਤੋਂ ਕਿਉਂ ਝਿਜਕ ਰਹੀ ਹੈ ਹਾਲਾਂਕਿ ਸਰਕਾਰ ਉਸ ਨਾਲੋਂ ਆਪਣਾ ਨਾਤਾ ਤੋੜ ਚੁੱਕੀ ਹੈ ?

## ਭਾਰਤੀ ਜਮਹੂਰੀਅਤ ਉੱਪਰ

ਨਿਆਂਪਾਲਿਕਾ ਉੱਪਰ ਵੀ ਦਬਾਅ ਲਗਾਤਾਰ ਵਧ ਰਿਹਾ ਹੈ। ਕੁਝ ਕੁ ਕਾਨੂੰਨਾਂ ਨੂੰ ਚੁਣ ਕੇ ਵਿਰੋਧੀ ਪਾਰਟੀ ਦੇ ਮੈਂਬਰਾਂ ਉੱਪਰ ਨਫਰਤੀ ਭਾਸ਼ਣਾਂ ਅਤੇ ਜਨਤਕ ਆਦੇਸ਼ਾਂ ਦੇ ਵਿਰੋਧ ਦਾ ਦੋਸ਼ ਲਗਾਇਆ ਜਾਂਦਾ ਹੈ। ਫਰਵਰੀ 2020 ਵਿਚ ਦਿੱਲੀ ਉੱਚ ਅਦਾਲਤ ਨੇ ਦਿੱਲੀ ਦੰਗਿਆਂ ਵਿਚ ਦਿੱਲੀ ਪੁਲਿਸ ਦੀ ਭਾਗੀਦਾਰੀ ਕਰਕੇ ਫਟਕਾਰ ਲਗਾਈ ਅਤੇ ਬੀਜੇਪੀ ਦੁਆਰਾ ਮੁਸਲਮਾਨਾਂ ਵਿਰੁੱਧ ਨਫਰਤੀ ਭਾਸ਼ਣਾਂ ਦੀ ਆਲੋਚਨਾ ਕੀਤੀ।ਇਸ ਨਾਲ ਸੰਬੰਧਿਤ ਜੱਜ ਨੂੰ ਦਿੱਲੀ ਉੱਚ ਅਦਾਲਤ ਤੋਂ ਤੁਰੰਤ ਤਬਦੀਲ ਕਰ ਦਿੱਤਾ ਗਿਆ। ਆਪਣੀ ਨਿਰਪੱਖਤਾ ਲਈ ਜਾਣੇ ਜਾਣ ਵਾਲੇ ਚੋਣ ਕਮਿਸ਼ਨ ਦੀ ਸਥਿਤੀ ਵੀ 2017 ਤੋਂ ਬਾਅਦ ਕਮਜ਼ੋਰ ਹੋ ਗਈ ਹੈ। ਰਿਜ਼ਰਵ ਬੈਂਕ ਆਫ ਇੰਡੀਆ ਨੂੰ ਵੀ ਆਪਣੀ ਖੁਦਮੁਖ਼ਤਿਆਰੀ ਗੁਆਉਣ ਲਈ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਜਦੋਂ ਸਰਕਾਰ ਨੇ ਨੋਟਬੰਦੀ ਦਾ ਫੈਸਲਾ ਕੀਤਾ ਤਾਂ ਇਸ ਦੀ ਸਥਿਤੀ ਲਾਚਾਰੀ ਵਾਲੀ ਹੋ ਗਈ ਸੀ।

ਨਿਆਂਪਾਲਿਕਾ ਅਜੇ ਵੀ ਆਪਣਾ ਵਿਰੋਧ ਦਰਜ ਕਰਵਾ ਰਹੀ ਹੈ। ਕਈ ਵਾਰੀ ਸੁਪਰੀਮ ਕੋਰਟ ਨੇ ਸਰਕਾਰ ਦੇ ਫੈਸਲਿਆਂ ਦੀ ਆਲੋਚਨਾ ਕੀਤੀ ਹੈ। ਜਮਹੂਰੀਅਤ ਦਾ ਨਿਘਾਰ ਭਾਰਤ ਵਿਚ ਕੋਈ ਨਵੀਂ ਗੱਲ ਨਹੀਂ ਹੈ। ਰਾਜਨੀਤਿਕ ਪਰਿਦ੍ਰਿਸ਼ ਅਜਿਹਾ ਸਪੇਸ ਬਣ ਰਿਹਾ ਹੈ ਜਿਸ ਵਿਚ ਪਾਰਟੀਆਂ ਵਿਚ ਕੋਈ ਬਹਿਸ-ਮੁਬਾਹਿਸਾ ਨਹੀਂ ਹੁੰਦਾ ਅਤੇ ਸੰਵਿਧਾਨਿਕ ਸਿਧਾਂਤਾਂ ਨੂੰ ਨਿਰੰਤਰ ਛਿੱਕੇ ਟੰਗਿਆ ਜਾ ਰਿਹਾ ਹੈ। ਭਾਰਤ ਵਿਚ ਅਨਿਆਂ ਖਿਲਾਫ ਖੜੇ ਹੋਣ ਦਾ ਵੱਡਾ ਇਤਿਹਾਸ ਹੈ ਅਤੇ ਸਿਵਲ ਸਮਾਜ ਇਸ ਨੂੰ ਜਿਉਂਦਾ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਮਾਜ ਦਾ ਵੱਡਾ ਤਬਕਾ ਅਜੇ ਵੀ ਸਰਕਾਰ ਦੀਆਂ ਵੰਡ-ਪਾਊ ਨੀਤੀਆਂ ਦੇ ਵਿਰੁੱਧ ਹੈ ਅਤੇ ਪੂਰੇ ਸੰਸਾਰ ਵਿਚੋਂ ਇਸ ਨੂੰ ਸਮਰਥਨ ਵੀ ਮਿਲ ਰਿਹਾ ਹੈ। ਜਦੋਂ ਲੋਕ ਸੱਤਾ ਦੇ ਵਧਦੇ ਪੰਜਿਆਂ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕਰਦੇ ਹਨ ਤਾਂ ਜਮਹੂਰੀਅਤ ਆਪਣੇ ਆਪ ਮਰ ਜਾਂਦੀ ਹੈ।

ਦੂਜੇ ਵਿਸ਼ਵ ਯੁੱਧ ਤੋਂ ਬਾਅਦ ਰਾਜਨੀਤਿਕ ਵਿਗਿਆਨ ਨੇ ਸਰਵਸੱਤਾਵਾਦੀ ਅਤੇ ਤਾਨਾਸ਼ਾਹੀ ਸਰਕਾਰਾਂ ਦੇ ਫਰਕ ਉੱਪਰ ਜ਼ੋਰ ਦਿੱਤਾ।ਇਹ ਹਮੇਸ਼ਾ ਤੋਂ ਹੀ ਸਪੱਸ਼ਟ ਰਿਹਾ ਹੈ ਸਰਵਸੱਤਾਵਾਦੀ ਵਿਚ ਅਜ਼ਾਦ ਨਿਆਂਪਾਲਿਕਾ ਲਈ ਕੋਈ ਜਗਾ ਨਹੀਂ ਹੁੰਦੀ ਜਿਵੇਂ ਕਿ ਸਟਾਲਿਨ ਦੇ ਰੂਸ ਅਤੇ ਨਾਜ਼ੀ ਜਰਮਨੀ ਵਿਚ ਹੋਇਆ।ਤਾਨਾਸ਼ਾਹੀ ਸ਼ਾਸਨ ਜਿਵੇਂ ਕਿ ਸਪੇਨ ਦੇ ਫਰੈਂਕੋ ਸੱਤਾ ਨੇ ਸੀਮਿਤ ਬਹੁਲਵਾਦ ਦੀ ਅਜ਼ਾਦੀ ਦਿੱਤੀ। ਫਰੈਂਕੋ ਸ਼ਾਸਨ ਨੇ ਜੱਜਾਂ ਨੂੰ ਅਜ਼ਾਦੀ ਨਾਲ ਵਿਚਰਨ ਦੀ ਅਜ਼ਾਦੀ ਦਿੱਤੀ ਪਰ ਉਨਾਂ ਦੀ ਸ਼ਕਤੀ ਨੂੰ ਸੀਮਿਤ ਕਰ ਦਿੱਤਾ ਤਾਂ ਕਿ ਉਹ ਰਾਜਨੀਤਿਕ ਰੂਪ ਵਿਚ ਸੰਵੇਦਨਸ਼ੀਲ ਕੇਸਾਂ ਉੱਪਰ ਕੰਮ ਨਾ ਕਰ ਸਕੇ।ਅੱਜ ਇਕੱਵੀ ਸਦੀ ਵਿਚ ਤਾਨਾਸ਼ਾਹੀ ਸੱਤਾ ਜਮਹੂਰੀਅਤ ਦੀ ਨਕਲ ਕਰਨ ਦੀਆਂ ਕੋਸ਼ਿਸ਼ ਕਰਦੀ ਹੈ। ਉਹ ਚੋਣਾਂ ਕਰਵਾਉਂਦੇ ਹਨ ਜਿਸ ਵਿਚ ਵਿਰੋਧੀ ਪਾਰਟੀਆਂ ਭਾਗੀਦਾਰੀ ਕਰਦੀਆਂ ਹਨ ਪਰ ਉਹ ਜਨਤਕ ਸੰਸਾਧਨਾਂ ਨੂੰ ਆਪਣੇ ਮੁਫਾਦਾਂ ਲਈ ਵਰਤਦੀਆਂ ਹਨ ਤਾਂ ਕਿ ਵਿਰੋਧੀ ਪਾਰਟੀਆਂ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਨਾ ਕਰ ਸਕਣ।ਇਸ ਤਰਾਂ ਦੇ ਨਿਘਾਰ ਨਾਲ ਅਸਹਿਣਸ਼ੀਲ ਪ੍ਰਬੰਧ ਪੈਦਾ ਹੁੰਦਾ ਹੈ ਜੋ ਕਿ ਨਿਆਂ ਪ੍ਰਬੰਧ ਅਤੇ ਨਾਗਰਿਕ ਅਤੇ ਸਮਾਜਿਕ ਅਧਿਕਾਰਾਂ ਨੂੰ ਨਿਰੰਤਰ ਦਬਾਉਂਦਾ ਹੈ। ਇਸ ਤਰਾਂ ਦੇ ਪ੍ਰਬੰਧ ਵਿਚ ਇਹ ਅਲੱਗ ਕਰਨਾ ਔਖਾ ਹੋ ਜਾਂਦਾ ਹੈ ਕਿ ਜਮਹੂਰੀਅਤ ਕਿੱਥੇ ਖਤਮ ਹੁੰਦੀ ਹੈ ਤੇ ਕਿੱਥੋਂ ਸਰਵਸੱਤਾਵਾਦੀ ਸ਼ਾਸਨ ਸ਼ੁਰੂ ਹੋ ਜਾਂਦਾ ਹੈ। ਇਹ ਵਰਤਾਰਾ ਪੂਰੇ ਵਿਸ਼ਵ ਵਿਚ ਹੀ ਆਮ ਹੋ ਰਿਹਾ ਹੈ। ਅਸੀਂ ਵੈਂਜ਼ੂਐਲਾ ਵਿਚ ਹਿਊਗੋ ਸ਼ਾਵੇਜ਼, ਨਿਕਾਰਗੁਆ ਵਿਚ ਡੈਨੀਆਲ ਔਰਟੇਗਾ, ਹੰਗਰੀ ਵਿਚ ਵਿਕਟਰ ਔਰਬਨ, ਪੌਲੈਂਡ ਵਿਚ ਕਾਨੂੰਨ ਅਤੇ ਨਿਆਂ ਪਾਰਟੀ ਅਤੇ ਤੁਰਕੀ ਵਿਚ ਐਰਡੋਗਨ ਅਤੇ ਭਾਰਤ ਵਿਚ ਨਰਿੰਦਰ ਮੋਦੀ ਉਦਾਹਰਣ ਲੈ ਸਕਦੇ ਹਾਂ।

## 'ਕੀ ਭਗਤ ਸਿੰਘ...

ਅਸੀਂ ਜਾਣਦੇ ਹਾਂ ਕਿ ਖੱਬੇਪੱਖੀ ਵੀਰਾਂ ਨੂੰ ਅਤੇ ਵਿਦਵਾਨਾਂ ਨੂੰ ਆਪਣੀ ਜੱਦੋ ਜਹਿਦ ਨੂੰ ਅੱਗੇ ਵੱਲ ਲਿਜਾਣ ਲਈ ਕੋਈ ਆਈਕੋਨ ਨਹੀਂ ਸੀ ਮਿਲ ਰਿਹਾ ਅਤੇ ਉਨਾਂ ਨੇ ਆਪਣੀ ਸਮਝ ਮੁਤਾਬਕ ਸ਼ਹੀਦ ਭਗਤ ਸਿੰਘ ਨੂੰ ਆਪਣਾ ਆਈਕੋਨ ਮੰਨ ਲਿਆ। ਪਰ ਇੱਕ ਸਿੱਖ ਨੌਜਵਾਨ ਨੇ ਸੋਸ਼ਲ ਮੀਡੀਆ ਉੱਤੇ ਬੜੀ ਦਿਲਚਸਪ ਟਿੱਪਣੀ ਕੀਤੀ ਹੈ ਕਿ ਸਿਮਰਨਜੀਤ ਸਿੰਘ ਮਾਨ ਨੇ ਇੱਕੋ ਝਟਕੇ ਨਾਲ ਭਗਤ ਸਿੰਘ ਨੂੰ ਡੀ ਆਈਕੋਨਾਈਜ਼ ਕਰ ਦਿੱਤਾ ਅਤੇ ਹੁਣ ਖੱਬੇ-ਸੱਜੇ ਪੱਖੀਆਂ ਦਾ ਚੀਕ ਚਿਹਾੜਾ ਪੈ ਰਿਹਾ ਹੈ।

ਸਿੱਖ ਪੰਥ ਵਿੱਚ ਨਵੇਂ ਚਿੰਤਨ ਦੀ ਇਕ ਸਿਧਾਂਤਕ ਲਹਿਰ ਤਾਂ ਸ਼ੁਰੂ ਹੋ ਹੀ ਗਈ ਹੈ। ਪਰ ਸਾਡੇ ਇਨਾਂ ਤਮਾਮ ਸਿੱਖ ਆਗੂਆਂ ਨੂੰ ਇਹ ਟਿੱਪਣੀਆਂ ਤੇ ਇਹ ਪੋਸਟਾਂ ਜ਼ਰੂਰ ਪੜਨੀਆਂ ਚਾਹੀਦੀਆਂ ਹਨ ਤਾਂ ਜੋ ਉਨਾਂ ਨੂੰ ਆਪਣੇ ਬਿਆਨਾਂ ਦੀ ਪੱਧਰ ਅਤੇ ਸਰਫਿਸ ਪੱਧਰ ਦੀ ਜਾਣਕਾਰੀ ਉੱਤੇ ਥੋੜੀ ਬਹੁਤੀ ਸੰਗ ਸ਼ਰਮ ਆ ਸਕੇ। ਅਹਿਮ ਕਿਤਾਬਾਂ ਵੀ ਪੜਨ ਦੀ ਲੋੜ ਹੈ ਤਾਂ ਜੋ ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਅਤੇ ਉਸ ਦੌਰ ਵਿੱਚ ਚੱਲ ਰਹੀਆਂ ਰਾਜਨੀਤਕ ਲਹਿਰਾਂ ਅਤੇ ਸਿੱਖ ਕੌਮ ਦੀਆਂ ਕੁਰਬਾਨੀਆਂ ਬਾਰੇ ਉਹ ਆਪਣੀ ਸੁਤੰਤਰ ਰਾਏ ਬਣਾ ਸਕਣ, ਪਰ ਇਨਾਂ ਕਿਤਾਬਾਂ ਨੂੰ ਪੜ ਕੇ, ਸਮਝ ਕੇ ਅਤੇ ਮਹਿਸੂਸ ਕਰਕੇ ਜਦੋਂ ਉਹ ਕੋਈ ਬਿਆਨ ਵੀ ਦੇਣਗੇ ਅਤੇ ਉਹ ਬਿਆਨ ਭਾਵੇਂ ਸਿਮਰਨਜੀਤ ਸਿੰਘ ਮਾਨ ਦੇ ਬਿਰਤਾਂਤ ਨਾਲ ਇੱਕਸੁਰ ਨਾ ਵੀ ਹੋਵੇ ਤਾਂ ਵੀ ਇਕ ਇਕ ਉੱਚੀ ਪੱਧਰ ਦੀ ਅਸਹਿਮਤੀ ਦੇ ਜਸ਼ਨ ਨੂੰ ਸਾਂਝੀ ਥਾਂ 'ਤੇ ਮਨਾਉਣ ਦਾ ਇਕ ਮਾਹੌਲ ਤਾਂ ਤਿਆਰ ਹੋ ਹੀ ਜਾਵੇਗਾ। ਪਰ ਹੁਣ ਕੀ ਹੋ ਰਿਹਾ ਹੈ ਸਾਡੇ ਬਹੁਤੇ ਆਗੂ ਅਤੇ ਚੈਨਲ ਇਕ ਬੇਬੁਨਿਆਦ ਰੌਲੇ ਵਿਚ ਧੂੰਮ-ਧੂਮਾ ਕੇ ਸ਼ਾਮਲ ਹੋ ਰਹੇ ਹਨ।

ਦਿਲਚਸਪ ਸੱਚਾਈ ਇਹ ਹੈ ਕਿ ਵਿਚਾਰਾਂ ਦੀ ਗਰਾਊਂਡ ਦੇ ਬਾਹਰ ਤਾਂ ਰੌਲਾ ਪੈ ਹੀ ਰਿਹਾ ਹੈ ਪਰ ਗਰਾਊਂਡ ਦੇ ਅੰਦਰਲੇ ਖਿਡਾਰੀ ਵੀ ਰੌਲਾ ਪਾ ਰਹੇ ਹਨ। ਮੁੱਕਦੀ ਗੱਲ ਇਹ ਹੈ ਕਿ ਸ਼ਹੀਦ ਭਗਤ ਸਿੰਘ ਅਤੇ ਸਾਥੀ ਸ਼ਹੀਦ ਹਨ, ਪਰ ਬਦਕਿਸਮਤੀ ਨਾਲ ਹਿੰਦੂ ਰਾਸ਼ਟਰਵਾਦ ਦੇ ਸ਼ਹੀਦ ਹਨ। ਪਰ ਸਿੱਖ ਕੌਮ ਦੇ ਅੰਦਰ ਉਨਾਂ ਨੂੰ ਸ਼ਹਾਦਤ ਦਾ ਰੁਤਬਾ ਨਹੀਂ ਦਿੱਤਾ ਜਾਵੇਗਾ। ਗ਼ਦਰ ਪਾਰਟੀ ਦੇ ਸਿੰਘ ਸਾਡੇ ਸ਼ਹੀਦ ਹਨ। ਅਕਾਲੀ ਲਹਿਰ ਦੇ ਸਾਡੇ ਸ਼ਹੀਦ ਹਨ। ਵਰਤਮਾਨ ਇਤਿਹਾਸ ਦੇ ਨਾਇਕ ਸਾਡੇ ਸ਼ਹੀਦ ਹਨ। ਦਰਬਾਰ ਸਾਹਿਬ ਵਿੱਚ ਭਾਰਤੀ ਫ਼ੌਜ ਦਾ ਮੁਕਾਬਲਾ ਕਰਨ ਵਾਲੇ ਸਾਡੇ ਸ਼ਹੀਦ ਹਨ। ਇੱਥੋਂ ਤਕ ਕਿ ਸਾਰਾਗੜੀ ਦੇ ਸ਼ਹੀਦ ਵੀ ਸਾਡੇ ਸ਼ਹੀਦਾਂ ਨੇ ਕਿਉਂਕਿ ਉਹ ਸਾਰੇ ਸਿੱਖ ਜਜ਼ਬੇ ਨੂੰ ਆਪਣੇ ਸੀਨੇ ਵਿੱਚ ਰੱਖ ਕੇ ਸ਼ਹੀਦ ਹੋਏ।

ਇਸੇ ਜਜ਼ਬੇ ਨੂੰ ਹੀ ਆਪਣੇ ਦਿਲ ਵਿੱਚ ਰੱਖ ਕੇ ਇਤਿਹਾਸ ਨੂੰ ਵੇਖਣਾ ਚਾਹੀਦਾ ਹੈ ਅਤੇ ਇਤਿਹਾਸ ਬਾਰੇ ਆਪਣਾ ਮੌਲਿਕ ਨਜ਼ਰੀਆ ਬਣਾਉਣਾ ਚਾਹੀਦਾ ਹੈ। ਖੋਜ, ਇਤਿਹਾਸ ਤੇ ਜਜ਼ਬੇ ਨਾਲ ਡੂੰਘੀ ਅਤੇ ਸਹਿਜ-ਸਾਂਝ ਪਾ ਕੇ ਹੀ ਸਿਮਰਨੂੰ ਆਪਣੇਜੀਤ ਸਿੰਘ ਮਾਨ ਦੇ ਬਿਆਨ ਨੂੰ ਸਮਝਿਆ ਜਾ ਸਕਦਾ ਹੈ। 'ਰਖਿ ਰਖੀ ਚਰਿਨ ਧਰੇ ਵੀਚਾਰੀ' ਦਾ ਗੁਰੂ-ਸੰਦੇਸ਼ ਸਮੁੱਚੀ ਮਾਨਵਤਾ ਲਈ ਸਾਂਝਾ ਹੈ।

ਸਿਮਰਨਜੀਤ ਸਿੰਘ ਮਾਨ ਦੀ ਸ਼ਹੀਦ ਭਗਤ ਸਿੰਘ ਬਾਰੇ ਸਿਰਜੇ ਬਿਰਤਾਂਤ ਦੀ ਆਖਿਰਕਾਰ ਵੱਡੀ ਅਤੇ ਅਕਾਦਮਿਕ ਪ੍ਰਾਪਤੀ ਕੀ ਹੈ ? ਮਾਨ ਸਾਹਿਬ ਨੇ ਸ਼ਹੀਦ ਭਗਤ ਸਿੰਘ ਬਾਰੇ ਖੱਬੇਪੱਖੀਆਂ ਵੱਲੋਂ ਦਹਾਕਿਆਂ ਤੋਂ ਸਿਰਜੇ ਬਿਰਤਾਂਤ ਵਿਚ ਵੱਡੀ ਤਰੇੜ ਪਾ ਦਿੱਤੀ ਹੈ ਜਾਂ ਇਉਂ ਕਹਿ ਲਵੋ ਕਿ ਇਕ 'ਸਥਾਪਤ ਸਮਝ' ਨੂੰ 'ਇਕ ਸਥਿਤੀ' ਨੂੰ, 'ਬਣਾਏ ਹਾਲਾਤ' ਨੂੰ 'ਡੀ ਆਈ ਕੋਨਾਈਜ਼ ਅਤੇ ਡਿਸਮੈਂਟਲ ਕਰ ਦਿੱਤਾ ਅਤੇ' ਫਾਰ ਰਾਈਟ ਅਤੇ ਫਾਰ ਲੈਫਟ' ਦੇ ਹਲਕਿਆਂ ਨੂੰ ਬਹਿਸ ਲਈ ਸੱਦਾ ਦਿੱਤਾ ਹੈ। ਹੁਣ ਜੇ ਇੱਕ ਧਿਰ ਦੇ ਆਰਟੀਕਲਾਂ ਦੀ ਭਰਮਾਰ ਹੋਵੇਗੀ ਤਾਂ ਦੂਜੀ ਧਿਰ ਕੋਲ ਵੀ ਜਵਾਬ ਦੇਣ ਲਈ ਵੱਡੇ ਤਰਕ ਅਤੇ ਸਵਾਲ ਹੋਣਗੇ। ਇਸ ਨਾਲ ਡਾਇਸਪੋਰਾ ਵਿੱਚ ਵੀ ਬਹਿਸ ਛਿੜ ਸਕਦੀ ਹੈ । ਇਹੋ ਬਹਿਸ ਇਹ ਨਿਬੇੜਾ ਵੀ ਕਰੇਗੀ ਕਿ ਕਿਹੜੇ ਹੁੰਦੇ ਹਨ 'ਡੂੰਘੀਆਂ ਜੜਾਂ ਵਾਲੇ ਦਰੱਖਤ' ਅਤੇ ਉਨਾਂ ਦਰੱਖਤਾਂ ਨੂੰ ਕਿਵੇਂ ਪਛਾਣਿਆ ਜਾ ਸਕਦਾ ਹੈ ?

## ਹਰਿਮੰਦਰ ਸਾਹਿਬ ਦੇ...

ਢਾਈ ਸਾਲ ਪਹਿਲਾਂ ਉਨਾਂ ਇਕ ਸਮਾਗਮ 'ਚ ਕਥਾ ਕੀਤੀ ਸੀ ਜਿਸ ਤੋਂ ਬਾਅਦ ਈਸਾਈ ਧਰਮ ਦੇ ਲੋਕਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਿਕਾਇਤ ਕੀਤੀ ਸੀ, ਜਿਸ ਤੋਂ ਬਾਅਦ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਉਨਾਂ ਨੂੰ ਬੁਲਾ ਕੇ ਇਸ ਮਾਮਲੇ ਨੂੰ ਖ਼ਤਮ ਕਰਦਿਆਂ ਅਗਾਂਹ ਤੋਂ ਕੋਈ ਵੀ ਟਿੱਪਣੀ ਨਾ ਕਰਨ ਬਾਰੇ ਕਿਹਾ ਸੀ। ਉਨਾਂ ਕਿਹਾ ਕਿ ਜੇਕਰ ਪੁਲਿਸ ਨੇ ਮਾਮਲਾ ਖ਼ਤਮ ਨਾ ਕੀਤਾ ਤਾਂ ਉਹ ਜ਼ਮਾਨਤ ਨਹੀਂ ਕਰਵਾਉਣਗੇ, ਬੇਸ਼ਕ ਉਨਾਂ ਨੂੰ ਗ੍ਰਿਫ਼ਤਾਰੀ ਹੀ ਕਿਉਂ ਨਾ ਦੇਣੀ ਪਵੇ।

**ਸ਼੍ਰੋਮਣੀ ਕਮੇਟੀ ਦਾ ਵਫ਼ਦ ਤਰਨ ਤਾਰਨ ਦੇ ਐਸਐਸਪੀ ਨੂੰ ਮਿਲਿਆ**

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਨੇ ਤਰਨ ਤਾਰਨ ਦੇ ਐੱਸਐੱਸਪੀ ਰਣਜੀਤ ਸਿੰਘ ਢਿੱਲੋਂ ਨੂੰ ਮੰਗ ਪੱਤਰ ਦੇ ਕੇ ਗਿਆਨੀ ਜਸਵੰਤ ਸਿੰਘ 'ਤੇ ਦਰਜ ਪਰਚੇ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਅਲਵਿੰਦਰਪਾਲ ਸਿੰਘ ਪੱਖੋਕੇ, ਬਲਵਿੰਦਰ ਸਿੰਘ ਵੇਈਂਪੂਈਂ, ਪ੍ਰਤਾਪ ਸਿੰਘ, ਨਿਰਵੈਲ ਸਿੰਘ ਤੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੇ ਮੈਨੇਜਰ ਧਰਮਿੰਦਰ ਸਿੰਘ ਨੇ ਤਰਨ ਤਾਰਨ ਜ਼ਿਲੇ ਦੇ ਪੁਲਿਸ ਮੁਖੀ ਨਾਲ ਮੁਲਾਕਾਤ ਕਰਕੇ ਪਰਚਾ ਰੱਦ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਮੰਗ ਪੱਤਰ ਸੌਂਪਿਆ। ਐੱਸਐੱਸਪੀ ਨੇ ਦਰਜ ਪਰਚੇ ਦੀ ਜਾਂਚ ਦਾ ਮਾਮਲਾ ਡੀਐੱਸਪੀ ਨੂੰ ਸੌਂਪ ਦਿੱਤਾ ਹੈ। ਢਿੱਲੋਂ ਨੇ ਸ਼੍ਰੋਮਣੀ ਕਮੇਟੀ ਦੇ ਵਫ਼ਦ ਨੂੰ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਹੀ ਅਗਲੇਰੀ ਕਾਰਵਾਈ ਦਾ ਭਰੋਸਾ ਦਿੱਤਾ ਹੈ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:

510-240-5949

Email:asrtimes@gmail.com


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com